






Sixteenth Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 27, July 2, 2016 — 20451 N Plum Grove Rd., Palatine, IL 60074 — Ph:847-359-0746, Fax:847-705-9388

# ਘਪਲਿਆਂ ਦੇ ਲੇਖੇ-ਜੋਖੇ ਵਿਚ ਉਲਝੇ ਅਕਾਲੀ

## ਭਰਤੀ ਘੁਟਾਲਿਆਂ ਨੇ ਹਾਕਮ ਧਿਰ ਦੀ ਨੀਂਦ ਉਡਾਈ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਅਕਾਲੀ ਸਰਕਾਰ ਦੇ ਕਾਰਜਕਾਲ ਵਿਚ ਹੋਈਆਂ ਭਰਤੀਆਂ ਵਿਚ ਘਪਲਿਆਂ ਦੇ ਇਕ ਤੋਂ ਬਾਅਦ ਇਕ ਖੁਲਾਸੇ ਨੇ ਅਕਾਲੀ-ਭਾਜਪਾ ਸਰਕਾਰ ਦੇ ਅਕਸ ਉਤੇ ਸਵਾਲ ਖੜ੍ਹੇ ਕਰ ਦਿਤੇ ਹਨ। ਇਨ੍ਹਾਂ ਘੁਟਾਲਿਆਂ ਵਿਚ ਇਕ ਤੋਂ ਬਾਅਦ ਇਕ ਅਕਾਲੀ ਆਗੂ ਘਿਰ ਰਿਹਾ ਹੈ। ਪੰਜਾਬ ਵਿਜੀਲੈਂਸ ਬਿਊਰੋ ਦੇ ਹੱਥੀ ਚੜ੍ਹੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਮਲੋਟ ਦੇ ਮਿਊਂਸਪਲ ਕੌਂਸਲਰ ਸ਼ਾਮ ਲਾਲ ਡੱਡੀ ਤੋਂ ਅਹਿਮ ਖੁਲਾਸੇ ਹੋਣ ਦੇ ਆਸਾਰ ਹਨ। ਮੁਢਲੀ ਤਫ਼ਤੀਸ਼ ਦੌਰਾਨ ਡੱਡੀ ਨੇ 11 ਵਿਅਕਤੀਆਂ ਨੂੰ ਪੈਸੇ ਨਾਲ ਨੌਕਰੀਆਂ ਦੇ ਯੋਗ ਬਣਾਉਣ ਦੀ ਗੱਲ ਮੰਨ ਲਈ ਹੈ। ਉਸ ਦਾ ਦਾਅਵਾ ਹੈ ਕਿ ਉਹਨੇ ਮਹਿਜ਼ ਵਿਚੋਲੇ ਦੀ ਭੂਮਿਕਾ ਨਿਭਾਈ।

ਇਸ ਤੋਂ ਪਹਿਲਾਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਠੇ ਚੇਤ ਸਿੰਘ (ਅਬਲੂ) ਦੇ ਸਰਪੰਚ ਅਤੇ ਯੂਥ ਅਕਾਲੀ ਦਲ ਦੇ ਆਗੂ ਮਨਜੀਤ ਸਿੰਘ ਉਰਫ ਬਿੱਟੂ ਦੀ ਨੌਕਰੀ ਘੁਟਾਲੇ ਵਿਚ ਸਰਗਰਮ ਸ਼ਮੂਲੀਅਤ ਦੇ ਸਬੂਤ ਵਿਜੀਲੈਂਸ ਹੱਥ ਲੱਗੇ ਸਨ। ਵਿਜੀਲੈਂਸ ਬਿਊਰੋ ਵਲੋਂ ਪਨਸਪ ਵਿਚ ਪੈਸੇ ਦੇ ਕੇ ਭਰਤੀ ਹੋਏ ਤਲਵੰਡੀ ਸਾਬੋ ਦੇ ਦੋ ਭਰਾਵਾਂ ਸ਼ੁਭਮ ਸਿੰਗਲਾ ਅਤੇ ਹਨੀਸ਼ ਸਿੰਗਲਾ ਤੋਂ ਕੀਤੀ ਪੁੱਛਗਿੱਛ ਦੌਰਾਨ ਦੋਵਾਂ ਨੇ ਮੰਨਿਆ ਕਿ ਉਨ੍ਹਾਂ




ਮਨਜੀਤ ਸਿੰਘ ਬਿੱਟੂ ਅਤੇ ਸ਼ਗਨਦੀਪ ਸਿੰਘ ਮਾਨ ਰਾਹੀਂ ਦਿੱਲੀ ਨੇੜਲੇ ਇਕ ਸਕੂਲ ਵਿਚ ਜਾ ਕੇ ਇੰਸਪੈਕਟਰ ਗਰੇਡ-2 ਦੀ ਭਰਤੀ ਖਾਤਰ ਲਈ ਜਾਣ ਵਾਲੀ ਪ੍ਰੀਖਿਆ ਦਾ ਪ੍ਰਸ਼ਨ ਪੱਤਰ ਅਗਾਊਂ ਲੈ ਕੇ ਪ੍ਰੀਖਿਆ ਦੀ ਤਿਆਰੀ ਕੀਤੀ ਸੀ। ਮਨਜੀਤ ਸਿੰਘ ਬਿੱਟੂ ਬਠਿੰਡਾ ਜ਼ਿਲ੍ਹੇ ਦਾ ਸੀਨੀਅਰ ਯੂਥ ਅਕਾਲੀ ਆਗੂ ਹੈ।

ਇਸ ਭਰਤੀ ਘੁਟਾਲੇ ਨੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ 1997 ਤੋਂ 2002 ਤੱਕ ਰਹੀ ਸਰਕਾਰ ਸਮੇਂ ਪੰਜਾਬ ਲੋਕ ਸੇਵਾ ਕਮਿਸ਼ਨ ਰਾਹੀਂ ਹੋਈਆਂ ਭਰਤੀਆਂ ਵਿਚ ਵੱਡੀ ਪੱਧਰ ਉਤੇ ਹੋਏ ਭ੍ਰਿਸ਼ਟਾਚਾਰ ਨੂੰ ਵੀ ਮਾਤ ਪਾ ਦਿੱਤੀ ਹੈ। ਮੌਜੂਦਾ ਤੰਤਰ ਵਿਚ ਨਾ ਸਿਰਫ ਨੌਕਰੀਆਂ, ਬਲਕਿ ਬਦਲੀਆਂ ਅਤੇ ਨਿਯੁਕਤੀਆਂ ਵਿਚ ਵੀ ਭ੍ਰਿਸ਼ਟਾਚਾਰ ਦਾ ਵਰਤਾਰਾ ਆਮ ਹੋ ਗਿਆ ਹੈ। ਸੂਬਾਈ ਵਿਧਾਨ ਸਭਾ ਦੀਆਂ ਚੋਣਾਂ ਮੌਕੇ ਜਿਥੇ ਸਰਕਾਰ ਨੂੰ ਘੇਰਨ ਲਈ ਵਿਰੋਧੀ ਧਿਰ ਨੂੰ ਇਹ ਮੁੱਦਾ ਮਿਲ ਗਿਆ ਹੈ, ਉਥੇ ਭਰਤੀ ਪ੍ਰਕਿਰਿਆ ਰੁਕਣ ਨਾਲ ਉਸ ਨੂੰ ਬੇਰੁਜ਼ਗਾਰਾਂ ਦੇ ਰੋਹ ਦਾ ਵੀ

*(ਬਾਕੀ ਸਫਾ 6 'ਤੇ)*


### ਹਾਕਮ ਧਿਰ ਦੇ ਆਗੂਆਂ ਨੂੰ ਭਾਜੜਾਂ

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸ਼ਾਮ ਲਾਲ ਡੱਡੀ ਨੇ ਮੁਢਲੀ ਤਫ਼ਤੀਸ਼ ਦੌਰਾਨ 11 ਵਿਅਕਤੀਆਂ ਨੂੰ ਪੈਸੇ ਨਾਲ ਨੌਕਰੀਆਂ ਦੇ ਯੋਗ ਬਣਾਉਣ ਦੀ ਗੱਲ ਮੰਨ ਲਈ ਹੈ। ਉਸ ਦਾ ਦਾਅਵਾ ਹੈ ਕਿ ਉਹਨੇ ਮਹਿਜ਼ ਵਿਚੋਲੇ ਦੀ ਭੂਮਿਕਾ ਨਿਭਾਈ। ਸ਼ਾਮ ਲਾਲ ਦੇ ਵਿਜੀਲੈਂਸ ਦੀ ਗ੍ਰਿਫਤ 'ਚ ਆਉਣ ਤੋਂ ਬਾਅਦ ਹਾਕਮ ਪਾਰਟੀ ਦੇ ਕਈ ਆਗੂਆਂ ਨੂੰ ਭਾਜੜਾਂ ਪਈਆਂ ਹੋਈਆਂ ਹਨ। ਵਿਜੀਲੈਂਸ ਅਧਿਕਾਰੀਆਂ ਨੇ ਕਿਹਾ ਕਿ ਅਕਾਲੀ ਦਲ ਦੇ ਕਈ ਆਗੂਆਂ ਦੀ ਨੌਕਰੀ ਘੁਟਾਲੇ ਵਿਚ ਭਾਵੇਂ ਸਿੱਧੀ ਸ਼ਮੂਲੀਅਤ ਦੇ ਅਜੇ ਕੋਈ ਸਬੂਤ ਨਹੀਂ, ਪਰ ਇਨ੍ਹਾਂ ਨੇਤਾਵਾਂ ਨੇ ਨਿਲਾਮੀ ਕਰਨ ਵਾਲਿਆਂ ਦੀ ਸਰਪ੍ਰਸਤੀ ਕੀਤੀ ਹੈ।

# ਦਿੱਲੀ ਦਾ ਤਖਤ ਹਿਲਾਉਣ ਲਈ ਸਰਗਰਮੀਆਂ ਤੇਜ਼

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਕੇਂਦਰ ਵਿਚ ਨਰੇਂਦਰ ਮੋਦੀ ਸਰਕਾਰ ਵਿਚਾਲੇ ਵਿਵਾਦਾਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਦਿਨੇਸ਼ ਮੋਹਨੀਆ ਦੀ ਗ੍ਰਿਫਤਾਰੀ ਅਤੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵਿਰੁੱਧ ਕੇਸ ਦਰਜ ਕਰਨ ਮਗਰੋਂ ਇਹ ਵਿਵਾਦ ਹੋਰ ਭਖ ਗਿਆ ਹੈ। ਕੇਂਦਰ ਵੱਲੋਂ ਕੇਜਰੀਵਾਲ ਸਰਕਾਰ ਦੇ 14 ਬਿਲ ਬਿਨਾਂ ਮਨਜ਼ੂਰੀ ਤੋਂ ਵਾਪਸ ਭੇਜਣ ਤੋਂ ਵੀ ਆਪ ਸਰਕਾਰ ਕਾਫੀ ਔਖੀ ਹੈ। ਇਸ ਤੋਂ ਇਲਾਵਾ 21 ਸੰਸਦੀ ਸਕੱਤਰਾਂ ਦੀ ਨਿਯੁਕਤੀ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਮੁਸੀਬਤ ਬਣੀ ਹੋਈ ਹੈ। ਆਪ ਵਿਧਾਇਕਾਂ ਵਿਰੁਧ ਮੁਹਿੰਮ ਵਿਚ ਕਾਂਗਰਸ ਵੀ ਡਟੀ ਹੋਈ ਹੈ। ਦਿੱਲੀ ਪ੍ਰਦੇਸ਼ ਕਾਂਗਰਸ ਨੇ ਆਪ ਦੇ 21 ਵਿਧਾਇਕਾਂ ਦੇ ਹਲਕਿਆਂ ਵਿਚ ਦਸਤਖ਼ਤੀ ਮੁਹਿੰਮ ਵਿੱਢੀ ਹੋਈ ਹੈ ਤੇ ਕਾਂਗਰਸੀ ਆਗੂ ਇਨ੍ਹਾਂ ਵਿਧਾਇਕਾਂ ਤੋਂ ਨੈਤਿਕਤਾ ਦੇ ਆਧਾਰ ਉਤੇ ਅਸਤੀਫ਼ੇ ਦੀ ਮੰਗ ਕਰ ਰਹੇ ਹਨ। ਉਧਰ, ਇਨ੍ਹਾਂ 21 ਵਿਧਾਇਕਾਂ ਦੀ ਸੰਸਦੀ ਸਕੱਤਰ ਵਜੋਂ ਨਿਯੁਕਤੀ ਦੇ ਮਾਮਲੇ ਵਿਚ ਚੋਣ ਕਮਿਸ਼ਨ ਨੇ 14 ਜੁਲਾਈ ਨੂੰ ਸੁਣਵਾਈ ਦਾ ਫੈਸਲਾ ਕੀਤਾ ਹੈ।

ਕੇਜਰੀਵਾਲ ਸਰਕਾਰ ਨੇ ਪਿਛਲੇ ਸਾਲ ਮਾਰਚ ਵਿਚ 21 ਵਿਧਾਇਕਾਂ ਨੂੰ ਸੰਸਦੀ ਸਕੱਤਰ ਬਣਾ ਦਿਤਾ ਸੀ। ਸੰਸਦੀ ਸਕੱਤਰਾਂ ਦੇ ਅਹੁਦੇ ਨੂੰ ਲਾਭ ਵਾਲੇ ਅਹੁਦੇ ਦੇ ਦਾਇਰੇ ਵਿਚੋਂ ਕੱਢਣ ਲਈ ਕੇਜਰੀਵਾਲ ਸਰਕਾਰ ਨੇ ਦਿੱਲੀ ਵਿਧਾਨ ਸਭਾ ਮੈਂਬਰ ਅਯੋਗਤਾ (ਰਿਮੂਵਲ ਆਫ ਡਿਸਕੁਆਲੀਫਿਕੇਸ਼ਨ) ਕਾਨੂੰਨ 1997 ਵਿਚ ਪਿਛਲੇ ਸਮੇਂ ਤੋਂ ਸੋਧ ਨੂੰ ਮਨਜ਼ੂਰੀ ਦੇ ਦਿੱਤੀ,



ਪਰ ਰਾਸ਼ਟਰਪਤੀ ਵਲੋਂ ਇਸ ਨੂੰ ਰੱਦ ਕਰ ਦੇਣ ਨਾਲ 21 ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਦਾ ਰਾਹ ਸਾਫ ਹੁੰਦਾ ਦਿਖਾਈ ਦੇ ਰਿਹਾ ਹੈ। ਕੇਜਰੀਵਾਲ ਸਰਕਾਰ ਇਹ ਸਫਾਈ ਦੇ ਰਹੀ ਹੈ ਕਿ ਉਸ ਦੇ ਸੰਸਦੀ ਸਕੱਤਰ ਕਿਸੇ ਸਰਕਾਰੀ ਗੱਡੀ, ਕੋਠੀ ਜਾਂ ਹੋਰ ਖਰਚ ਨਹੀਂ ਲੈ ਰਹੇ ਅਤੇ ਕੇਵਲ ਸਕੂਲਾਂ, ਹਸਪਤਾਲਾਂ ਅਤੇ ਪਾਣੀ ਆਦਿ ਦੇ ਬਿਹਤਰ ਪ੍ਰਬੰਧ ਲਈ ਸਰਕਾਰ ਨੂੰ ਸਹਿਯੋਗ ਹੀ ਦੇ ਰਹੇ ਹਨ।

ਇਸ ਲਈ ਇਹ ਲਾਭ ਵਾਲੇ ਅਹੁਦੇ ਵਿਚ ਸ਼ਾਮਲ ਨਹੀਂ ਕੀਤੇ ਜਾ ਸਕਦੇ। ਕੇਜਰੀਵਾਲ ਸਰਕਾਰ ਦਾ ਤਰਕ ਹੈ ਕਿ ਪੰਜਾਬ, ਰਾਜਸਥਾਨ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਵਿਚ ਵੀ ਮੁੱਖ ਸੰਸਦੀ ਸਕੱਤਰ ਅਤੇ ਸਕੱਤਰ ਲਗਾਏ ਹੋਏ ਹਨ, ਪਰ ਸਵਾਲ ਸਿਰਫ ਦਿੱਲੀ ਦੇ ਸੰਸਦੀ ਸਕੱਤਰਾਂ ਦੀ ਨਿਯੁਕਤੀ ਬਾਰੇ ਹੀ ਉਠਾਏ ਜਾ ਰਹੇ ਹਨ। ਯਾਦ ਰਹੇ ਕਿ ਕਾਨੂੰਨ

*(ਬਾਕੀ ਸਫਾ 6 'ਤੇ)*





# ਟੈਕਸੀ ਮਡਾਲੀਅਨ ਮਾਲਕਾਂ ਤੇ ਡਰਾਈਵਰਾਂ ਵਲੋਂ ਸਫਲ ਰੈਲੀ







**ਨਿਊ ਯਾਰਕ (ਬਿਊਰੋ):** ਸਥਾਨਕ ਟੈਕਸੀ ਮਡਾਲੀਅਨ ਓਨਰਜ਼, ਡਰਾਈਵਰਜ਼ ਐਸੋਸੀਏਸ਼ਨ ਵਲੋਂ ਆਪਣੀਆਂ ਮੰਗਾਂ ਦੇ ਹੱਕ ਵਿਚ ਇਕ ਰੈਲੀ ਨਿਊ ਯਾਰਕ ਸਿਟੀ ਹਾਲ ਵਿਖੇ ਲੰਘੀ 22 ਜੂਨ ਨੂੰ ਕੀਤੀ ਗਈ ਜਿਸ ਵਿਚ ਕੈਬ ਡਰਾਈਵਰਾਂ, ਮਾਲਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਹਿੱਸਾ ਲਿਆ।

ਜਥੇਬੰਦੀ ਦੀਆਂ ਮੁੱਖ ਮੰਗਾਂ ਵਿਚ ਸਭ ਟੀ ਐਲ ਸੀ ਅਦਾਰਿਆਂ ਲਈ ਕਾਇਦੇ-ਕਾਨੂੰਨ ਇਕੋ ਜਿਹੇ ਬਣਾਉਣਾ, ਬਲੈਕ ਕਾਰਾਂ ਤੇ ਐਪ ਕਾਰਾਂ ਸਮੇਤ ਸਭ ਟੀ ਐਲ ਸੀ ਅਦਾਰਿਆਂ ਲਈ 50% ਗਡੀਆਂ ਨੂੰ ਵ੍ਹੀਲਚੇਅਰਾਂ ਦੇ ਯੋਗ ਬਣਾਉਣਾ ਲਾਜ਼ਮੀ ਕਰਨਾ, ਗੈਰ-ਕਾਨੂੰਨੀ ਸਟਰੀਟ ਪਿਕ ਅਪ ਵਿਰੁਧ ਸਖਤ ਐਕਸ਼ਨ ਲੈਣਾ ਤੇ ਜੁਰਮਾਨੇ ਲਾਏ ਜਾਣਾ ਅਤੇ ਸਰਜ਼ ਪ੍ਰਾਈਸਿੰਗ ਖਤਮ ਕਰਨ ਜਾਂ ਯੈਲੋ ਕੈਬ ਸਮੇਤ ਸਾਰੇ ਟੀ ਐਲ ਸੀ ਅਦਾਰਿਆਂ ਨੂੰ ਸਰਜ਼ ਪ੍ਰਾਈਸਿੰਗ ਦੀ ਇਜਾਜ਼ਤ ਦੇਣਾ ਸ਼ਾਮਲ ਹਨ। ਇਸ ਰੈਲੀ ਨੂੰ ਕਾਮਯਾਬ ਕਰਨ ਵਿਚ ਸੋਹਣ ਸਿੰਘ ਗਿੱਲ, ਜਸਵੰਤ ਸਿੰਘ ਜੱਸਾ ਤੇ ਸਤਵਿੰਦਰ ਸਿੰਘ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਇਕ ਬਿਆਨ 'ਚ ਉਨ੍ਹਾਂ ਕਿਹਾ ਕਿ ਮੰਗਾਂ ਮੰਨੇ ਜਾਣ ਤੱਕ ਇਹ ਸੰਘਰਸ਼ ਜਾਰੀ ਰਹੇਗਾ।

ਹੋਰ ਜਾਣਕਾਰੀ ਲਈ ਜਸਵੰਤ ਸਿੰਘ ਜੱਸਾ ਫੋਨ: 347-249-2473, ਸਤਵਿੰਦਰ ਸਿੰਘ ਫੋਨ: 917-977-0413 ਜਾਂ ਸੋਹਣ ਸਿੰਘ ਗਿੱਲ ਫੋਨ: 917-951-5055 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਚੋਣ 30 ਜੁਲਾਈ ਨੂੰ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਦੀ ਚੋਣ ਆਉਂਦੀ 30 ਜੁਲਾਈ ਨੂੰ ਹੋਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਚੋਣ ਕਮਿਸ਼ਨਰ ਮਨਜਿੰਦਰ ਕੌਰ ਢਿੱਲੋਂ ਨੇ ਦੱਸਿਆ ਕਿ ਚੋਣ ਪ੍ਰਧਾਨ, ਜਨਰਲ ਸਕੱਤਰ, ਉਪ ਪ੍ਰਧਾਨ, ਸਹਾਇਕ ਸਕੱਤਰ, ਖਜਾਨਚੀ, ਸਹਾਇਕ ਖਜਾਨਚੀ; ਚੇਅਰਮੈਨ ਅਤੇ ਉਪ ਚੇਅਰਮੈਨ, ਲੰਗਰ ਕਮੇਟੀ; ਚੇਅਰਮੈਨ ਐਜੂਕੇਸ਼ਨ ਰੀਕਰੀਏਸ਼ਨ ਅਤੇ ਲਾਇਬਰੇਰੀ; ਚੇਅਰਮੈਨ ਪ੍ਰਾਪਰਟੀ ਮੇਨਟੀਨੈਂਸ ਅਤੇ ਚੇਅਰਮੈਨ ਪਬਲਿਕ ਰਿਲੇਸ਼ਨ ਦੇ ਅਹੁਦਿਆਂ ਲਈ ਹੋਵੇਗੀ। ਅਹੁਦਿਆਂ ਦੀ ਮਿਆਦ 2 ਸਾਲਾਂ ਲਈ ਹੋਵੇਗੀ। ਇਸ ਚੋਣ 'ਚ ਤਿੰਨ ਚੋਣ ਕਮਿਸ਼ਨਰ ਵੀ 2 ਸਾਲ ਲਈ ਚੁਣੇ ਜਾਣਗੇ ਅਤੇ ਨਾਮਜ਼ਦਗੀਆਂ ਭਰਨ ਦੀ ਆਖਰੀ ਤਰੀਕ 7 ਜੁਲਾਈ ਹੈ।

# ਆਮ ਆਦਮੀ ਪਾਰਟੀ ਵਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਮੁਹਿੰਮ

**ਵਾਸ਼ਿੰਗਟਨ ਡੀ ਸੀ (ਬਿਊਰੋ):** ਆਮ ਆਦਮੀ ਪਾਰਟੀ ਵਲੋਂ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਵਾਸ਼ਿੰਗਟਨ ਡੀ ਸੀ ਤੋਂ ਇਲਾਵਾ ਵਰਜੀਨੀਆ ਅਤੇ ਮੈਰੀਲੈਂਡ ਵਿਚ ਮਨਾਇਆ ਗਿਆ। ਇਸ ਸਿਲਸਿਲੇ ਵਿਚ ਪਾਰਟੀ ਦੇ ਸਮੂਹ ਚੈਪਟਰਾਂ ਵਲੋਂ ਬੂਥ ਲਾ ਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਮਨੋਰਥ ਨਾਲ ਕੌਮਾਂਤਰੀ ਪੱਧਰ ਉਤੇ ਮੁਹਿੰਮ ਚਲਾਈ ਗਈ।

ਸਿਲਵਰ ਸਪਰਿੰਗ, ਮੈਰੀਲੈਂਡ ਦੇ ਗੁਰਦੁਆਰਾ ਜੀ ਐਨ ਐਫ ਏ ਵਿਚ ਆਮ ਆਦਮੀ ਪਾਰਟੀ ਦੇ ਸੇਵਾਦਾਰਾਂ ਨੇ ਇਸ ਮੁਹਿੰਮ ਤਹਿਤ ਇਕ ਵਿਸ਼ੇਸ਼ ਕੈਂਪ ਲਾਇਆ ਜਿਸ ਵਿਚ ਸੰਗਤਾਂ ਨੂੰ ਪੰਜਾਬ ਨੂੰ ਨਸ਼ਾ ਮੁਕਤ ਕਰਨ ਪ੍ਰਤੀ ਜਾਗਰੂਕਤਾ ਲਈ ਲਾਮਬੰਦ ਹੋਣ ਦਾ ਸੱਦਾ ਦਿੱਤਾ। ਇਸ ਮੁਹਿੰਮ ਤਹਿਤ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਕੌਮਾਂਤਰੀ ਪੱਧਰ 'ਤੇ ਦਸਤਖਤ ਕਰਵਾ ਕੇ ਰਾਸ਼ਟਰਪਤੀ ਨੂੰ ਇਕ ਪਟੀਸ਼ਨ ਭੇਜਣ ਦਾ ਪ੍ਰੋਗਰਾਮ ਪਾਰਟੀ ਨੇ ਬਣਾਇਆ ਹੈ।

ਵਾਸ਼ਿੰਗਟਨ ਡੀ ਸੀ, ਵਰਜੀਨੀਆ ਅਤੇ ਮੈਰੀਲੈਂਡ ਵਿਚ ਹਿੱਸਾ ਪਾਉਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਸੁੱਖੀ ਪੰਨੂ, ਸਿਮੀ ਬਿਸਲਾ, ਰਾਜ ਭਨੋਟ, ਚੇਤਨ ਸਿੰਘ, ਬਲਵਿੰਦਰ ਸਿੰਘ ਸੰਧੂ, ਸੁਸ਼ੀਲ ਤਿਵਾੜੀ, ਰਾਜੂ ਬਾਜਵਾ ਅਤੇ ਮਨਰੀਤ ਸਿੰਘ ਨੇ ਹਿੱਸਾ ਲਿਆ।





# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

www.Transportationfunding.com

**Transportation Funding Group, Inc.**

Minneapolis , MN 55426



# Michigan Truck Driving School

**5000 Wyoming Ave., Suite# 148, Dearborn, MI 48126**

ਡਿਟਰਾਇਟ ਵਿਚ ਖੁਲ੍ਹ ਗਿਆ ਹੈ

**ਬਿਲਕੁਲ ਨਵਾਂ ਟਰੱਕ ਡਰਾਈਵਿੰਗ ਸਕੂਲ**




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai
Cell:734-644-1010
Office:734-747-4298

# ਗੁਰੂ ਰਾਮਦਾਸ ਸਰਾਂ ਢਾਹੁਣ ਦੀ ਯੋਜਨਾ ਵਿਵਾਦਾਂ 'ਚ ਘਿਰੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਸਥਿਤ ਗੁਰੂ ਰਾਮਦਾਸ ਸਰਾਂ ਦੀ ਪੁਰਾਤਨ ਇਮਾਰਤ ਨੂੰ ਢਾਹ ਕੇ ਇਸ ਦੀ ਥਾਂ 'ਤੇ ਨਵੀਂ ਆਧੁਨਿਕ ਸਰਾਂ ਬਣਾਉਣ ਦੀ ਯੋਜਨਾ ਉਦੋਂ ਵਿਵਾਦ ਦੇ ਘੇਰੇ ਵਿਚ ਆ ਗਈ ਜਦੋਂ ਸਿੱਖ ਸਦਭਾਵਨਾ ਦਲ ਨੇ ਚਿਤਾਵਨੀ ਦਿੱਤੀ ਕਿ ਜੇ ਸ਼੍ਰੋਮਣੀ ਕਮੇਟੀ ਨੇ ਇਸ ਵਿਰਾਸਤੀ ਇਮਾਰਤ ਨੂੰ ਢਾਹਿਆ ਤਾਂ ਉਹ ਇਸ ਮਾਮਲੇ ਖ਼ਿਲਾਫ਼ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ।

ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚਲੀਆਂ ਸਰਾਵਾਂ ਵਿਚੋਂ ਸ੍ਰੀ ਗੁਰੂ ਰਾਮਦਾਸ ਸਰਾਂ ਸਭ ਤੋਂ ਪੁਰਾਣੀ ਹੈ ਜੋ ਮੁਲਕ ਦੀ ਵੰਡ ਤੋਂ ਪਹਿਲਾਂ ਦੀ ਬਣੀ ਹੋਈ ਹੈ। ਇਥੇ ਲੱਗੇ ਨੀਂਹ ਪੱਥਰ ਅਨੁਸਾਰ ਇਹ ਸਰਾਂ 1931 ਵਿਚ ਬਣਾਈ ਗਈ ਸੀ ਜਿਸ ਵਿਚ 200 ਤੋਂ ਵੱਧ ਕਮਰੇ ਹਨ ਅਤੇ ਕਈ ਹਾਲ ਵੀ ਹਨ। ਕਿਸੇ ਸਮੇਂ ਇਸ ਸਰਾਂ ਵਿਚ ਯਾਤਰੂਆਂ ਨੂੰ ਮੁਫ਼ਤ ਕਮਰੇ ਦਿੱਤੇ ਜਾਂਦੇ ਸਨ ਅਤੇ ਹੁਣ ਵੀ ਸਭ ਤੋਂ ਘੱਟ ਰੇਟ 'ਤੇ ਇਸ ਸਰਾਂ ਵਿਚ ਕਮਰੇ ਅਤੇ ਹਾਲ ਉਪਲਬਧ ਹਨ। ਇਸ ਤੋਂ ਇਲਾਵਾ ਇਸ ਇਮਾਰਤ ਵਿਚ ਸ਼੍ਰੋਮਣੀ ਕਮੇਟੀ ਦੇ ਕਈ ਦਫ਼ਤਰ ਵੀ ਹਨ। ਸ਼੍ਰੋਮਣੀ ਕਮੇਟੀ ਇਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਦੀ ਰਿਹਾਇਸ਼ ਦੀ ਸਮੱਸਿਆ ਨਾਲ ਜੂਝ ਰਹੀ ਹੈ ਅਤੇ ਇਸ ਪੁਰਾਣੀ ਇਮਾਰਤ ਦੀ ਥਾਂ ਨਵੀਂ ਇਮਾਰਤ ਬਣਾ ਕੇ ਉਸ ਵਿਚ ਵਧੇਰੇ ਕਮਰੇ ਬਣਾਉਣਾ ਚਾਹੁੰਦੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਰਾਮਦਾਸ ਸਰਾਂ ਦੀ ਨਵੀਂ ਉਸਾਰੀ ਦੀ ਸ਼ੁਰੂਆਤ 2 ਜੁਲਾਈ ਨੂੰ ਕਰਨ ਦੀ ਯੋਜਨਾ ਹੈ ਤੇ ਇਸ ਦੀ ਕਾਰ ਸੇਵਾ ਬਾਬਾ ਕਸ਼ਮੀਰਾ ਸਿੰਘ ਭੂਰੀ ਵਾਲਿਆਂ ਨੂੰ ਸੌਂਪੀ ਗਈ ਹੈ।

ਸਿੱਖ ਸਦਭਾਵਨਾ ਦਲ ਦੇ ਮੁਖੀ ਭਾਈ ਬਲਦੇਵ ਸਿੰਘ ਵਡਾਲਾ ਤੇ ਉਨ੍ਹਾਂ ਦੇ ਸਾਥੀਆਂ ਨੇ ਸ਼੍ਰੋਮਣੀ ਕਮੇਟੀ ਦੇ ਇਸ ਫ਼ੈਸਲੇ ਦਾ ਵਿਰੋਧ ਕਰਦਿਆਂ ਆਖਿਆ ਕਿ ਗੁਰੂ ਰਾਮਦਾਸ ਸਰਾਂ ਦੀ ਇਮਾਰਤ ਸਿੱਖ ਵਿਰਾਸਤ ਨਾਲ ਜੁੜੀ ਹੋਈ ਹੈ। ਆਜ਼ਾਦੀ ਸੰਗਰਾਮ ਵਾਸਤੇ ਇਥੇ ਕਈ ਮੀਟਿੰਗਾਂ ਹੋਈਆਂ। ਖ਼ਾਲਿਸਤਾਨ ਬਾਰੇ ਵੀ ਇਥੇ ਮੀਟਿੰਗਾਂ ਹੁੰਦੀਆਂ ਰਹੀਆਂ ਅਤੇ ਸਾਕਾ ਨੀਲਾ ਤਾਰਾ ਫੌਜੀ ਹਮਲੇ ਦੀ ਵੀ ਇਹ ਇਮਾਰਤ ਗਵਾਹ ਹੈ। ਕਿਸੇ ਵੀ ਸੂਰਤ ਵਿਚ ਇਸ ਇਮਾਰਤ ਨੂੰ ਢਾਹੁਣ ਨਹੀਂ ਦਿੱਤਾ ਜਾਵੇਗਾ।

ਇਸੇ ਦੌਰਾਨ, ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਤੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਗੁਰੂ ਰਾਮਦਾਸ ਸਰਾਂ ਦੀ ਇਮਾਰਤ ਅੰਦਰੂਨੀ ਤੌਰ 'ਤੇ ਖਸਤਾ ਹਾਲ ਹੋ ਚੁੱਕੀ ਹੈ ਅਤੇ ਸੰਗਤ ਦੀ ਸੁਰੱਖਿਆ ਅਤੇ ਸਮੇਂ ਦੀ ਲੋੜ ਨੂੰ ਧਿਆਨ ਵਿਚ ਰੱਖਦਿਆਂ ਇਥੇ ਨਵੀਂ ਇਮਾਰਤ ਦੀ ਲੋੜ ਹੈ। ਨਵੀਂ ਇਮਾਰਤ ਵਿਚ ਲਗਭਗ 500 ਕਮਰੇ ਹੋਣਗੇ ਅਤੇ ਇਸ ਨਾਲ ਕਮਰਿਆਂ ਦੀ ਗਿਣਤੀ ਦੋ ਗੁਣਾਂ ਹੋ ਜਾਵੇਗੀ।

# ਐਮ.ਬੀ.ਬੀ.ਐਸ. 'ਚ ਦਾਖਲੇ ਲਈ ਪਰਵਾਸੀ ਕੋਟੇ ਲਈ ਹੋਵੇਗੀ ਵੱਖਰੀ ਪ੍ਰੀਖਿਆ

**ਫ਼ਰੀਦਕੋਟ:** ਪੰਜਾਬ ਦੇ ਤਿੰਨ ਸਰਕਾਰੀ ਮੈਡੀਕਲ ਕਾਲਜਾਂ ਵਿਚ ਐਨ.ਆਰ.ਆਈ. ਕੋਟੇ ਦੀਆਂ 31 ਐਮ.ਬੀ.ਬੀ.ਐਸ. ਸੀਟਾਂ ਲਈ ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ 9 ਅਗਸਤ ਨੂੰ ਵਿਸ਼ੇਸ਼ ਅਤੇ ਵੱਖਰੀ ਦਾਖਲਾ ਪ੍ਰੀਖਿਆ ਲੈ ਰਹੀ ਹੈ।

ਇਸ ਤੋਂ ਪਹਿਲਾਂ ਯੂਨੀਵਰਸਿਟੀ ਰਾਜ ਦੇ ਛੇ ਮੈਡੀਕਲ ਕਾਲਜਾਂ ਵਿਚ ਐਮ.ਬੀ.ਬੀ.ਐਸ. ਦੀਆਂ ਸਰਕਾਰੀ ਕੋਟੇ ਦੀਆਂ 600 ਸੀਟਾਂ ਭਰਨ ਲਈ 11 ਜੂਨ ਨੂੰ ਦਾਖਲਾ ਪ੍ਰੀਖਿਆ ਲੈ ਚੁੱਕੀ ਹੈ। ਇਹ ਪਹਿਲੀ ਵਾਰ ਹੈ ਜਦੋਂ ਪੰਜਾਬ ਵਿਚ ਐਨ.ਆਰ.ਆਈ. ਕੋਟੇ ਦੀਆਂ ਸੀਟਾਂ ਲਈ ਵਿਸ਼ੇਸ਼ ਅਤੇ ਵੱਖਰੀ ਦਾਖਲਾ ਪ੍ਰੀਖਿਆ ਹੋ ਰਹੀ ਹੈ।

ਹੈਰਾਨੀ ਦੀ ਗੱਲ ਹੈ ਕਿ ਇਸ ਸਾਲ ਮਾਰਚ ਵਿਚ ਪੰਜਾਬ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਨੇ ਐਨ.ਆਰ.ਆਈ. ਵਿਦਿਆਰਥੀਆਂ ਲਈ ਦਾਖਲਾ ਪ੍ਰੀਖਿਆ ਖਤਮ ਕਰ ਦਿੱਤੀ ਸੀ ਤੇ ਕਿਹਾ ਸੀ ਕਿ ਪੰਜਾਬੀ ਵਿਦਿਆਰਥੀ ਜੋ ਵਿਦੇਸ਼ ਵਿਚ ਪੜ੍ਹ ਰਹੇ ਹਨ, ਨੂੰ ਦਾਖਲਾ ਪ੍ਰੀਖਿਆ ਦੇਣ ਦੀ ਲੋੜ ਨਹੀਂ ਹੈ। ਹੁਣ ਇਸ ਕੋਟੇ ਵਿਚ ਦਾਖਲਾ ਲੈਣ ਲਈ ਇਹ ਪ੍ਰੀਖਿਆ ਪਾਸ ਕਰਨੀ ਲਾਜ਼ਮੀ ਹੈ, ਜਦ ਕਿ ਪ੍ਰਾਈਵੇਟ ਕਾਲਜਾਂ ਵਿਚ ਐਨ.ਆਰ.ਆਈ. ਕੋਟੇ ਦੀਆਂ ਸਾਰੀਆਂ ਐਮ.ਬੀ.ਬੀ.ਐਸ. ਤੇ ਬੀ.ਡੀ.ਐਸ. ਸੀਟਾਂ ਨੀਟ-2016 ਦੇ ਆਧਾਰ ਉਪਰ ਹੀ ਭਰੀਆਂ ਜਾਣਗੀਆਂ।

## ਭਾਰਤ ਲਈ ਅਮਰੀਕੀ ਵੀਜ਼ੇ ਬੰਦ ਕਰਨ ਦੀ ਵਕਾਲਤ

**ਵਾਸ਼ਿੰਗਟਨ:** ਭਾਰਤ ਤੇ ਅਮਰੀਕਾ ਦੀ ਦੋਸਤੀ ਦੇ ਸਿਲਸਿਲੇ ਨੂੰ ਅਮਰੀਕੀ ਕਾਂਗਰਸ ਮੈਂਬਰ ਨੇ ਝਟਕਾ ਦਿੱਤਾ ਹੈ। ਅਮਰੀਕੀ ਕਾਂਗਰਸ ਮੈਂਬਰ ਨੇ ਭਾਰਤ ਲਈ ਵੀਜ਼ਾ ਬੰਦ ਕਰਨ ਦੀ ਮੰਗ ਕੀਤੀ ਹੈ। ਰਿਪਬਲਿਕਨ ਪਾਰਟੀ ਦੇ ਸੈਨੇਟਰ ਚੈੱਕ ਗ੍ਰੈਸਲੇ ਨੇ ਅਮਰੀਕਾ ਦਾ ਇਮੀਗ੍ਰੇਸ਼ਨ ਤੇ ਗੈਰ-ਇਮੀਗ੍ਰੇਸ਼ਨ ਵੀਜ਼ਾ ਭਾਰਤ ਸਮੇਤ 23 ਦੇਸ਼ਾਂ ਨੂੰ ਦੇਣਾ ਬੰਦ ਕਰਨ ਦੀ ਮੰਗ ਕੀਤੀ ਹੈ। ਇਨ੍ਹਾਂ ਦੇ ਦੇਸ਼ਾਂ ਦੀ ਸੂਚੀ ਵਿਚ ਚੀਨ ਵੀ ਸ਼ਾਮਲ ਹੈ। ਸੈਨੇਟਰ ਨੇ ਆਖਿਆ ਹੈ ਕਿ ਇਹ ਦੇਸ਼ ਅਮਰੀਕਾ ਵਿਚ ਰਹਿਣ ਵਾਲੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਵਾਪਸ ਲੈਣ ਵਿਚ ਸਹਿਯੋਗ ਨਹੀਂ ਕਰਦੇ।


## Matrimonial

### ਲੜਕੀ ਦੀ ਲੋੜ ਹੈ

Jatt Sikh Brar Boy 25 years, 6'-1", Masters in Bio Engineering (USA) seeking good looking US citizen/immigrant girl, professional, homely, well versed in both cultures. Contact, Email: resham.rand@gmail.com, Ph: 510-797-7900 27-30

ਛੀਂਬਾ ਸਿੱਖ, ਉਮਰ 40 ਸਾਲ, ਕੱਦ 5'-6", ਅਧਿਆਪਕ, ਯੂ ਐਸ ਲੀਗਲ ਸਟੇਟਸ ਲੜਕੇ ਲਈ ਭਲੇ ਪਰਿਵਾਰ ਦੀ ਸਾਦਾ ਤੇ ਸੰਜੀਦਾ ਕੁੜੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਸਿਰਫ ਗੰਭੀਰ ਲੋਕ ਹੀ ਸੰਪਰਕ ਕਰਨ। ਫੋਟੋ ਤੇ ਵੇਰਵੇ ਸਮੇਤ ਈਮੇਲ ਕਰੋ: singh.millionaire@gmail.com ਫੋਨ: 323-351-5737 26-29

ਜੱਟ ਸਿੱਖ ਗਰੀਨ ਕਾਰਡ ਹੋਲਡਰ ਉਮਰ 31 ਸਾਲ, ਕੱਦ 5'-10", ਨਰਸਿੰਗ ਕੋਰਸ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਸੰਪਰਕ ਕਰੋ ਫੋਨ: 440-991-6071 ਜਾਂ ਈਮੇਲ: raj.gill98@yahoo.com 25-28

Ramgariah family looking for a suitable Ramgariah girl for their US born Sr. financial analyst son 31 years. Please contact: jsnov1973@aol.com -21/4

ਵਿਜ਼ੀਟਰ ਵੀਜ਼ੇ 'ਤੇ ਅਮਰੀਕਾ ਆਏ ਨਾਈ ਸਿੱਖ, ਭਾਰਤ ਤੋਂ ਗਰੈਜੂਏਟ ਉਮਰ 28 ਸਾਲ, 5'-9" ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਇਕੋ ਭੈਣ ਅਮਰੀਕਾ ਵਿਚ ਵੈਲ ਸੈਟਲਡ ਹੈ। ਲੜਕੇ ਦਾ ਪਰਿਵਾਰ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ ਕਰੋ, ਫੋਨ: 646-318-1589 26-29

### ਵਰ ਦੀ ਲੋੜ ਹੈ

US citizen boy sought for US citizen Jatt Sikh girl, 27 years, 5'-4", CPA. Tax Manager. Master's degree. Boy should be Jatt Sikh well-educated, with a good job, Preferably from SF Bay Area. Contact: saabks500@gmail.com 26-29

Looking for a suitable Jatt Sikh match for a Jatt Sikh girl, born and raised in USA, 26 years, 5'-4", degree in Anthropology/ Sociology and Women's studies. Girl is working as youth program teacher since completing college and interested in going to Graduate school in social work. Please email at caprisingh8@yahoo.com to have a phone conversation and more information. 25-28


# ਪਿੰਕੀ ਨੇ ਫਿਰ ਖੋਲ੍ਹਿਆ ਪਟਾਰਾ

ਚੰਡੀਗੜ੍ਹ: ਪੰਜਾਬ ਪੁਲਿਸ ਦੇ ਸਾਬਕਾ ਇੰਸਪੈਕਟਰ ਅਤੇ ਪੁਲਿਸ ਕੈਟ ਰਹੇ ਗੁਰਮੀਤ ਸਿੰਘ ਪਿੰਕੀ ਨੇ ਪੰਜਾਬ ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ 'ਤੇ ਅਤਿਵਾਦ ਦੌਰਾਨ ਹੋਏ ਇਕ ਮੁਕਾਬਲੇ ਬਾਰੇ ਗੰਭੀਰ ਦੋਸ਼ ਲਾਏ ਹਨ। ਪਿੰਕੀ ਨੇ ਕਿਹਾ ਕਿ ਉਸ ਦੀ ਜਾਨ ਨੂੰ ਖਤਰਾ ਹੈ ਅਤੇ ਜੇ ਉਸ ਨਾਲ ਕੋਈ ਮਾੜੀ ਘਟਨਾ ਵਾਪਰੀ ਤਾਂ ਇਸ ਲਈ ਸ੍ਰੀ ਅਰੋੜਾ ਸਮੇਤ ਡੀ.ਜੀ.ਪੀ. (ਖੁਫ਼ੀਆ) ਅਨਿਲ ਕੁਮਾਰ ਸ਼ਰਮਾ ਜ਼ਿੰਮੇਵਾਰ ਹੋਣਗੇ।

ਪਿੰਕੀ ਨੇ ਇਕ ਦਰਜਨ ਦੇ ਕਰੀਬ ਬਰਖ਼ਾਸਤ ਪੁਲਿਸ ਮੁਲਾਜ਼ਮਾਂ ਸਮੇਤ ਪੱਤਰਕਾਰਾਂ ਦੇ ਰੂ-ਬ-ਰੂ ਹੁੰਦਿਆਂ ਕਿਹਾ ਕਿ ਸ੍ਰੀ ਅਰੋੜਾ ਦੇ ਦੌਰ ਦੌਰਾਨ ਜਲੰਧਰ ਵਿਚ ਬੱਬਰ ਅਮਰਜੀਤ ਸਿੰਘ ਜਲੰਧਰੀ ਦੇ ਹੋਏ ਮੁਕਾਬਲੇ ਬਾਰੇ ਉਸ (ਅਮਰਜੀਤ ਸਿੰਘ) ਨੂੰ ਗ੍ਰਿਫ਼ਤਾਰ ਕਰਨ ਅਤੇ ਮੁਕਾਬਲਾ ਹੋਣ ਦਾ ਕੋਈ ਰਿਕਾਰਡ ਨਹੀਂ ਹੈ। ਇਸੇ ਤਰ੍ਹਾਂ ਅਕਾਲੀ ਦਲ (ਅੰਮ੍ਰਿਤਸਰ) ਦੇ ਇਕ ਆਗੂ ਦੇ ਪੁੱਤਰ ਰਮਿੰਦਰ ਸਿੰਘ ਟੈਣੀ ਨੂੰ ਮਾਰਨ ਦਾ ਵੀ ਪੁਲਿਸ ਕੋਲ ਕੋਈ ਰਿਕਾਰਡ ਨਹੀਂ ਹੈ।

# ਵੱਖਰੀ ਪਾਰਟੀ ਬਣਾਉਂਦੇ ਬਣਾਉਂਦੇ ਰਹਿ ਗਏ ਅਮਰਿੰਦਰ ਸਿੰਘ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਕੁਝ ਮਹੀਨੇ ਪਹਿਲਾਂ ਉਨ੍ਹਾਂ ਕਾਂਗਰਸ ਛੱਡਣ ਅਤੇ ਆਪਣੀ ਵੱਖਰੀ ਪਾਰਟੀ ਬਣਾਉਣ ਦਾ ਮਨ ਬਣਾ ਲਿਆ ਸੀ। ਉਨ੍ਹਾਂ ਪਾਰਟੀ ਛੱਡਣ ਦੇ ਫੈਸਲੇ ਬਾਰੇ ਆਲ ਇੰਡੀਆ ਕਾਂਗਰਸ ਕਮੇਟੀ ਦੀ ਪ੍ਰਧਾਨ ਸੋਨੀਆ ਗਾਂਧੀ ਅਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਜਾਣੂ ਕਰਵਾ ਦਿੱਤਾ ਸੀ।

ਪਹਿਲੀ ਵਾਰ ਆਨ ਰਿਕਾਰਡ ਇਹ ਗੱਲ ਕਬੂਲਦਿਆਂ ਉਨ੍ਹਾਂ ਕਿਹਾ ਕਿ ਉਸ ਸਮੇਂ ਉਹ ਰਾਜ ਵਿਚ ਪਾਰਟੀ ਦੇ ਜਥੇਬੰਦਕ ਢਾਂਚੇ ਤੋਂ ਖੁਸ਼ ਨਹੀਂ ਸਨ ਅਤੇ ਉਹ ਉਚ ਪੱਧਰ 'ਤੇ ਤਬਦੀਲੀ ਦੇ ਇੱਛੁਕ ਸਨ। ਉਨ੍ਹਾਂ ਕਿਹਾ ਕਿ ਪਾਰਟੀ ਛੱਡਣ ਦੇ ਫੈਸਲੇ 'ਤੇ ਰਾਹੁਲ ਗਾਂਧੀ ਨੇ ਟਿੱਪਣੀ ਕੀਤੀ ਸੀ ਕਿ ਇਹ ਫੈਸਲਾ ਦੋਵਾਂ ਪਾਰਟੀਆਂ ਅਤੇ ਉਨ੍ਹਾਂ ਲਈ ਘਾਟੇ ਵਾਲਾ ਹੋਵੇਗਾ। ਇਸ ਉਤੇ ਉਨ੍ਹਾਂ ਰਾਹੁਲ ਗਾਂਧੀ ਨੂੰ ਨਿਸੰਗ ਕਹਿ ਦਿੱਤਾ ਸੀ ਕਿ ਜੋ ਹੁੰਦਾ ਹੈ, ਹੋ ਲੈਣ ਦਿਓ, ਪਰ ਉਹ ਮੌਜੂਦਾ ਢਾਂਚੇ ਨਾਲ ਕੰਮ ਨਹੀਂ ਕਰ ਸਕਦੇ।

ਕੈਪਟਨ ਦੇ ਪਾਰਟੀ ਛੱਡਣ ਬਾਰੇ ਜਦੋਂ ਕਾਂਗਰਸ ਹਾਈ ਕਮਾਂਡ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੂੰ ਬਣਦਾ ਮਾਣ ਸਨਮਾਨ ਦੇਣ ਦਾ ਭਰੋਸਾ ਦਿੱਤਾ ਗਿਆ। ਬਾਅਦ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਦੇ ਅਹੁਦੇ ਤੋਂ ਪ੍ਰਤਾਪ ਸਿੰਘ ਬਾਜਵਾ ਨੂੰ ਹਟਾ ਕੇ ਕੈਪਟਨ ਨੂੰ ਬਿਠਾ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਜਿਸ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਪਾਰਟੀ ਛੱਡਣ ਬਾਰੇ ਰਾਹੁਲ ਗਾਂਧੀ ਨੂੰ ਦੱਸਿਆ ਸੀ, ਉਦੋਂ ਸ. ਬਾਜਵਾ ਅਤੇ ਉਨ੍ਹਾਂ ਵਿਚਾਲੇ ਲੜਾਈ ਸਿਖਰ ਉਤੇ ਸੀ। ਉਨ੍ਹਾਂ ਆਪਣੇ ਭਰੋਸੇਯੋਗ ਵਿਧਾਇਕਾਂ ਨਾਲ ਮੀਟਿੰਗਾਂ ਵੀ ਸ਼ੁਰੂ ਕਰ ਦਿੱਤੀਆਂ ਸਨ।

ਹੁਣ ਕੈਪਟਨ ਦਾ ਕਹਿਣਾ ਹੈ ਕਿ ਨਵੀਂ ਪਾਰਟੀ ਕਾਇਮ ਕਰਨ ਦਾ ਇਰਾਦਾ ਪਾਰਟੀ ਲੀਡਰਸ਼ਿਪ ਵਿਰੁਧ ਬਗ਼ਾਵਤ ਨਹੀਂ, ਸਗੋਂ ਸੱਤਾਧਾਰੀ ਅਕਾਲੀ-ਭਾਜਪਾ ਗਠਜੋੜ ਸਰਕਾਰ ਨੂੰ ਗੱਦੀ ਤੋਂ ਲਾਹੁਣ ਲਈ ਲਾਮਬੰਦੀ ਸੀ।

# ਐਨ ਡੀ ਏ ਸਰਕਾਰ ਦੇ ਦੋ ਸਾਲ ਪੂਰੇ ਹੋਣ 'ਤੇ ਵਾਸ਼ਿੰਗਟਨ ਵਿਚ ਕਾਨਫਰੰਸ

**ਵਾਸ਼ਿੰਗਟਨ ਡੀ ਸੀ (ਬਿਊਰੋ):** ਭਾਰਤ ਵਿਚ ਐਨ ਡੀ ਏ ਸਰਕਾਰ ਦੀ ਮੁੱਖ ਭਾਈਵਾਲ ਭਾਰਤੀ ਜਨਤਾ ਪਾਰਟੀ (ਭਾਜਪਾ) ਵਲੋਂ ਆਪਣੇ ਕਾਰਜਕਾਲ ਦੇ ਦੋ ਸਾਲ ਪੂਰੇ ਹੋਣ 'ਤੇ ਇਥੇ ਕੈਪੀਟਲ ਹਿੱਲ ਵਿਖੇ ਇਕ ਤਿੰਨ ਰੋਜ਼ਾ ਵਿਸ਼ੇਸ਼ ਕਾਨਫਰੰਸ ਕਰਵਾਈ ਜਾ ਰਹੀ ਹੈ ਜਿਸ ਵਿਚ ਨਾਰਥ ਅਮਰੀਕਾ ਦੀਆਂ ਸਾਰੀਆਂ ਸਟੇਟਾਂ ਤੋਂ ਪਾਰਟੀ ਦੇ ਅਹੁਦੇਦਾਰ ਅਤੇ ਵਰਕਰ ਭਾਗ ਲੈਣਗੇ।

ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਐਨ ਡੀ ਏ ਸਰਕਾਰ ਵਲੋਂ ਦੇਸ਼ ਵਿਦੇਸ਼ ਵਿਚ ਕੀਤੀਆਂ ਉਪਲਬਧੀਆਂ 'ਤੇ ਚਾਨਣਾ ਪਾਇਆ ਜਾਵੇਗਾ। ਸਮਾਗਮ ਦੀ ਪ੍ਰਧਾਨਗੀ ਡਾ. ਅਡੱਪਾ ਪ੍ਰਸ਼ਾਦ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਆਤਮਾ ਸਿੰਘ ਕਰਨਗੇ। ਵਾਸ਼ਿੰਗਟਨ ਡੀ ਸੀ ਮੈਟਰੋਪਾਲਿਟਨ ਏਰੀਏ ਦੀ ਉਘੀ ਸ਼ਖਸੀਅਤ ਕਮਲਜੀਤ ਸਿੰਘ ਸੋਨੀ ਕਨਵੀਨਰ ਭਾਜਪਾ ਮੈਰੀਲੈਂਡ ਇਸ ਸਮਾਗਮ ਵਿਚ ਅਹਿਮ ਰੋਲ ਅਦਾ ਕਰ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਅਮਰੀਕਾ ਨੂੰ ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚਣ ਦਾ ਸੱਦਾ ਦਿੱਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਚੇਅਰਮੈਨ ਇੰਜ. ਸਤਪਾਲ ਸਿੰਘ ਬਰਾੜ ਦੀ ਅਗਵਾਈ ਵਿਚ ਵਰਜੀਨੀਆ, ਮੈਰੀਲੈਂਡ, ਵਾਸ਼ਿੰਗਟਨ ਡੀ ਸੀ, ਡੈਲਵੇਅਰ, ਪੈਨਸਿਲਵੇਨੀਆ, ਨਿਊ ਜਰਸੀ ਅਤੇ ਨਿਊ ਯਾਰਕ ਤੋਂ ਪਾਰਟੀ ਦੇ ਨੁਮਾਇੰਦੇ ਸ਼ਿਰਕਤ ਕਰਨਗੇ।

ਪਾਰਟੀ ਦੇ ਚੀਫ ਮੀਡੀਆ ਅਡਵਾਈਜ਼ਰ ਡਾ. ਸੁਰਿੰਦਰ ਸਿੰਘ ਗਿੱਲ ਮੀਡੀਏ ਦੇ ਇੰਚਾਰਜ ਹੋਣਗੇ। ਜਸਦੀਪ ਸਿੰਘ ਜੱਸੀ ਚੇਅਰਮੈਨ ਸਾਊਥ ਏਸ਼ੀਅਨ ਕਮਿਸ਼ਨ ਅਤੇ ਸੀਨੀਅਰ ਭਾਜਪਾ ਨੇਤਾ ਸ਼ਮਿੰਦਰ ਸਿੰਘ ਸ਼ੰਮੀ ਪ੍ਰਬੰਧ ਵਿਚ ਸ਼ਰੀਕ ਹੋਣਗੇ।

www.punjabtimesusa.com


# ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਕਿਚਨ ਹੈਲਪਰ ਅਤੇ ਵੇਟਰ ਦੀ ਫੌਰੀ ਲੋੜ ਹੈ। ਚੰਗੀ ਤਨਖਾਹ, ਮੁਫਤ ਰਿਹਾਇਸ਼

*ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ*

**ਫੋਨ: 757-240-9348**

25-27

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**7021 Village Park Way, Dublin, CA 94568**

Email: Homeomedicine@yahoo.com

# 'ਆਪ' ਦੀਆਂ ਸਰਗਰਮੀਆਂ ਨੇ ਮਘਾਇਆ ਪੰਜਾਬ ਦਾ ਸਿਆਸੀ ਪਿੜ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵੱਲੋਂ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਨੇ ਦੂਜੀਆਂ ਸਿਆਸੀ ਧਿਰਾਂ ਨੂੰ ਵੀ ਸਰਗਰਮ ਕਰ ਦਿੱਤਾ ਹੈ। 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤਿੰਨ ਜੁਲਾਈ ਨੂੰ ਅੰਮ੍ਰਿਤਸਰ ਤੋਂ ਪੰਜਾਬ ਚੋਣਾਂ ਦਾ ਡੰਕਾ ਵਜਾਉਣਗੇ ਤੇ ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਯੂਥ ਨਾਲ ਸਬੰਧਤ ਮੈਨੀਫੈਸਟੋ ਵੀ ਜਾਰੀ ਕਰਨਗੇ। ਪੰਜਾਬ ਦੀਆਂ ਰਵਾਇਤੀ ਸਿਆਸੀ ਧਿਰਾਂ ਇਸ ਨੂੰ ਚੁਣੌਤੀ ਵਜੋਂ ਲੈ ਰਹੀਆਂ ਹਨ। 'ਆਪ' ਦੀ ਇਸ ਮੁਹਿੰਮ ਨੂੰ ਵੇਖਦੇ ਹੋਏ ਕਾਂਗਰਸ ਤੇ ਹਾਕਮ ਧਿਰ ਅਕਾਲੀ ਦਲ ਨੇ ਸੂਬੇ ਦੇ ਪੁਰਾਣੇ ਮਸਲਿਆਂ ਨੂੰ ਉਭਾਰਨਾ ਸ਼ੁਰੂ ਕਰ ਦਿੱਤਾ ਹੈ। ਕਾਂਗਰਸ ਨੇ 'ਹਲਕੇ ਵਿਚ ਕੈਪਟਨ' ਅਤੇ ਅਕਾਲੀ ਦਲ ਵੱਲੋਂ ਐਸ.ਵਾਈ.ਐਲ. ਦੇ ਮੁੱਦੇ ਉਤੇ ਸੂਬੇ ਭਰ ਦੀਆਂ ਪੰਚਾਇਤਾਂ ਕੋਲੋਂ ਮਤੇ ਪਾਸ ਕਰਵਾਉਣ ਦੀ ਆੜ ਹੇਠ ਪਿੰਡਾਂ ਵਿਚ ਅਸਿੱਧੇ ਢੰਗ ਨਾਲ ਚੋਣ ਮੁਹਿੰਮ ਛੇੜ ਦਿੱਤੀ ਗਈ ਹੈ। ਦੂਜੇ ਪਾਸੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤਾਂ ਲੰਬੇ ਸਮੇਂ ਤੋਂ ਹੀ ਸੰਗਤ ਦਰਸ਼ਨਾਂ ਦੇ ਨਾਮ ਹੇਠ ਪ੍ਰਚਾਰ ਵਿੱਢ ਚੁੱਕੇ ਹਨ। ਬਾਦਲ ਸਰਕਾਰ ਵੱਲੋਂ ਕਈ ਲੋਕ ਲੁਭਾਊ ਸਕੀਮਾਂ ਐਲਾਨੀਆਂ ਜਾ ਚੁੱਕੀਆਂ ਹਨ ਅਤੇ ਕਈ ਹੋਰਾਂ ਦਾ ਐਲਾਨ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

ਦੱਸਣਯੋਗ ਹੈ ਕਿ ਪੰਜਾਬ ਵਿਚ ਅਕਸਰ ਰਵਾਇਤੀ ਸਿਆਸੀ ਪਾਰਟੀਆਂ ਚੋਣਾਂ ਤੋਂ ਕੁਝ ਦਿਨ ਪਹਿਲਾਂ ਹੀ ਰਸਮੀ ਤੌਰ ਉਤੇ ਆਪੋ-ਆਪਣੇ ਮੈਨੀਫੈਸਟੋ ਜਾਰੀ ਕਰਦੀਆਂ ਹਨ, ਪਰ ਸ੍ਰੀ ਕੇਜਰੀਵਾਲ ਵੱਲੋਂ ਚੋਣਾਂ ਤੋਂ 6-7 ਮਹੀਨੇ ਪਹਿਲਾਂ ਮੈਨੀਫੈਸਟੋ ਜਾਰੀ ਕਰਨ ਦੇ ਕੀਤੇ ਐਲਾਨ ਕਰ ਕੇ ਨਵੀਂ ਪਿਰਤ ਪਾਈ ਜਾ ਰਹੀ ਹੈ। 'ਆਪ' ਨੇ ਵਿਰੋਧੀ ਧਿਰਾਂ ਨੂੰ ਸਿਆਸੀ ਤੌਰ ਉਤੇ ਪਛਾੜਨ ਲਈ ਤਿੰਨ ਜੁਲਾਈ ਨੂੰ ਯੂਥ ਨਾਲ ਸਬੰਧਤ ਮਸਲਿਆਂ ਦਾ ਪਹਿਲਾ ਮੈਨੀਫੈਸਟੋ ਜਾਰੀ ਕਰਨ ਦੀ ਰਣਨੀਤੀ ਬਣਾਈ ਹੈ। ਪਾਰਟੀ ਸੂਤਰਾਂ ਅਨੁਸਾਰ ਪੰਜਾਬ ਦੇ 10 ਅਹਿਮ ਵਰਗਾਂ ਕਿਸਾਨਾਂ, ਦਲਿਤਾਂ, ਸਰਕਾਰੀ ਮੁਲਾਜ਼ਮਾਂ, ਉਦਯੋਗਪਤੀਆਂ ਤੇ ਵਪਾਰੀਆਂ, ਮਹਿਲਾਵਾਂ, ਮਜ਼ਦੂਰਾਂ ਅਤੇ ਪ੍ਰੋਫੈਸ਼ਨਲਜ਼ ਲਈ 10 ਵੱਖ-ਵੱਖ ਮੈਨੀਫੈਸਟੋ ਤਿਆਰ ਕੀਤੇ ਜਾ ਰਹੇ ਹਨ। ਇਨ੍ਹਾਂ ਨੂੰ ਅਗਲੇ ਦਿਨਾਂ ਵਿਚ ਪੜਾਅਵਾਰ ਵੱਡੇ ਪੱਧਰ 'ਤੇ ਜਾਰੀ ਕਰਨ ਦੀ ਰਣਨੀਤੀ ਬਣਾਈ ਗਈ ਹੈ। ਤਿੰਨ ਜੁਲਾਈ ਤੋਂ ਪੰਜਾਬ ਵਿਚ ਚੋਣ ਪ੍ਰਚਾਰ ਨੂੰ ਪੂਰੀ ਤਰ੍ਹਾਂ ਸਿਖਰ ਦੇ ਦਿੱਤਾ ਜਾਵੇਗਾ। ਇਸ ਤੋਂ ਇਲਾਵਾ 'ਆਪ' ਵੱਲੋਂ ਅਗਲੇ ਦਿਨੀਂ ਆਪਣੇ ਕੁਝ ਉਮੀਦਵਾਰਾਂ ਦਾ ਵੀ ਐਲਾਨ ਕਰਨ ਦੀ ਸੰਭਾਵਨਾ ਹੈ ਅਤੇ ਕੁਝ ਵਿਰੋਧੀ ਧਿਰਾਂ ਦੇ ਅਹਿਮ ਲੀਡਰ ਵੀ ਇਸ ਪਾਰਟੀ ਵਿਚ ਸ਼ਾਮਲ ਹੋ ਸਕਦੇ ਹਨ। 'ਆਪ' ਵੱਲੋਂ ਸੋਚੀ-ਸਮਝੀ ਨੀਤੀ ਤਹਿਤ ਪੰਜਾਬ ਦੇ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਤੋਂ ਚੋਣ ਪ੍ਰਚਾਰ ਸ਼ੁਰੂ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ ਹੈ। ਸ੍ਰੀ ਕੇਜਰੀਵਾਲ ਨੇ ਪਿਛਲੇ ਦਿਨੀਂ ਮੋਦੀ ਸਰਕਾਰ ਵੱਲੋਂ ਸਿੱਖ ਕਤਲੇਆਮ ਦੇ ਮੁੱਦੇ ਉਤੇ ਗਠਿਤ ਕੀਤੀ ਵਿਸ਼ੇਸ਼ ਪੜਤਾਲੀਆ ਟੀਮ (ਐਸ.ਆਈ.ਟੀ.) ਉਪਰ ਕਈ ਸਵਾਲ ਖੜ੍ਹੇ ਕੀਤੇ ਸਨ। ਸੂਤਰਾਂ ਅਨੁਸਾਰ ਸ੍ਰੀ ਕੇਜਰੀਵਾਲ ਇਸ ਫੇਰੀ ਦੌਰਾਨ ਵੀ ਐਸ.ਆਈ.ਟੀ. ਅਤੇ ਪੰਜਾਬ ਵਿਚ ਡਰੱਗ ਦੇ ਮੁੱਦੇ ਨੂੰ ਉਭਾਰ ਸਕਦੇ ਹਨ।

'ਆਪ' ਪੰਜਾਬ ਦੇ ਯੂਥ ਵਿੰਗ ਦੇ ਪ੍ਰਧਾਨ ਹਰਜੋਤ ਬੈਂਸ ਦਾ ਕਹਿਣਾ ਹੈ ਕਿ ਸਭ ਤੋਂ ਪਹਿਲਾਂ ਯੂਥ ਮੈਨੀਫੈਸਟੋ ਇਸ ਲਈ ਜਾਰੀ ਕੀਤਾ ਜਾ ਰਿਹਾ ਹੈ ਕਿਉਂਕਿ ਪੰਜਾਬ ਦੀ ਸਭ ਤੋਂ ਵੱਡੀ ਸਮੱਸਿਆ ਬੇਰੁਜ਼ਗਾਰੀ ਦਾ ਸੰਤਾਪ ਨੌਜਵਾਨ ਹੰਢਾ ਰਹੇ ਹਨ। ਨਸ਼ਿਆਂ ਦਾ ਭਿਆਨਕ ਪ੍ਰਕੋਪ ਬੇਰੁਜ਼ਗਾਰੀ ਨਾਲ ਹੀ ਜੁੜਿਆ ਹੈ। 10 ਵਿਸ਼ੇਸ਼ ਵਰਗਾਂ ਦੇ ਮੈਨੀਫੈਸਟੋ ਜਾਰੀ ਕਰਨ ਦੀ ਲੜੀ ਹੁਣ ਨਿਰੰਤਰ ਜਾਰੀ ਰਹੇਗੀ। ਸ੍ਰੀ ਕੇਜਰੀਵਾਲ 3 ਤੋਂ 5 ਜੁਲਾਈ ਤੱਕ ਪੰਜਾਬ ਵਿਚ ਹੀ ਰਹਿਣਗੇ। ਉਹ ਤਿੰਨ ਜੁਲਾਈ ਨੂੰ ਅੰਮ੍ਰਿਤਸਰ ਦਾ ਪ੍ਰੋਗਰਾਮ ਕਰਨ ਤੋਂ ਬਾਅਦ ਗੁਰਦਾਸਪੁਰ, ਜਲੰਧਰ, ਲੁਧਿਆਣਾ ਅਤੇ ਖੰਨਾ ਵਿਚ ਵੱਖ-ਵੱਖ ਸੰਸਥਾਵਾਂ ਦੇ ਸਮਾਗਮਾਂ ਵਿਚ ਸ਼ਾਮਲ ਹੋਣਗੇ। ਦੱਸਣਯੋਗ ਹੈ ਕਿ ਸ੍ਰੀ ਕੇਜਰੀਵਾਲ ਪਹਿਲੀ ਵਾਰ ਤਿੰਨ ਦਿਨ ਪੰਜਾਬ ਵਿਚ ਰਹਿਣਗੇ।

## ਰਵਾਇਤੀ ਧਿਰਾਂ ਵੀ ਮੈਦਾਨ ਵਿਚ ਨਿੱਤਰੀਆਂ



## ਕਾਂਗਰਸ ਵੱਲੋਂ ਵਾਅਦਿਆਂ ਦੀ ਝੜੀ

**ਬਸੀ ਪਠਾਣਾਂ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵਲੋਂ 'ਹਲਕੇ ਵਿਚ ਕੈਪਟਨ' ਪ੍ਰੋਗਰਾਮ ਦੌਰਾਨ ਹਰ ਘਰ ਦੇ ਇਕ ਮੈਂਬਰ ਨੂੰ ਨੌਕਰੀ ਦੇਣ ਦੇ ਵਾਅਦੇ ਦੇ ਨਾਲ-ਨਾਲ ਆਟਾ-ਦਾਲ ਸਕੀਮ ਤੋਂ ਅੱਗੇ ਵਧਦਿਆਂ ਨੀਲੇ ਕਾਰਡ ਧਾਰਕਾਂ ਨੂੰ ਚੀਨੀ ਅਤੇ ਚਾਹ-ਪੱਤੀ ਦੇਣ ਦਾ ਐਲਾਨ ਵੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਬਣਨ ਉਤੇ ਸਾਰੀਆਂ ਮੁਸ਼ਕਲਾਂ ਦਾ ਹੱਲ ਸੌ ਦਿਨਾਂ ਦੇ ਅੰਦਰ-ਅੰਦਰ ਕੀਤਾ ਜਾਵੇਗਾ।

## ਚੋਣ ਕਮਿਸ਼ਨ ਨੇ ਚੌਕਸੀ ਵਧਾਈ

**ਚੰਡੀਗੜ੍ਹ:** ਚੋਣ ਕਮਿਸ਼ਨ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਕੁਝ ਜ਼ਿਆਦਾ ਹੀ ਚੌਕਸ ਹੋ ਗਿਆ ਹੈ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵਿਜੈ ਕੁਮਾਰ ਸਿੰਘ ਨੂੰ ਪੱਛਮੀ ਬੰਗਾਲ ਸਮੇਤ ਹੋਰਨਾਂ ਰਾਜਾਂ 'ਚ ਹੋਈਆਂ ਚੋਣਾਂ ਦੀ ਸਮੀਖਿਆ ਕਰਨ ਲਈ ਵਿਸ਼ੇਸ਼ ਤੌਰ ਉਤੇ ਭੇਜਿਆ ਗਿਆ ਸੀ। ਸ੍ਰੀ ਸਿੰਘ ਨੂੰ ਕਮਿਸ਼ਨ ਨੇ ਦੱਖਣੀ ਅਫ਼ਰੀਕਾ ਅਤੇ ਬਰਮਾ ਵਿਚ ਵੀ ਕਮਿਸ਼ਨ ਦੇ ਨੁਮਾਇੰਦੇ ਵਜੋਂ ਵਿਦੇਸ਼ਾਂ ਦੀਆਂ ਚੋਣਾਂ ਦਾ ਤਜਰਬਾ ਲੈਣ ਖਾਤਰ ਭੇਜਿਆ ਗਿਆ ਸੀ। ਇਸ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਚੋਣ ਕਮਿਸ਼ਨ ਵੱਲੋਂ ਅਫਸਰਾਂ ਦੀਆਂ ਤਾਇਨਾਤੀਆਂ ਬਾਰੇ ਦਿੱਤੀਆਂ ਹਦਾਇਤਾਂ ਤੋਂ ਰਾਜ ਸਰਕਾਰ ਦੀ ਨੀਂਦ ਹਰਾਮ ਹੋ ਗਈ ਹੈ। ਚੋਣ ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਦੌਰਾਨ ਜਿਸ ਕਿਸੇ ਵੀ ਅਫਸਰ ਦਾ ਤਬਾਦਲਾ ਚੋਣ ਕਮਿਸ਼ਨ ਨੂੰ ਮਿਲੀ ਸ਼ਿਕਾਇਤ ਜਾਂ ਮੀਡੀਆ ਰਿਪੋਰਟ ਦੇ ਆਧਾਰ ਉਤੇ ਹੋਇਆ ਹੈ, ਉਸ ਨੂੰ ਫੀਲਡ 'ਚ ਤਾਇਨਾਤ ਨਾ ਕੀਤਾ ਜਾਵੇ।

## 'ਆਪ' ਵਲੋਂ ਮੁੱਖ ਮੰਤਰੀ ਲਈ ਉਮੀਦਵਾਰ ਬਾਰੇ ਯੂ-ਟਰਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਆਪਣੇ ਪਹਿਲੇ ਸਟੈਂਡ ਤੋਂ ਪਿੱਛੇ ਹਟਦਿਆਂ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਦਾ ਉਮੀਦਵਾਰ ਐਲਾਨਣ ਤੋਂ ਟਾਲਾ ਵੱਟਣਾ ਸ਼ੁਰੂ ਕਰ ਦਿੱਤਾ ਹੈ। 'ਆਪ' ਦੇ ਦਿੱਲੀ ਡਾਇਲਾਗ ਕਮਿਸ਼ਨ ਦੇ ਚੇਅਰਪਰਸਨ ਆਸ਼ੀਸ਼ ਖੇਤਾਨ ਨੇ ਕਿਹਾ ਕਿ ਮੁੱਖ ਮੰਤਰੀ ਦੇ ਉਮੀਦਵਾਰ ਦਾ ਐਲਾਨ ਸਹੀ ਸਮਾਂ ਆਉਣ ਉਤੇ ਕੀਤਾ ਜਾਵੇਗਾ। ਉਹ ਭਾਵੇਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚੋਂ 100 ਸੀਟਾਂ ਹਾਸਲ ਕਰਨ ਦੀ ਸਮਰੱਥਾ ਤਿਆਰ ਕਰ ਚੁੱਕੇ ਹਨ ਪਰ ਮੁੱਖ ਮੰਤਰੀ ਦੇ ਉਮੀਦਵਾਰ ਦੇ ਨਾਮ ਦਾ ਫੈਸਲਾ ਸਮਾਂ ਆਉਣ ਉਤੇ ਹੀ ਕੀਤਾ ਜਾਵੇਗਾ।

# ਬਾਦਲਾਂ ਦੀਆਂ ਲੋਕ ਲਭਾਊ ਸਕੀਮਾਂ ਉਤੇ ਘਪਲਿਆਂ ਦਾ ਪਰਛਾਵਾਂ

**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੰਡੇ ਜਾਣ ਵਾਲੇ ਸੌ ਕਰੋੜ ਦੇ ਭਾਂਡਿਆਂ ਖਰੀਦ ਵਿਵਾਦ ਵਿਚ ਘਿਰ ਗਈ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਇਹ ਭਾਂਡੇ ਸੰਗਰੂਰ ਦੀ ਇਕੋ ਫਰਮ ਤੋਂ ਖਰੀਦੇ ਜਾ ਰਹੇ ਹਨ। ਇਸ ਖਰੀਦ ਉਤੇ ਹੁਣ ਕੰਟਰੋਲਰ ਆਫ ਸਟੋਰ ਨੇ ਉਂਗਲ ਉਠਾ ਦਿੱਤੀ ਹੈ। ਵਧੀਕ ਕੰਟਰੋਲਰ ਨੇ 23 ਜੂਨ ਨੂੰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਪੱਤਰ ਜਾਰੀ ਕਰ ਕੇ ਹਦਾਇਤ ਕੀਤੀ ਹੈ ਕਿ ਭਾਂਡਿਆਂ ਦੀ ਖਰੀਦ ਪ੍ਰਕਿਰਿਆ ਉਤੇ ਰੋਕ ਲਗਾਈ ਜਾਵੇ।

ਪੰਚਾਇਤ ਵਿਭਾਗ ਨੇ ਭਾਂਡਿਆਂ ਦੀ ਖਰੀਦ ਦੀ ਪ੍ਰਵਾਨਗੀ ਕੰਟਰੋਲਰ ਆਫ ਸਟੋਰ ਤੋਂ ਨਹੀਂ ਲਈ। ਵੇਰਵੇ ਅਨੁਸਾਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਕਰੀਬ ਸੌ ਕਰੋੜ ਰੁਪਏ ਦੇ ਭਾਂਡੇ ਖਰੀਦੇ ਜਾ ਰਹੇ ਹਨ, ਜਿਨ੍ਹਾਂ ਦੇ ਟੈਂਡਰਾਂ ਲਈ ਆਖਰੀ ਤਰੀਕ 27 ਜੂਨ ਸੀ। ਪੰਜਾਬ ਸਰਕਾਰ ਨੇ ਬਰਤਨਾਂ ਦੀਆਂ ਕਰੀਬ 30 ਹਜ਼ਾਰ ਕਿੱਟਾਂ ਦੀ ਖਰੀਦ ਕਰਨੀ ਹੈ ਅਤੇ ਪ੍ਰਤੀ ਕਿੱਟ ਅੰਦਾਜ਼ਨ ਕੀਮਤ 30 ਹਜ਼ਾਰ ਰੁਪਏ ਰੱਖੀ ਗਈ ਹੈ। ਸ਼ਰਤ ਲਾਈ ਗਈ ਹੈ ਕਿ ਉਹੋ ਫਰਮ ਅਪਲਾਈ ਕਰ ਸਕਦੀ ਹੈ ਜੋ ਘੱਟੋ ਘੱਟ ਛੇ ਹਜ਼ਾਰ ਕਿੱਟਾਂ ਸਪਲਾਈ ਕਰ ਸਕਣ ਦੀ ਸਮਰੱਥਾ ਰੱਖਦੀ ਹੋਵੇ। ਵਧੀਕ ਕੰਟਰੋਲਰ ਨੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਆਖਿਆ ਹੈ ਕਿ ਭਾਂਡਿਆਂ ਦੀਆਂ ਸਪੈਸੀਫਿਕੇਸ਼ਨਾਂ ਉਨ੍ਹਾਂ ਨੂੰ ਭੇਜੀਆਂ ਜਾਣ ਤਾਂ ਜੋ ਉਨ੍ਹਾਂ ਦਾ ਦਫਤਰ ਟੈਂਡਰ ਕਰ ਸਕੇ। ਮਹਿਕਮੇ ਨੂੰ ਟੈਂਡਰ ਪ੍ਰਕਿਰਿਆ ਰੋਕਣ ਵਾਸਤੇ ਆਖਿਆ ਗਿਆ ਹੈ। ਸੂਤਰ ਦੱਸਦੇ ਹਨ ਕਿ ਪੰਚਾਇਤ ਵਿਭਾਗ ਨੇ ਕੰਟਰੋਲਰ ਆਫ ਸਟੋਰ ਨੂੰ ਨਜ਼ਰਅੰਦਾਜ਼ ਹੀ ਕਰ ਦਿੱਤਾ ਹੈ ਜਦੋਂਕਿ ਕੰਟਰੋਲਰ ਆਫ ਸਟੋਰ ਹੀ ਹਰ ਖ਼ਰੀਦੇ ਜਾਣ ਵਾਲੇ ਸਾਮਾਨ ਦਾ ਮਾਰਕੀਟ ਵਿਚੋਂ ਜਾਇਜ਼ਾ ਲੈ ਕੇ ਰੇਟ ਤੈਅ ਕਰਦਾ ਹੈ।

ਸੂਤਰਾਂ ਨੇ ਦੱਸਿਆ ਕਿ ਬਰਤਨ ਕਿੱਟ ਦੀ ਪਰਾਤ ਤੋਂ ਵੱਡਾ ਰੱਫੜ ਪੈ ਗਿਆ ਹੈ। ਸਪੈਸੀਫਿਕੇਸ਼ਨਾਂ ਵਿਚ ਸਟੀਲ ਦੀ ਪਰਾਤ ਦੀ ਅਜਿਹੀ ਸਪੈਸੀਫਿਕੇਸ਼ਨ ਰੱਖ ਦਿੱਤੀ ਗਈ ਹੈ, ਜਿਸ ਦੀ ਸ਼ਰਤ ਸੰਗਰੂਰ ਦੀ ਸਿਰਫ ਇਕ ਫਰਮ ਪੂਰੀ ਕਰਦੀ ਹੈ। ਐਤਕੀਂ ਸਰਕਾਰ ਵੱਲੋਂ ਬਰਤਨ ਕਿੱਟ ਵਿਚ ਸਟੀਲ ਦੀ ਪਰਾਤ ਖਰੀਦੀ ਜਾ ਰਹੀ ਹੈ ਜਦੋਂਕਿ ਪਿਛਲੇ ਵਰ੍ਹਿਆਂ ਵਿਚ ਐਲੂਮੀਨੀਅਮ ਦੀ ਪਰਾਤ ਖਰੀਦੀ ਜਾਂਦੀ ਸੀ। ਸਟੀਲ ਦੀ ਪਰਾਤ 'ਡਾਇਆ 34' ਵਾਲੀ ਖਰੀਦ ਕੀਤੀ ਜਾਣੀ ਹੈ। ਇੰਨੀ ਵੱਡੀ ਪਰਾਤ ਦੀ ਕਿਸੇ ਵੀ ਫਰਮ ਕੋਲ ਉਪਲੱਭਧਤਾ ਨਹੀਂ ਹੈ ਅਤੇ ਸਿਰਫ ਸੰਗਰੂਰ ਦੀ ਇਕ ਫਰਮ ਕੋਲ ਇਹ ਪਰਾਤ ਮੌਜੂਦ ਹੈ। ਇਸ ਫਰਮ ਨੇ ਪਹਿਲਾਂ ਹੀ ਇਸ ਸਪੈਸੀਫਿਕੇਸ਼ਨ ਵਾਲੀ ਡਾਈ ਤਿਆਰ ਕਰਾ ਲਈ ਸੀ।

ਸੂਤਰ ਦੱਸਦੇ ਹਨ ਕਿ ਪੰਜਾਬ ਸਰਕਾਰ ਨੂੰ ਪਿਛਲੇ ਵਰ੍ਹਿਆਂ ਵਿਚ ਐਲੂਮੀਨੀਅਮ ਦੀ ਪੰਜ ਕਿਲੋ ਵਜ਼ਨ ਵਾਲੀ ਪਰਾਤ ਕਰੀਬ 850 ਰੁਪਏ ਵਿਚ ਪੈਂਦੀ ਸੀ ਜਦੋਂਕਿ ਹੁਣ ਸਰਕਾਰ ਨੂੰ ਸਟੀਲ ਵਾਲੀ ਪਰਾਤ ਘੱਟੋ-ਘੱਟ 1500 ਰੁਪਏ ਵਿਚ ਪਏਗੀ। ਪਤਾ ਲੱਗਾ ਹੈ ਕਿ ਕੁਝ ਫਰਮਾਂ ਵਾਲੇ ਮਹਿਕਮੇ ਦੇ ਅਧਿਕਾਰੀਆਂ ਨੂੰ ਵੀ ਮਿਲੇ ਸਨ ਕਿ ਮਾਰਕੀਟ ਵਿਚ ਇੰਨੀ ਵੱਡੀ ਸਟੀਲ ਦੀ ਪਰਾਤ ਦੀ ਕਿਸੇ ਕੋਲ ਡਾਈ ਨਹੀਂ ਹੈ। ਨਵੀਂ ਡਾਈ ਬਣਾਉਣ ਦੀ ਪ੍ਰਕਿਰਿਆ ਘੱਟੋ-ਘੱਟ ਦੋ ਮਹੀਨਿਆਂ ਦੀ ਹੈ, ਪਰ ਜਿਸ ਫਰਮ ਨੂੰ ਖਰੀਦ ਦਾ ਕੰਮ ਦਿੱਤਾ ਜਾਣਾ ਹੈ, ਉਸ ਨੇ ਅਗਾਊਂ ਹੀ ਇਹ ਡਾਈ ਤਿਆਰ ਕੀਤੀ ਹੋਈ ਹੈ। ਐਤਕੀਂ ਬਰਤਨ ਕਿੱਟ ਵਿਚ ਕੌਲੀ ਵਾਲੀ ਥਾਲੀ ਵੀ ਖਰੀਦੀ ਜਾ ਰਹੀ ਹੈ, ਜਿਸ ਦਾ ਵਜ਼ਨ 530 ਗ੍ਰਾਮ ਰੱਖਿਆ ਗਿਆ ਹੈ ਜਦੋਂਕਿ ਪਿਛਲੇ ਵਰ੍ਹੇ ਇਸ ਦਾ ਵਜ਼ਨ 260 ਗ੍ਰਾਮ ਸੀ।

## ਜਨਤਾ ਦੇ ਪੈਸੇ ਨਾਲ ਆਪਣਾ ਪ੍ਰਚਾਰ

**ਚੰਡੀਗੜ੍ਹ:** ਬਾਦਲ ਸਰਕਾਰ ਨੇ ਆਪਣੇ ਪ੍ਰਚਾਰ ਲਈ ਅਜਿਹੀਆਂ ਸਪੈਸ਼ਲ ਵੈਨਾਂ ਤਿਆਰ ਕਰਵਾਈਆਂ ਗਈਆਂ ਹਨ ਜਿਹੜੀਆਂ ਸਾਰੇ ਹਲਕਿਆਂ ਦੇ ਕੋਨੇ-ਕੋਨੇ ਤੱਕ ਜਾ ਕੇ ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਣਗੀਆਂ। ਇਸ ਪ੍ਰਚਾਰ ਦਾ ਸਹਾਰਾ ਲੈ ਕੇ ਅਕਾਲੀ ਦਲ ਮਿਸ਼ਨ 2017 ਫਤਹਿ ਕਰਨਾ ਚਾਹੁੰਦਾ ਹੈ। ਇਸ ਪ੍ਰਚਾਰ ਉਤੇ ਕਰੋੜਾਂ ਰੁਪਏ ਦਾ ਖਰਚ ਕੀਤਾ ਜਾ ਰਿਹਾ ਹੈ ਜਿਸ ਦਾ ਬੋਝ ਸਰਕਾਰੀ ਖਜ਼ਾਨੇ 'ਤੇ ਪਏਗਾ।

ਪੰਜਾਬ ਦੀ ਬਾਦਲ ਸਰਕਾਰ ਨੇ ਭੁਪਾਲ ਦੀ ਇਕ ਨਿੱਜੀ ਕੰਪਨੀ ਅਦਿੱਤਿਆ ਈਵੈਂਟਸ ਨਾਲ ਆਪਣੇ ਪ੍ਰਚਾਰ ਲਈ ਕਰਾਰ ਕੀਤਾ ਹੈ। ਇਸ ਕਰਾਰ ਤਹਿਤ ਖਾਸ ਤੌਰ ਉਤੇ 50 ਪ੍ਰਚਾਰ ਵੈਨਾਂ ਤਿਆਰ ਕਰਵਾਈਆਂ ਗਈਆਂ ਹਨ। ਇਨ੍ਹਾਂ 'ਤੇ ਬਾਦਲ ਪਰਿਵਾਰ ਦੀਆਂ ਤਸਵੀਰਾਂ ਤੇ ਸਰਕਾਰ ਵੱਲੋਂ ਚਲਾਈਆਂ ਵੱਖ-ਵੱਖ ਸਕੀਮਾਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਦੇ ਇਲਾਵਾ ਪ੍ਰਚਾਰ ਲਈ ਇਕ ਖਾਸ ਵੱਡੇ ਸਾਈਜ਼ ਦੀ ਐਲ.ਈ.ਡੀ. ਵੀ ਲਾਈ ਗਈ ਹੈ। ਇਸ ਉਤੇ ਸਰਕਾਰ ਦੇ ਕੰਮਾਂ ਦਾ ਪ੍ਰਚਾਰ ਕਰਨ ਲਈ ਤਿੰਨ ਘੰਟੇ ਦੀ ਵੀਡੀਓ ਫਿਲਮ ਦਿਖਾਈ ਜਾਏਗੀ। ਜਾਣਕਾਰੀ ਮੁਤਾਬਕ ਇਕ ਵੈਨ ਦਾ ਰੋਜ਼ਾਨਾ ਕਿਰਾਇਆ 22 ਹਜ਼ਾਰ ਤੋਂ ਵੱਧ ਹੈ।




ਇਸ ਹਿਸਾਬ ਨਾਲ 50 ਵੈਨਾਂ ਦਾ ਰੋਜ਼ਾਨਾ ਦਾ ਖਰਚ 11 ਲੱਖ 35 ਹਜ਼ਾਰ ਰੁਪਏ ਦੇ ਕਰੀਬ ਬਣਦਾ ਹੈ। ਹਰ ਮਹੀਨੇ ਤਿੰਨ ਕਰੋੜ 40 ਲੱਖ 50 ਹਜ਼ਾਰ ਤੇ ਤਿੰਨ ਮਹੀਨਿਆਂ ਦੇ ਪ੍ਰਚਾਰ ਲਈ 10 ਕਰੋੜ 21 ਲੱਖ 50 ਹਜ਼ਾਰ ਦੇ ਕਰੀਬ ਖਰਚ ਦਾ ਵਾਧੂ ਬੋਝ ਸਰਕਾਰੀ ਖਜ਼ਾਨੇ ਉਤੇ ਪਏਗਾ। ਆਮ ਜਨਤਾ ਦੀ ਖੂਨ-ਪਸੀਨੇ ਦੀ ਕਮਾਈ ਵਿਚੋਂ ਟੈਕਸ ਵਜੋਂ ਇਕੱਠਾ ਕੀਤਾ ਇਹ ਸਰਕਾਰੀ ਪੈਸਾ ਕਿਤੇ ਨਾ ਕਿਤੇ ਪਾਰਟੀ ਦੇ ਮਿਸ਼ਨ 2017 ਲਈ ਖਰਚ ਕੀਤਾ ਜਾਏਗਾ।

# ਨਵਜੋਤ ਸਿੰਘ ਸਿੱਧੂ ਨੂੰ ਥਾਪੜੇ ਨਾਲ ਅਕਾਲੀ ਦਲ ਨੂੰ ਸਖਤ ਸੁਨੇਹਾ?

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਰਾਜ ਸਭਾ ਮੈਂਬਰ ਨਵਜੋਤ ਸਿੰਘ ਸਿੱਧੂ ਨੂੰ ਮੁੜ ਸੂਬਾਈ ਸਿਆਸਤ ਵਿਚ ਸਰਗਰਮ ਕਰ ਕੇ ਅਕਾਲੀ ਦਲ ਨੂੰ ਸਖਤ ਸੁਨੇਹਾ ਦੇ ਦਿੱਤਾ ਹੈ। ਭਾਜਪਾ ਨੇ ਸਿੱਧੂ ਨੂੰ ਪਾਰਟੀ ਦੀ ਕੋਰ ਕਮੇਟੀ ਵਿਚ ਸ਼ਾਮਲ ਕਰਦਿਆਂ ਅਨਿਲ ਜੋਸ਼ੀ ਦੀ ਛਾਂਟੀ ਕਰ ਦਿੱਤੀ ਹੈ। ਕਾਬਲੇਗੌਰ ਹੈ ਕਿ ਨਵਜੋਤ ਸਿੰਘ ਸਿੱਧੂ ਤੇ ਉਨ੍ਹਾਂ ਦੀ ਪਤਨੀ ਤੇ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਦੀ ਪਾਰਟੀ ਦੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨਾਲ ਨਿੱਤ ਖੜਕਦੀ ਰਹਿੰਦੀ ਹੈ।



ਭਾਜਪਾ ਇਕ ਪਾਸੇ ਅਕਾਲੀ ਦਲ ਨਾਲ ਨਿੱਘੇ ਸਬੰਧ ਹੋਣ ਦੇ ਦਾਅਵੇ ਕਰ ਰਹੀ ਹੈ ਪਰ ਦੂਜੇ ਪਾਸੇ ਸਿੱਧੂ ਦੀ ਮੁੜ ਸੂਬਾ ਸਿਆਸਤ ਵਿਚ ਸਰਗਰਮੀ ਵਧਾਉਣਾ ਕਈ ਸਵਾਲ ਖੜ੍ਹੇ ਕਰਦਾ ਹੈ।ਸਿੱਧੂ ਨੇ ਅਕਾਲੀ ਦਲ ਖਿਲਾਫ਼ ਕਾਫੀ ਸਮਾਂ ਬਗਾਵਤ ਦਾ ਝੰਡਾ ਚੁੱਕੀ ਰੱਖਿਆ ਹੈ। ਸਿੱਧੂ ਜੋੜੀ ਹਮੇਸ਼ਾ ਦੋਸ਼ ਲਾਉਂਦੀ ਆ ਰਹੀ ਹੈ ਕਿ ਅੰਮ੍ਰਿਤਸਰ ਦੇ ਕੁਝ ਪ੍ਰਾਜੈਕਟਾਂ ਨੂੰ ਸਰਕਾਰ ਨੇ ਜਾਣਬੁੱਝ ਕੇ ਲਟਕਾਇਆ ਹੈ।

ਬੀਬੀ ਸਿੱਧੂ ਨੇ ਤਾਂ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਨਾਲ ਗੱਠਜੋੜ ਨੂੰ 'ਆਤਮਘਾਤੀ' ਤੱਕ ਕਰਾਰ ਦੇ ਦਿੱਤਾ ਸੀ। ਉਨ੍ਹਾਂ ਭਾਜਪਾ ਵੱਲੋਂ ਅਕਾਲੀ ਦਲ ਨਾਲ ਮੁੜ ਗੱਠਜੋੜ ਕੀਤੇ ਜਾਣ ਦੀ ਸੂਰਤ ਵਿਚ ਚੋਣ ਨਾ ਲੜਨ ਦਾ ਐਲਾਨ ਕਰ ਦਿੱਤਾ ਸੀ।

ਇਸ ਦੌਰਾਨ ਸਿੱਧੂ ਦੇ 'ਆਪ' ਵਿਚ ਜਾਣ ਦੀਆਂ ਅਟਕਲਾਂ ਦੇ ਬਾਵਜੂਦ ਭਾਜਪਾ ਨੇ ਉਨ੍ਹਾਂ ਨੂੰ ਰਾਜ ਸਭਾ ਮੈਂਬਰ ਬਣਾ ਕੇ ਉਨ੍ਹਾਂ ਦਾ ਸਿਆਸੀ ਮੁੜ ਵਸੇਬਾ ਕਰ ਦਿੱਤਾ। ਹੁਣ ਉਨ੍ਹਾਂ ਨੂੰ ਕੋਰ ਗਰੁੱਪ ਵਿਚ ਸ਼ਾਮਲ ਕਰ ਕੇ ਸੂਬਾਈ ਸਿਆਸਤ ਵਿਚ ਅਹਿਮ ਜ਼ਿੰਮੇਵਾਰੀ ਦਿੱਤੀ ਗਈ ਹੈ। ਇਸ ਨਾਲ ਭਾਜਪਾ ਨੇ ਸੰਕੇਤ ਦਿੱਤਾ ਹੈ ਕਿ ਭਵਿਖ ਵਿਚ ਪਾਰਟੀ ਆਪਣੇ ਤੌਰ ਉਤੇ ਕਿਸਮਤ ਅਜ਼ਮਾਉਣ ਲਈ ਜ਼ਮੀਨ ਤਿਆਰ ਕਰਨਾ ਜਾਰੀ ਰੱਖੇਗੀ।

# ਰਾਏਸ਼ੁਮਾਰੀ: ਬਰਤਾਨੀਆ ਤੇ ਯੂਰਪੀ ਯੂਨੀਅਨ ਦੇ ਰਾਹ ਹੋਏ ਵੱਖ

**ਲੰਡਨ:** 'ਬ੍ਰਿਐਗਜ਼ਿਟ' ਰਾਏਸ਼ੁਮਾਰੀ ਦੇ ਨਤੀਜੇ ਨਾਲ ਬਰਤਾਨੀਆ ਅਤੇ ਯੂਰਪੀ ਯੂਨੀਅਨ ਦੇ ਰਾਹ ਵੱਖ ਹੋ ਗਏ ਹਨ। ਇਸ ਇਤਿਹਾਸ ਰਾਏਸ਼ੁਮਾਰੀ ਦੇ ਨਤੀਜੇ ਦੇ ਨਾਲ ਹੀ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਆਪਣੇ ਅਸਤੀਫੇ ਦਾ ਐਲਾਨ ਕਰ ਦਿੱਤਾ। ਬਰਤਾਨੀਆ ਦਾ ਤੋੜ ਵਿਛੋੜਾ 28 ਮੁਲਕਾਂ ਵਾਲੀ ਯੂਰਪੀ ਯੂਨੀਅਨ ਲਈ ਝਟਕਾ ਹੈ। ਇਸ ਬਾਅਦ ਕੌਮਾਂਤਰੀ ਬਾਜ਼ਾਰ ਵਿਚ ਉਥਲ ਪੁਥਲ ਹੋਈ ਅਤੇ ਇਸ ਦੇ ਨਾਲ ਹੀ ਯੂ.ਕੇ ਵਿਚ ਇਮੀਗਰੇਸ਼ਨ ਅਤੇ ਹੋਰ ਮੁੱਦੇ ਉੱਠ ਖੜ੍ਹੇ ਹਨ।

ਨਤੀਜੇ ਵਿਚ 51.9 ਫੀਸਦੀ ਵੋਟਰਾਂ (17,410,742) ਨੇ ਬ੍ਰਿਟੇਨ ਤੇ ਯੂਰਪੀ ਯੂਨੀਅਨ ਦੇ ਚਾਰ ਦਹਾਕਿਆਂ ਤੋਂ ਵੱਧ ਪੁਰਾਣੇ ਰਿਸ਼ਤੇ ਤੋੜਨ ਦੇ ਪੱਖ ਵਿਚ ਵੋਟਾਂ ਪਾਈਆਂ ਹਨ ਜਦੋਂ ਕਿ 48.1 ਫ਼ੀਸਦੀ ਵੋਟਰ (16,141,241) ਇਸ ਸੰਸਥਾ ਵਿਚ ਬਣੇ ਰਹਿਣ ਦੇ ਪੱਖ ਵਿਚ ਭੁਗਤੇ ਹਨ। ਇਸ ਤਰ੍ਹਾਂ 1,269,501 ਵੋਟਾਂ ਦੇ ਫਰਕ ਨਾਲ ਬਰਤਾਨੀਆ ਦਾ ਵੱਖ ਹੋਣ ਵਾਲਾ ਕੈਂਪ ਜੇਤੂ ਰਿਹਾ। ਜਰਮਨੀ ਬਾਅਦ ਬ੍ਰਿਟੇਨ ਯੂਰਪ ਦੀ ਸਭ ਤੋਂ ਵੱਡੀ ਆਰਥਿਕਤਾ ਹੈ ਅਤੇ ਗਰੀਨਲੈਂਡ ਬਾਅਦ ਇਹ ਸੰਸਥਾ ਛੱਡਣ ਵਾਲਾ ਉਹ ਦੂਜਾ ਮੁਲਕ ਹੈ। ਲੰਡਨ, ਸਕਾਟਲੈਂਡ ਅਤੇ ਉੱਤਰੀ ਆਇਰਲੈਂਡ ਨੇ ਯੂਰਪੀ ਯੂਨੀਅਨ ਵਿਚ ਬਣੇ ਰਹਿਣ ਦੇ ਹੱਕ ਵਿਚ ਸਪੱਸ਼ਟ ਫ਼ਤਵਾ ਦਿੱਤਾ, ਪਰ ਇੰਗਲੈਂਡ ਦੇ ਉੱਤਰ, ਮਿੱਡਲੈਂਡ ਰਿਜਨ, ਵੇਲਜ਼ ਅਤੇ ਜ਼ਿਆਦਾਤਰ ਇੰਗਲਿਸ਼ ਕਾਊਂਟੀਆਂ ਨੇ ਤੋੜ ਵਿਛੋੜੇ ਦੇ ਪੱਖ ਵਿਚ ਵੋਟਾਂ ਪਾਈਆਂ।

ਦਰਅਸਲ, ਰਾਏਸ਼ੁਮਾਰੀ ਕਰਵਾਉਣ ਦਾ



ਫੈਸਲਾ ਕੈਮਰੌਨ ਦੀ ਕੰਜ਼ਰਵੇਟਿਵ ਪਾਰਟੀ ਅੰਦਰਲੀ ਖ਼ਾਨਾਜੰਗੀ ਦਾ ਨਤੀਜਾ ਸੀ। 13 ਮਹੀਨੇ ਪਹਿਲਾਂ ਜਦੋਂ ਇਹ ਪਾਰਟੀ ਦੁਬਾਰਾ ਚੋਣ ਜਿੱਤ ਕੇ ਮੁੜ ਸੱਤਾ ਵਿਚ ਆਈ ਸੀ ਤਾਂ ਯੂਰਪੀਨ ਸੰਘ ਤੋਂ ਅਲਹਿਦਾ ਹੋਣ ਦੀ ਚਰਚਾ ਬਹੁਤ ਸੀਮਤ ਸੀ। ਕੈਮਰੌਨ ਦੇ ਸ਼ਰੀਕਾਂ ਨੇ ਪਹਿਲਾਂ ਇਸ ਚਰਚਾ ਨੂੰ ਪਾਰਟੀ ਮੰਚਾਂ ਤੋਂ ਬਾਹਰ ਅਤੇ ਫਿਰ ਪਾਰਟੀ ਦੇ ਅੰਦਰ ਭਖ਼ਾਇਆ। ਦੂਜੇ ਪਾਸੇ ਮੁੱਖ ਵਿਰੋਧੀ ਲੇਬਰ ਪਾਰਟੀ ਦੇ ਨੇਤਾ ਜੈਰੇਮੀ ਕੋਰਬਿਨ ਤੇ ਹੋਰ ਲੇਬਰ ਆਗੂਆਂ ਵੱਲੋਂ ਯੂਰਪੀਨ ਸੰਘ ਨਾਲ ਜੁੜੇ ਰਹਿਣ ਦੀਆਂ ਖਾਹਿਸ਼ਾਂ ਪ੍ਰਗਟਾਉਣ ਦੇ ਬਾਵਜੂਦ ਆਪਣੀ ਸੋਚ ਦੇ ਹੱਕ ਵਿਚ ਡਟਵੇਂ ਢੰਗ ਨਾਲ ਮੁਹਿੰਮ ਨਹੀਂ ਚਲਾਈ ਅਤੇ ਡੇਵਿਡ ਕੈਮਰੌਨ ਨੂੰ ਕਸੂਤਾ ਫਸਿਆ ਦੇਖ ਕੇ ਸਥਿਤੀ ਦਾ ਰਾਜਸੀ ਲਾਭ ਲੈਣ ਦੇ ਰਾਹ ਤੁਰਦੇ ਰਹੇ।

ਬਰਤਾਨਵੀ ਰਾਜਸੀ ਪੰਡਿਤਾਂ ਨੇ ਰਾਏਸ਼ੁਮਾਰੀ ਦੇ ਫੈਸਲੇ ਦੇ ਅੱਠ ਕਾਰਨ ਲੱਭੇ ਹਨ। ਪਹਿਲਾ ਕਾਰਨ ਆਰਥਿਕ ਹੈ। ਬਰਤਾਨਵੀ ਜਨਤਾ ਦੀ ਬਹੁਗਿਣਤੀ ਇਹ ਮਹਿਸੂਸ ਕਰਦੀ ਆਈ ਹੈ ਕਿ 28 ਮੁਲਕਾਂ ਦੀ ਜਥੇਬੰਦੀ ਯੂਰਪੀਨ ਸੰਘ ਦਾ ਮੈਂਬਰ ਬਣ ਕੇ ਉਨ੍ਹਾਂ ਦੇ ਮੁਲਕ ਨੇ ਖੱਟਿਆ ਘੱਟ ਤੇ ਗਵਾਇਆ ਵੱਧ। ਯੂਰਪੀਨ ਸੰਘ ਦਾ ਪੱਲਾ ਛੱਡਣ ਤੋਂ ਕੌਮੀ ਸਿਹਤ ਸੇਵਾ (ਐਨ.ਐਚ.ਐਸ.) ਨੂੰ ਹੋਣ ਵਾਲੇ 35 ਕਰੋੜ ਪਾਊਂਡ ਸਟਰਲਿੰਗ ਦੀ ਹਫਤਾਵਾਰੀ ਬੱਚਤ ਨੇ ਵੀ ਲੋਕਾਂ ਦੀ ਸੋਚ ਬਦਲੀ। ਯੂਰਪੀਨ ਸੰਘ ਦਾ ਮੈਂਬਰ ਹੋਣ ਦੇ ਨਾਤੇ ਮੱਧ ਪੂਰਬ ਦੇ ਸ਼ਰਨਾਰਥੀਆਂ ਦੀ ਬਰਤਾਨਵੀ ਭੂਮੀ ਉਤੇ ਹੋਰ ਆਮਦ ਦੀ ਚਰਚਾ ਨੇ ਵੀ ਵਿਰੋਧ ਦੀ ਭਾਵਨਾ ਮਜ਼ਬੂਤ ਬਣਾਈ। ਉੱਪਰੋਂ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਵੱਲੋਂ ਸੰਘ ਦੇ ਹਮਾਇਤੀ ਵਜੋਂ ਮੋਰਚਾ ਖੋਲ੍ਹ ਲਏ ਜਾਣ ਨੇ ਇਹ ਪ੍ਰਭਾਵ ਪੈਦਾ ਕੀਤਾ ਕਿ ਉਹ ਯੂਰਪ ਵਿਚ ਆਪਣੀ ਚੌਧਰ ਚਮਕਾਉਣ ਹਿੱਤ ਅਜਿਹਾ ਕਰ ਰਹੇ ਹਨ। ਲੇਬਰ ਪਾਰਟੀ ਨੇ ਸੰਘ ਦੀ ਹਮਾਇਤੀ ਹੋਣ ਦੇ ਬਾਵਜੂਦ ਵੋਟਰਾਂ ਨਾਲ ਇਸ ਪੱਖੋਂ ਠੋਸ ਰਾਬਤਾ ਬਣਾਉਣ ਦਾ ਯਤਨ ਨਹੀਂ ਕੀਤਾ। ਯੁਵਾ ਵੋਟਰ ਖੁੱਲ੍ਹ ਕੇ ਵੋਟਾਂ ਪਾਉਣ ਨਹੀਂ ਆਏ। ਬੂਥਾਂ ਉੱਪਰ ਵੱਡ-ਉਮਰੇ ਵੋਟਰਾਂ ਦੀ ਭੀੜ ਰਹੀ ਜਿਨ੍ਹਾਂ ਨੂੰ ਯੂਰਪੀਨ ਸੰਘ ਦੇ ਸੰਕਲਪ ਵਿਚ ਮੁੱਢ ਤੋਂ ਹੀ ਖੋਟ ਨਜ਼ਰ ਆਉਂਦੀ ਰਹੀ ਸੀ। ਸਭ ਤੋਂ ਵੱਡਾ ਤੇ ਇਤਿਹਾਸਕ ਕਾਰਨ ਇਹ ਸੀ ਕਿ ਬਰਤਾਨੀਆ ਕਦੇ ਵੀ ਤਨੋਂ-ਮਨੋਂ ਬਾਕੀ ਯੂਰਪ ਨਾਲ ਨਹੀਂ ਜੁੜਿਆ ਰਿਹਾ। ਭੂਗੋਲਿਕ ਵਖਰੇਵਾਂ ਹੋਣ ਤੋਂ ਇਲਾਵਾ ਬਰਤਾਨੀਆ ਪੰਜ ਸਦੀਆਂ ਤੱਕ ਸੱਤ ਸਮੁੰਦਰਾਂ ਦਾ ਸਰਦਾਰ ਰਿਹਾ। ਬਾਕੀ ਯੂਰਪੀਨ ਮੁਲਕ ਇਸ ਪੱਖੋਂ ਕਦੇ ਵੀ ਉਸ ਦੇ ਹਾਣ ਦੇ ਨਹੀਂ ਬਣ ਸਕੇ। ਅਜਿਹੀ ਸੂਰਤ ਵਿੱਚ ਯੂਰਪੀਨ ਸੰਘ ਦੇ ਦਫ਼ਤਰ ਜਾਂ ਪਾਰਲੀਮੈਂਟ ਦਾ ਬੈਲਜੀਅਮ ਵਿਚ ਹੋਣਾ ਬਹੁਤ ਸਾਰੇ ਬਰਤਾਨਵੀ ਨਾਗਰਿਕਾਂ ਨੂੰ ਹਮੇਸ਼ਾਂ ਹੀ ਨਾਗਵਾਰ ਭਾਸਦਾ ਰਿਹਾ।

ਰਾਏਸ਼ੁਮਾਰੀ ਦੇ ਫ਼ੈਸਲੇ ਨਾਲ ਬਰਤਾਨਵੀ ਪਾਊਂਡ ਸਟਰਲਿੰਗ ਅਤਿਅੰਤ ਕਮਜ਼ੋਰ ਪੈਣ ਅਤੇ ਸ਼ੇਅਰ ਬਾਜ਼ਾਰ ਲੁੜ੍ਹਕ ਜਾਣ ਵਰਗੇ ਆਰਥਿਕ ਪ੍ਰਭਾਵ ਸਾਹਮਣੇ ਆਏ ਹਨ, ਪਰ ਕੂਟਨੀਤਕ ਤੇ ਆਰਥਿਕ ਮਾਹਿਰਾਂ ਦੀ ਅਵਧਾਰਨਾ ਹੈ ਕਿ ਇਹ ਵਰਤਾਰਾ ਅਸਥਾਈ ਹੈ। ਸਕਾਟਲੈਂਡ ਤੇ ਨਾਰਦਰਨ ਆਈਲੈਂਡ ਨੇ ਯੂਰਪੀਨ ਸੰਘ ਦੀ ਮੈਂਬਰੀ ਬਰਕਰਾਰ ਰੱਖੇ ਜਾਣ ਦੇ ਹੱਕ ਵਿਚ ਡਟ ਕੇ ਵੋਟ ਪਾਈ।

## ਰਾਏਸ਼ੁਮਾਰੀ ਪਿਛੋਂ ਲੇਬਰ ਪਾਰਟੀ ਵਿਚ ਭੁਚਾਲ

**ਲੰਡਨ:** ਬਰਤਾਨੀਆ ਦੀ ਵਿਰੋਧੀ ਧਿਰ ਲੇਬਰ ਪਾਰਟੀ ਵਿਚ ਬ੍ਰਿਐਗਜ਼ਿਟ ਤੋਂ ਬਾਅਦ ਭੂਚਾਲ ਜਿਹਾ ਆ ਗਿਆ ਹੈ। ਯੂਰਪੀ ਯੂਨੀਅਨ ਤੋਂ ਤੋੜ ਵਿਛੋੜਾ ਕਰਨ ਦੇ ਫਤਵੇ ਤੋਂ ਬਾਅਦ ਲੇਬਰ ਪਾਰਟੀ ਦੇ ਸ਼ੈਡੋ ਕੈਬਨਿਟ ਵਿਚੋਂ 16 ਮੰਤਰੀਆਂ ਨੇ ਅਸਤੀਫੇ ਦੇ ਦਿੱਤੇ। ਅਸਤੀਫਾ ਦੇਣ ਵਾਲਿਆਂ ਵਿਚ ਭਾਰਤੀ ਮੂਲ ਦੀ ਐਮ.ਪੀ. ਸੀਮਾ ਮਲਹੋਤਰਾ ਵੀ ਸ਼ਾਮਲ ਹੈ। ਦੂਜੇ ਪਾਸੇ ਮੰਤਰੀਆਂ ਦੇ ਅਸਤੀਫੇ ਤੋਂ ਬਾਅਦ ਲੇਬਰ ਪਾਰਟੀ ਦੇ ਆਗੂ ਜੇਰੇਮੀ ਕੋਰਬਿਨ ਨੇ ਬਗਾਵਤ ਨੂੰ ਅਣਗੌਲਿਆ ਕਰਦਿਆਂ ਨਵੇਂ ਮੰਤਰੀਆਂ ਦੀ ਚੋਣ ਸ਼ੁਰੂ ਕਰ ਦਿੱਤੀ ਹੈ। ਮੰਤਰੀਆਂ ਦੇ ਅਸਤੀਫੇ ਤੋਂ ਬਾਅਦ ਲੇਬਰ ਪਾਰਟੀ ਦੇ ਟੁੱਟਣ ਦਾ ਖਤਰਾ ਵੀ ਬਣ ਗਿਆ ਹੈ। ਕੋਰਬਿਨ ਖਿਲਾਫ਼ ਦੋਸ਼ ਲੱਗੇ ਹਨ ਕਿ ਰਾਏਸ਼ੁਮਾਰੀ ਦੌਰਾਨ ਯੂਰਪੀ ਯੂਨੀਅਨ ਨਾਲ ਬਣੇ ਰਹਿਣ ਦਾ ਉਨ੍ਹਾਂ ਜ਼ੋਰਦਾਰ ਢੰਗ ਨਾਲ ਪ੍ਰਚਾਰ ਨਹੀਂ ਕੀਤਾ। ਇਨ੍ਹਾਂ ਤੋਂ ਇਲਾਵਾ ਲੇਬਰ ਪਾਰਟੀ ਦੇ ਕਈ ਸੰਸਦ ਮੈਂਬਰਾਂ ਨੇ ਵੀ ਕੋਰਬਿਨ ਦੀ ਕਾਰਗੁਜ਼ਾਰੀ ਉਤੇ ਸਵਾਲੀਆ ਨਿਸ਼ਾਨ ਲਾਉਂਦੇ ਹੋਏ ਨਾਰਾਜ਼ਗੀ ਜ਼ਾਹਰ ਕੀਤੀ ਹੈ। ਇਸ ਦੇ ਨਾਲ ਹੀ ਬਰਤਾਨੀਆ ਦੇ ਯੂਰਪੀ ਯੂਨੀਅਨ ਤੋਂ ਵੱਖ ਹੋਣ ਦੇ ਫੈਸਲੇ ਤੋਂ ਬਾਅਦ ਨਸਲੀ ਅਤੇ ਨਫਰਤ ਸਬੰਧੀ ਹਮਲਿਆਂ ਵਿਚ ਵਾਧਾ ਹੋ ਗਿਆ ਹੈ।

# ਰਾਏਸ਼ੁਮਾਰੀ ਦੇ ਫੈਸਲੇ ਨੇ ਪਰਵਾਸੀ ਪੰਜਾਬੀਆਂ ਦਾ ਫਿਕਰ ਵਧਾਇਆ

**ਚੰਡੀਗੜ੍ਹ:** ਬਰਤਾਨੀਆ ਵਿਚ ਹੋ ਰਹੀ ਸਿਆਸੀ ਤੇ ਆਰਥਿਕ ਤਬਦੀਲੀ ਨੂੰ ਪੰਜਾਬੀ ਬੜੀ ਉਤਸੁਕਤਾ ਨਾਲ ਦੇਖ ਰਹੇ ਹਨ। ਰਾਏਸ਼ੁਮਾਰੀ ਦੇ ਆਏ ਨਤੀਜਿਆਂ ਤੋਂ ਸਹਿਮੇ ਪੰਜਾਬੀਆਂ ਨੂੰ ਅਜੇ ਕੁਝ ਵੀ ਸੁੱਝ ਨਹੀਂ ਰਿਹਾ ਹੈ ਕਿ ਉਨ੍ਹਾਂ ਦੇ ਭਵਿੱਖ ਨਾਲ ਕੀ ਵਾਪਰਨ ਵਾਲਾ ਹੈ। ਇਮੀਗਰੇਸ਼ਨ ਦੀ ਨੀਤੀ ਨੂੰ ਲੈ ਕੇ ਪੰਜਾਬੀਆਂ ਵਿਚ ਦੁਬਿਧਾ ਬਣੀ ਹੋਈ ਹੈ। ਡਾਲਰ ਮੁਕਾਬਲੇ ਪੌਂਡ ਦੀ ਹਾਲਤ ਪਤਲੀ ਹੋਣ ਕਾਰਨ ਜਿਥੇ ਸਮੁੱਚੇ ਵਿਸ਼ਵ ਦਾ ਅਰਥਚਾਰਾ ਹਿੱਲ ਗਿਆ ਹੈ ਉਥੇ ਪੰਜਾਬੀ ਵੀ ਡਾਵਾਂਡੋਲ ਹੋ ਗਏ ਹਨ।

ਪੰਜਾਬੀ ਭਾਈਚਾਰੇ ਦਾ ਵੱਡਾ ਤਬਕਾ ਸਮੁੱਚੇ ਬਰਤਾਨੀਆ ਵਿਚ ਵਸਿਆ ਹੋਇਆ ਹੈ। ਬਰਤਾਨੀਆ ਜਾਣ ਦੇ ਰੁਝਾਨ ਵਿਚ 80ਵਿਆਂ ਵਿਚ ਤੇਜ਼ੀ ਆ ਗਈ ਸੀ। ਪੌਂਡਾਂ ਦੀ ਚਮਕ-ਦਮਕ ਨੇ ਪੰਜਾਬ ਤੇ ਖਾਸ ਕਰਕੇ ਦੋਆਬੇ ਦਾ ਚਿਹਰਾ ਮੋਹਰਾ ਤੇਜ਼ੀ ਨਾਲ ਬਦਲਿਆ ਸੀ। ਬਹੁਤੇ ਕਿਸਾਨ ਪਰਿਵਾਰ ਤਾਂ ਜ਼ਮੀਨਾਂ ਵੇਚ ਕੇ ਟੱਬਰਾਂ ਸਮੇਤ ਉਥੇ ਜਾ ਵਸੇ ਸਨ। ਇਮੀਗਰੇਸ਼ਨ ਨਾਲ ਜੁੜੇ ਮਾਮਲਿਆਂ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਇੰਗਲੈਂਡ ਦੇ ਯੂਰਪ ਨਾਲੋਂ ਵੱਖ ਹੋਣ ਨਾਲ ਵੀਜ਼ੇ ਵਿਚ ਸਖਤੀ ਵਰਤਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ। ਉਥੇ ਜਾਣਾ ਹੁਣ ਪਹਿਲਾਂ ਵਾਂਗ ਸੌਖਾ ਨਹੀਂ ਹੋਵੇਗਾ। ਕਈ ਮਾਹਿਰਾਂ ਦੀ ਇਹ ਰਾਏ ਵੀ ਹੈ ਕਿ ਇੰਗਲੈਂਡ ਅਜੇ ਇਮੀਗਰੇਸ਼ਨ ਨੀਤੀ ਬਦਲਣ ਦੀ ਸਥਿਤੀ ਵਿਚ ਨਹੀਂ, ਜੇਕਰ ਉਹ ਅਜਿਹਾ ਕਰਦਾ ਹੈ ਤਾਂ ਉਸ ਲਈ ਆਤਮਘਾਤੀ ਕਦਮ ਸਾਬਤ ਹੋਵੇਗਾ। ਪੰਜਾਬ ਦੇ ਲੋਕ ਉਤਸੁਕਤਾ ਨਾਲ ਉਥੇ ਵਾਪਰ ਰਹੀਆਂ ਘਟਨਾਵਾਂ ਨੂੰ ਦੇਖ ਰਹੇ ਹਨ। ਪੰਜਾਬੀ ਉਥੇ ਅਕਤੂਬਰ ਵਿਚ ਬਣਨ ਵਾਲੇ ਨਵੇਂ ਪ੍ਰਧਾਨ ਮੰਤਰੀ ਦੀਆਂ ਨੀਤੀਆਂ ਦੀ ਵੀ ਉਡੀਕ ਵਿਚ ਦੱਸੇ ਜਾ ਰਹੇ ਹਨ।

## ਭਾਰਤੀ ਕਾਰੋਬਾਰ ਉਤੇ ਪਵੇਗਾ ਅਸਰ

ਰਾਏਸ਼ੁਮਾਰੀ ਦਾ ਭਾਰਤੀ ਬਾਜ਼ਾਰ ਉੱਤੇ ਵਿਆਪਕ ਅਸਰ ਦੇਖਣ ਨੂੰ ਮਿਲ ਰਿਹਾ ਹੈ। ਭਾਰਤ ਦਾ ਜ਼ਿਆਦਾਤਰ ਕਾਰੋਬਾਰ ਯੂਰਪ ਨਾਲ ਹੈ। ਸਿਰਫ ਬਰਤਾਨੀਆ ਵਿਚ ਹੀ 800 ਕੰਪਨੀਆਂ ਹਨ ਜਿਸ ਵਿਚ ਇਕ ਲੱਖ ਤੋਂ ਜ਼ਿਆਦਾ ਲੋਕ ਕੰਮ ਕਰਦੇ ਹਨ। 2015 ਵਿਚ ਇਨ੍ਹਾਂ ਨੇ ਬਰਤਾਨੀਆ ਵਿਚ 2 ਲੱਖ 47 ਹਜ਼ਾਰ ਕਰੋੜ ਦਾ ਨਿਵੇਸ਼ ਕੀਤਾ ਹੈ।ਬਰਤਾਨੀਆ ਦੇ ਯੂਰਪੀਅਨ ਯੂਨੀਅਨ ਤੋਂ ਵੱਖ ਹੋਣ ਦਾ ਅਸਰ ਭਾਰਤੀ ਕਾਰੋਬਾਰੀਆਂ ਉੱਤੇ ਵੀ ਹੋਵੇਗਾ। ਇਸ ਤੋਂ ਇਲਾਵਾ ਵੀਜ਼ਾ ਨਿਯਮ ਵੀ ਸਖਤ ਹੋ ਸਕਦੇ ਹਨ ਜਿਸ ਦਾ ਸਿੱਧਾ ਅਸਰ ਭਾਰਤੀ ਕੰਪਨੀਆਂ ਲਈ ਸਟਾਫ ਉੱਤੇ ਹੋਵੇਗਾ। ਵੀਜ਼ਾ ਲੈ ਕੇ ਪੜ੍ਹਾਈ ਲਈ ਜਾਣ ਵਾਲੇ ਵਿਦਿਆਰਥੀਆਂ ਨੂੰ ਵੀ ਦਿੱਕਤਾਂ ਆ ਸਕਦੀਆਂ ਹਨ।ਬਰਤਾਨੀਆ ਦੇ ਵੱਖ ਹੋਣ ਨਾਲ ਕਰੰਸੀ ਉਤੇ ਵੀ ਇਸ ਦਾ ਅਸਰ ਹੋਵੇਗਾ। ਬਰਤਾਨੀਆ ਦੀ ਕਰੰਸੀ ਪੌਂਡ ਤੇ ਯੂਰਪ ਦੀ ਕਰੰਸੀ ਯੂਰੋ ਦੇ ਝਗੜੇ ਵਿਚ ਦੁਨੀਆਂ ਭਰ ਵਿਚ ਡਾਲਰ ਦੀ ਮੰਗ ਵਧੇਗੀ। ਅਜਿਹੇ ਵਿਚ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਘਟੇਗੀ। ਜੇਕਰ ਅਜਿਹਾ ਹੁੰਦਾ ਹੈ ਤਾਂ ਭਾਰਤ ਨੂੰ ਕੱਚੇ ਤੇਲ ਲਈ ਜ਼ਿਆਦਾ ਪੈਸੇ ਦੇਣੇ ਹੋਣਗੇ ਤੇ ਪੈਟਰੋਲ ਤੇ ਡੀਜ਼ਲ ਮਹਿੰਗਾ ਹੋਵੇਗਾ।



## ਬ੍ਰਿਟੇਨ ਤੋਂ ਬਾਅਦ ਦਿੱਲੀ ਵਿਚ ਰਾਏਸ਼ੁਮਾਰੀ?

**ਨਵੀਂ ਦਿੱਲੀ:** ਬ੍ਰਿਟੇਨ ਵਿਚ ਹੋਈ ਰਾਏਸ਼ੁਮਾਰੀ ਤੋਂ ਬਾਅਦ ਦਿੱਲੀ ਵਿਚ ਵੀ ਛੇਤੀ ਹੀ ਪੂਰਨ ਰਾਜ ਦਾ ਦਰਜਾ ਦਿਵਾਉਣ ਲਈ ਰਾਏਸ਼ੁਮਾਰੀ ਹੋਏਗੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਹ ਦਾਅਵਾ ਕੀਤਾ ਹੈ। ਇਸ ਤੋਂ ਪਹਿਲਾਂ 'ਆਪ' ਲੀਡਰ ਅਸ਼ੀਸ਼ ਖੇਤਾਨ ਨੇ ਵੀ ਇਹੋ ਗੱਲ ਆਖੀ ਸੀ। ਦਿੱਲੀ ਦੀ 'ਆਪ' ਸਰਕਾਰ ਨੇ 18 ਮਈ, 2016 ਨੂੰ ਇਸ ਨਾਲ ਸਬੰਧਤ ਡਰਾਫਟ ਦਿੱਲੀ ਵਿਧਾਨ ਸਭਾ ਵਿਚ ਪੇਸ਼ ਕੀਤਾ ਸੀ। ਸਰਕਾਰ ਨੇ ਇਸ ਬਿੱਲ ਨੂੰ ਵੈੱਬਸਾਈਟ ਉਤੇ ਪਾ ਕੇ ਸੁਝਾਅ ਤੇ ਕਮੈਂਟ ਵੀ ਲਏ ਹਨ। ਦਿੱਲੀ ਸਰਕਾਰ ਨੇ 30 ਮਈ ਤੱਕ ਲੋਕਾਂ ਨੂੰ ਆਪਣੀ ਸਲਾਹ ਦੇਣ ਦਾ ਸਮਾਂ ਦਿੱਤਾ ਸੀ। ਕੇਜਰੀਵਾਲ ਮੁਤਾਬਕ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦਿੱਤੇ ਜਾਣ ਨੂੰ ਲੈ ਕੇ ਇਹ ਲੋਕਾਂ ਤੇ ਪਾਰਟੀਆਂ ਦੀ ਪੁਰਾਣੀ ਮੰਗ ਹੈ। ਉਨ੍ਹਾਂ ਕਿਹਾ ਸੀ ਕਿ ਉਹ ਇਸ ਮੁੱਦੇ ਉਤੇ ਸਾਰੀਆਂ ਪਾਰਟੀਆਂ ਤੇ ਪੀ.ਐਮ. ਨਾਲ ਮਿਲ ਕੇ ਆਮ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰਨਗੇ। 'ਆਪ' ਸਰਕਾਰ ਦੇ ਬਿੱਲ ਵਿਚ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਗੱਲ ਕੀਤੀ ਗਈ ਹੈ। ਕੇਜਰੀਵਾਲ ਮੁਤਾਬਕ 1994 ਵਿਚ ਦਿੱਲੀ ਦੇ ਮੁੱਖ ਮੰਤਰੀ ਰਹੇ ਮਦਨ ਲਾਲ ਖੁਰਾਨਾ ਨੇ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਮੰਗ ਕੀਤੀ ਸੀ। 1998 ਵਿਚ ਮੁੱਖ ਮੰਤਰੀ ਰਹੇ ਸਾਹਿਬ ਸਿੰਘ ਵਰਮਾ ਨੇ ਇਸ ਬਿੱਲ ਦਾ ਡਰਾਫਟ ਤਿਆਰ ਕੀਤਾ ਸੀ। 2003 ਵਿਚ ਤਤਕਾਲੀ ਗ੍ਰਹਿ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਦਿੱਲੀ ਸਰਕਾਰ ਦੇ ਬਿੱਲ ਨੂੰ ਪਾਰਲੀਮੈਂਟ ਵਿਚ ਪੇਸ਼ ਕੀਤਾ ਸੀ। ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਵੀ ਪੁਲਿਸ ਸਮੇਤ ਹੋਰ ਅਧਿਕਾਰ ਦਿੱਲੀ ਸਰਕਾਰ ਨੂੰ ਦੇਣ ਦੀ ਮੰਗ ਕਰ ਚੁੱਕੀ ਹਨ।

# ਬੰਦੇ ਜਮਾਉਣ ਵਾਲੀ ਬਰਫ 'ਤੇ ਉਤਾਰਿਆ ਜਹਾਜ਼

**ਸਾਊਥ ਪੋਲ:** ਇਕ ਵਰਕਰ ਦੀ ਜਾਨ ਬਚਾਉਣ ਲਈ ਮਨਫੀ 78 ਡਿਗਰੀ ਸੈਲਸੀਅਸ ਤੋਂ ਵੀ ਘੱਟ ਤਾਪਮਾਨ ਵਾਲੇ ਦੱਖਣੀ ਪੋਲ ਉਤੇ ਜਹਾਜ਼ ਉਤਾਰਿਆ ਗਿਆ। ਇਥੇ ਫਰਵਰੀ ਤੋਂ ਅਕਤੂਬਰ ਵਿਚ ਜਹਾਜ਼ ਉਤਾਰਨਾ ਬਹੁਤ ਖਤਰਨਾਕ ਹੈ। ਇਨ੍ਹਾਂ ਮਹੀਨਿਆਂ ਵਿਚ ਮੌਸਮ ਬਹੁਤ ਖਰਾਬ ਹੁੰਦਾ ਹੈ।

ਬਰਫ ਤੇ ਹਨੇਰੇ ਨਾਲ ਢੱਕੇ ਹੋਏ ਅੰਟਾਰਕਟਿਕ ਵਿਚ ਐਮੰਡਸਨ ਸਕਾਟ ਰਿਸਰਚ ਸਟੇਸ਼ਨ 'ਤੇ ਪਹੁੰਚਣ ਲਈ ਜਹਾਜ਼ ਨੂੰ 10 ਘੰਟੇ ਉਡਾਣ ਭਰਨੀ ਪਈ। ਇਸ ਕੰਮ ਲਈ ਦੋ ਹੋਰ ਜਹਾਜ਼ ਮੰਗਵਾਏ ਗਏ ਸਨ। ਦੋਵੇਂ ਹੀ ਬ੍ਰਿਟੇਨ ਦੇ ਰੋਥੇਰਾ ਰਿਸਰਚ ਸਟੇਸ਼ਨ 'ਤੇ ਪਹੁੰਚੇ। ਇਸ ਤੋਂ ਬਾਅਦ ਇਕ ਨੂੰ ਐਮੰਡਸਨ ਸਕਾਟ ਰਿਸਰਚ ਸਟੇਸ਼ਨ ਲਈ ਰਵਾਨਾ ਕੀਤਾ ਗਿਆ। ਦੂਜਾ ਜਹਾਜ਼ ਸਰਚ ਤੇ ਸਪੋਰਟ ਲਈ ਰੋਥੇਰਾ ਰਿਸਰਚ ਸਟੇਸ਼ਨ 'ਤੇ ਹੀ ਰਿਹਾ। ਨੈਸ਼ਨਲ ਸਾਇੰਸ ਫਾਊਂਡੇਸ਼ਨ ਦੇ



ਡਾਇਰੈਕਟਰ ਕੇਲੀ ਫਾਕਨਰ ਨੇ ਦੱਸਿਆ ਕਿ ਇਕ ਵਰਕਰ ਨੂੰ ਮੈਡੀਕਲ ਟਰੀਟਮੈਂਟ ਦੀ ਸਖਤ ਲੋੜ ਸੀ। ਸਟੇਸ਼ਨ ਤੇ ਟਰੀਟਮੈਂਟ ਨਾ ਮਿਲਣ ਕਾਰਨ ਉਨ੍ਹਾਂ ਜਹਾਜ਼ ਤੋਂ ਲੈ ਕੇ ਜਾਣ ਦੀ ਤਿਆਰੀ ਕੀਤੀ ਗਈ। 1999 ਵਿਚ ਇਕ ਲੇਡੀ ਡਾਕਟਰ ਨੂੰ ਕੈਂਸਰ ਹੋਣ ਕਾਰਨ ਪਲੇਨ ਤੋਂ ਭੇਜਿਆ ਗਿਆ ਸੀ। 2009 ਵਿਚ ਇਕ ਮੈਨੇਜਰ ਨੂੰ ਬ੍ਰੇਨ ਸਟ੍ਰੋਕ ਦੇ ਕਾਰਨ ਪਲੇਨ ਲੈਂਡ ਕਰਵਾਇਆ ਗਿਆ ਸੀ।

## ਸੋਨੀਆ ਉਤੇ ਨਜ਼ਰ ਰੱਖਦਾ ਸੀ ਨਰਸਿਮਾ ਰਾਓ

**ਨਵੀਂ ਦਿੱਲੀ:** ਬਾਬਰੀ ਮਸਜਿਦ ਦਾ ਵਿਵਾਦਤ ਢਾਂਚਾ ਡੇਗਣ ਤੋਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਨਰਸਿਮਾ ਰਾਓ ਨੇ ਇੰਟੈਲੀਜੈਂਸ ਬਿਊਰੋ ਨੂੰ ਸੋਨੀਆ ਗਾਂਧੀ ਤੇ ਉਨ੍ਹਾਂ ਦੇ ਘਰ 10 ਜਨਪਥ 'ਤੇ ਨਜ਼ਰ ਰੱਖਣ ਲਈ ਕਿਹਾ ਸੀ। ਰਾਓ ਨੇ ਕੈਬਨਿਟ ਵਿਚ ਸ਼ਾਮਲ ਲੀਡਰਾਂ ਦੀ ਇਕ ਲਿਸਟ ਵੀ ਤਿਆਰ ਕਰਵਾਈ ਸੀ। ਇਸ ਲਿਸਟ 'ਚ ਉਨ੍ਹਾਂ ਲੀਡਰਾਂ ਦੇ ਨਾਮ ਸਨ ਜਿਹੜੇ ਰਾਓ ਜਾਂ ਫਿਰ ਸੋਨੀਆ ਦੇ ਹੱਕ ਵਿਚ ਸਨ। ਇਹ ਖੁਲਾਸਾ ਲੇਖਕ ਵਿਨੇ ਸੀਤਾਪਤੀ ਦੀ ਆਉਣ ਵਾਲੀ ਕਿਤਾਬ 'ਹਾਫ ਲਾਈਨ ਹਾਓ ਪੀਵੀ ਨਰਸਿਮਾ ਰਾਓ ਟ੍ਰਾਂਸਫਾਰਮ ਇੰਡੀਆ' ਵਿਚ ਕੀਤਾ ਗਿਆ ਹੈ। ਇਸ ਕਿਤਾਬ 'ਚ ਦਾਅਵਾ ਕੀਤਾ ਗਿਆ ਹੈ ਕਿ ਬਾਬਰੀ ਕਾਂਡ ਨੂੰ ਲੈ ਕੇ ਮਈ, 1995 ਵਿਚ ਸੋਨੀਆ ਤੇ ਰਾਓ ਦੇ ਰਿਸ਼ਤਿਆਂ ਵਿਚ ਟਕਰਾਅ ਸੀ। ਸੋਨੀਆ ਨੇ ਕਾਂਗਰਸ ਲੀਡਰਾਂ ਨੂੰ ਰਾਓ ਉਤੇ ਅਤੇ ਰਾਓ ਨੇ ਆਈ.ਬੀ. ਨੂੰ 10 ਜਨਪਥ ਉਤੇ ਨਜ਼ਰ ਰੱਖਣ ਲਈ ਲਾ ਦਿੱਤਾ ਸੀ। ਆਈ.ਬੀ. ਨੇ ਆਪਣੀ ਲਿਸਟ 'ਚ ਲੀਡਰਾਂ ਦੇ ਨਾਮ ਅੱਗੇ ਸੂਬਾ, ਜਾਤੀ, ਉਮਰ, ਇਮਾਨਦਾਰੀ ਤੇ ਕਮੈਂਟ ਦੇ ਕਾਲਮ ਬਣਾਏ ਸਨ।

## ਅਨੰਤਨਾਗ ਤੋਂ ਚੋਣ ਜਿੱਤੀ ਮਹਿਬੂਬਾ ਮੁਫ਼ਤੀ

**ਸ੍ਰੀਨਗਰ:** ਜੰਮੂ ਕਸ਼ਮੀਰ ਦੀ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਅਨੰਤਨਾਗ ਵਿਧਾਨ ਸਭਾ ਖੇਤਰ ਲਈ ਹੋਏ ਉਪ-ਚੋਣ ਵਿਚ ਆਪਣੀ ਜਿੱਤ ਦਰਜ ਕੀਤੀ। ਮਹਿਬੂਬਾ ਨੇ ਆਪਣੇ ਨੇੜਲੇ ਵਿਰੋਧੀ ਕਾਂਗਰਸ ਦੇ ਉਮੀਦਵਾਰ ਹਿਲਾਲ ਅਹਿਮਦ ਸ਼ਾਹ ਨੂੰ ਤਕਰੀਬਨ 12 ਹਜ਼ਾਰ ਵੋਟਾਂ ਨਾਲ ਹਰਾਇਆ। ਮਹਿਬੂਬਾ ਦੀ ਇਸ ਜਿੱਤ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉਸ ਨੂੰ ਵਧਾਈ ਦਿੱਤੀ ਹੈ।

ਮਹਿਬੂਬਾ ਨੂੰ 17, 701 ਵੋਟਾਂ ਮਿਲੀਆਂ ਜਦਕਿ ਹਿਲਾਲ ਅਹਿਮਦ ਨੂੰ 56,612 ਤੇ ਨੈਸ਼ਨਲ ਕਾਨਫਰੰਸ ਦੇ ਉਮੀਦਵਾਰ ਇਫਤਖਾਰ ਹੁਸੈਨ ਮਿਸਗਾਰ ਨੂੰ 2,811 ਵੋਟਾਂ ਮਿਲੀਆਂ।

**Punjab Times**
**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮੈਸੀ ਦੇ ਸਨਿਆਸ ਨੇ ਹਿਲਾਇਆ ਖੇਡ ਜਗਤ

**ਈਸਟ ਰਦਰਫੋਰਡ:** ਅਰਜਨਟੀਨਾ ਦੇ ਸਟਾਰ ਫੁੱਟਬਾਲ ਖਿਡਾਰੀ ਲਿਓਨਲ ਮੈਸੀ ਵੱਲੋਂ ਕੌਮਾਂਤਰੀ ਫੁੱਟਬਾਲ ਤੋਂ ਅਚਾਨਕ ਸਨਿਆਸ ਦੇ ਫੈਸਲੇ ਨੇ ਖੇਡ ਜਗਤ ਨੂੰ ਹਿਲਾ ਕੇ ਰੱਖ ਦਿੱਤਾ। ਮੈਸੀ ਨੇ ਚਿਲੀ ਹੱਥੋਂ ਕੋਪਾ ਅਮਰੀਕਾ ਕੱਪ ਦੇ 100ਵੇਂ ਸੀਜ਼ਨ ਦਾ ਖਿਤਾਬੀ ਮੁਕਾਬਲਾ ਹਾਰਨ ਤੋਂ ਬਾਅਦ ਇਹ ਐਲਾਨ ਕੀਤਾ। ਫੁੱਟਬਾਲ ਟੂਰਨਾਮੈਂਟ ਵਿਚ 26 ਜੂਨ ਦੇਰ ਰਾਤ ਹੋਏ ਖ਼ਿਤਾਬੀ ਮੁਕਾਬਲੇ ਵਿਚ ਅਰਜਨਟੀਨਾ ਨੂੰ ਚਿਲੀ ਹੱਥੋਂ ਪੈਨਲਟੀ ਸ਼ੂਟ-ਆਊਟ ਵਿਚ 2-4 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਮੈਚ ਹਾਰਨ ਤੋਂ ਬਾਅਦ 29 ਸਾਲਾਂ ਦੇ ਮੈਸੀ ਨੇ ਕਿਹਾ, "ਮੇਰੇ ਲਈ ਕੌਮੀ ਟੀਮ ਦਾ ਸਾਥ ਇਥੇ ਹੀ ਖਤਮ ਹੁੰਦਾ ਹੈ। ਮੈਂ ਜੋ ਕਰ ਸਕਦਾ ਸੀ, ਕੀਤਾ। ਚੈਂਪੀਅਨ ਨਾ ਬਣਨ ਦਾ ਖ਼ਿਆਲ ਤਕਲੀਫ ਦਿੰਦਾ ਹੈ।" ਮੈਸੀ ਰੀਓ ਉਲੰਪਿਕ ਟੀਮ ਵਿਚ ਨਾ ਚੁਣੇ ਜਾਣ ਕਾਰਨ ਵੀ ਨਿਰਾਸ਼ ਸੀ।

ਸ਼ਾਨਦਾਰ ਕਰੀਅਰ ਤੇ ਪੰਜ ਵਾਰ ਸੰਸਾਰ ਦੇ ਬਿਹਤਰੀਨ ਫੁੱਟਬਾਲਰ ਦਾ ਖਿਤਾਬ ਜਿੱਤਣ ਤੇ ਤਿੰਨ ਵਾਰ ਯੂਰਪੀ ਗੋਲਡਨ ਬੂਟ ਦਾ ਖਿਤਾਬ ਜਿੱਤਣ ਵਾਲੇ ਇਕਲੌਤੇ ਫੁੱਟਬਾਲਰ ਮੈਸੀ ਨੂੰ ਕਈ ਵਾਰ ਆਪਣੇ ਦੇਸ਼ ਦੇ ਸਮਰਥਕਾਂ ਤੋਂ ਆਲੋਚਨਾ ਦਾ ਵੀ ਸਾਹਮਣਾ ਕਰਨਾ ਪਿਆ। ਸਾਲ 2014 ਦੇ ਫੀਫਾ ਵਿਸ਼ਵ ਕੱਪ ਦੇ ਫਾਈਨਲ ਵਿਚ ਅਰਜਨਟੀਨਾ ਦੀ ਟੀਮ ਜਰਮਨੀ ਹੱਥੋਂ ਹਾਰ ਗਈ ਸੀ, ਇਸ ਹਾਰ ਤੋਂ ਦੁਖੀ ਮੈਸੀ ਜਿਸ ਨੇ ਪੂਰੇ ਟੂਰਨਾਮੈਂਟ ਵਿਚ ਆਪਣਾ ਜਲਵਾ ਵਿਖਾਇਆ ਸੀ, ਨੇ ਭਾਵੁਕ ਹੋਣ ਕਾਰਨ 'ਪਲੇਅਰ ਆਫ ਦਾ ਟੂਰਨਾਮੈਂਟ' ਦਾ ਪੁਰਸਕਾਰ ਲੈਣ ਤੋਂ ਵੀ ਇਨਕਾਰ ਕਰ ਦਿਤਾ ਸੀ। ਉਹ ਉਦਾਸ ਸੀ ਕਿ ਉਹ ਆਪਣੀ ਟੀਮ ਨੂੰ ਸੰਸਾਰ ਕੱਪ ਦਾ ਖਿਤਾਬ ਨਾ ਜਿਤਾ ਸਕੇ। 2008 ਵਿਚ ਮੈਸੀ ਨੇ ਉਲੰਪਿਕ ਵਿਚ ਅਰਜਨਟੀਨਾ ਨੂੰ ਸੋਨੇ ਦਾ ਤਗਮਾ ਜਿਤਾਇਆ। ਇਹੀ ਨਹੀਂ, ਉਨ੍ਹਾਂ ਦੀ ਦੇਸ਼ ਲਈ ਸਭ ਤੋਂ ਵੱਡੀ ਉਪਲਬਧੀ ਰਹੀ ਹੈ, ਕਿਉਂਕਿ ਉਨ੍ਹਾਂ ਦੇ ਰਹਿੰਦੇ ਹੋਏ ਅਰਜਨਟੀਨਾ ਨੂੰ ਚਾਰ ਵਾਰ ਫਾਈਨਲ ਵਿਚ ਹਾਰ ਦਾ ਮੂੰਹ ਵੇਖਣਾ ਪਿਆ। ਦੋ ਵਾਰ ਕੋਪਾ ਅਮਰੀਕਾ ਟੂਰਨਾਮੈਂਟ ਵਿਚ ਚਿਲੀ ਹੱਥੋਂ ਪੈਨਲਟੀ ਸ਼ੂਟ-ਆਊਟ ਵਿਚ ਹਾਰ ਝੱਲ ਚੁੱਕੀ ਅਰਜਨਟੀਨਾ ਦੀ ਟੀਮ ਨੂੰ 2014 ਵਿਸ਼ਵ ਕੱਪ ਦੇ ਫਾਈਨਲ ਵਿਚ 0-1 ਨਾਲ ਮਾਤ ਮਿਲੀ ਸੀ।



### ਬੁਲੰਦ ਹੌਸਲੇ ਦੀ ਦਾਸਤਾਨ

ਮੈਸੀ ਨੇ 2005 ਵਿਚ ਕੌਮਾਂਤਰੀ ਖੇਡ ਜਗਤ 'ਚ ਪੈਰ ਰੱਖਿਆ ਸੀ ਤੇ ਉਹ ਅਰਜਨਟੀਨਾ ਲਈ 112ਵੀਂ ਵਾਰ ਖੇਡ ਰਹੇ ਸਨ। ਮੈਸੀ ਬਚਪਨ ਵਿਚ ਵਧਦੇ ਹਾਰਮੋਨ ਦੀ ਬਿਮਾਰੀ ਤੋਂ ਪੀੜਤ ਸੀ ਜਿਸ ਨਾਲ ਉਸ ਦਾ ਸਰੀਰਕ ਵਿਕਾਸ ਰੁਕ ਗਿਆ ਤੇ ਮਹਿਜ਼ ਚਾਰ ਸਾਲ ਦੀ ਉਮਰ ਵਿਚ ਫੁੱਟਬਾਲ ਦੇ ਦੀਵਾਨੇ ਬਣ ਚੁੱਕੇ ਮੈਸੀ ਨੂੰ 11 ਸਾਲ ਦੀ ਉਮਰ ਵਿਚ ਇਸ ਬਿਮਾਰੀ ਦਾ ਪਤਾ ਲੱਗਾ, ਪਰ ਉਨ੍ਹਾਂ ਇਸ ਬਿਮਾਰੀ ਅੱਗੇ ਵੀ ਹਾਰ ਨਾ ਮੰਨੀ ਤੇ ਬਾਰਸੀਲੋਨਾ ਕਲੱਬ ਨਾਲ ਜੁੜ ਕੇ ਪਹਿਲਾਂ ਬਿਮਾਰੀ ਉਤੇ ਜਿੱਤ ਪਾਈ ਤੇ ਫਿਰ ਆਪਣੀ ਲਗਨ ਤੇ ਹਿੰਮਤ ਨਾਲ ਮਹਾਨ ਫੁੱਟਬਾਲਰ ਬਣਨ ਦਾ ਸੁਪਨਾ ਪੂਰਾ ਕੀਤਾ।

## ਭਾਰਤ-ਪਾਕਿ ਵਪਾਰ ਲੀਹੋਂ ਲੱਥਾ

**ਅੰਮ੍ਰਿਤਸਰ:** ਭਾਰਤ-ਪਾਕਿਸਤਾਨ ਵਿਚਾਲੇ ਵਪਾਰ ਲਈ ਅਟਾਰੀ ਸਰਹੱਦ 'ਤੇ ਬਣਾਈ ਗਈ ਆਈ.ਸੀ.ਪੀ (ਸੰਗਠਿਤ ਜਾਂਚ ਚੌਕੀ) 'ਤੇ ਕੁਲੀਆਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਸ਼ੁਰੂ ਕੀਤੀ ਗਈ ਹੜਤਾਲ ਕਰਕੇ ਭਾਰਤ-ਪਾਕਿਸਤਾਨ ਵਿਚਾਲੇ ਹੋਣ ਵਾਲਾ ਵਪਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਕੁਲੀਆਂ ਵੱਲੋਂ ਉਨ੍ਹਾਂ ਦਾ ਮਿਹਨਤਾਨਾ ਵਧਾਉਣ ਨੂੰ ਲੈ ਕੇ ਹੜਤਾਲ ਕੀਤੀ ਗਈ ਹੈ। ਇਨ੍ਹਾਂ ਵੱਲੋਂ ਕਈ ਦਿਨਾਂ ਤੋਂ ਇਹ ਮੰਗ ਕੀਤੀ ਜਾ ਰਹੀ ਸੀ। ਵਪਾਰੀਆਂ ਤੇ ਸੈਂਟਰਲ ਵੇਅਰਹਾਊਸਿੰਗ ਕਾਰਪੋਰੇਸ਼ਨ ਵੱਲੋਂ ਉਨ੍ਹਾਂ ਦੀਆਂ ਮੰਗਾਂ ਨੂੰ ਖਾਰਜ ਕਰ ਦਿੱਤਾ ਗਿਆ ਜਿਸ ਕਰ ਕੇ ਉਨ੍ਹਾਂ ਨੇ ਹੜਤਾਲ 'ਤੇ ਜਾਣ ਦਾ ਫੈਸਲਾ ਕਰ ਲਿਆ। ਵਪਾਰੀਆਂ, ਅਧਿਕਾਰੀਆਂ ਤੇ ਕੁਲੀਆਂ ਵਿਚਾਲੇ ਕਈ ਵਾਰ ਬੈਠਕ ਵੀ ਹੋਈ, ਪਰ ਕੋਈ ਨਤੀਜਾ ਨਹੀਂ ਨਿਕਲਿਆ।

## ਆਸਟਰੇਲੀਆ 'ਚ ਫਰਜ਼ੀ ਵੀਜ਼ਾ ਘਪਲਾ

**ਸਿਡਨੀ:** ਆਸਟਰੇਲੀਆ ਵਿਚ ਫਰਜ਼ੀ ਵੀਜ਼ਾ ਸਕੈਂਡਲ ਬੇਨਕਾਬ ਹੋਇਆ ਹੈ ਜਿਸ ਵਿਚ ਭਾਰਤ ਸਮੇਤ ਹੋਰਨਾਂ ਮੁਲਕਾਂ ਦੇ ਪਰਵਾਸੀ ਲੁੱਟ ਦਾ ਸ਼ਿਕਾਰ ਬਣੇ ਹਨ। ਪਿਛਲੇ ਇਕ ਸਾਲ ਵਿਚ ਕਰੀਬ 132 ਵੀਜ਼ੇ ਅਜਿਹੇ ਫੜੇ ਗਏ ਹਨ ਜਿਨ੍ਹਾਂ ਵਿਚ 50 ਤੋਂ 80 ਹਜ਼ਾਰ ਆਸਟਰੇਲਿਆਈ ਡਾਲਰ ਦਾ ਭ੍ਰਿਸ਼ਟਾਚਾਰ ਹੋਣ ਦਾ ਖ਼ਦਸ਼ਾ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਸੰਭਾਵਨਾ ਹੈ ਕਿ ਇਸ ਸਕੈਂਡਲ ਵਿਚ ਆਸਟਰੇਲੀਆ ਦੇ ਇਮੀਗ੍ਰੇਸ਼ਨ ਏਜੰਟ ਹੀ ਨਹੀਂ ਬਲਕਿ ਕੁਝ ਵਿਭਾਗੀ ਅਫਸਰਾਂ ਦੀ ਵੀ ਮਿਲੀਭੁਗਤ ਹੋਵੇ। ਵਿਰੋਧੀ ਧਿਰ ਦੇ ਨੇਤਾ ਤੇ ਆਸਟਰੇਲੀਅਨ ਲੇਬਰ ਪਾਰਟੀ ਦੇ ਮੁਖੀ ਬਿਲ ਸ਼ੌਰਟਨ ਨੇ ਇਸ ਨੂੰ ਆਸਟਰੇਲੀਆ ਦੀ ਇਮੀਗ੍ਰੇਸ਼ਨ ਪ੍ਰੋਗਰਾਮ ਪਾਲਿਸੀ ਨੂੰ ਕਮਜ਼ੋਰ ਕਰਨ ਵਾਲੀ ਕੜੀ ਦੱਸਦਿਆਂ ਗ਼ੈਰ-ਕਾਨੂੰਨੀ ਮਾਈਗ੍ਰੇਸ਼ਨ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਸਟਰੇਲੀਆ ਦੀਆਂ ਘਰੇਲੂ ਲੋੜਾਂ ਨੂੰ ਵੇਖ ਕੇ ਜਿਨ੍ਹਾਂ ਲੋੜਵੰਦ ਲੋਕਾਂ ਲਈ ਢੁਕਵੇਂ ਕਿੱਤੇ 'ਚ ਮਾਈਗ੍ਰੇਸ਼ਨ ਤੇ ਬਿਹਤਰ ਸਿੱਖਿਆ ਲਈ ਵਿਦਿਆਰਥੀ ਵੀਜ਼ੇ ਖੋਲ੍ਹੇ ਗਏ ਸਨ, ਨਾਲ ਧੋਖਾ ਹੋਇਆ ਹੈ। ਉਨ੍ਹਾਂ ਸਰਕਾਰ ਨੂੰ ਇਸ ਮਾਮਲੇ ਵਿਚ ਆਪਣੀ ਸਥਿਤੀ ਸਪਸ਼ਟ ਕਰਨ ਲਈ ਕਿਹਾ ਹੈ। ਰਿਪੋਰਟ ਅਨੁਸਾਰ ਆਸਟਰੇਲਿਆਈ ਕਮਿਸ਼ਨ ਫਾਰ ਲਾਅ ਐਨਫੋਰਸਮੈਂਟ ਇੰਟੈਗ੍ਰਿਟੀ ਨੂੰ ਸ਼ੁਰੂਆਤੀ ਪੜਤਾਲ 'ਚ ਇਮੀਗ੍ਰੇਸ਼ਨ ਵਿਭਾਗ ਰਾਹੀਂ ਵਿਦਿਆਰਥੀ, ਹੁਨਰਮੰਦ ਪਰਵਾਸ, 457 ਵੀਜ਼ਾ ਪ੍ਰੋਗਰਾਮ ਦੇ ਅੰਦਰ ਵੱਡੀ ਧੋਖਾਧੜੀ ਦਾ ਪਤਾ ਲੱਗਿਆ ਹੈ। ਪ੍ਰਾਈਵੇਟ ਕਾਲਜ, ਆਸਟਰੇਲੀਆ ਦੇ ਟੈਕਸ ਪੇਪਰ, ਯੋਗਤਾ ਦੀਆਂ ਨਕਲੀ ਡਿਗਰੀ ਅਤੇ ਨੌਕਰੀਆਂ ਦੇ ਫਰਜ਼ੀ ਨਿਯੁਕਤੀ ਪੱਤਰ ਵਿਖਾ ਕੇ ਕਾਨੂੰਨ ਦੀ ਅਣਦੇਖੀ ਕੀਤੀ ਗਈ ਹੈ।

## ਮਾਲੇਗਾਉਂ ਧਮਾਕਾ ਕੇਸ ਵਿਚ ਪ੍ਰੱਗਿਆ ਦੀ ਜ਼ਮਾਨਤ ਅਰਜ਼ੀ ਰੱਦ

**ਮੁੰਬਈ:** ਵਿਸ਼ੇਸ਼ ਐਨ.ਆਈ.ਏ. ਅਦਾਲਤ ਨੇ 2008 ਮਾਲੇਗਾਉਂ ਧਮਾਕੇ ਮਾਮਲੇ ਵਿਚ ਮੁਲਜ਼ਮ ਸਾਧਵੀ ਪ੍ਰੱਗਿਆ ਸਿੰਘ ਠਾਕੁਰ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿਤੀ ਹੈ। ਜਾਂਚ ਏਜੰਸੀ ਨੇ ਪਿਛਲੇ ਮਹੀਨੇ ਪ੍ਰੱਗਿਆ ਸਿੰਘ ਕਲੀਨ ਚਿੱਟ ਦਿੱਤੀ ਸੀ। ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਉਸ ਦੀ ਜ਼ਮਾਨਤ ਅਰਜ਼ੀ ਦਾ ਵਿਰੋਧ ਨਹੀਂ ਕੀਤਾ ਸੀ।

## ਦਿੱਲੀ ਦਾ ਤਖਤ ਹਿਲਾਉਣ ਲਈ ਸਰਗਰਮੀਆਂ ਤੇਜ਼

*(ਸਫਾ ਇਕ ਦੀ ਬਾਕੀ)*

ਅਨੁਸਾਰ ਦਿੱਲੀ ਵਿਚ 10 ਫੀਸਦੀ ਵਿਧਾਇਕ ਹੀ ਮੰਤਰੀ ਬਣ ਸਕਦੇ ਹਨ। ਇਸ ਲਈ ਨਵੀਂ ਸਰਕਾਰ ਬਣਾਉਣ ਲਈ ਮੁੱਖ ਮੰਤਰੀ ਕੇਜਰੀਵਾਲ ਨਾਲ ਛੇ ਵਿਧਾਇਕਾਂ ਨੇ ਹੀ ਸਹੁੰ ਚੁੱਕੀ ਸੀ। ਕੇਜਰੀਵਾਲ ਨੇ ਰਾਜ ਵਿਧਾਨ ਸਭਾ ਵਿਚ ਇਹ ਬਿੱਲ ਪਾਸ ਕਰਵਾ ਦਿਤਾ ਕਿ ਸੰਸਦੀ ਸਕੱਤਰ ਨੂੰ ਲਾਭ ਵਾਲਾ ਪਦ ਨਾ ਮੰਨਿਆ ਜਾਏ। ਹੁਣ ਇਸ ਬਿੱਲ ਨੂੰ ਰਾਸ਼ਟਰਪਤੀ ਵੱਲੋਂ ਮਨਜ਼ੂਰੀ ਦੇਣ ਦੀ ਥਾਂ ਵਾਪਸ ਭੇਜ ਦਿੱਤੇ ਜਾਣ 'ਤੇ ਦਿੱਲੀ ਸਰਕਾਰ ਲਈ ਕਸੂਤੀ ਸਥਿਤੀ ਪੈਦਾ ਹੋ ਗਈ ਹੈ।

ਦੱਸਣਯੋਗ ਹੈ ਕਿ 14 ਫਰਵਰੀ, 2015 ਨੂੰ ਸਹੁੰ ਚੁੱਕਣ ਤੋਂ ਬਾਅਦ ਕੇਜਰੀਵਾਲ ਸਰਕਾਰ ਦਾ ਕੇਂਦਰ ਤੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਨਜੀਬ ਜੰਗ ਨਾਲ ਇੱਟ-ਖੜੱਕਾ ਚੱਲ ਰਿਹਾ ਹੈ। ਦਿੱਲੀ ਵਿਧਾਨ ਸਭਾ ਦੀਆਂ 70 ਸੀਟਾਂ ਵਿਚੋਂ ਆਮ ਆਦਮੀ ਪਾਰਟੀ ਨੂੰ 67 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਸੀ। ਇੰਨੀ ਵੱਡੀ ਜਿੱਤ ਦੀ ਸ਼ਾਇਦ ਕੇਜਰੀਵਾਲ ਨੂੰ ਵੀ ਉਮੀਦ ਨਹੀਂ ਸੀ, ਪਰ ਇਸ ਸਮੇਂ ਦੌਰਾਨ ਕਦੇ ਲੈਫਟੀਨੈਂਟ ਗਵਰਨਰ, ਕਦੇ ਕੇਂਦਰ ਨਾਲ ਅਤੇ ਕਦੇ ਵਿਰੋਧੀ ਪਾਰਟੀਆਂ ਨਾਲ ਸਰਕਾਰ ਦੀ ਸਥਿਤੀ ਅਕਸਰ ਤਣਾਅਪੂਰਨ ਬਣੀ ਰਹੀ ਹੈ।

# ਘਪਲਿਆਂ ਦੇ ਲੇਖੇ-ਜੋਖੇ ਵਿਚ ਉਲਝੇ ਅਕਾਲੀ

*(ਸਫਾ ਇਕ ਦੀ ਬਾਕੀ)*

ਸਾਹਮਣਾ ਕਰਨਾ ਪਵੇਗਾ। ਉਂਜ ਤਾਂ ਪੰਜਾਬ ਸਰਕਾਰ ਨੇ ਪਿਛਲੇ ਤਕਰੀਬਨ ਨੌਂ ਸਾਲਾਂ ਦੌਰਾਨ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਪੱਖੋਂ ਪਾਸਾ ਹੀ ਵੱਟ ਕੇ ਰੱਖਿਆ, ਪਰ ਕੁਝ ਕੁ ਵਿਭਾਗਾਂ ਵਿਚ ਭਰਤੀਆਂ ਹੋਈਆਂ। ਇਨ੍ਹਾਂ ਭਰਤੀਆਂ ਉਤੇ ਉਂਗਲਾਂ ਉਠਣੀਆਂ ਸ਼ੁਰੂ ਹੋ ਗਈਆਂ ਅਤੇ ਮਾਮਲਾ ਵਿਜੀਲੈਂਸ ਬਿਊਰੋ ਕੋਲ ਚਲਾ ਗਿਆ। ਇਸ ਤੋਂ ਬਾਅਦ ਮਾਲ ਵਿਭਾਗ ਵਿਚ ਪਟਵਾਰੀਆਂ ਦੀਆਂ ਅਸਾਮੀਆਂ ਦੀ ਨਿਲਾਮੀ ਦੀਆਂ ਖ਼ਬਰਾਂ ਨੇ ਹਾਕਮ ਧਿਰ ਦੀ ਨੀਂਦ ਉਡਾ ਦਿੱਤੀ; ਸਿੱਟੇ ਵਜੋਂ ਸਰਕਾਰ ਨੂੰ ਇਹ ਭਰਤੀ ਪ੍ਰਕਿਰਿਆ ਅੱਧ ਵਿਚਕਾਰ ਰੋਕਣ ਲਈ ਮਜਬੂਰ ਹੋਣਾ ਪਿਆ।

ਸਥਾਨਕ ਸਰਕਾਰਾਂ ਵਿਭਾਗ, ਪੁੱਡਾ ਅਤੇ ਪਨਸਪ ਦੀਆਂ ਅਸਾਮੀਆਂ ਦੀ ਭਰਤੀ ਬਾਰੇ ਵਿਜੀਲੈਂਸ ਬਿਊਰੋ ਵੱਲੋਂ ਕੀਤੀ ਗਈ ਜਾਂਚ ਦੀਆਂ ਤਾਰਾਂ ਵੀ ਸੱਤਾਧਾਰੀ ਧਿਰ ਸ਼੍ਰੋਮਣੀ ਅਕਾਲੀ ਦਲ ਨਾਲ ਜੁੜਦੀਆਂ ਜਾ ਰਹੀਆਂ ਹਨ। ਇਨ੍ਹਾਂ ਭਰਤੀਆਂ ਸਬੰਧੀ ਵਿਜੀਲੈਂਸ ਵੱਲੋਂ ਦਰਜ ਕੀਤੇ ਗਏ ਤਿੰਨ ਵੱਖ-ਵੱਖ ਕੇਸਾਂ ਨਾਲ ਸਬੰਧਤ ਵਿਅਕਤੀਆਂ ਦੀ ਗ੍ਰਿਫਤਾਰੀ ਨੇ ਇਨ੍ਹਾਂ ਨੌਕਰੀਆਂ ਵਿਚ ਘੁਟਾਲੇ ਦਾ ਪਰਦਾਫਾਸ਼ ਕਰ ਦਿੱਤਾ ਹੈ। ਇਨ੍ਹਾਂ ਨੌਕਰੀਆਂ ਵਿਚ ਹੱਥ ਰੰਗਣ ਵਾਲਿਆਂ ਅਤੇ ਦਲਾਲਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਕਈ ਆਗੂਆਂ ਦਾ ਨਾਂ ਬੋਲਦਾ ਹੈ।

**ਬੇਰੁਜ਼ਗਾਰਾਂ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ:** ਭਰਤੀ ਘੁਟਾਲਿਆਂ ਦੇ ਸਾਹਮਣੇ ਆਉਣ ਨਾਲ ਸਰਕਾਰ ਵੱਲੋਂ ਚਾਲੂ ਸਾਲ ਦੌਰਾਨ ਇਕ ਲੱਖ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੇ ਵਾਅਦਿਆਂ ਉਤੇ ਵੀ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਪਨਸਪ, ਪੁੱਡਾ ਅਤੇ ਸਥਾਨਕ ਸਰਕਾਰਾਂ ਵਿਭਾਗ ਵਿਚ ਹੋਈਆਂ ਭਰਤੀਆਂ ਦੇ ਘੁਟਾਲੇ ਦੀ ਜਾਂਚ ਕਰ ਰਹੇ ਵਿਜੀਲੈਂਸ ਬਿਊਰੋ ਵੱਲੋਂ ਸਾਰੇ ਵਿਭਾਗਾਂ ਦੇ ਮੁਖੀਆਂ ਅਤੇ ਸਕੱਤਰਾਂ ਨੂੰ ਬਾਕਾਇਦਾ ਪੱਤਰ ਲਿਖ ਕੇ ਕਿਹਾ ਗਿਆ ਹੈ ਕਿ ਨਵੀਆਂ ਭਰਤੀਆਂ ਸਬੰਧੀ ਕਿਸੇ ਵੀ ਕਿਸਮ ਦੀ ਸ਼ਿਕਾਇਤ ਮਿਲਣ ਉਤੇ ਬਿਊਰੋ ਨੂੰ ਸੂਚਿਤ ਕੀਤਾ ਜਾਵੇ।

# ਇਸਲਾਮ ਕਬੂਲਣ ਤੋਂ ਪਹਿਲਾਂ ਲੈਣੀ ਹੋਵੇਗੀ ਇਸਲਾਮ ਦੀ ਸਿੱਖਿਆ

**ਅੰਮ੍ਰਿਤਸਰ:** ਪਾਕਿਸਤਾਨ ਵਿਚ ਘੱਟ ਗਿਣਤੀ ਹਿੰਦੂਆਂ ਦੇ ਕੀਤੇ ਜਾ ਰਹੇ ਧਰਮ-ਪਰਿਵਰਤਨ ਦੇ ਮਾਮਲਿਆਂ ਉਤੇ ਕਾਬੂ ਪਾਉਣ ਲਈ ਇਸਲਾਮ ਕਬੂਲ ਕਰਨ ਤੋਂ ਪਹਿਲਾਂ ਘੱਟੋ-ਘੱਟ ਛੇ ਮਹੀਨਿਆਂ ਤੱਕ ਇਸਲਾਮ ਦੀ ਸਿੱਖਿਆ ਲੈਣ ਦਾ ਪ੍ਰਸਤਾਵ ਸੰਸਦ ਵਿਚ ਪੇਸ਼ ਕੀਤਾ ਜਾ ਰਿਹਾ ਹੈ।

ਪਾਕਿਸਤਾਨ ਹਿੰਦੂ ਕੌਂਸਲ ਦੇ ਮੁਖੀ ਡਾ. ਰਮੇਸ਼ ਕੁਮਾਰ ਵਾਂਕਵਾਨੀ ਨੇ ਦੱਸਿਆ ਕਿ ਕਿਸੇ ਵੀ ਹਿੰਦੂ ਨੂੰ ਇੱਛਾ ਨਾਲ ਜਾਂ ਕਿਸੇ ਹੋਰ ਦੇ ਦਬਾਅ ਹੇਠ ਜਬਰੀ ਧਰਮ ਪਰਿਵਰਤਨ ਕਰਨ ਤੋਂ ਪਹਿਲਾਂ ਘੱਟ ਤੋਂ ਘੱਟ ਛੇ ਮਹੀਨਿਆਂ ਤੱਕ ਇਸਲਾਮ ਸਬੰਧੀ ਧਾਰਮਿਕ ਸਿੱਖਿਆ ਲੈਣੀ ਹੋਵੇਗੀ। ਉਸ ਤੋਂ ਬਾਅਦ ਜੇਕਰ ਉਸ ਦੀ ਇਸਲਾਮ ਸਵੀਕਾਰ ਕਰਨ ਵਿਚ ਰੁਚੀ ਬਣੀ ਰਹਿੰਦੀ ਹੈ ਤਾਂ ਅਜਿਹੇ ਮਾਮਲਿਆਂ ਵਿਚ ਕਿਸੇ ਹਿੰਦੂ ਸੰਸਥਾ ਵੱਲੋਂ ਇਤਰਾਜ਼ ਦਾਇਰ ਨਹੀਂ ਕੀਤਾ ਜਾਵੇਗਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਯੂਰਪੀ ਸੰਸਦ ਤੱਕ ਪਹੁੰਚਿਆ ਬੇਅਦਬੀ ਦਾ ਮਾਮਲਾ

**ਜਲੰਧਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਰਗਾੜੀ ਕਾਂਡ ਅਤੇ ਬਹਿਬਲ ਕਲਾਂ ਵਿਚ ਮਾਰੇ ਗਏ ਦੋ ਸਿੱਖ ਪ੍ਰਦਰਸ਼ਨਕਾਰੀਆਂ ਦਾ ਮਾਮਲਾ ਯੂਰਪੀਅਨ ਪਾਰਲੀਮੈਂਟ ਤੱਕ ਪਹੁੰਚ ਗਿਆ ਹੈ। ਦਲ ਖਾਲਸਾ ਦੇ ਪ੍ਰਧਾਨ ਅਤੇ ਸਿੱਖ ਫੈਡਰੇਸ਼ਨ ਦੇ ਮੈਂਬਰਾਂ ਨੇ ਬਰੂਸਲਜ਼ (ਬੈਲਜੀਅਮ) ਦੇ ਵੈਸਟ ਮਿਡਲੈਂਡ ਤੋਂ ਯੂਰਪੀਅਨ ਪਾਰਲੀਮੈਂਟ ਦੇ ਮੈਂਬਰ ਸਿਓਨ ਸਿਮਨ ਨਾਲ ਮੁਲਾਕਾਤ ਕਰ ਕੇ ਇਨ੍ਹਾਂ ਸਾਰੇ ਮਾਮਲਿਆਂ ਨੂੰ ਉਨ੍ਹਾਂ ਨਾਲ ਵਿਚਾਰਿਆ। ਕਈ ਅਹਿਮ ਮਸਲਿਆਂ ਬਾਰੇ ਗੱਲਬਾਤ ਕੀਤੀ, ਜਿਸ ਵਿਚ ਹਿੰਦੁਸਤਾਨ ਵਿਚ ਮਨੁੱਖੀ ਅਧਿਕਾਰਾਂ ਦੀ ਸਥਿਤੀ, ਭਾਰਤ ਸਰਕਾਰ ਦੀ ਘੱਟ ਗਿਣਤੀ ਧਰਮਾਂ, ਕੌਮਾਂ ਅਤੇ ਦਲਿਤਾਂ ਖਿਲਾਫ ਵਧ ਰਹੀ ਅਸਹਿਣਸ਼ੀਲਤਾ ਅਤੇ ਨਾਂਹ-ਪੱਖੀ ਪਹੁੰਚ ਦਾ ਮਸਲਾ ਵੀ ਸ਼ਾਮਲ ਹੈ।

ਯੂਰਪੀਅਨ ਯੂਨੀਅਨ ਦੇ ਮੈਂਬਰ ਨਾਲ ਸਿੱਖ ਫੈਡਰੇਸ਼ਨ ਵੱਲੋਂ ਕੀਤੀ ਗਈ ਮੀਟਿੰਗ ਵਿਚ ਸਿੱਖ ਫੈਡਰੇਸ਼ਨ ਤੋਂ ਕੁਲਦੀਪ ਸਿੰਘ ਚਹੇੜੂ, ਦਬਿੰਦਰਜੀਤ ਸਿੰਘ ਅਤੇ ਦਲ ਖਾਲਸਾ ਦੇ ਕਾਰਜਕਾਰੀ ਪ੍ਰਧਾਨ ਹਰਪਾਲ ਸਿੰਘ ਚੀਮਾ ਸ਼ਾਮਲ ਹੋਏ। ਹਰਪਾਲ ਸਿੰਘ ਚੀਮਾ, ਪੰਚ ਪ੍ਰਧਾਨੀ ਦੇ ਦਲ ਖਾਲਸਾ ਵਿਚ ਹੋਏ ਰਲੇਵੇਂ ਤੋਂ ਬਾਅਦ ਯੂਰਪੀਅਨ ਮੁਲਕਾਂ ਵਿਚਲੇ ਪਾਰਟੀ ਢਾਂਚੇ ਨੂੰ ਨਵੇਂ ਸਿਰਿਓਂ ਗਠਿਤ ਕਰਨ ਲਈ ਯੂਰਪ ਦੇ ਦੌਰੇ ਉਤੇ ਸਨ।

ਪਾਰਟੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਦੇ ਪ੍ਰਧਾਨ ਨੇ ਵਿਦੇਸ਼ੀ ਅਧਿਕਾਰੀਆਂ ਨੂੰ ਇਸ ਗੱਲ ਤੋਂ ਵੀ ਜਾਣੂ ਕਰਵਾਇਆ ਕਿ ਪੰਜਾਬ ਇਕੱਲਾ ਅਜਿਹਾ ਸੂਬਾ ਹੈ ਜਿਸਦਾ 55 ਫੀਸਦੀ ਦਰਿਆਈ ਪਾਣੀ, ਭਾਰਤ ਸਰਕਾਰ ਵੱਲੋਂ ਜਬਰਦਸਤੀ ਨਾਲ ਗੈਰ-ਰਾਇਪੇਰੀਅਨ ਸੂਬਿਆਂ ਰਾਜਸਥਾਨ, ਦਿੱਲੀ ਅਤੇ ਹਰਿਆਣਾ ਨੂੰ ਦਿੱਤਾ ਜਾ ਰਿਹਾ ਹੈ। ਸ੍ਰੀ ਚੀਮਾ ਨੇ ਅੰਤਰਰਾਸ਼ਟਰੀ ਭਾਈਚਾਰੇ ਕੋਲੋਂ ਪੰਜਾਬ ਦੀ ਆਜ਼ਾਦੀ ਅਤੇ ਸਵੈ-ਨਿਰਣੇ ਦੇ ਹੱਕ ਦੀ ਵਕਾਲਤ ਕਰਨ ਦੀ ਅਪੀਲ ਕੀਤੀ।

### ਬਰਗਾੜੀ ਕਾਂਡ ਅਤੇ ਬਹਿਬਲ ਕਲਾਂ ਵਿਚ ਮਾਰੇ ਗਏ ਦੋ ਸਿੱਖ ਪ੍ਰਦਰਸ਼ਨਕਾਰੀਆਂ ਦਾ ਮਾਮਲਾ



### ਜਸਟਿਸ ਜੋਰਾ ਸਿੰਘ ਰਿਪੋਰਟ ਤਿਆਰ

**ਚੰਡੀਗੜ੍ਹ:** ਫਰੀਦਕੋਟ ਵਿਚ ਪਿਛਲੇ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਬਣੇ ਜਸਟਿਸ ਜੋਰਾ ਸਿੰਘ ਕਮਿਸ਼ਨ ਨੇ ਆਪਣੀ ਜਾਂਚ ਰਿਪੋਰਟ ਤਿਆਰ ਕਰ ਲਈ ਹੈ। ਕਮਿਸ਼ਨ ਨੇ ਨਾ ਸਿਰਫ਼ ਪਿਛਲੇ ਸਾਲ ਅਕਤੂਬਰ ਵਿਚ ਬਹਿਬਲ ਕਲਾਂ ਤੇ ਬੁਰਜ ਜਵਾਹਰ ਸਿੰਘਵਾਲਾ ਵਿਚ ਪੁਲਿਸ ਫਾਇਰਿੰਗ ਦੀਆਂ ਘਟਨਾਵਾਂ ਦੀ ਜਾਂਚ ਕੀਤੀ, ਸਗੋਂ ਪਿਛਲੇ ਸਾਲ ਪਹਿਲੀ ਜੂਨ ਨੂੰ ਬੁਰਜ ਜਵਾਹਰ ਸਿੰਘਵਾਲਾ ਤੋਂ ਪਵਿੱਤਰ ਬੀੜ ਚੋਰੀ ਹੋਣ ਤੋਂ ਬਾਅਦ ਬੇਅਦਬੀ ਦੀਆਂ ਘਟਨਾਵਾਂ ਨੂੰ ਵੀ ਪੜਤਾਲਿਆ। ਕਮਿਸ਼ਨ ਨੇ ਤਿੰਨ ਕੇਸਾਂ ਦੀ ਐਫ.ਆਈ.ਆਰ. ਤੇ ਪੁਲਿਸ ਜਾਂਚ ਤੋਂ ਇਲਾਵਾ ਆਪਣੀਆਂ ਸੁਣਵਾਈਆਂ ਦੇ ਆਧਾਰ ਉਤੇ ਬੇਅਦਬੀ ਦੀਆਂ ਤਿੰਨ ਘਟਨਾਵਾਂ ਵਿਚਲੀਆਂ ਆਪਸੀ ਕੜੀਆਂ ਜੋੜ ਲਈਆਂ ਹਨ। ਪੰਜਾਬ ਸਰਕਾਰ ਨੇ ਪਿਛਲੇ ਸਾਲ 15 ਅਕਤੂਬਰ ਨੂੰ ਇਹ ਕਮਿਸ਼ਨ ਬਣਾਇਆ ਸੀ। ਭਾਵੇਂ ਕਮਿਸ਼ਨ ਨੇ ਬੇਅਦਬੀ ਅਤੇ ਪੁਲਿਸ ਫਾਇਰਿੰਗ ਦੀਆਂ ਘਟਨਾਵਾਂ ਦੀ ਪੜਤਾਲ ਕੀਤੀ, ਪਰ ਕਿਸੇ ਅਧਿਕਾਰੀ ਉਤੇ ਦੋਸ਼ ਨਹੀਂ ਲਾਇਆ।

# ਸਜ ਵਿਆਹੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਚ ਖੁਦਕੁਸ਼ੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਆਏ ਦਿੱਲੀ ਦੇ ਪਰਿਵਾਰ ਦੀ ਇਕ ਨਵ ਵਿਆਹੀ ਔਰਤ ਨੇ ਸਵੇਰੇ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ ਨੇੜੇ ਬਣੀ ਸਰਾਂ ਬਾਬਾ ਦੀਪ ਸਿੰਘ ਨਿਵਾਸ ਦੀ ਛੱਤ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਔਰਤ ਦੀ ਸ਼ਨਾਖਤ ਕੰਵਲਜੀਤ ਕੌਰ (21) ਪਤਨੀ ਮਨਜੀਤ ਸਿੰਘ ਵਾਸੀ ਤਿਲਕ ਵਿਹਾਰ ਨਵੀਂ ਦਿੱਲੀ ਵਜੋਂ ਹੋਈ ਹੈ। ਉਸ ਦਾ ਵਿਆਹ ਕਰੀਬ ਦੋ ਮਹੀਨੇ ਪਹਿਲਾਂ ਹੋਇਆ ਸੀ ਅਤੇ ਇਹ ਪਰਿਵਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਆਇਆ ਸੀ। ਸਵੇਰੇ ਕੰਵਲਜੀਤ ਕੌਰ ਨੇ ਸਰਾਂ ਦੀ ਛੱਤ ਤੋਂ ਛਾਲ ਮਾਰ ਦਿੱਤੀ। ਉਸ ਨੂੰ ਜ਼ਖ਼ਮੀ ਹਾਲਤ ਵਿਚ ਗੁਰੂ ਰਾਮਦਾਸ ਹਸਪਤਾਲ ਲਿਆਂਦਾ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਮ੍ਰਿਤਕਾ ਦੇ ਪਰਿਵਾਰ ਅਨੁਸਾਰ ਉਹ ਤਣਾਅ ਵਿਚ ਰਹਿੰਦੀ ਸੀ ਤੇ ਉਸ ਦਾ ਇਲਾਜ ਵੀ ਚੱਲ ਰਿਹਾ ਸੀ। ਇਸੇ ਤਣਾਅ ਹੇਠ ਉਸ ਨੇ ਖੁਦਕੁਸ਼ੀ ਕਰ ਲਈ। ਮ੍ਰਿਤਕਾ ਦੇ ਪਿਤਾ ਨੇ ਆਪਣੇ ਬਿਆਨ ਵਿਚ ਦੱਸਿਆ ਹੈ ਕਿ ਉਸ ਦਾ ਵਿਆਹ ਇਸੇ ਵਰ੍ਹੇ ਅਪਰੈਲ ਮਹੀਨੇ ਵਿਚ ਦਿੱਲੀ ਵਾਸੀ ਮਨਜੀਤ ਸਿੰਘ ਨਾਲ ਹੋਇਆ ਸੀ। ਮਨਜੀਤ ਸਿੰਘ ਮੀਡੀਆ ਨਾਲ ਸਬੰਧਤ ਹੈ।

# ਸਾਢੇ ਚਾਰ ਲੱਖ ਲੋਕਾਂ ਦੇ ਪੱਕੇ ਹੋਣ ਦਾ ਸੁਪਨਾ ਟੁੱਟਿਆ

**ਵਾਸ਼ਿੰਗਟਨ:** ਅਮਰੀਕਾ ਵਿਚ ਲੰਬੇ ਸਮੇਂ ਤੋਂ ਕੱਚੇ ਤੌਰ ਉਤੇ ਰਹਿ ਰਹੇ ਹਜ਼ਾਰਾਂ ਭਾਰਤੀਆਂ ਦੇ ਪੱਕੇ ਹੋਣ ਦੇ ਸੁਪਨੇ ਨੂੰ ਸੁਪਰੀਮ ਕੋਰਟ ਦੇ ਇਕ ਫੈਸਲੇ ਨੇ ਤਾਰ-ਤਾਰ ਕਰ ਦਿੱਤਾ ਹੈ। ਅਮਰੀਕੀ ਸੁਪਰੀਮ ਕੋਰਟ ਨੇ ਕੱਚੇ ਲੋਕਾਂ ਨੂੰ ਪੱਕੇ ਕਰਨ ਸਬੰਧੀ ਕੇਸ ਨੂੰ ਖਾਰਜ ਕਰ ਦਿੱਤਾ ਹੈ। ਅਦਾਲਤ ਦੇ ਤਾਜ਼ਾ ਫੈਸਲੇ ਨਾਲ ਅਮਰੀਕਾ ਵਿਚ ਰਹਿਣ ਵਾਲੇ ਤਕਰੀਬਨ 4,50,000 ਲੋਕਾਂ ਦੇ ਪੱਕੇ ਹੋਣ ਦਾ ਸੁਪਨਾ ਟੁੱਟ ਗਿਆ ਹੈ।

ਇਸ ਤੋਂ ਇਲਾਵਾ ਅਦਾਲਤ ਨੇ ਇਨ੍ਹਾਂ ਲੋਕਾਂ ਨੂੰ ਅਰਥ ਵਿਵਸਥਾ ਵਿਚ ਯੋਗਦਾਨ ਪਾਉਣ ਤੋਂ ਵਾਂਝਾ ਕਰ ਦਿੱਤਾ ਹੈ। ਰਾਸ਼ਟਰਪਤੀ ਬਰਾਕ ਓਬਾਮਾ ਨੇ 2012 ਵਿਚ ਉਨ੍ਹਾਂ ਲੋਕਾਂ ਨੂੰ ਪੱਕੇ ਕਾਗਜ਼ ਦੇਣ ਦਾ ਐਲਾਨ ਕੀਤਾ ਸੀ ਜੋ ਬਕਾਇਦਾ ਟੈਕਸ ਦੇ ਕੇ ਦੇਸ਼ ਵਿਚ ਰਹਿ ਰਹੇ ਸਨ। ਅਦਾਲਤ ਨੇ ਹੁਣ ਇਸ ਉਤੇ ਰੋਕ ਲਾ ਦਿੱਤੀ ਹੈ। ਓਬਾਮਾ ਪ੍ਰਸ਼ਾਸਨ ਦੇ ਇਮੀਗ੍ਰੇਸ਼ਨ ਸੁਧਾਰ ਪ੍ਰੋਗਰਾਮ ਉਤੇ ਸੁਪਰੀਮ ਕੋਰਟ ਵੱਲੋਂ ਰੋਕ ਲਾਏ ਜਾਣ ਦੇ ਮੁੱਦੇ ਉੱਤੇ ਦੱਖਣੀ ਏਸ਼ਿਆਈ ਸਮੂਹ ਨੇ ਚਿੰਤਾ ਪ੍ਰਗਟਾਈ ਹੈ। ਸਾਊਥ ਏਸ਼ੀਅਨ ਐਸੋਸੀਏਸ਼ਨ ਆਫ ਨਾਰਥ ਅਮਰੀਕਾ ਅਨੁਸਾਰ ਸੁਪਰੀਮ ਕੋਰਟ ਇਸ ਮੁੱਦੇ ਉਤੇ ਕਿਸੇ ਵੀ ਨਤੀਜੇ ਉਤੇ ਪਹੁੰਚਣ




ਵਿਚ ਨਾਕਾਮਯਾਬ ਹੋਇਆ ਕਿ ਬਿਨਾਂ ਦਸਤਾਵੇਜ਼ਾਂ ਦੇ ਰਹਿਣ ਵਾਲੇ ਲੋਕ ਜਿਨ੍ਹਾਂ ਵਿਚ ਦੱਖਣੀ ਭਾਰਤੀ ਮੂਲ ਦੇ ਲੋਕਾਂ ਦੀ ਭਾਰੀ ਗਿਣਤੀ ਹੈ, ਨੂੰ ਕਿਸੇ ਤਰ੍ਹਾਂ ਇਮੀਗ੍ਰੇਸ਼ਨ ਦਿੱਤੀ ਜਾਵੇ।

ਇਸ ਦੇ ਨਾਲ ਹੀ ਅਦਾਲਤ ਨੇ ਇਹ ਵੀ ਆਖਿਆ ਹੈ ਕਿ ਇਸ ਨਾਲ ਕਿਸੇ ਤਰ੍ਹਾਂ ਦਾ ਆਰਥਿਕ ਫਾਇਦਾ ਨਹੀਂ ਹੋਵੇਗਾ। ਸੰਸਥਾ ਦੇ ਪ੍ਰਧਾਨ ਵੀਰਲ ਕੁਮਾਰ ਨੇ ਦੱਸਿਆ ਕਿ ਅਦਾਲਤ ਦੇ ਇਸ ਫੈਸਲੇ ਨਾਲ ਉਨ੍ਹਾਂ ਲੋਕਾਂ ਦੇ ਸੁਪਨੇ ਟੁੱਟੇ ਹਨ ਜੋ ਕਾਫੀ ਸਮੇਂ ਤੋਂ ਸਾਡੀ ਸੁਸਾਇਟੀ ਦਾ ਹਿੱਸਾ ਹਨ ਤੇ ਅਮਰੀਕਾ ਵਿਚ ਪੱਕੇ ਤੌਰ ਉਤੇ ਰਹਿਣਾ ਚਾਹੁੰਦੇ ਹਨ। ਇਸੇ ਤਰ੍ਹਾਂ ਸਾਊਥ ਏਸ਼ੀਅਨ ਅਮਰੀਕਨ ਲੀਡਿੰਗ ਟੂਗੈਦਰ ਸੰਸਥਾ ਦੇ ਕਾਰਜਕਾਰੀ ਡਾਇਰੈਕਟਰ ਸੁਮਨ ਰਘੂਨਾਥ ਅਨੁਸਾਰ ਅਦਾਲਤ ਦੇ ਫੈਸਲੇ ਨਾਲ ਉਨ੍ਹਾਂ ਨੂੰ ਬਹੁਤ ਧੱਕਾ ਲੱਗਾ ਹੈ। ਰਘੂਨਾਥ ਅਨੁਸਾਰ ਅਦਾਲਤ ਦੇ ਇਸ ਫ਼ੈਸਲੇ ਨਾਲ ਚਾਰ ਮਿਲੀਅਨ ਲੋਕਾਂ ਦਾ ਭਵਿੱਖ ਉਤੇ ਹਨ੍ਹੇਰਾ ਛਾ ਗਿਆ ਹੈ। ਰਾਸ਼ਟਰਪਤੀ ਓਬਾਮਾ ਦੀ ਤਾਰੀਫ ਕਰਦਿਆਂ ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਸੋਚ ਉਸਾਰੂ ਸੀ। ਓਬਾਮਾ ਨੇ 2014 ਉਨ੍ਹਾਂ ਲੋਕਾਂ ਨੂੰ ਪੱਕੇ ਕਰਨ ਦਾ ਐਲਾਨ ਕੀਤਾ ਸੀ ਜੋ ਅਮਰੀਕਾ ਵਿਚ ਕਾਫੀ ਲੰਬੇ ਸਮੇਂ ਤੋਂ ਰਹਿ ਰਹੇ ਸਨ।

# ਕਸ਼ਮੀਰੀ ਸਿੱਖਾਂ ਨੇ ਗ੍ਰਹਿ ਮੰਤਰੀ ਰਾਜਨਾਥ ਕੋਲ ਫਰੋਲੇ ਦੁਖੜੇ

**ਨਵੀਂ ਦਿੱਲੀ:** ਕਸ਼ਮੀਰੀ ਸਿੱਖਾਂ ਦੀਆਂ ਜਥੇਬੰਦੀਆਂ ਦੀ ਸਾਂਝੀ ਸਰਬ ਪਾਰਟੀ ਤਾਲਮੇਲ ਕਮੇਟੀ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ ਤੇ ਕਸ਼ਮੀਰ ਵਿਚ ਸਿੱਖਾਂ ਉਤੇ ਹੋ ਰਹੇ ਅੱਤਿਆਚਾਰਾਂ ਬਾਰੇ ਜਾਣਕਾਰੀ ਦਿੱਤੀ। ਇਸ ਵਫਦ ਵਿਚ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ, ਰਾਸ਼ਟਰੀ ਸਿੱਖ ਸੰਗਤ ਦੇ ਆਗੂ ਗੁਰਚਰਨ ਸਿੰਘ ਗਿੱਲ, ਜਗਮੋਹਨ ਸਿੰਘ ਰੈਨਾ ਸਮੇਤ ਹੋਰ ਆਗੂ ਸ਼ਾਮਲ ਹੋਏ। ਵਫਦ ਨੇ ਸ੍ਰੀ ਰਾਜਨਾਥ ਸਿੰਘ ਨੂੰ ਦੱਸਿਆ ਕਿ ਜੰਮੂ-ਕਸ਼ਮੀਰ ਵਿਚ ਸਿੱਖਾਂ ਨੂੰ ਘੱਟ ਗਿਣਤੀਆਂ ਦਾ ਦਰਜਾ ਦਿੱਤਾ ਜਾਵੇ ਤੇ ਮੁੜ ਵਸੇਬਾ ਯੋਜਨਾ ਤਹਿਤ ਉਨ੍ਹਾਂ ਨੂੰ ਮੁਆਵਜ਼ਾ ਤੇ ਰੁਜ਼ਗਾਰ ਦੇ ਮੌਕੇ ਦਿੱਤੇ ਜਾਣ।

ਉਨ੍ਹਾਂ ਕਿਹਾ ਕਿ ਜੋ ਸਿੱਖ ਪਿੰਡਾਂ ਵਿਚ ਬਾਗਾਂ ਦੇ ਮਾਲਕ ਸਨ, ਉਹ ਦਹਿਸ਼ਤਗਰਦੀ ਕਾਰਨ ਤਬਾਹ ਹੋ ਗਏ ਤੇ ਉਨ੍ਹਾਂ ਨੂੰ ਵੀ ਮੁੜ ਵਸੇਬੇ ਦੀ ਯੋਜਨਾ ਤਹਿਤ ਲਿਆਂਦਾ ਜਾਵੇ। ਅਗਲੀ ਪੀੜ੍ਹੀ ਨੂੰ ਸਥਾਪਤ ਕਰਨ ਖਾਤਰ ਉਨ੍ਹਾਂ ਨੂੰ ਵਜ਼ੀਫ਼ੇ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਣ।

ਵਫਦ ਨੇ ਛੱਤੀਸਿੰਘਪੁਰਾ ਵਿਚ ਮਾਰੇ ਗਏ ਬੇਕਸੂਰ ਸਿੱਖਾਂ ਦੇ ਮਾਮਲੇ ਦੀ ਜਾਂਚ ਕਰ ਕੇ ਦੋਸ਼ੀਆਂ ਨੂੰ ਛੇਤੀ ਸਜ਼ਾਵਾਂ ਦਿਵਾਉਣ ਦੀ ਮੰਗ ਵੀ ਜ਼ੋਰ-ਸ਼ੋਰ ਨਾਲ ਉਠਾਈ ਗਈ। ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਨੇ ਰਾਜਨਾਥ ਸਿੰਘ ਨੂੰ ਜੰਮੂ-ਕਸ਼ਮੀਰ ਵਿਚ ਸਿੱਖਾਂ ਦੇ ਯੋਗਦਾਨ ਤੋਂ ਜਾਣੂ ਕਰਵਾਇਆ। ਸ੍ਰੀ ਰਾਜਨਾਥ ਸਿੰਘ ਨੇ ਵਫਦ ਨੂੰ ਮੰਗਾਂ ਪੂਰੀਆਂ ਕਰਨ ਦਾ ਭਰੋਸਾ ਦਿੱਤਾ।

# ਮਾਨ ਨੇ ਸਰਕਾਰ ਤੋਂ ਜਾਨ ਨੂੰ ਖਤਰਾ ਦੱਸਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪੰਜਾਬ ਸਰਕਾਰ ਤੋਂ ਆਪਣੀ ਜਾਨ ਨੂੰ ਖਤਰੇ ਦਾ ਡਰ ਪ੍ਰਗਟ ਕਰਦਿਆਂ ਰਾਜਪਾਲ ਤੋਂ ਸੁਰੱਖਿਆ ਦੀ ਮੰਗ ਕੀਤੀ ਹੈ।



ਦਲ ਦੇ ਵਫ਼ਦ ਵੱਲੋਂ ਪੰਜਾਬ ਦੇ ਰਾਜਪਾਲ ਪ੍ਰੋ. ਕਪਤਾਨ ਸਿੰਘ ਸੋਲੰਕੀ ਨੂੰ ਦਿੱਤੇ ਮੰਗ ਪੱਤਰ ਵਿਚ ਰਾਜ ਵਿਚ ਅਮਨ-ਕਾਨੂੰਨ ਦੀ ਵਿਗੜ ਰਹੀ ਸਥਿਤੀ ਉਤੇ ਚਿੰਤਾ ਪ੍ਰਗਟ ਕੀਤੀ ਗਈ ਹੈ। ਨਾਲ ਹੀ ਕਿਹਾ ਗਿਆ ਹੈ ਕਿ ਪ੍ਰਧਾਨ ਅਤੇ ਦਲ ਦੇ ਹੋਰ ਨੇਤਾਵਾਂ ਦਾ ਜਾਨੀ ਨੁਕਸਾਨ ਹੋਣ ਦੀ ਸੂਰਤ ਵਿਚ ਜ਼ਿੰਮੇਵਾਰੀ ਗ੍ਰਹਿ ਸਕੱਤਰ ਅਤੇ ਪੁਲਿਸ ਮੁਖੀ ਦੀ ਹੋਵੇਗੀ। ਦਲ ਵੱਲੋਂ ਰਾਜਪਾਲ ਨਾਲ ਮੁਲਾਕਾਤ ਕਰ ਕੇ ਮੰਗ ਪੱਤਰ ਦਿੱਤਾ ਗਿਆ ਹੈ। ਵਫਦ ਨੇ ਰਾਜਪਾਲ ਨੂੰ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਸਿਆਸੀ ਚੜ੍ਹਤ ਨੂੰ ਦੇਖ ਕੇ ਸਰਕਾਰ ਘਬਰਾਹਟ ਵਿਚ ਆ ਗਈ ਹੈ ਅਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ।

# ਪੱਛਮੀ ਬੰਗਾਲ 'ਚ ਬਾਬਾ ਬੰਦਾ ਬਹਾਦਰ ਦੇ ਪੰਜ ਬੁੱਤ ਲੱਗਣਗੇ

**ਚੰਡੀਗੜ੍ਹ:** ਇਕ ਸਦੀ ਪਹਿਲਾਂ ਰਾਬਿੰਦਰਨਾਥ ਟੈਗੋਰ ਨੇ ਗੁਰੂ ਗੋਬਿੰਦ ਸਿੰਘ ਵੱਲੋਂ ਵਰੋਸਾਏ ਬਾਬਾ ਬੰਦਾ ਸਿੰਘ ਬਹਾਦਰ ਨੂੰ ਬੀਰ ਰਸ ਭਰੀ ਕਵਿਤਾ ਨਾਲ ਸ਼ਰਧਾਂਜਲੀ ਭੇਟ ਕੀਤੀ ਸੀ। ਨੋਬੇਲ ਐਵਾਰਡ ਜੇਤੂ ਦੀ ਇਸ ਕਵਿਤਾ 'ਬੰਦੀ ਬੀਰ' ਨਾਲ ਰਾਜੌਰੀ ਵਿਚ ਜੰਮੇ ਰਾਜਪੂਤ ਬਾਬਾ ਬੰਦਾ ਸਿੰਘ ਬਹਾਦਰ, ਜਿਨ੍ਹਾਂ ਨੂੰ ਮੁਗਲਾਂ ਨੇ 1716 ਵਿਚ ਦਿੱਲੀ ਵਿਚ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ, ਦੇ ਕੈਦ ਵਿਚਲੇ ਆਖਰੀ ਸਮੇਂ ਦਾ ਵਰਨਣ ਹੈ।

ਬਾਬਾ ਬੰਦਾ ਬਹਾਦਰ ਨੇ ਕਦੇ ਵੀ ਬੰਗਾਲ ਵਿਚ ਪੈਰ ਨਹੀਂ ਪਾਇਆ ਪਰ ਗੁਰੂਦੇਵ ਦੀ ਰਚਨਾ ਨੇ ਉਨ੍ਹਾਂ ਦਾ ਨਾਮ ਬੰਗਾਲੀ ਸਾਹਿਤ ਵਿਚ ਵੀ ਚਮਕਾ ਦਿੱਤਾ। ਹੁਣ ਇਸ ਮਹਾਨ ਜਰਨੈਲ ਦੀ ਹਾਜ਼ਰੀ ਪੱਕੇ ਤੌਰ ਉਤੇ ਟੈਗੋਰ ਦੇ ਦਿਲ ਦੇ ਸਭ ਤੋਂ ਨੇੜਲੀ ਜਗ੍ਹਾ ਵਿਚ ਰਹੇਗੀ। ਲੁਧਿਆਣਾ ਆਧਾਰਤ ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਫਾਊਂਡੇਸ਼ਨ ਦੇ ਚੇਅਰਮੈਨ ਕੇ.ਕੇ. ਬਾਵਾ ਨੇ ਕਿਹਾ ਕਿ ਉਨ੍ਹਾਂ ਦੀ ਯੋਜਨਾ ਬੰਦਾ ਬਹਾਦਰ ਦੀ ਸ਼ਹੀਦੀ ਦੀ ਤ੍ਰੈ ਸ਼ਤਾਬਦੀ ਮੌਕੇ ਪੱਛਮੀ ਬੰਗਾਲ ਵਿਚ ਉਨ੍ਹਾਂ ਦੇ ਪੰਜ ਬੁੱਤ ਲਾਉਣ ਦੀ ਹੈ। ਇਨ੍ਹਾਂ ਵਿਚੋਂ ਇਕ ਬੁੱਤ ਸ਼ਾਂਤੀਨਿਕੇਤਨ ਵਿਚ ਲਾਇਆ ਜਾਵੇਗਾ। ਇਸ ਬਾਰੇ ਮਾਰਚ ਵਿਚ ਇਕ ਵਫਦ ਕੋਲਕਾਤਾ ਤੇ ਰਾਜ ਦੇ ਹੋਰ ਹਿੱਸਿਆਂ ਵਿਚ ਗਿਆ, ਜਿਸ ਨੇ ਉਥੇ ਵਸਦੇ ਪੰਜਾਬੀਆਂ ਤੇ ਸਬੰਧਤ ਅਧਿਕਾਰੀਆਂ ਨਾਲ ਗੱਲਬਾਤ ਕੀਤੀ।

### ਲੇਜ਼ਰ ਸ਼ੋਅ ਰਾਹੀਂ ਬਾਬਾ ਬੰਦਾ ਬਹਾਦਰ ਦੇ ਕਾਰਨਾਮਿਆਂ 'ਤੇ ਰੌਸ਼ਨੀ

**ਮੁਹਾਲੀ:** ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਨ੍ਹਾਂ ਦੇ 300ਵੇਂ ਸ਼ਹੀਦੀ ਦਿਹਾੜੇ ਉਤੇ ਈਵੈਂਟ ਮੈਨੇਜਮੈਂਟ ਕੰਪਨੀ ਵਿਜ਼ਕਰਾਫਟ ਵੱਲੋਂ ਇਕ ਲੇਜ਼ਰ ਸ਼ੋਅ ਕਰਵਾਇਆ ਗਿਆ, ਜਿਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਦੇ ਦਰਸ਼ਨ ਨੂੰ ਦਰਸਾਇਆ ਗਿਆ। ਇਸ ਵਿਚ ਜਾਗੀਰਦਾਰੀ ਪ੍ਰਣਾਲੀ ਨੂੰ ਖਤਮ ਕਰ ਕੇ ਜ਼ਮੀਨ ਹੱਲ ਵਾਹਕਾਂ ਤੇ ਕਾਸ਼ਤਕਾਰਾਂ ਨੂੰ ਦੇਣ ਲਈ ਬਾਬਾ ਜੀ ਦੇ ਯੋਗਦਾਨ ਨੂੰ ਵੀ ਮੂਰਤੀਮਾਨ ਕੀਤਾ ਗਿਆ। ਇਸ ਤੋਂ ਇਲਾਵਾ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਉਤੇ ਜਾਰੀ ਕੀਤੀਆਂ ਮੋਹਰਾਂ ਤੇ ਸਿੱਕਿਆਂ ਦਾ ਵੀ ਜ਼ਿਕਰ ਕੀਤਾ ਗਿਆ। ਇਲਾਕੇ ਤੋਂ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕੀਤੀ ਅਤੇ ਇਹ ਸ਼ੋਅ ਦੇਖਿਆ। ਇਸ



ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਜੰਗੀ ਯਾਦਗਾਰ ਸਮੇਤ ਸੂਬਾ ਭਰ ਵਿਚ ਬਣਾਈਆਂ ਹੋਰ ਯਾਦਗਾਰਾਂ ਭਵਿੱਖੀ ਪੀੜੀਆਂ ਲਈ ਚਾਨਣ ਮੁਨਾਰਾ ਸਾਬਤ ਹੋਣਗੀਆਂ ਅਤੇ ਇਹ ਉਨ੍ਹਾਂ ਨੂੰ ਸੂਬੇ ਦੀ ਸ਼ਾਨਦਾਰ ਸੱਭਿਆਚਾਰਕ ਵਿਰਾਸਤ ਬਾਰੇ ਜਾਣੂ ਕਰਵਾਉਣਗੀਆਂ। ਸ. ਬਾਦਲ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਪਹਿਲਾ ਸਿੱਖ ਯੋਧਾ ਸੀ ਜਿਸ ਨੇ ਸੂਬਾ ਸਰਹਿੰਦ ਵਜ਼ੀਰ ਖਾਨ ਨੂੰ ਹਰਾ ਕੇ ਭਾਰਤ ਵਿਚ ਪਹਿਲੀ ਵਾਰ ਸਿੱਖ ਰਾਜ ਦੀ ਸਥਾਪਨਾ।

ਬੀਰਭੂਮ ਜ਼ਿਲ੍ਹੇ ਵਿਚ ਸ਼ਾਂਤੀਨਿਕੇਤਨ ਨੇੜੇ ਹੋਟਲ ਤੇ ਟਰਾਂਸਪੋਰਟ ਕਾਰੋਬਾਰ ਕਰਦੇ ਜਤਿੰਦਰ ਸਿੰਘ ਚਾਹਲ ਨੇ ਕਿਹਾ ਕਿ ਅਪਰੈਲ-ਮਈ ਵਿਚ ਵਿਧਾਨ ਸਭਾ ਚੋਣਾਂ ਕਾਰਨ ਇਸ ਵਿਚ ਦੇਰੀ ਹੋਈ ਪਰ ਹੁਣ ਉਨ੍ਹਾਂ ਨੂੰ ਉਮੀਦ ਹੈ ਕਿ ਅਗਲੇ ਕੁਝ ਮਹੀਨਿਆਂ ਵਿਚ ਵਿਸ਼ਵ ਭਾਰਤੀ ਯੂਨੀਵਰਸਿਟੀ ਵਿਚ ਬੰਦਾ ਬਹਾਦਰ ਦਾ ਬੁੱਤ ਲਾਇਆ ਜਾਵੇਗਾ। ਸੱਤਾਧਾਰੀ ਤ੍ਰਿਣਮੂਲ ਕਾਂਗਰਸ ਦੇ ਵਿਧਾਇਕ ਚੰਦਰਨਾਥ ਸਿਨਹਾ ਨੇ ਇਸ ਲਈ ਜ਼ਮੀਨ ਦੇਣ ਦਾ ਭਰੋਸਾ ਦਿੱਤਾ।

ਸ੍ਰੀ ਬਾਵਾ ਮੁਤਾਬਕ 'ਬੰਦੀ ਬੀਰ' ਕਵਿਤਾ ਦਾ ਅੰਗਰੇਜ਼ੀ ਵਿਚ ਨਵਾਂ ਰੂਪ ਆਉਣ ਤੋਂ ਇਲਾਵਾ ਹਿੰਦੀ, ਪੰਜਾਬੀ ਤੇ ਹੋਰ ਭਾਸ਼ਾਵਾਂ ਵਿਚ ਅਨੁਵਾਦ ਹੋਇਆ। ਅੰਗਰੇਜ਼ੀ ਵਿਚ ਕਵਿਤਾ ਦੇ ਹੋਏ ਅਨੁਵਾਦ ਨਾਲ ਇਸ ਨਿਡਰ ਸਿੱਖ ਜਰਨੈਲ ਤੇ ਪਛੜੇ ਵਰਗਾਂ ਦੇ ਮਸੀਹਾ ਬਾਰੇ ਵੱਡੀ ਗਿਣਤੀ ਵਿਚ ਪਾਠਕ ਜਾਣ ਸਕਣਗੇ। ਸਿੱਖ ਧਰਮ ਤੋਂ ਪ੍ਰਭਾਵਿਤ ਟੈਗੋਰ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਲਿਖੀ 'ਬੰਦੀ ਬੀਰ' ਕਵਿਤਾ ਬੰਗਾਲੀ ਸਕੂਲਾਂ ਵਿਚ ਪੜ੍ਹਾਏ ਜਾਂਦੇ 'ਕਥਾ-ਓ-ਕਹਿਨੀ' ਸੰਗ੍ਰਹਿ ਵਿਚ ਸ਼ਾਮਲ ਹੈ। ਪੰਜਾਬ ਸਰਕਾਰ ਨੇ ਭਾਵੇਂ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਚੱਪੜਚਿੜੀ (ਮੁਹਾਲੀ) ਵਿਚ ਫਤਹਿ ਮੀਨਾਰ ਬਣਾਈ ਪਰ ਵਿਡੰਬਨਾ ਇਹ ਹੈ ਕਿ ਇਸ ਕਵਿਤਾ ਦਾ ਅੰਗਰੇਜ਼ੀ ਅਨੁਵਾਦ ਹਾਲੇ ਪੰਜਾਬ ਦੀਆਂ ਸਕੂਲੀ ਪੁਸਤਕਾਂ ਦਾ ਹਿੱਸਾ ਨਹੀਂ ਬਣਿਆ।

# ਐਨ.ਐਸ.ਜੀ. ਮੈਂਬਰੀ ਬਾਰੇ ਚੀਨ ਬਣਿਆ ਭਾਰਤ ਦਾ ਸ਼ਰੀਕ

**ਨਵੀਂ ਦਿੱਲੀ:** ਪਰਮਾਣੂ ਸਪਲਾਇਰ ਗਰੁੱਪ (ਐਨ.ਐਸ.ਜੀ.) ਦੀ ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ ਵਿਚ ਹੋਈ ਦੋ ਰੋਜ਼ਾ ਮੀਟਿੰਗ ਵਿਚ ਮੈਂਬਰੀ ਦੇ ਮੁੱਦੇ ਉਤੇ ਕੋਈ ਵੀ ਫੈਸਲਾ ਨਾ ਹੋਣ ਕਾਰਨ ਭਾਰਤ ਦੀਆਂ ਉਮੀਦਾਂ ਉਤੇ ਪਾਣੀ ਫਿਰ ਗਿਆ ਹੈ। ਐਨ.ਐਸ.ਜੀ. ਮੁਲਕਾਂ ਨੇ ਭਾਰਤ ਦੀ ਦਾਅਵੇਦਾਰੀ ਉਤੇ ਵਿਚਾਰ ਕਰਨ ਦਾ ਪ੍ਰਸਤਾਵ ਤਾਂ ਸਵੀਕਾਰ ਕਰ ਲਿਆ ਸੀ, ਪਰ ਚੀਨ ਤੋਂ ਇਲਾਵਾ ਬਰਾਜ਼ੀਲ, ਆਸਟਰੀਆ, ਨਿਊਜ਼ੀਲੈਂਡ, ਆਇਰਲੈਂਡ ਅਤੇ ਤੁਰਕੀ ਵੱਲੋਂ ਵੀ ਵਿਰੋਧ ਕਰਨ ਕਰ ਕੇ ਭਾਰਤ ਨੂੰ ਨਿਰਾਸ਼ਾ ਦਾ ਮੂੰਹ ਦੇਖਣਾ ਪਿਆ ਹੈ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਚੀਨ ਦੀ ਹਮਾਇਤ ਲੈਣ ਲਈ ਚੀਨੀ ਸਦਰ ਸ਼ੀ ਚਿਨਪਿੰਗ ਨਾਲ ਉਜ਼ਬੇਕਿਸਤਾਨ ਦੀ ਰਾਜਧਾਨੀ ਤਾਸ਼ਕੰਦ ਵਿਚ ਮੁਲਾਕਾਤ ਵੀ ਕੀਤੀ, ਫਿਰ ਵੀ ਆਸਾਂ ਨੂੰ ਬੂਰ ਨਹੀਂ ਪੈ ਸਕਿਆ। ਹੋਰ ਤਾਂ ਹੋਰ, ਸਵਿਟਜ਼ਰਲੈਂਡ ਵੀ ਪਹਿਲਾਂ ਦਿੱਤੇ ਗਏ ਭਰੋਸੇ ਦੇ ਬਾਵਜੂਦ ਭਾਰਤ ਦੇ ਖਿਲਾਫ ਭੁਗਤਿਆ।

ਭਾਰਤ ਲੰਬੇ ਸਮੇਂ ਤੋਂ ਐਨ.ਐਸ.ਜੀ. ਦਾ ਮੈਂਬਰ ਬਣਨ ਲਈ ਕੋਸ਼ਿਸ਼ਾਂ ਕਰ ਰਿਹਾ ਹੈ ਪਰ ਚੀਨ ਵੱਲੋਂ ਲਗਾਤਾਰ ਵਿਰੋਧ ਕੀਤੇ ਜਾਣ ਕਾਰਨ ਸਫਲਤਾ ਨਹੀਂ ਮਿਲ ਰਹੀ। ਚੀਨ ਵੱਲੋਂ ਇਸ ਮੁੱਦੇ ਉਤੇ ਵਿਰੋਧਤਾ ਕਰਨ ਦਾ ਕਾਰਨ ਭਾਵੇਂ ਭਾਰਤ ਵੱਲੋਂ ਪਰਮਾਣੂ ਅਪਸਾਰ ਸੰਧੀ ਉਤੇ ਦਸਤਖਤ ਨਾ ਕਰਨਾ ਦੱਸਿਆ ਗਿਆ ਹੈ ਪਰ ਇਹ ਇਕੋ-ਇਕ ਕਾਰਨ ਨਹੀਂ ਹੈ। ਦਰਅਸਲ, ਚੀਨ ਉਸ ਸਮੇਂ ਤੋਂ ਹੀ ਭਾਰਤ ਦਾ ਇਸ ਮੁੱਦੇ ਉਤੇ ਵਿਰੋਧ ਕਰ ਰਿਹਾ ਹੈ ਜਦੋਂ ਤੋਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਪਣੇ ਪਹਿਲੇ ਭਾਰਤ ਦੌਰੇ ਦੌਰਾਨ ਭਾਰਤੀ ਸੰਸਦ ਵਿਚ ਇਸ ਮੰਗ ਦਾ ਸਮਰਥਨ ਕੀਤਾ ਸੀ। ਅਮਰੀਕਾ ਅਤੇ ਚੀਨ ਦੀ ਆਪਸੀ ਸ਼ਰੀਕੇਬਾਜ਼ੀ ਜੱਗ-ਜ਼ਾਹਿਰ ਹੈ ਅਤੇ ਇਹ ਗੱਲ ਹੀ ਭਾਰਤ ਦੀ ਐਨ.ਐਸ.ਜੀ. ਦੀ ਮੈਂਬਰੀ ਵਿਚ ਅੜਿੱਕਾ ਬਣ ਰਹੀ ਹੈ। ਇੰਨਾ ਹੀ ਨਹੀਂ, ਗੁਆਂਢੀ ਹੋਣ ਦੇ ਬਾਵਜੂਦ ਚੀਨ ਅਤੇ ਭਾਰਤ ਦੇ ਆਪਸੀ ਸਬੰਧ ਵੀ ਸ਼ਰੀਕਾਂ ਵਾਲੇ ਹੀ ਹਨ। ਚੀਨ ਆਪਣੀ ਕੌਮਾਂਤਰੀ ਪ੍ਰਜੀਸ਼ਨ ਦੇ ਮੱਦੇਨਜ਼ਰ ਅਕਸਰ ਹੀ ਭਾਰਤ ਦੀ ਯੁੱਧਨੀਤਕ ਘੇਰਾਬੰਦੀ ਕਰਨ ਦੇ ਆਹਰ ਵਿਚ ਰਹਿੰਦਾ ਹੈ। ਇਸੇ ਕਰਕੇ ਉਹ ਨੇਪਾਲ, ਭੂਟਾਨ, ਮਿਆਂਮਾਰ, ਬੰਗਲਾਦੇਸ਼, ਸ੍ਰੀਲੰਕਾ ਅਤੇ ਮਾਲਦੀਵ ਵਿਚ ਭਾਰਤ ਦੇ ਪ੍ਰਭਾਵ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਕਰਦਾ ਰਹਿੰਦਾ ਹੈ। ਭਾਰਤ ਦੇ ਮੁਕਾਬਲੇ ਪਾਕਿਸਤਾਨ ਨੂੰ ਹਰ ਸੰਭਵ ਸਹਾਇਤਾ ਅਤੇ ਸਰਪ੍ਰਸਤੀ ਦੇਣੀ ਵੀ ਚੀਨ ਦੀ ਇਸੇ ਨੀਤੀ ਦਾ ਹਿੱਸਾ ਹੈ।

### ਸਵਿਟਜ਼ਰਲੈਂਡ ਵੀ ਭਾਰਤ ਦੇ ਖਿਲਾਫ ਭੁਗਤਿਆ



### ਚੀਨ ਨੇ ਵਿਰੋਧ ਨੂੰ ਜਾਇਜ਼ ਦੱਸਿਆ

ਭਾਰਤ ਵਰਗੇ ਦੇਸ਼ਾਂ ਦਾ ਐਨ.ਐਸ.ਜੀ. ਵਿਚ ਦਾਖਲੇ ਦੇ ਆਪਣੇ ਵਿਰੋਧ ਨੂੰ ਸਹੀ ਦੱਸਦਿਆਂ ਚੀਨ ਨੇ ਕਿਹਾ ਕਿ ਉਸ ਨੇ 48 ਦੇਸ਼ਾਂ ਦੇ ਗਰੁੱਪ ਦੇ ਨਿਯਮਾਂ ਦੀ ਪਾਲਣਾ ਕੀਤੀ ਹੈ। ਵਿਦੇਸ਼ ਮੰਤਰਾਲੇ ਦੀ ਬੁਲਾਰਨ ਹੂਆ ਚੁਨਯਿੰਗ ਨੇ ਕਿਹਾ ਕਿ ਚੀਨ ਦੋ ਗੱਲਾਂ ਚਾਹੁੰਦਾ ਹੈ, ਸਾਡੇ ਲਈ ਐਨ.ਐਸ.ਜੀ. ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ ਕਿਉਂਕਿ ਇਸ ਤਰ੍ਹਾਂ ਦੇ ਨਿਯਮ ਕਿਸੇ ਖਾਸ ਦੇਸ਼ ਵੱਲ ਸੇਧਤ ਨਹੀਂ। ਹੂਆ ਨੇ ਦਾਅਵਾ ਕੀਤਾ ਕਿ ਸਿਓਲ ਵਿਚ ਐਨ.ਐਸ.ਜੀ. ਦੇ ਪਲੈਨਰੀ ਸੈਸ਼ਨ ਦੌਰਾਨ ਚੀਨ ਨੇ ਗੈਰ ਐਨ.ਪੀ.ਟੀ. ਦੇਸ਼ਾਂ ਦੇ ਦਾਖਲੇ 'ਤੇ ਅੱਗੇ ਵਧਣ ਲਈ ਦੋ ਦੇਸ਼ਾਂ ਨਾਲ ਮਿਲ ਕੇ ਕੰਮ ਕੀਤਾ।

### ਭਾਰਤ ਨੂੰ ਚੀਨ ਨਾਲ ਗਿਲਾ

**ਤਾਸ਼ਕੰਦ:** ਐਨ.ਐਸ.ਜੀ. ਵੱਲੋਂ ਮੈਂਬਰਸ਼ਿਪ ਸਬੰਧੀ ਅਰਜ਼ੀ ਖਾਰਜ ਕਰਨ ਤੋਂ ਪ੍ਰੇਸ਼ਾਨ ਭਾਰਤ ਨੇ ਕਿਹਾ ਕਿ 48 ਮੈਂਬਰੀ ਗਰੁੱਪ ਵਿਚ ਉਸ ਦੀ ਅਰਜ਼ੀ ਉਤੇ ਚਰਚਾ ਦੌਰਾਨ ਇਕ ਦੇਸ਼ ਪ੍ਰਕਿਰਿਆ ਰੁਕਾਵਟਾਂ ਨੂੰ ਲੈ ਕੇ ਅੜਿਆ ਰਿਹਾ। ਭਾਰਤ ਦਾ ਇਹ ਸਿੱਧਾ ਇਸ਼ਾਰਾ ਚੀਨ ਦੀ ਤਿੱਖੀ ਵਿਰੋਧਤਾ ਵੱਲ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਿਕਾਸ ਸਵਰੂਪ ਨੇ ਵੀ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਭਾਰਤ ਦੀ ਐਨ.ਐਸ. ਜੀ. ਵਿਚ ਸ਼ਮੂਲੀਅਤ ਨਾਲ ਪਰਮਾਣੂ ਅਪਸਾਰ ਪ੍ਰਬੰਧ ਹੋਰ ਮਜ਼ਬੂਤ ਹੋਵੇਗਾ ਅਤੇ ਵਿਸ਼ਵ ਪਰਮਾਣੂ ਵਪਾਰ ਹੋਰ ਸੁਰੱਖਿਅਤ ਹੋ ਜਾਵੇਗਾ।

### ਐਮ.ਟੀ.ਸੀ.ਆਰ. ਵਿਚ ਭਾਰਤ ਦਾ ਦਾਖਲਾ

**ਨਵੀਂ ਦਿੱਲੀ:** ਭਾਰਤ ਮਿਜ਼ਾਈਲ ਤਕਨਾਲੋਜੀ ਕੰਟਰੋਲ ਪ੍ਰਬੰਧ (ਐਮ.ਟੀ.ਸੀ.ਆਰ.) ਵਿਚ 35ਵੇਂ ਮੈਂਬਰ ਵਜੋਂ ਸ਼ਾਮਲ ਹੋ ਗਿਆ ਹੈ। ਭਾਰਤ ਨੇ ਕਿਹਾ ਹੈ ਕਿ ਉਨ੍ਹਾਂ ਦੇ ਇਸ ਵੱਕਾਰੀ ਸੰਸਥਾ ਵਿਚ ਸ਼ਾਮਲ ਹੋਣ ਨਾਲ ਆਲਮੀ ਪੱਧਰ ਉਤੇ ਉਹ ਅਪਸਾਰ ਨੇਮਾਂ ਦਾ ਪ੍ਰਚਾਰ ਕਰੇਗਾ। ਵਿਦੇਸ਼ ਸਕੱਤਰ ਐਸ ਜੈਸ਼ੰਕਰ ਨੇ ਐਮ.ਟੀ.ਸੀ.ਆਰ. ਵਿਚ ਦਾਖਲੇ ਦੇ ਦਸਤਾਵੇਜ਼ਾਂ ਉਤੇ ਇਥੇ ਦਸਤਖ਼ਤ ਕੀਤੇ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਪੈਰਿਸ ਵਿਚ ਐਮ.ਟੀ.ਸੀ.ਆਰ. ਸਥਿਤ ਦਫਤਰ ਨੇ ਭਾਰਤ ਦੇ ਸੰਸਥਾ ਵਿਚ ਦਾਖਲੇ ਦੀ ਜਾਣਕਾਰੀ ਨਵੀਂ ਦਿੱਲੀ ਵਿਚ ਫਰਾਂਸ, ਨੀਦਰਲੈਂਡਜ਼ ਅਤੇ ਲਕਜ਼ਮਬਰਗ ਦੇ ਸਫਾਰਤਖਾਨਿਆਂ ਰਾਹੀਂ ਦਿੱਤੀ। ਭਾਰਤ ਦਾ ਐਮ.ਟੀ.ਸੀ.ਆਰ. ਵਿਚ ਦਾਖਲਾ ਉਸ ਸਮੇਂ ਹੋਇਆ ਹੈ ਜਦੋਂ ਕੁਝ ਦਿਨ ਪਹਿਲਾਂ ਉਸ ਦੀ ਐਨ.ਐਸ.ਜੀ. ਵਿਚ ਮੈਂਬਰਸ਼ਿਪ ਵਿਚ ਚੀਨ ਅਤੇ ਕੁਝ ਹੋਰ ਮੁਲਕਾਂ ਨੇ ਅੜਿੱਕਾ ਪਾ ਦਿੱਤਾ ਸੀ। ਦਿਲਚਸਪ ਗੱਲ ਇਹ ਹੈ ਕਿ ਚੀਨ ਐਮ.ਟੀ.ਸੀ.ਆਰ. ਦਾ ਮੈਂਬਰ ਨਹੀਂ ਹੈ। ਅਮਰੀਕਾ ਨਾਲ ਸਿਵਲ ਪਰਮਾਣੂ ਸਮਝੌਤਾ ਹੋਣ ਕਰ ਕੇ ਭਾਰਤ ਐਨ.ਐਸ.ਜੀ., ਐਮ.ਟੀ.ਸੀ.ਆਰ., ਆਸਟਰੇਲੀਆ ਗਰੁੱਪ ਅਤੇ ਵਾਜ਼ੇਨਾਰ ਅਰੇਂਜਮੈਂਟ ਵਿਚ ਦਾਖਲ ਹੋਣ ਦੇ ਯਤਨ ਕਰ ਰਿਹਾ ਸੀ ਜਿਨ੍ਹਾਂ ਰਾਹੀਂ ਰਵਾਇਤੀ, ਪਰਮਾਣੂ, ਜੈਵਿਕ ਅਤੇ ਰਸਾਇਣਕ ਹਥਿਆਰਾਂ ਤੇ ਤਕਨਾਲੋਜੀਆਂ ਨੂੰ ਨਿਯਮਤ ਕੀਤਾ ਜਾਂਦਾ ਹੈ।

# ਸ਼੍ਰੋਮਣੀ ਕਮੇਟੀ ਤੋਂ ਅਸਤੀਫਾ ਦੇਣ ਵਾਲੇ ਨੇ ਚੁੱਕਿਆ 'ਆਪ' ਦਾ ਝਾੜੂ

**ਅੰਮ੍ਰਿਤਸਰ:** ਬਰਗਾੜੀ ਸਮੇਤ ਪੰਜਾਬ ਵਿਚ ਵੱਖ-ਵੱਖ ਥਾਵਾਂ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਹਅਬੀ ਦੀਆਂ ਵਾਪਰੀਆਂ ਘਟਨਾਵਾਂ ਵਿਰੁੱਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਚਰਚਾ ਵਿਚ ਆਇਆ ਨੌਜਵਾਨ ਰਮਨਜੀਤ ਸਿੰਘ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਿਆ ਹੈ।



ਰਮਨਜੀਤ ਸਿੰਘ ਨੇ 'ਆਪ' ਦੇ ਜਥੇਬੰਦਕ ਮਾਮਲਿਆਂ ਦੇ ਸਕੱਤਰ ਦੁਰਗੇਸ਼ ਪਾਠਕ ਅਤੇ ਲੀਗਲ ਸੈੱਲ ਦੇ ਮੁਖੀ ਹਿੰਮਤ ਸਿੰਘ ਸ਼ੇਰਗਿੱਲ ਦੀ ਹਾਜ਼ਰੀ ਵਿਚ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦਾ ਰਸਮੀ ਐਲਾਨ ਕੀਤਾ। ਉਹ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਗੋਲ੍ਹਚੱਕ ਨਾਲ ਸਬੰਧਤ ਹੈ। ਉਹ ਸ਼੍ਰੋਮਣੀ ਕਮੇਟੀ ਵਿਚ ਕਰਮਚਾਰੀ ਸੀ। ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਥਾਂ-ਥਾਂ ਬੇਅਦਬੀ ਨੂੰ ਰੋਕਣ ਅਤੇ ਦੋਸ਼ੀਆਂ ਨੂੰ ਫੜਨ ਵਿਚ ਅਸਫਲ ਰਹੀ ਪੰਜਾਬ ਸਰਕਾਰ ਪ੍ਰਤੀ ਰੋਸ ਜ਼ਾਹਰ ਕਰਨ ਲਈ ਉਸ ਨੇ ਅਕਤੂਬਰ 2015 ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਦੀ ਪ੍ਰੈਸ ਕਾਨਫਰੰਸ ਮੌਕੇ ਅਸਤੀਫ਼ਾ ਦੇ ਦਿੱਤਾ ਸੀ। ਉਸ ਨੇ ਕਿਹਾ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਪੰਜਾਬ ਸਰਕਾਰ ਦੇ ਨਾਲ ਐਸ.ਜੀ.ਪੀ.ਸੀ. ਨੂੰ ਬਰਾਬਰ ਦੋਸ਼ੀ ਮੰਨਦਾ ਹੈ ਕਿਉਂਕਿ ਪਿਛਲੇ ਲੰਬੇ ਸਮੇਂ ਤੋਂ ਇਹ ਸੰਸਥਾ ਬਾਦਲ ਪਰਿਵਾਰ ਦੀ ਕਠਪੁਤਲੀ ਬਣ ਕੇ ਰਹਿ ਗਈ ਹੈ। ਉਸ ਨੇ ਸਮੁੱਚੇ ਸਿਸਟਮ ਵਿਚ ਤਬਦੀਲੀ ਲਈ ਆਮ ਆਦਮੀ ਪਾਰਟੀ ਵਿਚ ਬਤੌਰ ਵਾਲੰਟੀਅਰ ਸੇਵਾ ਕਰਨ ਦਾ ਫੈਸਲਾ ਲਿਆ ਹੈ ਤਾਂ ਜੋ ਪੰਜਾਬ ਵਿਚੋਂ ਭ੍ਰਿਸ਼ਟਾਚਾਰ ਅਤੇ ਪਰਿਵਾਰਵਾਦ ਵਾਲੇ ਨਿਜ਼ਾਮ ਨੂੰ ਖਤਮ ਕੀਤਾ ਜਾ ਸਕੇ।

# ਹਰਿਮੰਦਰ ਸਾਹਿਬ ਦੀ ਸਫਾਈ ਲਈ ਪਹਿਲਕਦਮੀ

**ਨਵੀਂ ਦਿੱਲੀ:** ਸ੍ਰੀ ਹਰਿਮੰਦਰ ਸਾਹਿਬ, ਆਗਰੇ ਦਾ ਤਾਜ ਮਹੱਲ ਤੇ ਵੈਸ਼ਨੂ ਦੇਵੀ ਮੰਦਰ ਉਨ੍ਹਾਂ 10 ਪ੍ਰਮੁੱਖ ਸਥਾਨਾਂ ਵਿਚ ਸ਼ਾਮਲ ਹਨ ਜਿਨ੍ਹਾਂ ਨੂੰ ਵਿਦੇਸ਼ੀ ਮਾਹਰਾਂ ਦੀ ਸਲਾਹ ਨਾਲ ਸਾਫ-ਸੁਥਰਾ ਰੱਖਣ ਲਈ ਕੇਂਦਰ ਵੱਲੋਂ ਪਹਿਲਕਦਮੀ ਕੀਤੀ ਜਾ ਰਹੀ ਹੈ। ਇਸ ਪਹਿਲ ਲਈ ਵਿਸ਼ਵ ਬੈਂਕ ਵੱਲੋਂ ਤਕਨੀਕੀ ਮਦਦ ਮੁਹੱਈਆ ਕਰਵਾਈ ਜਾਵੇਗੀ। ਅਧਿਕਾਰੀ ਦਾ ਕਹਿਣਾ ਹੈ ਕਿ ਦੇਸ਼ ਦੇ 10 ਪ੍ਰਸਿੱਧ ਸਥਾਨਾਂ ਨੂੰ ਇਸ ਮੰਤਵ ਲਈ ਚੁਣਿਆ ਹੈ ਤਾਂ ਜੋ ਇਨ੍ਹਾਂ ਦੀ ਸਫ਼ਾਈ ਅੰਤਰਰਾਸ਼ਟਰੀ ਪੱਧਰ ਦੀ ਹੋਵੇ।

ਪੀਣ ਵਾਲੇ ਪਾਣੀ ਤੇ ਸਾਫ-ਸਫਾਈ ਮੰਤਰਾਲੇ ਦੇ ਸਕੱਤਰ ਪ੍ਰਮੇਸਵਰਨ ਆਈਅਰ ਨੇ ਦੱਸਿਆ ਕਿ ਚੁਣੇ ਗਏ 10 ਸਥਾਨਾਂ ਵਿਚ ਤਾਜ ਮਹੱਲ ਤੇ ਮਨੀਕਰਨਿਕਾ ਘਾਟ (ਯੂ.ਪੀ), ਵੈਸ਼ਨੂ ਦੇਵੀ (ਜੰਮੂ-ਕਸ਼ਮੀਰ), ਤਿਰੁਪਤੀ (ਆਂਧਰਾ ਪ੍ਰਦੇਸ਼), ਸ੍ਰੀ ਹਰਿਮੰਦਰ ਸਾਹਿਬ (ਪੰਜਾਬ), ਅਜਮੇਰ ਸ਼ਰੀਫ (ਰਾਜਸਥਾਨ), ਛਤਰਪਤੀ ਸ਼ਿਵਾਜੀ ਟਰਮੀਨਸ (ਮਹਾਂਰਾਸ਼ਟਰ), ਮਿਨਾਕਸ਼ੀ ਮੰਦਰ ਤੇ ਕਮਾਕਸ਼ੀ ਮੰਦਰ (ਤਾਮਿਲਨਾਡੂ), ਤੇ ਜਗਨਨਾਥਪੁਰੀ (ਓਡੀਸ਼ਾ) ਸ਼ਾਮਲ ਹਨ। ਸਰਕਾਰ ਇਨ੍ਹਾਂ ਸਥਾਨਾਂ ਦੀ ਅੰਦਰ ਤੇ ਬਾਹਰ ਦੋਵੇਂ ਥਾਈਂ ਸਫਾਈ ਨੂੰ ਯਕੀਨੀ ਬਣਾਉਣਾ ਚਾਹੁੰਦੀ ਹੈ।

### ਹਰਿ ਕੀ ਪੌੜੀ ਦੀ ਸੁਨਹਿਰੀ ਛੱਤ ਮੁਕੰਮਲ

**ਅੰਮ੍ਰਿਤਸਰ:** ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਰਿ ਕੀ ਪੌੜੀ ਉਤੇ ਸੋਨੇ ਦੀ ਛੱਤ ਮੁਕੰਮਲ ਹੋਣ ਉਪਰੰਤ ਪ੍ਰਧਾਨ ਸ਼੍ਰੋਮਣੀ ਕਮੇਟੀ ਅਵਤਾਰ ਸਿੰਘ ਵੱਲੋਂ ਰਸਮੀ ਤੌਰ ਉਤੇ ਖੋਲ੍ਹ ਦਿੱਤੀ ਗਈ, ਜਿਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੜਾਹ ਪ੍ਰਸ਼ਾਦ ਦੇ ਨਵੇਂ ਕਾਊਂਟਰ ਦੀ ਵੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਵੀ ਹਾਜ਼ਰ ਸਨ। ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਨੇ ਦੀ ਛੱਤ ਪਾਉਣ ਦੀ ਸੇਵਾ ਮੁੰਬਈ ਨਿਵਾਸੀ ਬੀਬੀ ਮਨਿੰਦਰ ਕੌਰ ਵੱਲੋਂ ਕੀਤੀ ਗਈ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਗਤਾਂ ਦੀ ਸਹੂਲਤ ਲਈ ਕੜਾਹ ਪ੍ਰਸ਼ਾਦ ਦੀ ਦੇਗ ਨੂੰ ਕਿਰਪਾਨ ਭੇਟ ਕਰਨ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਕਾਊਂਟਰ ਦੀ ਸੇਵਾ ਜਗਦੀਸ਼ ਸਿੰਘ ਸੈਣੀ ਮੁਕੇਰੀਆਂ ਦੇ ਪਰਿਵਾਰ ਵੱਲੋਂ ਕੀਤੀ ਗਈ ਹੈ।

# ਅਫਗਾਨਿਸਤਾਨ 'ਚ ਵਧੀਕੀਆਂ ਦਾ ਸ਼ਿਕਾਰ ਹੋਇਆ ਸਿੱਖ ਭਾਈਚਾਰਾ

**ਕਾਬੁਲ:** ਅਫ਼ਗਾਨਿਸਤਾਨ ਵਿਚ ਰਹਿੰਦੇ ਸਿੱਖ ਤੇ ਹਿੰਦੂ ਭਾਈਚਾਰੇ ਦੇ ਲੋਕ ਉਨ੍ਹਾਂ ਨਾਲ ਹੁੰਦੀਆਂ ਵਧੀਕੀਆਂ ਦੇ ਮੱਦੇਨਜ਼ਰ ਉਥੋਂ ਭੱਜਣ ਲਈ ਮਜਬੂਰ ਹਨ। ਹਾਲੀਆ ਹਮਲੇ ਵਿਚ ਇਕ ਵਿਅਕਤੀ, ਜਗਤਾਰ ਸਿੰਘ ਲਾਗਮਨੀ ਦੀ ਰਵਾਇਤੀ ਜੜ੍ਹੀ ਬੂਟੀਆਂ ਦੀ ਦੁਕਾਨ ਵਿਚ ਦਾਖਲ ਹੋਇਆ ਤੇ ਉਸ ਦੀ ਗਰਦਨ ਉਤੇ ਚਾਕੂ ਰੱਖ ਕੇ ਇਸਲਾਮ ਕਬੂਲਣ ਲਈ ਕਿਹਾ। ਨੇੜਲੇ ਦੁਕਾਨਦਾਰਾਂ ਤੇ ਹੋਰਨਾਂ ਲੋਕਾਂ ਨੇ ਕਹਿ ਕੁਹਾ ਕੇ ਉਹਦੀ ਜਾਨ ਬਚਾਈ। ਹਿੰਦੂ ਤੇ ਸਿੱਖ ਭਾਈਚਾਰੇ ਬਾਰੇ ਕੌਮੀ ਕੌਂਸਲ ਦੇ ਚੇਅਰਮੈਨ ਅਵਤਾਰ ਸਿੰਘ ਨੇ ਕਿਹਾ 1992 ਵਿਚ ਕਾਬੁਲ ਸਰਕਾਰ ਦੇ ਡਿੱਗਣ ਤੋਂ ਪਹਿਲਾਂ ਭਾਈਚਾਰੇ ਦੇ 2.20 ਲੱਖ ਪਰਿਵਾਰ ਸਨ, ਪਰ ਅੱਜ ਇਹ ਗਿਣਤੀ ਘਟ ਕੇ 220 ਪਰਿਵਾਰਾਂ ਨੂੰ ਪੁੱਜ ਗਈ ਹੈ।



ਬਹੁਤ ਹੀ ਰੂੜ੍ਹੀਵਾਦੀ ਮੁਸਲਿਮ ਦੇਸ਼ ਅਫਗਾਨਿਸਤਾਨ ਵਿਚ ਇਸਲਾਮਕ ਬਗਾਵਤ ਅਤੇ ਆਰਥਿਕ ਚੁਣੌਤੀਆਂ ਕਾਰਨ ਘਟ ਗਿਣਤੀਆਂ ਵਿਚ ਅਸੁਰੱਖਿਆ ਦੀ ਭਾਵਨਾ ਵਧ ਰਹੀ ਹੈ। ਕਿਸੇ ਸਮੇਂ ਅਫਗਾਨਿਸਤਾਨ ਵਿਚ ਸਿੱਖਾਂ ਤੇ ਹਿੰਦੂਆਂ ਦੀ ਚੋਖੀ ਆਬਾਦੀ ਸੀ, ਪਰ ਹੁਣ ਮੁੱਠੀ ਭਰ ਸਿੱਖ ਤੇ ਹਿੰਦੂ ਪਰਿਵਾਰ ਹੀ ਉਥੇ ਰਹਿ ਗਏ ਹਨ। ਬਹੁਤੇ ਲੋਕ ਵਿਤਕਰੇ ਕਾਰਨ ਅਫਗਾਨਿਸਤਾਨ ਤੋਂ ਦੂਸਰੇ ਦੇਸ਼ਾਂ ਨੂੰ ਚਲੇ ਗਏ ਹਨ।

ਅਫਗਾਨਿਸਤਾਨ ਵਿਚ ਭਾਵੇਂ ਬਹੁਤੇ ਮੁਸਲਮਾਨ ਹੀ ਵਸਦੇ ਹਨ, ਪਰ ਤਾਲਿਬਾਨ ਸਰਕਾਰ ਨੂੰ 2001 ਨੂੰ ਸੱਤਾ ਤੋਂ ਹਟਾਉਣ ਪਿੱਛੋਂ ਬਣਾਇਆ ਸੰਵਿਧਾਨ ਘੱਟ ਗਿਣਤੀਆਂ ਨੂੰ ਸੁਤੰਤਰ ਪੂਜਾ ਦੀ ਗਰੰਟੀ ਦਿੰਦਾ ਹੈ। ਕਾਬੁਲ ਦੇ ਗੁਰਦੁਆਰੇ ਵਿਚ ਇਕ ਹੋਰ ਸਿੱਖ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਚੰਗੇ ਦਿਨ ਲੱਦ ਗਏ ਹਨ ਜਦੋਂ ਸਾਨੂੰ ਅਫਗਾਨ ਸਮਝਿਆ ਜਾਂਦਾ ਸੀ, ਨਾ ਕਿ ਬਾਹਰੋਂ ਆਏ ਲੋਕ। ਉਸ ਨੇ ਦੱਸਿਆ ਕਿ ਸਰਕਾਰ ਵਿਚਲੇ ਲੋਕਾਂ ਖਾਸਕਰ ਸੈਨਾਪਤੀਆਂ (ਵਾਰਲਾਰਡਜ਼) ਨੇ ਸਾਥੋਂ ਆਜ਼ਾਦੀ ਖੋਹ ਲਈ ਹੈ। ਅਸੀਂ ਧਮਕੀਆਂ ਦਾ ਸਾਹਮਣਾ ਕਰ ਰਹੇ ਹਾਂ ਅਤੇ ਇਹ ਛੋਟਾ ਜਿਹਾ ਭਾਈਚਾਰਾ ਦਿਨ ਪ੍ਰਤੀ ਦਿਨ ਛੋਟਾ ਹੁੰਦਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਹੇਲਮੰਡ ਸੂਬੇ ਵਿਚੋਂ ਦਰਜਨਾਂ ਹਿੰਦੂ ਤੇ ਸਿੱਖ ਪਰਿਵਾਰ ਹਿਜਰਤ ਕਰ ਗਏ ਹਨ ਜਿਥੇ ਤਾਲਿਬਾਨ ਬਾਗੀਆਂ ਨੇ ਭਾਈਚਾਰੇ ਤੋਂ 200000 ਅਫਗਾਨੀ ਕਰੰਸੀ (2800 ਡਾਲਰ) ਪ੍ਰਤੀ ਮਹੀਨਾ ਲੈਣ ਦੀ ਮੰਗ ਵਾਲਾ ਪੱਤਰ ਭੇਜਿਆ ਹੈ।ਕਾਬੁਲ ਦੇ ਬਾਹਰਵਾਰ ਕਲਾਚਾ ਇਲਾਕੇ ਵਿਚ ਵੀ ਤਣਾਅ ਫੈਲਿਆ ਹੋਇਆ ਹੈ ਜਿਥੇ ਸਿੱਖਾਂ ਤੇ ਹਿੰਦੂਆਂ ਦਾ ਉੱਚੀਆਂ ਕੰਧਾਂ ਵਾਲਾ ਸ਼ਮਸ਼ਾਨਘਾਟ ਹੈ। ਪਿਛਲੇ ਕੁਝ ਸਾਲਾਂ ਦੌਰਾਨ ਸ਼ਹਿਰ ਦੀ ਆਬਾਦੀ ਵਧੀ ਹੈ ਅਤੇ ਕਈ ਮੁਸਲਿਮ ਲੋਕ ਬਾਹਰ ਜਾ ਕੇ ਸ਼ਮਸ਼ਾਨਘਾਟ ਦੇ ਨੇੜੇ ਮਕਾਨ ਬਣਾ ਕੇ ਰਹਿਣ ਲੱਗ ਹੋਏ ਹਨ ਜੋ ਹੁਣ ਸ਼ਮਸ਼ਾਨਘਾਟ ਵਿਚ ਲਾਸ਼ਾਂ ਦਾ ਸਸਕਾਰ ਕਰਨ ਦਾ ਵਿਰੋਧ ਕਰ ਰਹੇ ਹਨ।

ਕਲਾਚਾ ਵਾਸੀ ਮੁਸਲਮਾਨ ਅਹਿਮਦ ਤੋਮਰ ਨੇ ਕਿਹਾ ਕਿ ਜਦੋਂ ਲਾਸ਼ ਸੜਦੀ ਹੈ ਤਾਂ ਉਸ ਦੀ ਦੁਰਗੰਧ ਨਾਲ ਉਸ ਦਾ ਪਰਿਵਾਰ ਬਿਮਾਰ ਹੋ ਜਾਂਦਾ ਹੈ ਅਤੇ ਅਸੀਂ ਨਹੀਂ ਚਾਹੁੰਦੇ ਕਿ ਇਥੇ ਲਾਸ਼ਾਂ ਦਾ ਸਸਕਾਰ ਕੀਤਾ ਜਾਵੇ। ਸਿੱਖਾਂ ਦਾ ਕਹਿਣਾ ਹੈ ਕਿ ਸਥਾਨਕ ਮੁਸਲਿਮ ਕੱਟੜਪੰਥੀਆਂ ਨੇ ਉਨ੍ਹਾਂ ਦਾ ਵਿਰੋਧ ਕਰਨਾ ਸ਼ੁਰੂ ਕੀਤਾ ਹੋਇਆ ਹੈ ਅਤੇ ਦੋਵਾਂ ਭਾਈਚਾਰਿਆਂ ਨੂੰ ਹੁਣ ਅੰਤਿਮ ਸੰਸਕਾਰ ਦੀਆਂ ਰਸਮਾਂ ਲਈ ਪੁਲਿਸ ਦੀ ਸੁਰੱਖਿਆ ਲੈਣੀ ਪੈਂਦੀ ਹੈ।

ਸ਼ਮਸ਼ਾਨਘਾਟ ਨੇੜੇ ਬਣੇ ਇਕ ਮਕਾਨ ਵੱਲ ਇਸ਼ਾਰਾ ਕਰਦਿਆਂ ਅਵਤਾਰ ਸਿੰਘ ਨੇ ਦੱਸਿਆ ਕਿ ਜਦੋਂ ਲਾਸ਼ਾਂ ਦਾ ਅੰਤਿਮ ਸੰਸਕਾਰ ਕੀਤਾ ਜਾਂਦਾ ਹੈ ਤਾਂ ਉਹ ਸਾਡੇ ਇੱਟਾਂ-ਪੱਥਰ ਮਾਰਦੇ ਹਨ। ਉਧਰ, ਹੱਜ ਤੇ ਧਾਰਮਿਕ ਮਾਮਲਿਆਂ ਦੇ ਉਪ ਮੰਤਰੀ ਦਹੀ-ਉਲ-ਹੱਕ ਆਬਿਦ ਨੇ ਕਿਹਾ ਕਿ ਸਰਕਾਰ ਹਿੰਦੂ ਤੇ ਸਿੱਖਾਂ ਦੀ ਰੋਜ਼ੀ ਰੋਟੀ ਵਿਚ ਜੋ ਸੁਧਾਰ ਕਰ ਸਕਦੀ ਹੈ, ਉਸ ਨੇ ਕੀਤਾ ਹੈ। ਅਸੀਂ ਇਸ ਗੱਲ ਨਾਲ ਸਹਿਮਤ ਹਾਂ ਕਿ ਜੰਗ ਕਾਰਨ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਜਾਣਾ ਪਿਆ ਹੈ, ਪਰ ਉਨ੍ਹਾਂ ਦੀ ਹਾਲਤ ਇੰਨੀ ਮਾੜੀ ਨਹੀਂ ਜਿੰਨਾ ਉਹ ਦਾਅਵਾ ਕਰਦੇ ਹਨ।

### ਸਿਰਫ 220 ਪਰਿਵਾਰ ਹੀ ਬਚੇ

**ਕਾਬੁਲ:** ਸਥਾਨਕ ਸਿੱਖਾਂ ਦਾ ਕਹਿਣਾ ਹੈ ਕਿ ਜਦੋਂ 1992 ਵਿਚ ਕਾਬੁਲ ਸਰਕਾਰ ਨੂੰ ਸੱਤਾ ਤੋਂ ਲਾਂਭੇ ਕੀਤਾ ਗਿਆ ਤਾਂ ਉਸ ਸਮੇਂ ਅਫਗਾਨਿਸਤਾਨ ਵਿਚ ਸਿੱਖਾਂ ਤੇ ਹਿੰਦੂਆਂ ਦੇ ਤਕਰੀਬਨ 220000 ਪਰਿਵਾਰ ਸਨ ਜਿਹੜੇ ਹੁਣ ਮਸਾਂ 220 ਰਹਿ ਗਏ ਹਨ। ਕਿਸੇ ਸਮੇਂ ਦੋਵਾਂ ਫਿਰਕਿਆਂ ਦੀ ਆਬਾਦੀ ਪੂਰੇ ਅਫਗਾਨਿਸਤਾਨ ਵਿਚ ਫੈਲੀ ਹੋਈ ਸੀ ਪਰ ਹੁਣ ਸਿਰਫ ਸੁੰਗੜ ਕੇ ਨੰਗਰਹਾਰ, ਗਜ਼ਨੀ ਸੂਬਿਆਂ ਤੇ ਰਾਜਧਾਨੀ ਕਾਬੁਲ ਵਿਚ ਰਹਿ ਗਈ ਹੈ।

# ਕੇਂਦਰ ਨੂੰ ਹਿਸਾਬ ਕਿਤਾਬ ਦੇਣ ਵਿਚ ਬਾਦਲ ਸਰਕਾਰ ਨਾਕਾਮ

## ਬਕਾਇਆ ਜਾਰੀ ਕਰਨ ਤੋਂ ਪਹਿਲਾਂ ਮੰਗਿਆ ਹਿਸਾਬ



**ਚੰਡੀਗੜ੍ਹ:** ਪੰਜਾਬ ਦੇ ਕਿਸਾਨਾਂ ਦੇ ਬਕਾਏ ਤੇ ਕੁਝ ਹੋਰ ਮਸਲਿਆਂ ਨੂੰ ਲੈ ਕੇ ਪਿਛਲੇ ਹਫਤੇ ਦਿੱਲੀ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਕੁਝ ਮੰਤਰੀ ਨਾਲ ਮੁਲਾਕਾਤ ਕਰਨ ਗਏ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕੇਂਦਰੀ ਆਗੂਆਂ ਨੇ ਕੋਈ ਰਾਹ ਨਹੀਂ ਦਿੱਤਾ। ਅਸਲ ਵਿਚ ਪੰਜਾਬ ਸਰਕਾਰ ਦਾ ਕੇਂਦਰ ਨਾਲ ਰੌਲਾ ਪਿਛਲੇ ਹਿਸਾਬ ਕਿਤਾਬ ਦਾ ਹੈ।

ਕੇਂਦਰ ਵਿਚਲੀ ਐਨ.ਡੀ.ਏ. ਸਰਕਾਰ ਵੱਲੋਂ ਪੰਜਾਬ ਵਿਚੋਂ ਕਣਕ ਦੀ ਖਰੀਦ ਲਈ ਜਾਰੀ ਕੀਤੀ ਗਈ 17,523 ਕਰੋੜ ਦੀ ਕੈਸ਼ ਕਰਜ਼ਾ ਰਾਸ਼ੀ ਵਿਚੋਂ ਕੋਈ 3600 ਕਰੋੜ ਰੁਪਏ ਦੀ ਆਖਰੀ ਕਿਸ਼ਤ ਜਾਰੀ ਕਰਨ ਤੋਂ ਆਨਾਕਾਨੀ ਕੀਤੀ ਜਾ ਰਹੀ ਹੈ। ਉਕਤ ਰਾਸ਼ੀ ਵਿਚੋਂ ਕੋਈ 1700-1800 ਕਰੋੜ ਰੁਪਏ ਰਾਜ ਨੂੰ ਕਣਕ 'ਤੇ ਟੈਕਸਾਂ ਦੇ ਰੂਪ ਵਿਚ ਪ੍ਰਾਪਤ ਹੋਣੇ ਸਨ, ਜਿਸ ਨੂੰ ਰਾਜ ਦੀ ਮਾਲੀ ਆਮਦਨ ਦੇ ਅੰਦਾਜਿਆਂ ਵਿਚ ਪਹਿਲਾਂ ਹੀ ਸ਼ਾਮਲ ਕੀਤਾ ਹੋਇਆ ਹੈ।

ਦਿਲਚਸਪ ਗੱਲ ਇਹ ਹੈ ਕਿ ਕਣਕ ਦੀ ਖਰੀਦ ਲਈ ਵੀ ਭਾਰਤੀ ਰਿਜ਼ਰਵ ਬੈਂਕ ਵੱਲੋਂ 17,523 ਕਰੋੜ ਦੀ ਰਾਜ ਨੂੰ ਕੈਸ਼ ਕਰਜ਼ਾ ਲਿਮਟ ਜਾਰੀ ਕਰਨ ਦੇ ਹੁਕਮ ਦਿੱਤੇ ਗਏ ਸਨ ਅਤੇ ਇਸ ਵਿਚੋਂ ਪੰਜਾਬ ਨੂੰ ਹੁਣ ਤੱਕ 13,915 ਕਰੋੜ ਦੀ ਕਰਜ਼ਾ ਰਾਸ਼ੀ ਰਿਲੀਜ਼ ਕੀਤੀ ਜਾ ਚੁੱਕੀ ਹੈ, ਜਦੋਂਕਿ 3608 ਕਰੋੜ ਦੀ ਰਾਸ਼ੀ ਅਜੇ ਰਿਲੀਜ਼ ਕੀਤੀ ਜਾਣੀ ਬਾਕੀ ਹੈ, ਪਰ ਕੇਂਦਰ ਸਰਕਾਰ ਵੱਲੋਂ ਰਾਜ ਨੂੰ ਕੁਝ ਸਮਾਂ ਪਹਿਲਾਂ ਖਰੀਦੀ ਗਈ ਸਾਉਣੀ ਦੀ ਫਸਲ ਦੇ ਹਿਸਾਬ ਦਾ ਮਿਲਾਨ ਕਰਨ ਲਈ ਕਿਹਾ ਗਿਆ ਸੀ।

ਰਾਜ ਸਰਕਾਰ ਅਜੇ ਤੱਕ ਉਸ ਸਬੰਧੀ ਵੀ ਪੂਰਾ ਹਿਸਾਬ ਬਣਾ ਕੇ ਕੇਂਦਰ ਨੂੰ ਨਹੀਂ ਦੇ ਸਕੀ ਜਦੋਂਕਿ ਮਗਰਲੇ ਕੋਈ 8-9 ਸਾਲ ਦੌਰਾਨ ਪ੍ਰਾਪਤ ਕੀਤੀਆਂ ਗਈਆਂ ਕਰਜ਼ਾ ਰਾਸ਼ੀਆਂ ਵਿਚਲਾ ਕੋਈ 28000 ਕਰੋੜ ਦਾ ਫਰਕ ਰੇੜਕੇ ਦਾ ਕਾਰਨ ਬਣਿਆ ਹੋਇਆ ਹੈ, ਜਿਸ ਵਿਚੋਂ ਮੁੱਖ ਰਾਸ਼ੀ ਬੈਂਕਾਂ ਦੇ ਵਿਆਜ ਨਾਲ ਸਬੰਧਤ ਹੈ, ਜਦੋਂਕਿ ਪੰਜਾਬ ਵਿਚ ਢੋਆ ਢੁਆਈ ਅਤੇ ਅਨਾਜ ਦੀ ਸੰਭਾਲ ਲਈ ਲੇਬਰ ਦੇ ਠੇਕਿਆਂ ਦੀਆਂ ਦਰਾਂ ਵਿਚਲੇ ਫਰਕ ਕਾਰਨ ਕੋਈ 8-10 ਹਜ਼ਾਰ ਕਰੋੜ ਦਾ ਰੇੜਕਾ ਚੱਲ ਰਿਹਾ ਸੀ, ਜਿਸ ਵਿਚੋਂ ਕੁਝ ਰਾਸ਼ੀ ਕੇਂਦਰ ਵੱਲੋਂ ਬਣਾਈ ਗਈ ਉੱਚ ਅਧਿਕਾਰੀਆਂ ਦੀ ਕਮੇਟੀ ਵੱਲੋਂ ਪ੍ਰਵਾਨ ਵੀ ਕਰ ਲਈ ਗਈ ਹੈ। ਪੰਜਾਬ ਸਰਕਾਰ ਜਿਥੇ ਕੇਂਦਰ ਵੱਲੋਂ ਉਕਤ 3600 ਕਰੋੜ ਰੁਪਏ ਜਾਰੀ ਨਾ ਹੋਣ ਕਾਰਨ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਹੈ, ਉਥੇ ਉਨ੍ਹਾਂ ਲਈ ਵੱਡੀ ਚਿੰਤਾ ਇਹ ਬਣੀ ਹੋਈ ਹੈ ਕਿ ਆਉਂਦੀ ਸਾਉਣੀ ਦੀ ਫਸਲ ਜਿਸ ਵਿਚ ਝੋਨੇ ਦਾ ਰਿਕਾਰਡ ਉਤਪਾਦਨ ਹੋਣ ਦੀ ਸੰਭਾਵਨਾ ਹੈ, ਉਸ ਨੂੰ ਨਿਰਵਿਘਨ ਕਿਵੇਂ ਪੂਰਾ ਕੀਤਾ ਜਾ ਸਕੇਗਾ ਕਿਉਂਕਿ ਉਹ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਫਸਲ ਦੀ ਆਖਰੀ ਖਰੀਦ ਹੋਵੇਗੀ।

ਉਚ ਸੂਤਰਾਂ ਅਨੁਸਾਰ ਕੇਂਦਰੀ ਵਿੱਤ ਮੰਤਰੀ ਵੱਲੋਂ ਮੁੱਖ ਮੰਤਰੀ ਦੀ ਅਗਵਾਈ ਵਿਚ ਗਏ ਵਫ਼ਦ ਨੂੰ ਸਪੱਸ਼ਟ ਕੀਤਾ ਗਿਆ ਕਿ ਕੇਂਦਰ ਸਰਕਾਰ ਮਗਰਲੇ ਸਾਲ ਦੀ ਐਡਵਾਂਸ ਕੈਸ਼ ਰਾਸ਼ੀ ਦੇ ਮਿਲਾਨ ਤੋਂ ਬਿਨਾਂ ਅਗਲੇ ਸਾਲ ਲਈ ਐਡਵਾਂਸ ਜਾਰੀ ਨਹੀਂ ਕਰ ਸਕਦੀ। ਉਨ੍ਹਾਂ ਮੁੱਖ ਮੰਤਰੀ ਨੂੰ ਇਹ ਵੀ ਕਿਹਾ ਕਿ ਉਹ ਆਪਣੇ ਖ਼ਰੀਦ ਪ੍ਰਬੰਧ ਵਿਚ ਸੁਧਾਰ ਲਿਆਉਣ। ਵਿੱਤ ਮੰਤਰੀ ਨੇ ਪੰਜਾਬ ਵਿਚਲੇ ਟਰਾਂਸਪੋਟੇਸ਼ਨ ਅਤੇ ਲੇਬਰ ਦੇ ਖਰਚਿਆਂ ਦਾ ਬਾਕੀ ਸਾਰੇ ਦੇਸ਼ ਨਾਲੋਂ ਵੱਡਾ ਫਰਕ ਹੋਣ ਉਤੇ ਵੀ ਇਤਰਾਜ਼ ਜਿਤਾਇਆ ਅਤੇ ਕਿਹਾ ਕਿ ਰਾਜ ਸਰਕਾਰ ਇਸ ਵੱਲ ਧਿਆਨ ਦੇਵੇ ਕਿਉਂਕਿ ਅਜਿਹਾ ਸੰਭਵ ਨਹੀਂ ਹੋ ਸਕਦਾ।

### ਪਾਣੀਆਂ ਸਬੰਧੀ ਸਾਰੇ ਸਮਝੌਤੇ ਰੱਦ ਹੋਣ ਦਾ ਦਾਅਵਾ

**ਜਲੰਧਰ:** ਸੰਗਤ ਦਰਸ਼ਨਾਂ ਦੌਰਾਨ ਹਰ ਪਿੰਡ ਵਿਚ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ ਨੂੰ ਉਭਾਰ ਕੇ ਲੋਕਾਂ ਨੂੰ ਪਾਣੀਆਂ ਦੇ ਮਾਮਲੇ ਵਿਚ ਕੁਰਬਾਨੀਆਂ ਲਈ ਤਿਆਰ ਰਹਿਣ ਦਾ ਸੱਦਾ ਦੇ ਰਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ 'ਪੰਜਾਬ ਵਾਟਰ ਟਰਮੀਨੇਸ਼ਨ ਆਫ਼ ਐਗਰੀਮੈਂਟ ਐਕਟ-2004' ਦੀ ਬਹੁਚਰਚਿਤ ਧਾਰਾ 5 ਨੂੰ ਰੱਦ ਕਰ ਦਿੱਤਾ ਗਿਆ ਹੈ।

ਐਕਟ ਦੀ ਵਿਵਾਦਤ ਧਾਰਾ 5 ਨੂੰ ਰੱਦ ਕਰਨ ਦੀ ਕੋਈ ਤਰੀਕ ਬਾਰੇ ਪੁੱਛੇ ਜਾਣ ਉਤੇ ਮੁੱਖ ਮੰਤਰੀ ਕੋਈ ਜਵਾਬ ਨਹੀਂ ਦੇ ਸਕੇ। ਜ਼ਿਕਰਯੋਗ ਹੈ ਕਿ 'ਪੰਜਾਬ ਵਾਟਰ ਟਰਮੀਨੇਸ਼ਨ ਆਫ਼ ਐਗਰੀਮੈਂਟ ਐਕਟ-2004' ਦੀ ਧਾਰਾ 5 ਅਨੁਸਾਰ ਦੂਜੇ ਸੂਬਿਆਂ ਨੂੰ ਜਿੰਨਾ ਪਾਣੀ ਜਾ ਰਿਹਾ ਹੈ ਉਨਾ ਹੀ ਜਾਂਦਾ ਰਹੇਗਾ। ਸ਼੍ਰੋਮਣੀ ਅਕਾਲੀ ਦਲ 2007 ਤੋਂ ਹੀ ਆਪਣੇ ਚੋਣ ਮਨੋਰਥ ਪੱਤਰ ਵਿਚ ਇਸ ਧਾਰਾ ਨੂੰ ਰੱਦ ਕਰਨ ਦਾ ਵਾਅਦਾ ਕਰਦਾ ਆ ਰਿਹਾ ਹੈ। ਇਸ ਐਕਟ ਦੀ ਧਾਰਾ 5 ਨੂੰ ਰੱਦ ਕਰਨ ਨਾਲ ਦਿੱਲੀ, ਹਰਿਆਣਾ ਤੇ ਰਾਜਸਥਾਨ ਨੂੰ ਪਾਣੀ ਨਹੀਂ ਦਿੱਤਾ ਜਾ ਸਕਦਾ। ਹੁਣ ਤੱਕ ਪੰਜਾਬ ਦੇ ਦਰਿਆਈ ਪਾਣੀਆਂ ਨੂੰ 1981 ਦੇ ਹੋਏ ਸਮਝੌਤੇ ਮੁਤਾਬਕ ਹੀ ਵੰਡਿਆ ਜਾ ਰਿਹਾ ਹੈ।

# ਸਾਬਕਾ ਵਿਧਾਇਕ ਆਇਆ ਸੜਕ 'ਤੇ



**ਹੁਸ਼ਿਆਰਪੁਰ:** ਬਹੁਜਨ ਸਮਾਜ ਪਾਰਟੀ (ਬੀ.ਐਸ.ਪੀ.) ਦੇ ਸਾਬਕਾ ਵਿਧਾਇਕ ਸ਼ਿੰਗਾਰਾ ਸਿੰਘ ਸਹੂੰਗੜਾ ਅੱਜ-ਕਲ੍ਹ ਆਪਣੇ ਪਰਿਵਾਰ ਨਾਲ ਸੜਕ ਦੇ ਕੰਢੇ ਰਹਿ ਕੇ ਗੁਜ਼ਾਰਾ ਕਰ ਰਹੇ ਹਨ। ਉਹ ਧਰਨੇ ਉਤੇ ਨਹੀਂ ਬੈਠੇ ਹਨ। ਇਸ ਵਾਰ ਉਨ੍ਹਾਂ ਨੂੰ ਪ੍ਰਸ਼ਾਸਨ ਨੇ ਸਾਮਾਨ ਸਮੇਤ ਘਰੋਂ ਬਾਹਰ ਕੱਢ ਦਿੱਤਾ ਹੈ।

ਪ੍ਰਸ਼ਾਸਨ ਦਾ ਕਹਿਣਾ ਹੈ ਕਿ ਐਮ.ਐਲ.ਏ. ਸਾਹਿਬ ਪਿਛਲੇ 25 ਸਾਲਾਂ ਤੋਂ ਸਰਕਾਰੀ ਕੁਆਰਟਰ ਵਿਚ ਰਹਿ ਰਹੇ ਹਨ। ਉਨ੍ਹਾਂ ਇਸ ਦਾ ਕੋਈ ਕਿਰਾਇਆ ਵੀ ਨਹੀਂ ਦਿੱਤਾ। ਬਲਕਿ ਜਦੋਂ ਪ੍ਰਸ਼ਾਸਨ ਵੱਲੋਂ ਕੋਈ ਉਨ੍ਹਾਂ ਦਾ ਕੁਆਰਟਰ ਖਾਲੀ ਕਰਵਾਉਣ ਜਾਂਦਾ ਸੀ ਤਾਂ ਉਸ ਉਤੇ ਕੁੱਤੇ ਛੱਡ ਦਿੰਦੇ ਸਨ, ਪਰ ਦੂਜੇ ਪਾਸੇ ਨੇਤਾ ਜੀ ਇਸ ਨੂੰ ਧੱਕੇਸ਼ਾਹੀ ਕਰਾਰ ਦੇ ਰਹੇ ਹਨ। ਉਨ੍ਹਾਂ ਕਿਹਾ ਕਿ 1992 ਤੋਂ 2002 ਤੱਕ ਵਿਧਾਇਕ ਰਹੇ ਹਨ। ਉਸ ਵੇਲੇ ਤੋਂ ਹੀ ਉਹ ਪਰਿਵਾਰ ਸਮੇਤ ਕੁਆਰਟਰ ਵਿਚ ਰਹਿ ਰਹੇ ਹਨ। ਵਿਭਾਗ ਦਾ ਕਹਿਣਾ ਹੈ ਕਿ ਸਾਬਕਾ ਵਿਧਾਇਕ ਨੂੰ ਕੁਆਰਟਰ ਖਾਲੀ ਕਰਨ ਲਈ 25 ਵਾਰ ਨੋਟਿਸ ਜਾਰੀ ਕੀਤਾ ਗਿਆ ਹੈ, ਪਰ ਹਰ ਵਾਰ ਉਨ੍ਹਾਂ ਇਸ ਉਤੇ ਕੋਈ ਜਵਾਬ ਨਹੀਂ ਦਿੱਤਾ। ਇਸ ਲਈ ਅਖੀਰ ਵਿਚ ਪੁਲਿਸ ਨਾਲ ਮਿਲ ਕੇ ਵਿਭਾਗ ਨੇ ਨੇਤਾ ਜੀ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ। ਪ੍ਰਸ਼ਾਸਨ ਨੇ ਘਰ ਦਾ ਪੂਰਾ ਸਾਮਾਨ ਸੜਕ 'ਤੇ ਸੁੱਟ ਦਿੱਤਾ, ਪਰ ਇਸ 'ਤੇ ਨੇਤਾ ਜੀ ਨਾਰਾਜ਼ ਹਨ। ਹਾਲਾਂਕਿ ਉਨ੍ਹਾਂ ਨਾਜ਼ਾਇਜ ਕਬਜ਼ੇ ਦੀ ਗੱਲ ਮੰਨੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮਾੜਾ ਹਾਲ ਤਾਂ ਅਮਰੀਕਾ ਨੇ ਲਾਦਿਨ ਨਾਲ ਨਹੀਂ ਕੀਤਾ ਜਿਨ੍ਹਾਂ ਵਿਭਾਗ ਨੇ ਮੇਰੇ ਨਾਲ ਕੀਤਾ ਹੈ।

## ਰਾਮਦੇਵ ਨੇ ਕਰਵਾਈ 177 ਕੈਦੀਆਂ ਦੀ ਸਜ਼ਾ ਮੁਆਫ

**ਨਵੀਂ ਦਿੱਲੀ:** ਯੋਗ ਗੁਰੂ ਬਾਬਾ ਰਾਮਦੇਵ ਨੇ 177 ਕੈਦੀਆਂ ਦੀ ਸਜ਼ਾ ਮੁਆਫ ਕਰਵਾਈ ਹੈ। ਨਾਗਪੁਰ ਸੈਂਟਰਲ ਜੇਲ੍ਹ ਦੇ 177 ਕੈਦੀਆਂ ਨੇ ਯੋਗ ਪ੍ਰੀਖਿਆ ਪਾਸ ਕਰ ਲਈ। ਇਸ ਕਰ ਕੇ ਉਨ੍ਹਾਂ ਦੀ ਤਿੰਨ ਮਹੀਨਿਆਂ ਦੀ ਸਜ਼ਾ ਮੁਆਫ ਕਰ ਦਿੱਤੀ ਗਈ।

ਕਾਬਲੇਗੌਰ ਹੈ ਕਿ ਮਈ ਵਿਚ ਬਾਬਾ ਰਾਮਦੇਵ ਦੇ ਪਤੰਜਲੀ ਯੋਗ ਪੀਠ ਵੱਲੋਂ 190 ਕੈਦੀਆਂ ਦੀ ਯੋਗ ਪ੍ਰੀਖਿਆ ਕਰਵਾਈ ਗਈ ਸੀ। ਇਸ ਵਿਚ 177 ਕੈਦੀ ਪਾਸ ਹੋ ਗਏ। ਇਸ ਯੋਗ ਪ੍ਰੀਖਿਆ ਵਿਚ ਪਾਸ ਕਰਨ ਦਾ ਇਨ੍ਹਾਂ ਨੂੰ ਲਾਭ ਹੋਇਆ ਹੈ। ਨਾਗਪੁਰ ਸੈਂਟਰਲ ਜੇਲ੍ਹ ਦੇ ਅਧਿਕਾਰੀ ਯੋਗੇਸ਼ ਦੇਸਾਈ ਨੇ ਦੱਸਿਆ ਕਿ ਇਸ ਪ੍ਰੀਖਿਆ ਨੂੰ ਪਾਸ ਕਰਨ ਵਾਲੇ 177 ਕੈਦੀਆਂ ਦੀ ਤਿੰਨ ਮਹੀਨੇ ਸਜ਼ਾ ਮੁਆਫ ਕਰ ਦਿੱਤੀ ਹੈ। ਜੇਲ੍ਹ ਵਿਚ 21 ਜੂਨ ਨੂੰ ਸਮੂਹਿਕ ਯੋਗ ਸਮਾਰੋਹ ਕਰਵਾਇਆ ਗਿਆ ਸੀ।


## *ਪਾਕਿਸਤਾਨੀ ਦਰਿਆਵਾਂ ਨੂੰ ਆਜ਼ਾਦ ਕਰਾਉਣ ਲਈ ਜਹਾਦ ਦਾ ਸੱਦਾ*

**ਲਾਹੌਰ:** ਜਮਾਤ-ਉਦ-ਦਾਵਾ (ਜੇ.ਯੂ.ਡੀ.) ਦੇ ਮੁਖੀ ਅਤੇ ਮੁੰਬਈ ਹਮਲੇ ਦੇ ਮੁੱਖ ਸਾਜ਼ਿਸ਼ਘਾੜੇ ਹਾਫਿਜ਼ ਸਈਦ ਨੇ ਕਿਹਾ ਹੈ ਕਿ ਉਹ ਪਾਕਿਸਤਾਨੀ ਦਰਿਆਵਾਂ ਨੂੰ ਆਜ਼ਾਦ ਕਰਾਉਣ ਲਈ ਭਾਰਤ ਖਿਲਾਫ਼ ਜੰਗ ਛੇੜਨਗੇ।

ਪੰਜਾਬ ਸੂਬੇ ਦੇ ਸਿਆਲਕੋਟ ਜ਼ਿਲ੍ਹੇ 'ਚ ਜੇ.ਯੂ.ਡੀ. ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਉਸ ਨੇ ਇਹ ਐਲਾਨ ਕੀਤਾ। ਸਈਦ ਦੇ ਸਿਰ ਲਈ ਅਮਰੀਕਾ ਨੇ ਇਕ ਕਰੋੜ ਡਾਲਰ ਦਾ ਇਨਾਮ ਰੱਖਿਆ ਹੋਇਆ ਹੈ। ਉਸ ਨੇ ਦਾਅਵਾ ਕੀਤਾ ਕਿ ਕਸ਼ਮੀਰੀਆਂ ਦਾ 'ਆਜ਼ਾਦੀ ਅੰਦੋਲਨ' ਜ਼ੋਰ ਫੜਦਾ ਜਾ ਰਿਹਾ ਹੈ।

ਸਈਦ ਨੇ ਕਿਹਾ ਕਿ ਦੁਖਤਰਾਨ-ਏ-ਮਿੱਲਤ ਦੀ ਮੁਖੀ ਆਸੀਆ ਅੰਦਰਾਬੀ ਮੁਤਾਬਕ ਕਸ਼ਮੀਰ ਵਿਚ ਹਾਲਾਤ ਹੁਣ ਬਦਲ ਗਏ ਹਨ ਅਤੇ ਆਜ਼ਾਦੀ ਦੀ ਮੁਹਿੰਮ ਨੌਜਵਾਨਾਂ ਦੇ ਹੱਥ ਵਿਚ ਆ ਗਈ ਹੈ। ਉਸ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਨੂੰ ਅਮਰੀਕਾ, ਇਰਾਨ ਅਤੇ ਭਾਰਤ ਨਾਲ ਵਿਦੇਸ਼ ਨੀਤੀ ਵਿਚ ਬਦਲਾਅ ਕਰਨਾ ਚਾਹੀਦਾ ਹੈ। ਦਹਿਸ਼ਤੀ ਆਗੂ ਨੇ ਚੀਨ-ਪਾਕਿਸਤਾਨ ਆਰਥਿਕ ਲਾਂਘੇ ਨੂੰ ਨੁਕਸਾਨ ਪਹੁੰਚਾਉਣ ਦੇ ਨਾਪਾਕ ਇਰਾਦਿਆਂ ਦਾ ਪਰਦਾਫ਼ਾਸ਼ ਕਰਨ ਦਾ ਅਹਿਦ ਵੀ ਲਿਆ।

# ਇੰਗਲੈਂਡ ਦੇ ਗੁਰੂ ਘਰ ਵਿਚ ਸ਼ਰਾਰਤੀਆਂ ਵੱਲੋਂ ਭੰਨਤੋੜ



**ਲੰਡਨ:** ਬਰਤਾਨੀਆ ਦੇ ਇਕ ਗੁਰੂ ਘਰ ਵਿਚ ਕੁਝ ਨੌਜਵਾਨਾਂ ਨੇ ਦਾਖਲ ਹੋਏ ਕੇ ਭੰਨਤੋੜ ਕੀਤੀ ਹੈ। ਘਟਨਾ ਗ੍ਰੇਵਜ਼ੈਡ ਕੈਂਟ ਦੇ ਗੁਰੂ ਘਰ ਵਿਚ ਹੋਈ ਹੈ। ਇਸ ਸਬੰਧੀ ਪੁਲਿਸ ਨੇ ਚਾਰ ਨੌਜਵਾਨਾਂ (ਉਮਰ 15 ਸਾਲ ਤੇ 16 ਸਾਲ) ਨੂੰ ਗ੍ਰਿਫਤਾਰ ਕੀਤਾ ਹੈ।

ਗੁਰੂ ਘਰ ਹੋਈ ਭੰਨਤੋੜ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਕਾਫੀ ਵਾਇਰਲ ਹੋ ਰਹੀ ਹੈ। ਵੀਡੀਓ ਵਿਚ ਦਿਖਾਈ ਦੇ ਰਿਹਾ ਹੈ ਕਿ ਕੁਝ ਨੌਜਵਾਨ ਡੰਡਿਆਂ ਤੇ ਹੋਰ ਸਾਮਾਨ ਨਾਲ ਗੁਰੂ ਘਰ ਵਿਚ ਭੰਨਤੋੜ ਕਰ ਰਹੇ ਹਨ। ਵੀਡੀਓ ਵਿਚ ਦਿਖਾਈ ਦੇ ਰਿਹਾ ਹੈ ਕਿ ਗੁਰੂ ਘਰ ਵਿਚ ਸ਼ੀਸ਼ੇ ਤੇ ਹੋਰ ਸਾਮਾਨ ਖਿਲਰਿਆ ਪਿਆ ਹੈ। ਭੰਨਤੋੜ ਕਰਨ ਵਾਲੇ ਨੌਜਵਾਨਾਂ ਨੇ ਆਪਣੇ ਚਿਹਰੇ ਢਕੇ ਹੋਏ ਹਨ। ਗ੍ਰੇਵਜ਼ੈਡ ਕੈਂਟ ਇਲਾਕੇ ਵਿਚ ਸਿੱਖਾਂ ਦੀ ਭਰਵੀਂ ਆਬਾਦੀ ਰਹਿੰਦੀ ਹੈ। ਘਟਨਾ ਤੋਂ ਬਾਅਦ ਇਲਾਕੇ ਵਿਚ ਰਹਿਣ ਵਾਲੇ ਸਿੱਖ ਭਾਈਚਾਰੇ ਵਿਚ ਸਹਿਮ ਦਾ ਮਾਹੌਲ ਹੈ।

# ਬਿਊਟੀ ਕੁਈਨ ਦੇ ਡਰੱਗ ਰੈਕੇਟ ਦਾ ਹੋਇਆ ਪਰਦਾਫਾਸ਼

**ਨਵੀਂ ਦਿੱਲੀ:** ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ.) ਨੇ ਕਰਨਾਟਕ ਦੇ ਬੈਂਗਲੁਰੂ ਵਿਚ ਡਰੱਗ ਰੈਕੇਟ ਚਲਾਨ ਵਾਲੀ ਮਾਡਲ ਬਿਊਟੀ ਕੁਈਨ ਨੂੰ ਗ੍ਰਿਫਤਾਰ ਕੀਤਾ ਹੈ। ਐਨ.ਸੀ.ਬੀ. ਨੇ ਦੱਸਿਆ ਕਿ ਮਾਡਲ ਕਈ ਰਾਜਾਂ ਵਿਚ ਇਸ ਰੈਕੇਟ ਨੂੰ ਚਲਾਉਂਦੀ ਸੀ। ਉਸ ਦਾ ਮੁੱਖ ਕੰਮ ਹਾਈ ਪ੍ਰੋਫਾਈਲ ਗਾਹਕਾਂ ਤੇ ਕਾਲਜ ਵਿਦਿਆਰਥੀਆਂ ਨੂੰ ਡਰੱਗ ਸਪਲਾਈ ਕਰਨਾ ਸੀ। ਰਿਪੋਰਟਾਂ ਮੁਤਾਬਕ, ਪੁਲਿਸ ਨੇ ਜਿਸ ਮਾਡਲ ਨੂੰ ਗ੍ਰਿਫਤਾਰ ਕੀਤਾ ਹੈ, ਉਸ ਦਾ ਨਾਂ ਦਰਸ਼ਿਤਾ ਗੌੜਾ ਹੈ। ਉਹ 2014 ਵਿਚ ਮਿਸ ਕੁਈਨ ਕਰਨਾਟਕ ਬਣੀ ਸੀ। ਬੈਂਗਲੁਰੂ ਵਿਚ ਉਹ ਹਮੇਸ਼ਾ ਹੀ ਫੈਸ਼ਨ ਪ੍ਰੋਗਰਾਮਾਂ ਵਿਚ ਨਜ਼ਰ ਆਉਂਦੀ ਸੀ।

ਦੱਸਣਯੋਗ ਹੈ ਕਿ 26 ਸਾਲਾਂ ਇਸ ਮਾਡਲ ਦੀ ਡਰੱਗ ਰੈਕੇਟ ਮਾਮਲੇ ਵਿਚ 5ਵੀਂ ਗ੍ਰਿਫਤਾਰੀ ਹੈ। 2015 ਨਵੰਬਰ ਵਿਚ ਪਹਿਲੀ ਵਾਰ ਇਸ ਗੈਂਗ ਦਾ ਖੁਲਾਸਾ ਹੋਇਆ ਸੀ। ਹੁਣ ਤੱਕ ਚਾਰ ਲੋਕ ਗ੍ਰਿਫਤਾਰ ਹੋ ਚੁੱਕੇ ਸਨ। ਐਨ.ਸੀ.ਬੀ. ਨੇ 30 ਨਵੰਬਰ, 2015 ਨੂੰ ਬੈਂਗਲੁਰੂ ਦੇ ਆਰਟੀ ਨਗਰ ਇਲਾਕੇ ਵਿਚ ਰੇਡ ਮਾਰੀ ਸੀ। ਉਸ ਦੌਰਾਨ ਵੱਡੀ ਗਿਣਤੀ ਵਿਚ ਨਸ਼ਾ ਬਰਾਮਦ ਕੀਤਾ ਗਿਆ ਸੀ। ਜਿਸ ਫਲੈਟ ਵਿਚ ਰੇਡ ਕੀਤਾ ਗਿਆ ਸੀ, ਉਥੇ ਦਰਸ਼ਿਤਾ ਆਪਣੇ ਨੌਜਵਾਨ ਦੋਸਤ ਨਿਸ਼ਾਂਤ ਨਾਲ ਰਹਿੰਦੀ ਸੀ। ਉਸ ਦੌਰਾਨ ਨਿਸ਼ਾਂਤ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ ਪਰ ਮਾਡਲ ਫਰਾਰ ਹੋ ਗਈ ਸੀ।



ਪੁਲਿਸ ਨੇ ਨਿਸ਼ਾਂਤ ਤੋਂ ਇਸ ਮਾਮਲੇ ਵਿਚ ਪੁੱਛਗਿਛ ਕੀਤੀ ਸੀ। ਇਸ ਦੌਰਾਨ ਉਸ ਨੇ ਦੱਸਿਆ ਸੀ ਕਿ ਇਸ ਪੂਰੇ ਰੈਕੇਟ ਵਿਚ ਦਰਸ਼ਿਤਾ ਦਾ ਅਹਿਮ ਰੋਲ ਸੀ। ਉਹ ਨਾ ਸਿਰਫ ਡਰੱਗ ਸਪਲਾਈ ਦਾ ਕੰਮਕਾਜ ਵੇਖਦੀ ਸੀ, ਸਗੋਂ ਡਰੱਗ ਲਈ ਨਕਦੀ ਦਾ ਜੁਗਾੜ ਵੀ ਉਹ ਹੀ ਕਰਦੀ ਸੀ। ਲੈਣ-ਦੇਣ ਦਾ ਪੂਰਾ ਹਿਸਾਬ ਵੀ ਉਹ ਹੀ ਦੇਖਦੀ ਸੀ। ਇਸ ਆਧਾਰ 'ਤੇ ਹੀ ਪੁਲਿਸ ਨੇ ਦਰਸ਼ਿਤਾ ਨੂੰ ਸੰਮਨ ਕੀਤਾ ਸੀ। 21 ਜੂਨ ਨੂੰ ਪੁੱਛਗਿਛ ਦੌਰਾਨ ਐਨ.ਸੀ.ਬੀ. ਨੇ ਉਸ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ ਸੀ।

### ਕੈਨੇਡਾ ਸਰਹੱਦ 'ਤੇ ਨਸ਼ਾ ਤਸਕਰੀ ਦੀ ਕੋਸ਼ਿਸ਼ ਨਾਕਾਮ

**ਵੈਨਕੂਵਰ:** ਕੈਨੇਡਾ ਬਾਰਡਰ ਸਰਵਿਸ ਸਟਾਫ ਨੇ ਅਮਰੀਕਾ ਤੋਂ ਆਏ ਇਕ ਟਰੱਕ ਵਿਚੋਂ ਘਾਤਕ ਨਸ਼ੇ ਮੈਥਾਫੈਟਾਮਿਨ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਖੇਪ ਫੜੀ ਹੈ। ਇਸ ਮਾਮਲੇ ਦੀ ਪੜਤਾਲ ਪੁਲਿਸ ਨੂੰ ਸੌਂਪ ਦਿੱਤੀ ਗਈ ਹੈ। ਟਰੱਕ ਚਾਲਕ ਬ੍ਰਿਟਿਸ਼ ਕੋਲੰਬੀਆ ਦਾ ਨਾਗਰਿਕ ਦੱਸਿਆ ਗਿਆ ਹੈ। ਕੈਨੇਡਾ ਬਾਰਡਰ ਸਰਵਿਸ ਸਟਾਫ ਨੇ ਦੱਸਿਆ ਕਿ ਇਕ ਟਰੱਕ ਅਮਰੀਕਾ ਵੱਲੋਂ ਪੈਸੀਫਿਕ ਲਾਂਘੇ ਰਾਹੀਂ ਕੈਨੇਡਾ ਦਾਖਲ ਹੋਣ ਲਈ ਆਇਆ ਤਾਂ ਤਲਾਸ਼ੀ ਲੈਣ ਉਤੇ ਉਸ ਵਿਚੋਂ 31 ਕਿਲੋ ਮੈਥਾਫੈਟਾਮਿਨ, ਇਕ ਕਿਲੋ ਹੈਰੋਇਨ ਤੇ ਇਕ ਕਿਲੋ ਕੋਕੀਨ ਦੇ ਪੈਕੇਟ ਮਿਲੇ।

ਬਾਰਡਰ ਏਜੰਸੀ ਦੇ ਅਮਲੇ ਵੱਲੋਂ ਕਾਰਵਾਈ ਤੋਂ ਬਾਅਦ ਕੇਸ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੂੰ ਸੌਂਪ ਦਿੱਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਕੈਨੇਡਾ ਵਿਚ ਨਸ਼ੀਲੇ ਪਦਾਰਥਾਂ ਦੀ ਫੜੀ ਜਾਣ ਵਾਲੀ ਇਹ ਖੇਪ ਇਕ ਰਿਕਾਰਡ ਹੈ। ਕਈ ਸਾਲ ਸਭ ਤੋਂ ਵੱਡੀ ਖੇਪ 20 ਕਿਲੋ ਦੀ ਫੜੀ ਗਈ ਸੀ। ਪੁਲਿਸ ਦਾ ਕਹਿਣਾ ਹੈ ਕਿ ਟਰੱਕ ਚਾਲਕ ਤੋਂ ਹੋਰ ਪੁੱਛਗਿੱਛ ਕਰ ਕੇ ਇਹ ਪਤਾ ਲਾਇਆ ਜਾਏਗਾ ਕਿ ਉਹ ਇਹ ਕੰਮ ਕਦੋਂ ਤੋਂ ਅਤੇ ਕਿਸੇ ਵਾਸਤੇ ਕਰ ਰਿਹਾ ਸੀ। ਸੂਤਰਾਂ ਦਾ ਕਹਿਣਾ ਹੈ ਕਿ ਟਰੱਕ ਚਾਲਕ ਭਾਰਤੀ ਮੂਲ ਦਾ ਹੈ। ਇਹ ਟਰੱਕ ਚਾਲਕ ਪਹਿਲਾਂ ਹੀ ਬਾਰਡਰ ਸਟਾਫ ਦੀ ਨਜ਼ਰ ਹੇਠ ਹੋਣ ਕਾਰਨ ਉਸ ਦਾ ਅਮਰੀਕਾ ਵਿਚ ਵੀ ਪਿੱਛਾ ਕੀਤਾ ਜਾ ਰਿਹਾ ਸੀ ਤੇ ਉਥੋਂ ਹੀ ਉਸ ਦੇ ਉਸ ਗੁਪਤ ਟਿਕਾਣਿਆਂ ਦਾ ਪਤਾ ਲਾਇਆ ਗਿਆ ਸੀ।

## ਅਫਗਾਨਿਸਤਾਨ 'ਚ ਤਾਲਿਬਾਨ ਖਿਲਾਫ ਮੁੜ ਮੁਹਿੰਮ

**ਕਾਬੁਲ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਇਸ ਮਹੀਨੇ ਦੇ ਸ਼ੁਰੂ ਵਿਚ ਦਿੱਤੇ ਹੁਕਮਾਂ ਤੋਂ ਬਾਅਦ ਅਫਗਾਨਿਸਤਾਨ ਵਿਚ ਮੌਜੂਦ ਅਮਰੀਕੀ ਸੈਨਾ ਨੇ ਤਾਲਿਬਾਨ ਅਤਿਵਾਦੀਆਂ ਖਿਲਾਫ ਹਮਲੇ ਸ਼ੁਰੂ ਕਰ ਦਿੱਤੇ ਹਨ। 'ਖਾਮਾ ਪ੍ਰੈੱਸ' ਨੇ ਪੈਂਟਾਗਨ ਦੇ ਹਵਾਲੇ ਨਾਲ ਕਿਹਾ ਕਿ ਦੇਸ਼ ਵਿਚ ਅਮਰੀਕੀ ਸੈਨਾ ਨੂੰ ਨਵੀਂ ਵਿਆਪਕ ਮਨਜ਼ੂਰੀ ਮਿਲਣ ਤੋਂ ਬਾਅਦ ਅਫਗਾਨਿਸਤਾਨ ਦੇ ਦੱਖਣੀ ਹਿੱਸਿਆਂ ਵਿਚ ਤਾਜ਼ਾ ਹਵਾਈ ਹਮਲੇ ਕੀਤੇ ਗਏ ਹਨ।

ਪੈਂਟਾਗਨ ਦੇ ਪ੍ਰੈੱਸ ਸਕੱਤਰ ਪੀਟਰ ਕੁੱਕ ਨੇ ਕਿਹਾ ਕਿ ਹਮਲੇ ਇਛੁੱਕ ਟਿਕਾਣਿਆਂ 'ਤੇ ਕੀਤੇ ਗਏ, ਪਰ ਉਨ੍ਹਾਂ ਵਿਸਥਾਰ ਵਿਚ ਦੱਸਣ ਤੋਂ ਇਨਕਾਰ ਕਰ ਦਿੱਤਾ। ਜ਼ਿਕਰਯੋਗ ਹੈ ਕਿ ਓਬਾਮਾ ਨੇ ਤਾਲਿਬਾਨ ਦੀ ਅਗਵਾਈ ਵਾਲੇ ਅਤਿਵਾਦ ਨਾਲ ਮੁਕਾਬਲਾ ਕਰਨ ਵਿਚ ਅਫਗਾਨ ਰਾਸ਼ਟਰੀ ਰੱਖਿਆ ਤੇ ਸੁਰੱਖਿਆ ਬਲਾਂ (ਏ.ਐਨ.ਡੀ.ਐਸ.ਐਫ.) ਦੀ ਸਹਾਇਤਾ ਕਰਨ ਲਈ ਅਮਰੀਕਾ ਦੀ ਵਿਆਪਕ ਭੂਮਿਕਾ ਨੂੰ ਮਨਜ਼ੂਰੀ ਦੇ ਦਿੱਤੀ ਹੈ।

# ਪੰਜਾਬੀ ਪਾੜ੍ਹਿਆਂ ਨੇ ਤਕਨੀਕੀ ਸਿੱਖਿਆ ਤੋਂ ਮੂੰਹ ਮੋੜਿਆ

**ਬਠਿੰਡਾ:** ਤਕਨੀਕੀ ਸਿੱਖਿਆ ਤੋਂ ਐਤਕੀਂ ਪੰਜਾਬ ਵਿਚ ਵਿਦਿਆਰਥੀਆਂ ਨੇ ਮੂੰਹ ਮੋੜ ਲਿਆ ਹੈ। ਪੰਜਾਬ ਦੇ ਬਹੁ-ਤਕਨੀਕੀ ਕਾਲਜਾਂ ਵਿਚ ਦਾਖਲੇ ਲਈ ਸਿਰਫ 18,500 ਵਿਦਿਆਰਥੀਆਂ ਨੇ ਦਿਲਚਸਪੀ ਦਿਖਾਈ ਹੈ ਜਦੋਂਕਿ ਕਾਲਜਾਂ ਵਿਚ ਸੀਟਾਂ ਦੀ ਗਿਣਤੀ ਕਰੀਬ 66 ਹਜ਼ਾਰ ਹੈ। ਪੰਜਾਬ ਸਰਕਾਰ ਨੇ ਤਾਂ ਐਤਕੀਂ ਬਹੁ-ਤਕਨੀਕੀ ਕਾਲਜਾਂ ਲਈ ਦਾਖਲਾ ਪ੍ਰੀਖਿਆ (ਜੇ.ਈ.ਟੀ.) ਵੀ ਸਮਾਪਤ ਕਰ ਦਿੱਤੀ ਸੀ ਅਤੇ ਦਸਵੀਂ ਦੀ ਮੈਰਿਟ ਦੇ ਆਧਾਰ ਉਤੇ ਦਾਖਲਾ ਦੇਣ ਦਾ ਫੈਸਲਾ ਕੀਤਾ ਹੈ। ਇਸ ਦੇ ਬਾਵਜੂਦ 18,500 ਵਿਦਿਆਰਥੀਆਂ ਨੇ ਆਨਲਾਈਨ ਰਜਿਸਟ੍ਰੇਸ਼ਨ ਕੀਤੀ ਹੈ। ਇਨ੍ਹਾਂ ਵਿਦਿਆਰਥੀਆਂ ਤੋਂ ਕਾਲਜ ਚੁਆਇਸ ਲੈਣੀ ਸ਼ੁਰੂ ਕਰ ਦਿੱਤੀ ਗਈ ਹੈ।



ਵੇਰਵਿਆਂ ਅਨੁਸਾਰ ਪੰਜਾਬ ਵਿਚ ਸਰਕਾਰੀ ਅਤੇ ਪ੍ਰਾਈਵੇਟ ਕਰੀਬ 165 ਕਾਲਜ ਹਨ, ਜਿਨ੍ਹਾਂ ਵਿਚ 66 ਹਜ਼ਾਰ ਦੇ ਕਰੀਬ ਸੀਟਾਂ ਹਨ। ਆਨਲਾਈਨ ਰਜਿਸਟ੍ਰੇਸ਼ਨ ਲਈ ਆਖਰੀ ਤਰੀਕ ਪਹਿਲਾਂ 15 ਜੂਨ ਸੀ, ਜਿਸ ਵਿਚ ਦੋ ਵਾਰ ਵਾਧਾ ਕਰਨ ਮਗਰੋਂ 21 ਜੂਨ ਕੀਤਾ ਗਿਆ। ਤਕਨੀਕੀ ਸਿੱਖਿਆ ਅਤੇ ਸਨਅਤੀ ਸਿਖਲਾਈ ਵਿਭਾਗ ਪੰਜਾਬ ਨੇ ਕੁਝ ਸਮਾਂ ਪਹਿਲਾਂ ਪੱਤਰ ਜਾਰੀ ਕਰ ਕੇ ਸਪਸ਼ਟ ਕੀਤਾ ਹੈ ਕਿ ਬਹੁ-ਤਕਨੀਕੀ ਕਾਲਜਾਂ ਦੇ ਸਿਰਫ ਉਨ੍ਹਾਂ ਐਸ.ਸੀ.ਬੀ.ਸੀ ਵਿਦਿਆਰਥੀਆਂ ਨੂੰ ਵਜ਼ੀਫਾ ਦਿੱਤਾ ਜਾਵੇਗਾ, ਜੋ ਆਨਲਾਈਨ ਰਜਿਸਟ੍ਰੇਸ਼ਨ ਕਰਨਗੇ।

ਪਿਛਲੇ ਵਰ੍ਹੇ ਕਾਫੀ ਪ੍ਰਾਈਵੇਟ ਬਹੁ-ਤਕਨੀਕੀ ਕਾਲਜਾਂ ਵਿਚ ਵਜ਼ੀਫਾ ਸਕੈਂਡਲ ਹੋਇਆ ਹੈ। ਪ੍ਰਾਈਵੇਟ ਕਾਲਜਾਂ ਦੀਆਂ ਐਸੋਸੀਏਸ਼ਨਾਂ ਨੇ ਤਕਨੀਕੀ ਸਿੱਖਿਆ ਵਿਭਾਗ ਨਾਲ ਮੀਟਿੰਗਾਂ ਕਰ ਕੇ ਆਪਣੀਆਂ ਮੰਗਾਂ ਰੱਖੀਆਂ ਹਨ ਕਿਉਂਕਿ ਕਈ ਪ੍ਰਾਈਵੇਟ ਕਾਲਜਾਂ 'ਤੇ ਸੰਕਟ ਦੇ ਬੱਦਲ ਛਾ ਗਏ ਹਨ।

ਜਾਣਕਾਰੀ ਅਨੁਸਾਰ ਪਿਛਲੇ ਵਰ੍ਹੇ ਕਾਲਜਾਂ ਵਿਚ ਕਰੀਬ 20 ਹਜ਼ਾਰ ਸੀਟਾਂ ਖਾਲੀ ਰਹਿ ਗਈਆਂ ਸਨ। ਤਕਨੀਕੀ ਸਿੱਖਿਆ ਤੇ ਸਨਅਤੀ ਸਿਖਲਾਈ ਬੋਰਡ ਦੇ ਰਜਿਸਟਰਾਰ ਨਵਨੀਤ ਵਾਲੀਆ ਦਾ ਕਹਿਣਾ ਹੈ ਕਿ ਪਿਛਲੇ ਵਰ੍ਹਿਆਂ ਦੀ ਤਰ੍ਹਾਂ ਐਤਕੀਂ ਵੀ ਦਸਵੀਂ ਵਿਚੋਂ ਰੀਅਪੀਅਰ ਵਾਲੇ ਬੱਚਿਆਂ ਨੂੰ ਵੀ ਦੋ ਕੌਂਸਲਿੰਗਾਂ ਦੇ ਮਗਰੋਂ ਬਹੁਤਕਨੀਕੀ ਕਾਲਜਾਂ ਵਿਚ ਦਾਖਲੇ ਦਾ ਮੌਕਾ ਮਿਲੇਗਾ, ਜਿਸ ਦਾ ਨੋਟੀਫਿਕੇਸ਼ਨ ਕੀਤਾ ਜਾਣਾ ਬਾਕੀ ਹੈ।

ਉਹ ਬੱਚਿਆਂ ਨੂੰ ਤਕਨੀਕੀ ਸਿੱਖਿਆ ਲਈ ਪ੍ਰੇਰ ਰਹੇ ਹਨ। ਉਨ੍ਹਾਂ ਦੱਸਿਆ ਕਿ ਪ੍ਰਾਈਵੇਟ ਕਾਲਜਾਂ ਕੋਲ ਮੈਨੇਜਮੈਂਟ ਕੋਟੇ ਦੀ ਕਰੀਬ 22 ਹਜ਼ਾਰ ਸੀਟ ਹੈ ਅਤੇ ਦੋ ਕੌਂਸਲਿੰਗਾਂ ਮਗਰੋਂ ਪ੍ਰਾਈਵੇਟ ਕਾਲਜ ਇਹ ਸੀਟਾਂ ਭਰ ਸਕਣਗੇ। ਉਨ੍ਹਾਂ ਦੱਸਿਆ ਕਿ ਅਗਸਤ ਦੇ ਪਹਿਲੇ ਹਫਤੇ ਮੁੜ ਪ੍ਰਾਈਵੇਟ ਕਾਲਜਾਂ ਨੂੰ ਆਨਲਾਈਨ ਰਜਿਸਟ੍ਰੇਸ਼ਨ ਵਿਚ ਸ਼ਮੂਲੀਅਤ ਕਰਾਈ ਜਾਵੇਗੀ। ਪ੍ਰਾਈਵੇਟ ਕਾਲਜਾਂ ਦੀਆਂ ਐਸੋਸੀਏਸ਼ਨਾਂ ਦੀ ਮੰਗ ਹੈ ਕਿ ਦਸਵੀਂ ਵਿਚੋਂ ਰੀਅਪੀਅਰ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਦੇਣ ਦਾ ਨੋਟੀਫਿਕੇਸ਼ਨ ਜਲਦੀ ਕੀਤੀ ਜਾਵੇ। ਪ੍ਰਾਈਵੇਟ ਕਾਲਜਾਂ ਨੂੰ ਐਤਕੀਂ ਸੀਟਾਂ ਖਾਲੀ ਰਹਿਣ ਦਾ ਡਰ ਬਣਿਆ ਹੋਇਆ ਹੈ।

# ਭਾਜਪਾ ਤੇ ਸ਼ਿਵ ਸੈਨਾ ਵਿਚਾਲੇ ਤਕਰਾਰ ਵਧਿਆ

**ਨਵੀਂ ਦਿੱਲੀ:** ਭਾਜਪਾ ਤੇ ਸ਼ਿਵ ਸੈਨਾ ਵਿਚ ਤਕਰਾਰ ਲਗਾਤਾਰ ਵਧਦਾ ਜਾ ਰਿਹਾ ਹੈ। ਸ਼ਿਵ ਸੈਨਾ ਆਪਣੇ ਮੈਗਜ਼ੀਨ 'ਸਾਮਨਾ' ਰਾਹੀਂ ਲਗਾਤਾਰ ਭਾਜਪਾ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਤੇ ਨਿਸ਼ਾਨਾ ਲਾਉਂਦੀ ਰਹੀ ਹੈ, ਪਰ ਇਸ ਵਾਰ ਭਾਜਪਾ ਨੇ ਜ਼ੋਰਦਾਰ ਜਵਾਬ ਦਿੱਤਾ ਹੈ। ਭਾਜਪਾ ਨੇ ਤਾਂ ਸ਼ਿਵ ਸੈਨਾ ਨੂੰ ਤਲਾਕ ਤੱਕ ਦੀ ਚਿਤਾਵਨੀ ਦੇ ਦਿੱਤੀ ਹੈ। ਮੈਗਜ਼ੀਨ ਵਿਚ ਛਪੇ ਲੇਖ ਵਿਚ ਇਕ ਭਾਜਪਾ ਲੀਡਰ ਨੇ ਊਧਵ ਠਾਕਰੇ ਦੀ ਪਾਰਟੀ ਨੂੰ ਤਲਾਕ ਦੇਣ ਦੀ ਚੁਣੌਤੀ ਦਿੱਤੀ ਹੈ।

ਭਾਜਪਾ ਮਹਾਰਾਸ਼ਟਰ ਇਕਾਈ ਦੇ ਮੈਗਜ਼ੀਨ 'ਮਨੋਗਤ' ਵਿਚ ਪਾਰਟੀ ਦੇ ਮਹਾਰਾਸ਼ਟਰ ਦੇ ਬੁਲਾਰੇ ਮਾਧਵ ਭੰਡਾਰੀ ਨੇ ਲੇਖ ਲਿਖਿਆ ਹੈ। ਉਨ੍ਹਾਂ 'ਤੁਸੀਂ ਤਲਾਕ ਕਦੋਂ ਲੈ ਰਹੇ ਹੋ, ਸ੍ਰੀਮਾਨ ਰਾਓਤ' ਨਾਮੀ ਸਿਰਲੇਖ ਨਾਲ ਇਕ ਲੇਖ ਲਿਖਿਆ ਹੈ। ਇਸ ਲੇਖ ਵਿਚ ਸ਼ਿਵ ਸੈਨਾ ਨੂੰ ਅਲੱਗ ਹੋਣ ਦੀ ਚੁਣੌਤੀ ਦਿੱਤੀ ਗਈ ਹੈ। ਇਸ ਦੇ ਨਾਲ ਹੀ ਸ਼ਿਵ ਸੈਨਾ ਨੂੰ 'ਸ਼ੋਲੇ' ਫਿਲਮ ਵਿਚ ਜੇਲ੍ਹਰ ਦਾ ਮਸ਼ਹੂਰ ਕਿਰਦਾਰ ਨਿਭਾਉਣ ਵਾਲੇ ਅਸਰਾਨੀ ਦਾ ਸੀਨ ਵੀ ਯਾਦ ਕਰਾਇਆ ਹੈ। ਊਧਵ ਠਾਕਰੇ ਦਾ ਨਾਮ ਨਾ ਲੈਂਦਿਆਂ ਕਿਹਾ ਕਿ ਪਾਰਟੀ ਮੁਖੀ ਨੂੰ ਡਰ ਹੈ ਕਿ ਕਿਤੇ ਤਲਾਕ ਦਾ ਫੈਸਲਾ ਲਿਆ ਤਾਂ ਉਨ੍ਹਾਂ ਦੇ ਪਿੱਛੇ ਕੋਈ ਵਿਧਾਇਕ ਨਹੀਂ ਰਹੇਗਾ।

### ਆਰ.ਐਸ.ਐਸ. ਦੇ ਮੁਸਲਮਾਨਾਂ ਉਤੇ ਡੋਰੇ

**ਨਵੀਂ ਦਿੱਲੀ:** ਰਾਸ਼ਟਰੀ ਸਵੈ ਸੇਵਕ ਸੰਘ (ਆਰ.ਐਸ.ਐਸ.) ਨੂੰ ਮੁਸਲਮਾਨਾਂ ਦਾ ਹੇਜ ਜਾਗਿਆ ਹੈ। ਆਪਣੇ 'ਮੁਸਲਿਮ ਵਿਰੋਧੀ' ਅਕਸ ਨੂੰ ਸੁਧਾਰਨ ਲਈ ਆਰ.ਐਸ.ਐਸ. ਦੋ ਜੁਲਾਈ ਨੂੰ ਇਫਤਾਰ ਦੀ ਦਾਅਵਤ ਦੇਣ ਜਾ ਰਹੀ ਹੈ। ਇਸ ਦਾਅਵਤ ਵਿਚ ਪਾਕਿਸਤਾਨ ਸਣੇ ਕਈ ਮੁਸਲਿਮ ਦੇਸ਼ਾਂ ਦੇ ਰਾਜਦੂਤਾਂ ਨੂੰ ਸੱਦਿਆ ਗਿਆ ਹੈ। ਆਰ.ਐਸ.ਐਸ. ਦਾ ਸਹਿਯੋਗੀ ਸੰਗਠਨ ਮੁਸਲਿਮ ਰਾਸ਼ਟਰੀ ਮੰਚ ਇਸ ਇਫਤਾਰ ਪਾਰਟੀ ਕਰੇਗਾ। ਮੁਸਲਿਮ ਰਾਸ਼ਟਰੀ ਮੰਚ ਹਾਲਾਂਕਿ ਪਹਿਲਾਂ ਵੀ ਇਫਤਾਰ ਪਾਰਟੀ ਦਿੰਦਾ ਰਿਹਾ ਹੈ, ਪਰ ਇਸ ਵਾਰ ਇਹ ਪਾਰਟੀ ਵੱਡੇ ਪੱਧਰ ਉਤੇ ਦਿੱਤੀ ਜਾ ਰਹੀ ਹੈ। ਇਸ ਨੇ ਆਪਣੇ ਮੈਂਬਰਾਂ ਨੂੰ ਦੇਸ਼ ਭਰ ਵਿਚ ਛੋਟੀਆਂ-ਛੋਟੀਆਂ ਇਫਤਾਰ ਪਾਰਟੀਆਂ ਦੇਣ ਲਈ ਕਿਹਾ ਹੈ। ਇਨ੍ਹਾਂ ਪਾਰਟੀਆਂ ਵਿਚ ਸਾਰੇ ਭਾਈਚਾਰਿਆਂ ਦੇ ਲੋਕਾਂ ਨੂੰ ਸ਼ਾਮਲ ਕਰਨ ਲਈ ਕਿਹਾ ਗਿਆ ਹੈ। ਆਰ.ਐਸ.ਐਸ. ਦੇ ਲੀਡਰ ਇੰਦਰੇਸ਼ ਕੁਮਾਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਟੀਚਾ ਦੁਨੀਆਂ ਭਰ ਨੂੰ ਭਾਰਤੀਅਤਾ ਦਾ ਸੰਦੇਸ਼ ਦੇਣਾ ਹੈ। ਸਾਰੇ ਭਾਈਚਾਰਿਆਂ ਦੇ ਲੋਕਾਂ ਨੂੰ ਆਪਸ ਵਿਚ ਪਿਆਰ ਨਾਲ ਰਹਿਣਾ ਦਾ ਸੁਨੇਹਾ ਦੇਣਾ ਹੈ। ਉਨ੍ਹਾਂ ਕਿਹਾ ਕਿ ਦੁਨੀਆਂ ਭਰ ਦੇ ਮੁਸਲਮਾਨਾਂ ਲਈ ਭਾਰਤ ਉਮੀਦ ਦੀ ਕਿਰਨ ਹੈ।

# ਪਾਕਿਸਤਾਨ 'ਚ ਸੂਫੀ ਕੱਵਾਲ ਅਮਜਦ ਸਾਬਰੀ ਦੀ ਹੱਤਿਆ

**ਕਰਾਚੀ:** ਤਾਲਿਬਾਨ ਨੇ ਪਾਕਿਸਤਾਨ ਦੇ ਕਰਾਚੀ ਸ਼ਹਿਰ ਵਿਚ ਉਘੇ ਸੂਫੀ ਕੱਵਾਲੀ ਗਾਇਕ ਅਮਜਦ ਸਾਬਰੀ ਦੀ ਅਣਪਛਾਤੇ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਹਮਲੇ ਵਿਚ ਸਾਬਰੀ ਦੇ ਇਕ ਸਹਿਯੋਗੀ ਦੀ ਵੀ ਮੌਤ ਹੋ ਗਈ। ਦੋ ਅਣਪਛਾਤੇ ਮੋਟਰਸਾਈਕਲ ਬੰਦੂਕਧਾਰੀਆਂ ਨੇ ਲਿਆਕਤਾਬਾਦ 10 ਇਲਾਕੇ ਵਿਚ ਅਮਜਦ ਸਾਬਰੀ ਦੀ ਕਾਰ ਉਤੇ ਹਮਲਾ ਕੀਤਾ ਜਿਸ ਵਿਚ ਉਹ ਤੇ ਉਨ੍ਹਾਂ ਦੇ ਸਹਿਯੋਗੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ।



ਦੋਹਾਂ ਨੂੰ ਅੱਬਾਸੀ ਸ਼ਾਹੀਦ ਹਸਪਤਾਲ ਲਿਜਾਇਆ ਗਿਆ, ਜਿਥੇ ਉਨ੍ਹਾਂ ਨੇ ਦਮ ਤੋੜ ਦਿੱਤਾ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਹਮਲਾਵਰਾਂ ਨੇ 30-ਬੋਰ ਦੇ ਪਿਸਤੌਲਾਂ ਨਾਲ 45 ਸਾਲਾ ਅਮਜਦ ਸਾਬਰੀ ਦੇ ਪੰਜ ਗੋਲੀਆਂ ਮਾਰੀਆਂ, ਜੋ ਸਾਬਰੀ ਦੀ ਛਾਤੀ, ਸਿਰ ਅਤੇ ਕੰਨ 'ਤੇ ਲੱਗੀਆਂ। ਸਿਰ ਵਿਚ ਲੱਗੀ ਗੋਲੀ ਨਾਲ ਸਾਬਰੀ ਦੀ ਮੌਤ ਹੋਈ। ਦੱਸਣਯੋਗ ਹੈ ਕਿ ਅਮਜਦ ਸਾਬਰੀ ਪਾਕਿਸਤਾਨ ਦੇ ਉਘੇ ਕੱਵਾਲ ਗੁਲਾਮ ਫਰੀਦ ਸਾਬਰੀ ਦਾ ਬੇਟਾ ਸੀ, ਜਿਨ੍ਹਾਂ ਦੇ ਪਰਿਵਾਰ ਦਾ ਸੂਫੀ ਸੰਗੀਤ ਅਤੇ ਰਹੱਸਵਾਦੀ ਕਵਿਤਾ ਵਿਚ ਕਾਫੀ ਵੱਡਾ ਯੋਗਦਾਨ ਹੈ। ਅਮਜਦ ਪਾਕਿਸਤਾਨ ਦੇ ਬਿਹਤਰੀਨ ਕੱਵਾਲਾਂ ਵਿਚੋਂ ਇਕ ਸੀ, ਜੋ ਵੀ ਸਾਬਰੀ ਭਰਾ ਗਾਉਂਦੇ ਸੀ, ਉਹ ਤੁਰਤ ਸੁਪਰਹਿੱਟ ਹੋ ਜਾਂਦਾ ਸੀ। ਉਨ੍ਹਾਂ ਦੀਆਂ ਕੁਝ ਮਸ਼ਹੂਰ ਕੱਵਾਲੀਆਂ ਵਿਚ 'ਭਰ ਦੋ ਝੋਲੀ ਮੇਰੀ', 'ਤਾਜਦਾਰ-ਏ-ਹਰਮ' ਅਤੇ 'ਮੇਰਾ ਕੋਈ ਨਹੀਂ ਹੈ ਤੇਰੇ ਸਿਵਾ' ਹਨ। ਵਿਰੋਧੀ ਪਾਰਟੀਆਂ ਨੇ ਵੀ ਅਮਜਦ ਸਾਬਰੀ ਦੀ ਹੱਤਿਆ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ।

# ਭਾਰਤੀ ਸਿਆਸਤਦਾਨਾਂ ਨੇ ਹਿਲੇਰੀ ਨੂੰ ਦਿੱਤੇ ਫੰਡ: ਟਰੰਪ

**ਵਾਸ਼ਿੰਗਟਨ:** ਡੈਮੋਕਰੈਟਿਕ ਰਾਜਸੀ ਵਿਰੋਧੀ ਹਿਲੇਰੀ ਕਲਿੰਟਨ ਉਤੇ ਉਨ੍ਹਾਂ ਦੇ ਪਰਿਵਾਰਕ ਫਾਊਂਡੇਸ਼ਨ ਨੂੰ ਦਾਨ ਦੇਣ ਨੂੰ ਲੈ ਕੇ ਹਮਲਾ ਕਰਦਿਆਂ ਰਿਪਬਲੀਕਨ ਦੇ ਰਾਸ਼ਟਰਪਤੀ ਅਹੁਦੇ ਲਈ ਸੰਭਾਵੀ ਉਮੀਦਵਾਰ ਡੋਨਲਡ ਟਰੰਪ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਭਾਰਤ-ਅਮਰੀਕਾ ਗੈਰ ਫੌਜੀ ਪਰਮਾਣੂ ਸਮਝੌਤੇ ਦੇ ਪੱਖ ਵਿਚ ਵੋਟ ਪਾਉਣ ਲਈ ਭਾਰਤੀ ਸਿਆਸਤਦਾਨਾਂ ਅਤੇ ਸੰਸਥਾਵਾਂ ਤੋਂ ਫੰਡ ਮਿਲਿਆ ਸੀ।




35 ਸਫਿਆਂ ਦੇ ਇਕ ਕਿਤਾਬਚੇ ਦੇ ਰੂਪ ਵਿਚ ਜਾਰੀ ਟਰੰਪ ਦੀ ਚੋਣ ਮੁਹਿੰਮ ਵਿਚ ਲਾਏ ਗਏ ਦੋਸ਼ ਨਵੇਂ ਨਹੀਂ ਹਨ ਅਤੇ ਪਿਛਲੇ ਕਈ ਸਾਲਾਂ ਤੋਂ ਜਨਤਾ ਨੂੰ ਇਨ੍ਹਾਂ ਬਾਰੇ ਪਤਾ ਹੈ। ਡੈਮੋਕਰੈਟਿਕ ਦੀ ਰਾਸ਼ਟਰਪਤੀ ਅਹੁਦੇ ਲਈ ਸੰਭਾਵੀ ਉਮੀਦਵਾਰ ਹਿਲੇਰੀ ਕਲਿੰਟਨ ਬੀਤੇ ਸਮੇਂ ਦੌਰਾਨ ਇਨ੍ਹਾਂ ਦੋਸ਼ਾਂ ਨੂੰ ਕਈ ਵਾਰ ਰੱਦ ਕਰ ਚੁੱਕੀ ਹੈ।

ਨਿਊ ਯਾਰਕ ਟਾਈਮਜ਼ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਟਰੰਪ ਦੀ ਮੁਹਿੰਮ ਵਿਚ ਦੋਸ਼ ਲਾਇਆ ਕਿ 2008 ਦੇ ਸ਼ੁਰੂ ਵਿਚ ਭਾਰਤੀ ਸਿਆਸਤਦਾਨ ਅਮਰ ਸਿੰਘ ਨੇ ਕਲਿੰਟਨ ਫਾਊਂਡੇਸ਼ਨ ਨੂੰ 1,000,001 ਤੋਂ ਲੈ ਕੇ 5,000,000 ਅਮਰੀਕੀ ਡਾਲਰ ਦਾਨ ਦਿੱਤਾ ਸੀ। ਅਮਰ ਸਿੰਘ ਨੇ ਭਾਰਤ ਲਈ ਗੈਰ-ਫੌਜੀ ਪਰਮਾਣੂ ਤਕਨੀਕ ਹਾਸਲ ਕਰਨ ਵਾਸਤੇ ਲਾਬਿੰਗ ਕਰਨ ਲਈ ਸਤੰਬਰ 2008 ਵਿਚ ਅਮਰੀਕਾ ਦਾ ਦੌਰਾ ਕੀਤਾ ਸੀ ਅਤੇ ਉਸ ਸਮੇਂ ਦੀ ਸੈਨੇਟਰ ਕਲਿੰਟਨ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਉਨ੍ਹਾਂ ਦੇ ਡੈਮੋਕਰੈਟਸ ਸਮਝੌਤੇ ਨੂੰ ਨਹੀਂ ਰੋਕਣਗੇ। ਇਸ ਦਾ ਕਹਿਣਾ ਕਿ 2008 ਵਿਚ ਭਾਰਤੀ ਉਦਯੋਗ ਸੰਘ (ਸੀ. ਆਈ.ਆਈ.) ਨੇ ਕਲਿੰਟਨ ਫਾਊਂਡੇਸ਼ਨ ਨੂੰ ਪੰਜ ਤੋਂ ਦਸ ਲੱਖ ਡਾਲਰ ਦਿੱਤੇ ਸਨ। ਉਸ ਨੇ ਇਹ ਵੀ ਦੋਸ਼ ਲਾਇਆ ਕਿ ਭਾਰਤੀ-ਅਮਰੀਕੀ ਰਾਜ ਫਰਨਾਡੋ ਨੂੰ ਹਿਲੇਰੀ ਕਲਿੰਟਨ ਦੀ ਸ਼ਹਿ ਉਤੇ ਵਿਦੇਸ਼ ਵਿਭਾਗ ਦੀ ਅੰਤਰਰਾਸ਼ਟਰੀ ਸੁਰੱਖਿਆ ਸਲਾਹਕਾਰ ਬੋਰਡ ਲਈ ਨਿਯੁਕਤੀ ਕੀਤੀ ਗਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਫਰਨਾਡੋ ਨੇ ਕਲਿੰਟਨ ਫਾਊਂਡੇਸ਼ਨ ਨੂੰ 10 ਲੱਖ ਤੋਂ 50 ਲੱਖ ਡਾਲਰ ਦਾਨ ਦਿੱਤਾ ਸੀ।

ਟਰੰਪ ਨੇ ਦੋਸ਼ ਲਾਇਆ ਕਿ ਕਲਿੰਟਨ ਦੀ ਵਿਦੇਸ਼ ਨੀਤੀ ਕਾਰਨ ਅਮਰੀਕਾ ਨੂੰ ਹਜ਼ਾਰਾਂ ਜਾਨਾਂ ਗੁਆਉਣੀ ਪਈਆਂ ਅਤੇ ਅਰਬਾਂ ਡਾਲਰ ਦਾ ਨੁਕਸ ਹੋਇਆ ਅਤੇ ਇਸਲਾਮਿਕ ਸਟੇਟ ਨੂੰ ਵਿਸ਼ਵ ਭਰ ਵਿਚ ਬੇਰੋਕ ਆਪਣੇ ਖੰਭ ਖਿਲਾਰਨ ਦੀ ਇਜਾਜ਼ਤ ਦਿੱਤੀ।

# ਗੁੱਸੇ ਨੂੰ ਬੇਕਾਬੂ ਕਰ ਦਿੰਦਾ ਹੈ ਗਰਮ ਮੌਸਮ

**ਵਾਸ਼ਿੰਗਟਨ:** ਗਰਮ ਵਾਤਾਵਰਨ ਤੇ ਮੌਸਮੀ ਤਾਪਮਾਨ ਵਿਚ ਘੱਟ ਤਬਦੀਲੀ ਜੀਵਨ ਜਾਚ ਨੂੰ ਤੇਜ਼ ਕਰਨ ਦੇ ਨਾਲ ਭਵਿੱਖ ਉਤੇ ਘੱਟ ਧਿਆਨ ਕੇਂਦਰਤ ਹੋਣ ਅਤੇ ਖੁਦ ਉਤੇ ਘੱਟ ਕਾਬੂ ਪਾਉਣ ਵਾਲੇ ਕਾਰਕ ਲਈ ਜ਼ਿੰਮੇਵਾਰ ਹੈ। ਇਹ



ਖੁਲਾਸਾ ਇਕ ਨਵੇਂ ਸਰਵੇਖਣ ਵਿਚ ਹੋਇਆ। ਇਹ ਸਰਵੇਖਣ ਵਿਸ਼ਵ ਦੀਆਂ ਹੋਰ ਥਾਵਾਂ ਨਾਲੋਂ ਭੂ ਮੱਧ ਰੇਖਾ ਨੇੜੇ ਹਿੰਸਕ ਜੁਰਮਾਂ ਦੀ ਦਰ ਵੱਧ ਹੋਣ ਦਾ ਪਤਾ ਲਾਉਣ ਲਈ ਕੀਤਾ ਗਿਆ।

ਖੋਜਾਰਥੀਆਂ ਨੇ ਇਕ ਨਵਾਂ ਮਾਡਲ ਵਿਕਸਤ ਕੀਤਾ, ਜੋ ਗਰਮ ਵਾਤਾਵਰਨ ਨੂੰ ਜ਼ਿਆਦਾ ਗੁੱਸੇਖੋਰੇ ਵਿਹਾਰ ਨਾਲ ਜੋੜਨ ਦੀ ਆਮ ਧਾਰਨਾ ਤੋਂ ਸੋਚ ਨੂੰ ਅਗਾਂਹ ਲੈ ਕੇ ਜਾਂਦਾ ਹੈ। ਅਮਰੀਕਾ ਦੀ ਓਹਾਇਓ ਯੂਨੀਵਰਸਿਟੀ ਦੇ ਬ੍ਰੈਡ ਬੁਸ਼ਮੈਨ ਨੇ ਕਿਹਾ ਕਿ ਵਾਤਾਵਰਨ ਤੁਹਾਡੇ ਤੰਤੂਆਂ ਨੂੰ ਅਜਿਹੇ ਤਰੀਕਿਆਂ ਨਾਲ ਪ੍ਰਭਾਵਿਤ ਕਰਦਾ ਹੈ, ਜਿਸ ਬਾਰੇ ਤੁਸੀਂ ਰੋਜ਼ਾਨਾ ਜੀਵਨ ਵਿਚ ਸੋਚ ਵੀ ਨਹੀਂ ਸਕਦੇ। ਵ੍ਰਿਜੇ ਯੂਨੀਵਰਸਿਟੀ ਐਮਸਟਰਡਮ ਦੇ ਪੋਲ ਵਾਨ ਲਾਂਗੇ ਨੇ ਕਿਹਾ ਕਿ ਸਾਡਾ ਮੰਨਣਾ ਹੈ ਕਿ ਇਹ ਮਾਡਲ ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਵਿਚ ਹਿੰਸਾ ਦੀ ਦਰ ਉਤੇ ਵਾਤਾਵਰਨ ਦੇ ਪ੍ਰਭਾਵ ਦੀ ਗੁੰਝਲ ਖੋਲ੍ਹਣ ਵਿਚ ਮਦਦ ਕਰੇਗਾ। ਖੋਜਾਰਥੀਆਂ ਨੇ ਇਸ ਨਵੇਂ ਮਾਡਲ ਨੂੰ 'ਕਲਾਈਮੇਟ ਅਗਰੈਸ਼ਨ ਐਂਡ ਸੈਲਫ ਕੰਟਰੋਲ ਇਨ ਹਿਊਮਨਜ਼' (ਕਲੈਸ਼) ਦਾ ਨਾਂ ਦਿੱਤਾ ਹੈ। ਖੋਜਾਰਥੀਆਂ ਨੇ ਕਿਹਾ ਕਿ ਕਈ ਸਰਵੇਖਣਾਂ ਵਿਚ ਦਰਸਾਇਆ ਗਿਆ ਕਿ ਹਿੰਸਾ ਤੇ ਗੁੱਸੇ ਦਾ ਪੱਧਰ ਗਰਮ ਵਾਤਾਵਰਨ ਵਿਚ ਜ਼ਿਆਦਾ ਹੁੰਦਾ ਹੈ। ਬੁਸ਼ਮੈਨ ਨੇ ਕਿਹਾ ਕਿ ਇਸ ਬਾਰੇ ਪੇਸ਼ ਦੋ ਵਿਆਖਿਆਵਾਂ ਵਿਚ ਦਿੱਤਾ ਕਾਰਨ ਤਸੱਲੀਬਖਸ਼ ਨਹੀਂ ਹੈ। ਗੁੱਸੇ ਬਾਰੇ ਆਮ ਧਾਰਨਾ ਮੁਤਾਬਕ ਗਰਮ ਵਾਤਾਵਰਨ ਵਿਚ ਲੋਕ ਬੇਆਰਾਮੀ ਅਤੇ ਖਿਝ ਮਹਿਸੂਸ ਕਰਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਹੋਰ ਗੁੱਸਾ ਆ ਜਾਂਦਾ ਹੈ ਪਰ ਇਹ ਧਾਰਨਾ ਇਸ ਗੱਲ ਦੀ ਵਿਆਖਿਆ ਨਹੀਂ ਕਰਦੀ ਕਿ ਇਸ ਗੁੱਸੇ ਵਿਚੋਂ ਕਤਲ ਵਰਗਾ ਕਾਰਾ ਕਿਵੇਂ ਨਿਕਲਦਾ ਹੈ।


# ਮੁਤਵਾਜ਼ੀ ਜਥੇਦਾਰਾਂ ਨੇ ਹਰਿਆਣਾ 'ਚ ਦਫਤਰ ਖੋਲ੍ਹਿਆ

**ਬਠਿੰਡਾ:** ਪੰਜਾਬ ਪੁਲਿਸ ਦੀ ਸਖਤੀ ਮਗਰੋਂ ਮੁਤਵਾਜ਼ੀ ਜਥੇਦਾਰਾਂ ਨੂੰ ਦੂਜੇ ਸਰਬੱਤ ਖਾਲਸਾ ਦਾ ਆਰਜ਼ੀ ਦਫਤਰ (ਕੰਟਰੋਲ ਰੂਮ) ਹਰਿਆਣਾ ਵਿਚ ਖੋਲ੍ਹਣਾ ਪਿਆ। ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਨੇ ਤਲਵੰਡੀ ਸਾਬੋ ਵਿਚ ਇਹ ਕੰਟਰੋਲ ਰੂਮ ਖੋਲ੍ਹਣਾ ਸੀ। ਮੁਤਵਾਜ਼ੀ ਜਥੇਦਾਰਾਂ ਨੇ ਹੁਣ ਤਖਤ ਦਮਦਮਾ ਸਾਹਿਬ ਤੋਂ 18 ਕਿਲੋਮੀਟਰ ਦੂਰ ਹਰਿਆਣਾ ਦੇ ਪਿੰਡ ਦਾਦੂ ਦੇ ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ ਸਾਹਿਬ 'ਚ ਆਰਜ਼ੀ ਦਫਤਰ ਖੋਲ੍ਹਿਆ ਹੈ।

ਦੱਸਣਯੋਗ ਹੈ ਕਿ ਮੁਤਵਾਜ਼ੀ ਜਥੇਦਾਰਾਂ ਵੱਲੋਂ ਤਲਵੰਡੀ ਸਾਬੋ ਵਿਚ 10 ਨਵੰਬਰ ਨੂੰ ਦੂਜਾ ਸਰਬੱਤ ਖਾਲਸਾ ਸੱਦਣ ਦਾ ਐਲਾਨ ਕੀਤਾ ਹੋਇਆ ਹੈ, ਜਿਸ ਦੇ ਤਾਲਮੇਲ ਲਈ ਤਲਵੰਡੀ ਸਾਬੋ ਦੇ ਗੁਰਦੁਆਰਾ ਗੁਰ ਪ੍ਰਕਾਸ਼ ਗੁਰਮਤਿ ਟਕਸਾਲ ਵਿਚ ਕੰਟਰੋਲ ਰੂਮ ਬਣਾਇਆ ਜਾਣਾ ਸੀ। ਪੁਲਿਸ ਦੀ ਸਖਤੀ ਦੇ ਬਾਵਜੂਦ ਜਥੇਦਾਰ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ, ਯੂਨਾਈਟਿਡ ਅਕਾਲੀ ਦਲ ਦੇ ਭਾਈ ਮੋਹਕਮ ਸਿੰਘ, ਵੱਸਣ ਸਿੰਘ ਜ਼ਫਰਵਾਲ ਪਿੰਡ ਦਾਦੂ ਪੁੱਜਣ 'ਚ ਕਾਮਯਾਬ ਰਹੇ। ਮੁਤਵਾਜ਼ੀ ਜਥੇਦਾਰ ਦਾਦੂਵਾਲ ਨੇ ਕਿਹਾ ਕਿ ਪੁਲਿਸ ਨੇ ਦਹਿਸ਼ਤ ਪੈਦਾ ਕਰ ਕੇ ਇਕ ਧਾਰਮਿਕ ਦਫਤਰ ਵੀ ਨਹੀਂ ਖੋਲ੍ਹਣ ਦਿੱਤਾ, ਜੋ ਧਾਰਮਿਕ ਮਾਮਲਿਆਂ 'ਚ ਸਿੱਧੀ ਦਖਲਅੰਦਾਜ਼ੀ ਹੈ।

# ਡਿਗਰੀਆਂ ਲਈ ਬੈਠੀ ਬੇਰੁਜ਼ਗਾਰ ਜਵਾਨੀ ਦੀ ਬੇਚੈਨੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇੱਕ ਰਾਏ ਸ਼ੁਮਾਰੀ ਯੂਨਾਈਟਿਡ ਕਿੰਗਡਮ ਨਾਂ ਦੇ ਉਸ ਦੇਸ਼ ਵਿਚ ਹੋਈ ਹੈ, ਜਿਸ ਨੂੰ ਅਸੀਂ ਲੋਕ ਬਹੁਤਾ ਕਰ ਕੇ ਵਲੈਤ ਜਾਂ ਵੱਧ ਤੋਂ ਵੱਧ ਇੰਗਲੈਂਡ ਕਹਿ ਛੱਡਦੇ ਹਾਂ। ਅਸਲ ਵਿਚ ਪੂਰਾ ਦੇਸ਼ ਹੁੰਦੇ ਹੋਏ ਵੀ ਇੰਗਲੈਂਡ ਕੋਈ ਆਜ਼ਾਦ ਦੇਸ਼ ਨਹੀਂ, ਇਹ ਗਰੇਟ ਬ੍ਰਿਟੇਨ ਦੇ ਤਿੰਨ ਰਾਜਾਂ ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼ ਵਿਚੋਂ ਇਕ ਹੈ ਅਤੇ ਜਦੋਂ ਇਨ੍ਹਾਂ ਨਾਲ ਉਤਰੀ ਆਇਰਲੈਂਡ ਜੋੜਿਆ ਜਾਂਦਾ ਹੈ ਤਾਂ ਯੂਨਾਈਟਿਡ ਕਿੰਗਡਮ ਬਣਦਾ ਹੈ, ਜਿਸ ਦੇ ਲਈ 'ਯੂ ਕੇ' ਵਾਲਾ ਨਾਂ ਵਰਤਿਆ ਜਾਂਦਾ ਹੈ। ਹੁਣ ਕਰਵਾਈ ਗਈ ਰਾਇਸ਼ੁਮਾਰੀ ਇਕੱਲੇ ਇੰਗਲੈਂਡ ਜਾਂ ਬ੍ਰਿਟੇਨ ਦੇ ਲੋਕਾਂ ਦੀ ਨਹੀਂ, ਸਮੁੱਚੇ ਯੂਨਾਈਟਿਡ ਕਿੰਗਡਮ (ਯੂ ਕੇ) ਦੇ ਲੋਕਾਂ ਦੀ ਰਾਏ ਜਾਣਨ ਵਾਸਤੇ ਸੀ, ਜਿਸ ਵਿਚ ਯੂਰਪੀ ਯੂਨੀਅਨ ਦੇ ਦੇਸ਼ਾਂ ਦੇ ਨਾਲ ਰਹਿਣ ਜਾਂ ਨਾ ਰਹਿਣ ਬਾਰੇ ਲੋਕਾਂ ਤੋਂ ਸਵਾਲ ਪੁੱਛਿਆ ਗਿਆ ਸੀ। ਨਤੀਜਾ ਯੂਰਪੀ ਯੂਨੀਅਨ ਨਾਲ ਸਾਂਝ ਦੇ ਖਿਲਾਫ ਆਇਆ ਹੈ। ਉਸ ਦੇਸ਼ ਦੇ ਲੋਕਾਂ ਦਾ ਫਤਵਾ ਸਾਡੇ ਲਈ ਵੀ ਕਈ ਸਬਕ ਪੜ੍ਹਾਉਣ ਵਾਲਾ ਹੋ ਸਕਦਾ ਹੈ।

ਭਾਰਤ ਦੇ ਨਿਊਜ਼ ਚੈਨਲਾਂ ਵਿਚ ਹੁੰਦੀਆਂ ਬੇਹੂਦਾ ਬਹਿਸਾਂ ਦੌਰਾਨ ਇਸ ਹਫਤੇ ਫਿਰ ਇੱਕ ਵਾਰ ਬੜੀ ਬੇਹੂਦਾ ਦਲੀਲ ਪੇਸ਼ ਹੋਈ ਹੈ। ਕੇਂਦਰ ਵਿਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦਾ ਇੱਕ ਬੁਲਾਰਾ ਪਿਛਲੇ ਸਾਲ ਬਹਿਸ ਵਿਚ ਜਦੋਂ ਬੁਰੀ ਤਰ੍ਹਾਂ ਘਿਰ ਗਿਆ ਤਾਂ ਇਹੋ ਕਹਿੰਦਾ ਸੀ ਕਿ ਜੋ ਕਹਿਣਾ ਤੇ ਕਰਨਾ ਹੈ, ਕਰ ਲਵੋ, ਸਾਡੇ ਕੋਲ ਲੋਕ ਸਭਾ ਵਿਚ 282 ਮੈਂਬਰਾਂ ਦੀ ਬਹੁ-ਸੰਮਤੀ ਹੈ। ਇਸ ਵਾਰੀ ਇਹੋ ਗੱਲ ਉਸ ਨੇ ਫਿਰ ਕਹੀ ਹੈ। ਕੇਂਦਰ ਦਾ ਰਾਜ ਚਲਾਉਣ ਲਈ ਲੋੜੀਂਦੇ 272 ਲੋਕ ਸਭਾ ਮੈਂਬਰਾਂ ਨਾਲੋਂ ਉਸ ਦੀ ਪਾਰਟੀ ਦੇ ਆਪਣੇ ਕੋਲ ਦਸ ਮੈਂਬਰ ਵੱਧ ਹਨ ਤੇ ਭਾਈਵਾਲਾਂ ਨੂੰ ਮਿਲਾ ਕੇ ਬਿਨਾਂ ਸ਼ੱਕ ਚੋਖੇ ਹੋ ਜਾਣਗੇ, ਪਰ ਯੂ ਕੇ ਦੇ ਲੋਕਾਂ ਦੀ ਰਾਏ ਸ਼ੁਮਾਰੀ ਦਾ ਨਤੀਜਾ ਇਹੋ ਜਿਹੇ ਬੜਬੋਲੇ ਆਗੂਆਂ ਨੂੰ ਸ਼ੀਸ਼ਾ ਵਿਖਾ ਸਕਦਾ ਹੈ। ਉਨ੍ਹਾਂ ਨੂੰ ਸਮਝਣ ਦੀ ਲੋੜ ਹੈ ਕਿ ਮਹੱਤਵ ਸੰਸਦ ਦੇ ਅੰਦਰ ਇੱਕ ਵਾਰ ਆ ਗਈ ਬਹੁ-ਗਿਣਤੀ ਦਾ ਨਹੀਂ, ਇਸ ਦੇ ਬਾਅਦ ਵੀ ਆਮ ਲੋਕਾਂ ਦਾ ਰਹਿੰਦਾ ਹੈ।

ਅਸੀਂ ਯੂ ਕੇ ਦੇ ਲੋਕਾਂ ਦੇ ਫਤਵੇ ਦੇ ਠੀਕ ਜਾਂ ਗਲਤ ਹੋਣ ਉਤੇ ਕੋਈ ਟਿੱਪਣੀ ਨਹੀਂ ਕਰ ਸਕਦੇ, ਇਹ ਉਨ੍ਹਾਂ ਦਾ ਹੱਕ ਹੈ, ਪਰ ਇਸ ਹਕੀਕਤ ਦਾ ਜ਼ਿਕਰ ਭਾਜਪਾ ਦੇ ਉਸ ਆਗੂ ਦੀ ਸੇਵਾ ਵਿਚ ਕਰਨਾ ਜ਼ਰੂਰੀ ਸਮਝਦੇ ਹਾਂ ਕਿ ਲੋਕਾਂ ਦਾ ਮਨ ਸੰਸਦ ਦੀਆਂ ਬਹੁ-ਸੰਮਤੀਆਂ ਨਾਲ ਬੱਝਾ ਨਹੀਂ ਹੁੰਦਾ। ਯੂ ਕੇ ਦੇ ਹਾਊਸ ਆਫ ਕਾਮਨਜ਼ (ਜਿਵੇਂ ਸਾਡੀ ਲੋਕ ਸਭਾ ਹੈ) ਵਿਚ ਕੁੱਲ 650 ਮੈਂਬਰ ਹਨ ਤੇ ਉਨ੍ਹਾਂ ਨੂੰ ਇਸ ਰਾਇਸ਼ੁਮਾਰੀ ਬਾਰੇ ਪਾਰਟੀ ਹੱਦਾਂ ਤੋੜ ਕੇ ਆਪੋ ਆਪਣੀ ਰਾਏ ਦੇਣ ਲਈ ਖੁੱਲ੍ਹ ਦਿੱਤੀ ਗਈ ਸੀ। ਇਸ ਦੇ ਬਾਅਦ 479 ਸੰਸਦ ਮੈਂਬਰਾਂ ਨੇ ਯੂਰਪੀ ਯੂਨੀਅਨ ਦੇ ਨਾਲ ਰਹਿਣ ਦਾ ਪੱਖ ਲਿਆ ਤੇ ਯੂਰਪ ਨਾਲੋਂ ਵੱਖ ਹੋ ਜਾਣ ਦੀ ਹਮਾਇਤ ਲਈ ਸਿਰਫ 170 ਸੰਸਦ ਮੈਂਬਰ ਮੁਹਿੰਮ ਚਲਾਉਂਦੇ ਸਨ। ਇਸ ਦੌਰਾਨ ਇੱਕ ਸੰਸਦ ਮੈਂਬਰ ਦੇ ਕਤਲ ਹੋਣ ਨਾਲ ਇੱਕ ਸੀਟ ਖਾਲੀ ਹੋ ਗਈ। ਜਦੋਂ 650 ਮੈਂਬਰਾਂ ਵਿਚੋਂ 479 ਜਣੇ ਯੂਰਪ ਨਾਲ ਰਹਿਣਾ ਚਾਹੁੰਦੇ ਸਨ ਤੇ ਸਿਰਫ 170 ਐਮ ਪੀ ਵੱਖ ਹੋਣ ਦੇ ਹੱਕ ਵਿਚ ਖੜੇ ਸਨ, ਆਮ ਲੋਕਾਂ ਨੇ ਸੰਸਦ ਮੈਂਬਰਾਂ ਨੂੰ ਗਿਣੇ ਬਿਨਾਂ ਯੂਰਪ ਨਾਲੋਂ ਵੱਖਰੇ ਹੋਣ ਦੇ ਹੱਕ ਵਿਚ ਆਪਣਾ ਬਹੁ-ਸੰਮਤੀ ਵਾਲਾ ਫਤਵਾ ਦੇ ਦਿੱਤਾ ਹੈ। ਭਾਜਪਾ ਦੇ ਲੀਡਰਾਂ ਨੂੰ ਯੂ ਕੇ ਦੇ ਲੋਕਾਂ ਦੇ ਇਸ ਫਤਵੇ ਦੇ ਬਾਅਦ ਆਪਣੀ ਬਹੁ-ਸੰਮਤੀ ਵਾਲਾ ਵਹਿਮ ਛੱਡ ਕੇ ਸੋਚਣਾ ਚਾਹੀਦਾ ਹੈ ਕਿ ਜਿਹੜਾ ਹਾਲ ਇਸ ਦੇਸ਼ ਵਿਚ ਲੋਕਾਂ ਦਾ ਹੋ ਰਿਹਾ ਹੈ, ਉਹ ਅਗਲੀ ਵਾਰ ਕੀ ਨਤੀਜੇ ਦੇਵੇਗਾ!




ਇੱਕ ਵਾਰ ਫਿਰ ਇਸ ਸਪੱਸ਼ਟੀਕਰਨ ਦੇ ਨਾਲ ਕਿ ਭਾਰਤ ਵਿਚ ਬੈਠੇ ਅਸੀਂ ਉਥੋਂ ਦੇ ਵੋਟਰਾਂ ਦੇ ਫਤਵੇ ਬਾਰੇ ਕੋਈ ਰਾਏ ਨਹੀਂ ਦੇਣਾ ਚਾਹੁੰਦੇ, ਬਲਕਿ ਆਪਣੇ ਦੇਸ਼ ਦੇ ਉਨ੍ਹਾਂ ਹਾਲਾਤ ਦੀ ਗੱਲ ਕਰਨਾ ਚਾਹੁੰਦੇ ਹਾਂ, ਜਿਨ੍ਹਾਂ ਬਾਰੇ ਹਕੂਮਤ ਕਰਦੀ ਕੋਈ ਵੀ ਧਿਰ ਸੋਚਣਾ ਨਹੀਂ ਚਾਹੁੰਦੀ। ਕਿਸੇ ਮੁੱਖ ਮੰਤਰੀ ਤੋਂ ਉਸ ਦੇ ਰਾਜ ਦੇ ਲੋਕਾਂ ਦੀ ਹਾਲਤ ਬਾਰੇ ਪੁੱਛਿਆ ਜਾਵੇ ਤਾਂ ਉਹ ਅੰਕੜੇ ਗਿਣਾਉਣ ਲੱਗ ਜਾਂਦਾ ਹੈ। ਅੰਕੜੇ ਭਰਮਾਊ ਹੁੰਦੇ ਹਨ, ਅਕਾਊ ਵੀ। ਹਕੀਕਤਾਂ ਇਨ੍ਹਾਂ ਅੰਕੜਿਆਂ ਦੀਆਂ ਮੁਥਾਜ ਨਹੀਂ ਹੁੰਦੀਆਂ। ਕਿਹਾ ਜਾਂਦਾ ਹੈ ਕਿ ਸੱਚ ਸੌ ਪਰਦੇ ਪਾੜ ਕੇ ਬਾਹਰ ਆ ਜਾਂਦਾ ਹੈ ਤੇ ਇਸ ਕਹਾਵਤ ਨੂੰ ਹਕੀਕਤਾਂ ਸਾਡੇ ਸਮਿਆਂ ਵਿਚ ਵੀ ਸੱਚ ਸਾਬਤ ਕਰ ਰਹੀਆਂ ਹਨ।

ਪਿਛਲੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਦਾ ਇੱਕ ਭਾਸ਼ਣ ਸੁਣਿਆ ਕਿ ਪੰਜਾਬ ਇੰਨੀ ਤਰੱਕੀ ਕਰ ਗਿਆ ਹੈ, ਜਿੱਥੇ ਪਹਿਲਾਂ ਇੱਕ-ਦੋ ਯੂਨੀਵਰਸਿਟੀਆਂ ਹੁੰਦੀਆਂ ਸਨ, ਹੁਣ ਇਥੇ ਕਈ ਬਣ ਗਈਆਂ ਹਨ। ਉਸ ਨੇ ਗਲਤ ਨਹੀਂ ਕਿਹਾ, ਪੰਜਾਬ ਵਿਚ ਇਸ ਵੇਲੇ ਇੱਕ ਕੇਂਦਰੀ ਯੂਨੀਵਰਸਿਟੀ ਹੈ, ਨੌਂ ਯੂਨੀਵਰਸਿਟੀਆਂ ਰਾਜ ਸਰਕਾਰ ਦੇ ਕੰਟਰੋਲ ਹੇਠ ਚੱਲਦੀਆਂ ਤੇ ਤੇਰਾਂ ਪ੍ਰਾਈਵੇਟ ਯੂਨੀਵਰਸਿਟੀਆਂ ਨਾਲ ਦੋ ਡੀਮਡ ਯੂਨੀਵਰਸਿਟੀਆਂ ਜੋੜ ਕੇ ਕੁੱਲ ਪੰਝੀ ਹੋ ਜਾਂਦੀਆਂ ਹਨ। ਇਸ ਨਾਲ ਵੀ ਖਾਸ ਫਰਕ ਨਹੀਂ ਪੈਂਦਾ। ਕੇਰਲਾ ਖੁਸ਼ਹਾਲੀ ਦੇ ਪੱਖੋਂ ਪੰਜਾਬ ਤੋਂ ਅੱਗੇ ਹੁੰਦਿਆਂ ਵੀ ਕੁੱਲ ਸੋਲਾਂ ਯੂਨੀਵਰਸਿਟੀਆਂ ਨਾਲ ਕੰਮ ਸਾਰ ਲੈਂਦਾ ਹੈ, ਜਿਨ੍ਹਾਂ ਵਿਚੋਂ ਦੋ ਡੀਮਡ ਯੂਨੀਵਰਸਿਟੀਆਂ ਹਨ ਅਤੇ ਇੱਕ ਕੇਂਦਰ ਦੀ। ਤੇਰਾਂ ਉਸ ਰਾਜ ਦੀਆਂ ਹਨ, ਪ੍ਰਾਈਵੇਟ ਯੂਨੀਵਰਸਿਟੀ ਕੋਈ ਖੋਲ੍ਹੀ ਹੀ ਨਹੀਂ। ਪੰਜਾਬ ਦੇ ਕਰੀਬ ਤਿੰਨ ਕਰੋੜ ਲੋਕਾਂ ਦੇ ਮੁਕਾਬਲੇ ਕੇਰਲਾ ਦੀ ਸਾਢੇ ਤਿੰਨ ਕਰੋੜ ਆਬਾਦੀ ਹੈ, ਪਰ ਯੂਨੀਵਰਸਿਟੀਆਂ ਥੋੜ੍ਹੀਆਂ ਨਾਲ ਕੰਮ ਚੱਲੀ ਜਾਂਦਾ ਹੈ। ਯੂਨੀਵਰਸਿਟੀਆਂ ਤੇ ਕਾਲਜਾਂ ਦੀ ਗਿਣਤੀ ਵਧਾ ਦੇਣਾ ਕਿਸੇ ਰਾਜ ਦੀ ਖੁਸ਼ਹਾਲੀ ਮਿਣਨ ਦਾ ਪੈਮਾਨਾ ਨਹੀਂ ਮੰਨਿਆ ਜਾ ਸਕਦਾ, ਉਸ ਰਾਜ ਦੇ ਲੋਕਾਂ ਨੂੰ ਕੰਮ ਵੀ ਚਾਹੀਦਾ ਹੈ ਪਰ ਮਿਲਦਾ ਨਹੀਂ।

ਇਕੱਲੇ ਪੰਜਾਬ ਦੇ ਮੁੱਖ ਮੰਤਰੀ ਦੀ ਗੱਲ ਨਹੀਂ, ਸਾਰੇ ਰਾਜਾਂ ਦੇ ਮੁੱਖ ਮੰਤਰੀ ਆਮ ਕਰ ਕੇ ਸਿਰਫ ਵਿਦਿਅਕ ਅਦਾਰਿਆਂ ਦੇ ਅੰਕੜੇ ਗਿਣਾਉਂਦੇ ਹਨ, ਇਨ੍ਹਾਂ ਅਦਾਰਿਆਂ ਤੋਂ ਡਿਗਰੀਆਂ ਲੈਣ ਵਾਲਿਆਂ ਦੇ ਹਾਲ ਦੀ ਚਰਚਾ ਕਰਨ ਤੋਂ ਕੰਨੀ ਕਤਰਾ ਜਾਂਦੇ ਹਨ। ਜਦੋਂ ਉਹ ਇਸ ਬਾਰੇ ਗੱਲ ਨਹੀਂ ਕਰਦੇ ਤਾਂ ਇਸ ਨਾਲ ਹਕੀਕਤਾਂ ਨਹੀਂ ਬਦਲਣ ਲੱਗੀਆਂ, ਹਕੀਕਤਾਂ ਆਪਣੇ ਸੁਭਾਅ ਮੁਤਾਬਕ, ਆਪਣੇ ਆਪ ਸੌ ਪਰਦੇ ਪਾੜ ਕੇ ਵੀ ਬਾਹਰ ਆਉਣ ਲੱਗਦੀਆਂ ਹਨ।

ਸੀਟਾਂ ਤੇ ਵੋਟਾਂ ਪੱਖੋਂ ਵੇਖਣਾ ਹੋਵੇ ਤਾਂ ਮੱਧ ਪ੍ਰਦੇਸ਼ ਦਾ ਭਾਜਪਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਲਗਾਤਾਰ ਤੀਸਰੀ ਵਾਰ ਜਿੱਤਿਆ ਹੈ, ਪਰ ਰਾਜ ਦੀ ਹਾਲਤ ਦਾ ਪਤਾ ਚੌਥਾ ਦਰਜਾ ਸੇਵਾਦਾਰ ਰੱਖਣ ਲਈ ਦਿੱਤੇ ਇਸ਼ਤਿਹਾਰ ਅਤੇ ਆਈਆਂ ਅਰਜ਼ੀਆਂ ਤੋਂ ਲੱਗ ਜਾਂਦਾ ਹੈ। ਇਸ ਨੌਕਰੀ ਦੀ ਸ਼ਰਤ ਸਿਰਫ ਦਸਵੀਂ ਪਾਸ ਹੋਣਾ ਰੱਖੀ ਗਈ ਸੀ। ਲੱਖਾਂ ਦੇ ਹਿਸਾਬ ਆਈਆਂ ਅਰਜ਼ੀਆਂ ਵਿਚ 12,000 ਬੱਚਿਆਂ ਨੇ ਇੰਜੀਨੀਅਰ ਦੀ ਡਿਗਰੀ ਲੈ ਰੱਖੀ ਹੈ ਤੇ ਚਪੜਾਸੀ ਲੱਗਣ ਲਈ ਤਰਲੇ ਮਾਰਦੇ ਹਨ। 34 ਜਣਿਆਂ ਕੋਲ ਪੀ ਐਚ ਡੀ ਦੀ ਡਿਗਰੀ ਹੈ। ਮਹਾਰਾਸ਼ਟਰ ਵਿਚ ਬੜੇ ਚਿਰ ਪਿੱਛੋਂ ਭਾਜਪਾ ਤੇ ਸ਼ਿਵ ਸੈਨਾ ਦੀ ਸਾਂਝੀ ਸਰਕਾਰ ਬਣੀ ਹੈ, ਪਹਿਲਾਂ ਕਾਂਗਰਸ ਅਤੇ ਐਨ ਸੀ ਪੀ ਦੀ ਸਰਕਾਰ ਸੀ। ਪਿਛਲੇ ਦਿਨੀਂ ਉਥੇ ਕੁੱਲੀ ਅਤੇ 'ਸਹਾਇਕ', ਕਹਿਣ ਤੋਂ ਭਾਵ ਸੇਵਾਦਾਰ ਰੱਖਣ ਲਈ ਜਦੋਂ ਇਸ਼ਤਿਹਾਰ ਨਿਕਲਿਆ ਤਾਂ ਢਾਈ ਹਜ਼ਾਰ ਦੇ ਕਰੀਬ ਲੋੜਵੰਦਾਂ ਵਿਚ ਨੌਂ ਜਣੇ ਪੀ ਐਚ ਡੀ ਡਿਗਰੀ ਵਾਲੇ ਵੀ ਕੁਲੀ ਲੱਗਣਾ ਚਾਹੁੰਦੇ ਸਨ। ਹੈਰਾਨੀ ਵਾਲੀ ਗੱਲ ਅਗਲੀ ਹੈ ਕਿ ਕੁਲੀ ਦੀ ਇਸ ਨੌਕਰੀ ਵਾਸਤੇ ਵਿਦਿਅਕ ਯੋਗਤਾ ਸਿਰਫ ਚੌਥੀ ਜਮਾਤ ਸੀ। ਉਤਰ ਪ੍ਰਦੇਸ਼ ਨੂੰ ਕਿਸੇ ਸਮੇਂ ਮੁਲਾਇਮ ਸਿੰਘ ਯਾਦਵ ਨੇ 'ਉਤਮ ਪ੍ਰਦੇਸ਼' ਬਣਾ ਦੇਣ ਦਾ ਵਾਅਦਾ ਕੀਤਾ ਸੀ, ਹੁਣ ਲੋਕ 'ਪੌੜੀਆਂ ਉਤਰਦਾ ਪ੍ਰਦੇਸ਼' ਕਹਿ ਕੇ ਮਜ਼ਾਕ ਕਰਦੇ ਹਨ। ਮੁਲਾਇਮ ਦੇ ਪੜ੍ਹੇ-ਲਿਖੇ ਪੁੱਤਰ ਨੇ ਮੁੱਖ ਮੰਤਰੀ ਬਣ ਕੇ ਏਦਾਂ ਦਾ ਰਾਜ ਕੀਤਾ ਕਿ ਉਸ ਦੀ ਹਾਲਤ ਵੇਖ ਕੇ ਬੰਦਾ ਦੰਗ ਰਹਿ ਜਾਂਦਾ ਹੈ। ਪਿਛਲੇ ਸਾਲ ਉਤਰ ਪ੍ਰਦੇਸ਼ ਸਰਕਾਰ ਨੇ ਆਪਣੇ ਸੈਕਟਰੀਏਟ ਲਈ ਚਪੜਾਸੀ ਰੱਖਣ ਦਾ ਇਸ਼ਤਿਹਾਰ ਦਿੱਤਾ ਤਾਂ 368 ਬੰਦੇ ਲੋੜੀਂਦੇ ਸਨ। 23 ਲੱਖ ਨਾਲੋਂ ਵੱਧ ਅਰਜ਼ੀਆਂ ਆਈਆਂ ਤੇ ਉਨ੍ਹਾਂ ਵਿਚ ਪੀ ਐਚ ਡੀ ਅਤੇ ਇੰਜੀਨੀਅਰਿੰਗ ਕਰ ਚੁੱਕੇ ਬੱਚਿਆਂ ਨੇ ਵੀ ਚਪੜਾਸੀ ਲੱਗਣ ਲਈ ਅਰਜ਼ੀਆਂ ਦਿਤੀਆਂ ਹੋਈਆਂ ਸਨ।

ਅਸੀਂ ਪੰਜਾਬ ਦੇ ਲੋਕ ਇਸ ਗੱਲੋਂ ਦੁਖੀ ਹਾਂ ਕਿ ਰਾਜ ਸਰਕਾਰ ਦੇ ਵਿਦਿਅਕ ਪ੍ਰਬੰਧ ਹੇਠ ਅੱਠਵੀਂ ਪਾਸ ਕਰ ਜਾਣ ਵਾਲੇ ਬੱਚੇ ਆਪਣਾ ਨਾਂ ਤੱਕ ਨਹੀਂ ਲਿਖ ਸਕਦੇ। ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਬੈਠਣ ਮੌਕੇ ਇਹ ਗੱਲ ਬੜੇ ਜ਼ੋਰ ਨਾਲ ਪ੍ਰਚਾਰੀ ਗਈ ਕਿ ਉਸ ਨੇ ਗੁਜਰਾਤ ਦਾ ਨਕਸ਼ਾ ਸੁਧਾਰ ਦਿੱਤਾ ਹੈ, ਭਾਰਤ ਦਾ ਨਕਸ਼ਾ ਵੀ ਸੁਧਾਰ ਦੇਵੇਗਾ। ਇਸ ਹਫਤੇ ਇੱਕ ਖਬਰ ਗੁਜਰਾਤ ਤੋਂ ਆਈ ਹੈ ਕਿ ਉਥੇ ਹੋਏ ਸਰਵੇਖਣ ਮੌਕੇ ਸਰਕਾਰੀ ਸਕੂਲ ਦੇ ਸੱਤਵੀਂ ਜਮਾਤ ਦੇ ਬੱਚੇ ਤੀਸਰੀ ਜਮਾਤ ਦਾ ਗੁਜਰਾਤੀ ਭਾਸ਼ਾ ਦਾ ਕਾਇਦਾ ਨਹੀਂ ਪੜ੍ਹ ਸਕਦੇ। ਇਹੋ ਹਾਲ ਹੋਰਨੀਂ ਥਾਂਈਂ ਹੈ। ਮਹਿੰਗੀ ਫੀਸ ਵਾਲੇ ਏਅਰ ਕੰਡੀਸ਼ਨਡ ਪਬਲਿਕ ਸਕੂਲ ਛੱਡ ਦੇਈਏ, ਰਾਜ ਕਰਦੇ ਲੀਡਰਾਂ ਦੇ ਬੱਚਿਆਂ ਨੂੰ ਪੜ੍ਹਾਉਣ ਵਾਲੇ ਸਨੋਵਰ ਪਬਲਿਕ ਸਕੂਲ ਵਰਗੇ ਅਦਾਰਿਆਂ ਨੂੰ ਛੱਡ ਦੇਈਏ ਤਾਂ ਬਾਕੀ ਥਾਂਈਂ ਸਿਆਸੀ ਆਗੂਆਂ ਦੀ ਕੋਸ਼ਿਸ਼ ਆਪਣੇ ਰਾਜ ਦੇ ਲੋਕਾਂ ਦਾ ਪੱਧਰ ਉਚਾ ਚੁੱਕਣ ਦਾ ਨਹੀਂ, 'ਜੈਸੇ ਥੇ' ਰੱਖਣ ਦੀ ਹੁੰਦੀ ਹੈ। ਇਹ ਉਨ੍ਹਾਂ ਦੀ ਲੋੜ ਹੈ। ਅੱਜ ਉਨ੍ਹਾਂ ਦਾ ਰਾਜ ਹੈ, ਭਲਕੇ ਉਨ੍ਹਾਂ ਦੇ ਪੁੱਤਰ ਜਦੋਂ ਰਾਜ ਕਰਨਗੇ ਤਾਂ ਉਨ੍ਹਾਂ ਦੇ ਬਸਤੇ ਚੁੱਕਣ ਵਾਲੇ ਚਾਹੀਦੇ ਹਨ। ਇਸ ਲਈ ਜਾਣ-ਬੁੱਝ ਕੇ ਏਦਾਂ ਦੇ ਡਿਗਰੀ ਹੋਲਡਰ ਪੈਦਾ ਕੀਤੇ ਜਾਂਦੇ ਹਨ, ਜਿਨ੍ਹਾਂ ਕੋਲ ਡਿਗਰੀ ਹੋਵੇ, ਡਿਗਰੀ ਮੁਤਾਬਕ ਅਕਲ ਤੇ ਕੰਮ ਦੋਵੇਂ ਹੀ ਨਾ ਹੋਣ। ਸਿਰਫ ਨਾਂ ਨਾਲ ਡਿਗਰੀ ਲਿਖ ਕੇ ਭਵਿੱਖ ਦੇ ਹਾਕਮਾਂ ਲਈ ਪੈਸੇ ਉਗਰਾਹ ਸਕਣ ਵਾਲੇ ਪੀ ਏ ਲੱਗਣ ਦਾ ਤਰਲਾ ਕਰਨ ਜੋਗੇ ਹੋ ਜਾਣ। ਇਸ ਤੋਂ ਵੱਧ ਦੀ ਉਨ੍ਹਾਂ ਨੂੰ ਲੋੜ ਹੀ ਨਹੀਂ।

ਵਿੱਦਿਆ ਵੇਚਣ ਦੀਆਂ ਦੁਕਾਨਾਂ ਨੂੰ ਯੂਨੀਵਰਸਿਟੀਆਂ ਕਹਿ ਕੇ ਧੜਾਧੜ ਖੋਲ੍ਹਦੇ ਜਾਣ ਦਾ ਰਿਵਾਜ ਭਾਰਤ ਨੂੰ ਡਿਗਰੀਆਂ ਵਾਲੀ ਬੇਰੁਜ਼ਗਾਰ ਜਵਾਨੀ ਦੀ ਜਿਹੜੀ ਫੌਜ ਬਣਾ ਕੇ ਦੇਈ ਜਾਂਦਾ ਹੈ, ਉਸ ਫੌਜ ਦੇ ਮੋਢਿਆਂ ਉਤੇ ਸਿਰ ਵੀ ਲੱਗੇ ਹਨ। ਵਕਤ ਹਮੇਸ਼ਾ ਇੱਕੋ ਗੇਅਰ ਵਿਚ ਨਹੀਂ ਸਰਕਦਾ, ਕਦੇ-ਕਦੇ ਆਪਣੀ ਚਾਲ ਵੀ ਬਦਲਦਾ ਹੈ ਤੇ ਜਦੋਂ ਚਾਲ ਬਦਲਦਾ ਹੈ ਤਾਂ ਜਿਨ੍ਹਾਂ ਲੋਕਾਂ ਨੇ ਹੁਣ ਤੱਕ ਸੋਚਿਆ ਨਹੀਂ ਕਿ ਸਿਰ ਕਾਹਦੇ ਲਈ ਹੈ, ਉਨ੍ਹਾਂ ਦਾ ਸਿਰ ਆਪਣੇ ਆਪ ਸੋਚਣ ਲੱਗ ਜਾਂਦਾ ਹੈ। ਬੜਾ ਖੁਰਾਫਾਤੀ ਹੁੰਦਾ ਹੈ ਸੋਚਣ ਵਾਲਾ ਸਿਰ। ਜਦੋਂ ਇਹ ਸੋਚਣ ਲੱਗ ਜਾਂਦਾ ਹੈ ਤਾਂ ਫਿਰ ਹੇਠਲੀ ਉਤੇ ਲਿਆਉਣ ਤੱਕ ਚਲਾ ਜਾਇਆ ਕਰਦਾ ਹੈ। ਇਹ ਕੰਮ ਭਾਰਤ ਦੀ ਜਵਾਨੀ ਵੀ ਕਿਸੇ ਦਿਨ ਕਰਨ ਬਾਰੇ ਸੋਚ ਸਕਦੀ ਹੈ ਤੇ ਜਿਸ ਦਿਨ ਇਹ ਇਸ ਪਾਸੇ ਵੱਲ ਸੋਚਣ ਲੱਗ ਪਈ, ਸੰਸਦ ਵਿਚ ਕਿਹੜੀ ਪਾਰਟੀ ਦੇ ਕੋਲ ਕਿੰਨੇ ਮੈਂਬਰ ਹਨ, ਏਦਾਂ ਦੀ ਗਿਣਤੀ ਕਰਨ ਦਾ ਵਕਤ ਉਦੋਂ ਕਿਸੇ ਕੋਲ ਹੋਣਾ ਹੀ ਨਹੀਂ।

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
ਹੁਣ ਸ਼ਿਕਾਗੋ ਤੋਂ
REQUEST SONG
MUSIC 24/7
LISTEN ON PHONE
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 2 ਜੁਲਾਈ 2016*

## ਹਕੀਕਤ ਦੀਆਂ ਹਰਕਾਈਆਂ

ਬਰਤਾਨੀਆ ਵਿਚ ਯੂਰਪੀ ਯੂਨੀਅਨ ਬਾਰੇ ਹੋਈ ਰਾਇਸ਼ੁਮਾਰੀ ਅਤੇ ਅਰਜਨਟੀਨਾ ਦੇ ਸੰਸਾਰ ਪ੍ਰਸਿੱਧ ਖਿਡਾਰੀ ਲਿਓਨਲ ਮੈਸੀ ਵੱਲੋਂ ਫੁੱਟਬਾਲ ਤੋਂ ਸਨਿਆਸ ਦੇ ਫੈਸਲਿਆਂ ਨੇ ਅੱਜ ਕੱਲ੍ਹ ਤਰਥੱਲੀ ਮਚਾਈ ਹੋਈ ਹੈ। ਹੁਣ ਤਕ ਦੇ ਆਸਾਰ ਇਹੀ ਸਨ ਕਿ ਬਰਤਾਨੀਆ ਦੇ ਲੋਕ ਯੂਰਪੀ ਯੂਨੀਅਨ ਦੇ ਨਾਲ ਰਹਿਣ ਦਾ ਫਤਵਾ ਦੇਣਗੇ, ਪਰ ਸਭ ਕੁਝ ਉਲਟਾ-ਪੁਲਟਾ ਹੋ ਗਿਆ। ਇਸੇ ਤਰ੍ਹਾਂ ਖੇਡ ਮੈਦਾਨ ਵਿਚ ਵਿਰੋਧੀ ਖਿਡਾਰੀਆਂ ਨੂੰ ਹਰਕਾਈਆਂ (ਡਾਜ ਦੇਣਾ) ਨਾਲ ਪਛਾੜਨ ਵਾਲੇ ਮਿਸਾਲੀ ਖਿਡਾਰੀ ਮੈਸੀ ਦੇ ਚਾਣਚੱਕ ਫੈਸਲੇ ਨਾਲ ਸਭ ਦੰਗ ਰਹਿ ਗਏ ਹਨ। ਮੈਸੀ ਦੇ ਫੈਸਲੇ ਨਾਲ ਭਾਵੇਂ ਖੇਡ ਜਾਂ ਖੇਡ ਪ੍ਰਬੰਧ ਉਤੇ ਕੋਈ ਖਾਸ ਅਸਰ ਨਹੀਂ ਪਿਆ ਤੇ ਨਾ ਹੀ ਪੈਣਾ ਹੈ, ਪਰ ਬਰਤਾਨਵੀ ਲੋਕਾਂ ਦੇ ਫੈਸਲੇ ਨੇ ਸਾਰਾ ਸੰਸਾਰ ਹਿਲਾ ਕੇ ਰੱਖ ਦਿੱਤਾ ਹੈ। ਸਿਆਸੀ ਅਤੇ ਆਰਥਿਕ ਮਾਹਿਰ ਭਾਵੇਂ ਇਸ ਅਸਰ ਨੂੰ ਵਕਤੀ ਹੀ ਗਰਦਾਨ ਰਹੇ ਹਨ, ਪਰ ਇਹ ਤੈਅ ਹੈ ਕਿ ਇਸ ਦਾ ਅਸਰ ਸੰਸਾਰ ਦੀ ਆਰਥਿਕਤਾ ਉਤੇ ਪੈਣਾ ਹੀ ਹੈ। ਪੰਜਾਬੀਆਂ ਉਤੇ ਇਸ ਦਾ ਕੀ ਅਸਰ ਪਵੇਗਾ, ਇਹ ਚਰਚਾ ਵੀ ਮੀਡੀਆ ਅੰਦਰ ਚੱਲ ਪਈ ਹੈ। ਮਾਹਿਰਾਂ ਨੇ ਰਾਏ ਦਿਤੀ ਹੈ ਕਿ ਆਉਣ ਵਾਲੇ ਸਮੇਂ ਵਿਚ ਬਰਤਾਨੀਆ ਨੇ ਇੰਮੀਗਰੇਸ਼ਨ ਨੀਤੀਆਂ ਵਿਚ ਤਬਦੀਲੀ ਕਰਨੀ ਹੈ ਅਤੇ ਇਹ ਪਹਿਲਾਂ ਨਾਲੋਂ ਵੱਧ ਸਖਤ ਹੋ ਜਾਣਗੀਆਂ। ਇਸ ਨਾਲ ਬਰਤਾਨੀਆ ਜਾਣ ਵਾਲਾ ਰਾਹ ਹੋਰ ਔਖੇਰਾ ਹੋ ਜਾਵੇਗਾ। ਇਕ ਵਿਚਾਰ ਇਹ ਵੀ ਉਭਰਿਆ ਹੈ ਕਿ ਬਰਤਾਨੀਆ ਦਿਲ ਨਾਲ ਯੂਰਪੀ ਯੂਨੀਅਨ ਦਾ ਮੈਂਬਰ ਨਹੀਂ ਸੀ ਬਣਿਆ, ਸਗੋਂ ਸਿਆਸੀ ਅਤੇ ਆਰਥਿਕ ਮਜਬੂਰੀਆਂ ਕਾਰਨ ਇਸ ਨੇ ਇਸ ਯੂਨੀਅਨ ਵਿਚ ਰਲਣ ਦਾ ਫੈਸਲਾ ਕੀਤਾ ਸੀ। ਇਸੇ ਕਰ ਕੇ ਯੂਨੀਅਨ ਵਿਚ ਸ਼ਾਮਲ ਹੋਰ ਸਾਰੇ ਮੁਲਕਾਂ ਵੱਲੋਂ ਸਾਂਝੀ ਮੁਦਰਾ 'ਯੂਰੋ' ਅਪਨਾਉਣ ਦੇ ਬਾਵਜੂਦ ਆਪਣੀ ਮੁਦਰਾ ਪੌਂਡ ਵਿਚ ਹੀ ਕਾਰੋਬਾਰ ਜਾਰੀ ਰੱਖਿਆ। ਅਸਲ ਵਿਚ ਯੂਰਪੀ ਯੂਨੀਅਨ ਤੋਂ ਵੱਖ ਹੋਣ ਬਾਰੇ ਚਰਚਾ ਦਾ ਮਸਲਾ ਮੁੱਖ ਰੂਪ ਵਿਚ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਨਾਲ ਜੁੜਿਆ ਹੋਇਆ ਹੈ। ਇਸ ਪਾਰਟੀ ਦਾ ਇਕ ਹਿੱਸਾ ਯੂਰਪੀ ਯੂਨੀਅਨ ਤੋਂ ਵੱਖ ਹੋਣ ਦੀ ਇਸ ਕਰ ਕੇ ਹਮਾਇਤ ਕਰ ਰਿਹਾ ਸੀ ਤਾਂ ਕਿ ਦੂਜੇ ਮੁਲਕਾਂ ਦੇ ਕਾਮਿਆਂ ਦੇ ਆ ਰਹੇ 'ਹੜ੍ਹ' ਨੂੰ ਠੱਲ੍ਹ ਪੈ ਸਕੇ। ਇਹ ਉਸੇ ਤਰ੍ਹਾਂ ਦੇ ਵਿਚਾਰ ਸਨ ਜਿਸ ਤਰ੍ਹਾਂ ਦੇ ਵਿਚਾਰ ਅੱਜ ਕੱਲ੍ਹ ਅਮਰੀਕਾ ਦੀ ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਦੀ ਚੋਣ ਲਈ ਉਮੀਦਵਾਰ ਡੋਨਲਡ ਟ੍ਰੰਪ ਪ੍ਰਗਟ ਕਰ ਰਿਹਾ ਹੈ। ਬਰਤਾਨੀਆ ਦੀ ਵਿਰੋਧੀ ਧਿਰ, ਲੇਬਰ ਪਾਰਟੀ ਭਾਵੇਂ ਮੁਲਕ ਨੂੰ ਯੂਰਪੀ ਯੂਨੀਅਨ ਵਿਚ ਰੱਖੇ ਜਾਣ ਦੇ ਹੱਕ ਵਿਚ ਸੀ, ਪਰ ਇਸ ਪਾਰਟੀ ਦੇ ਆਗੂਆਂ ਨੇ ਸੱਤਾਧਾਰੀ ਪਾਰਟੀ ਦੇ ਆਗੂ ਅਤੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੂੰ ਕਮਜ਼ੋਰ ਕਰਨ ਦੇ ਇਰਾਦੇ ਨਾਲ ਰਾਇਸ਼ੁਮਾਰੀ ਦੌਰਾਨ ਉਤਨਾ ਜ਼ੋਰ ਨਹੀਂ ਲਗਾਇਆ ਜਿੰਨਾ ਲਗਾਉਣਾ ਚਾਹੀਦਾ ਸੀ। ਇਸੇ ਕਰ ਕੇ ਹੁਣ ਲੇਬਰ ਪਾਰਟੀ ਅੰਦਰ ਵੀ ਬਗਾਵਤ ਦੀਆਂ ਚਿਣਗਾਂ ਫੁੱਟ ਰਹੀਆਂ ਹਨ ਅਤੇ ਖਾਨਾਜੰਗੀ ਕੰਜ਼ਰਵੇਟਿਵ ਪਾਰਟੀ ਵਾਲੀ ਹਾਲਤ ਤੋਂ ਵੀ ਅਗਾਂਹ ਲੰਘ ਗਈ ਹੈ। ਇਉਂ ਆਉਣ ਵਾਲੇ ਦਿਨਾਂ ਵਿਚ ਸੰਸਾਰ ਉਤੇ ਇਸ ਫੈਸਲੇ ਦਾ ਅਸਰ ਪ੍ਰਤੱਖ ਨਜ਼ਰ ਆਵੇਗਾ।

ਦੂਜੇ ਬੰਨੇ, ਲਿਓਨਲ ਮੈਸੀ ਦਾ ਫੈਸਲਾ ਸੱਚਮੁੱਚ ਹੈਰਾਨ ਕਰਨ ਵਾਲਾ ਹੈ। ਉਹ ਇਸ ਵੇਲੇ ਸੰਸਾਰ ਦਾ ਬਿਹਤਰੀਨ ਖਿਡਾਰੀ ਹੈ, ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਅਤੇ ਉਸ ਨੇ ਆਪਣੀ ਖੇਡ ਸਦਕਾ ਇਹ ਸਾਬਤ ਵੀ ਕੀਤਾ ਹੈ। ਖੇਡਣ ਦੇ ਪੱਖ ਤੋਂ ਉਸ ਦੀ ਤੁਲਨਾ ਉਸ ਦੇ ਹਮਵਤਨੀ ਮੈਰਾਡੋਨਾ ਨਾਲ ਕੀਤੀ ਜਾਂਦੀ ਹੈ। ਇਕ ਹੋਰ ਹਮਵਤਨੀ ਪਾਬਲੋ ਏਮਰ ਦੀ ਤੁਲਨਾ ਵੀ ਅਕਸਰ ਮੈਰਾਡੋਨਾ ਨਾਲ ਕੀਤੀ ਜਾਂਦੀ ਰਹੀ ਹੈ, ਪਰ ਮੈਸੀ ਬਹੁਤ ਛੇਤੀ ਹੀ ਪਾਬਲੋ ਤੋਂ ਅਗਾਂਹ ਲੰਘ ਗਿਆ ਅਤੇ ਉਸ ਨੇ ਸੰਸਾਰ ਫੁੱਟਬਾਲ ਵਿਚ ਆਪਣਾ ਵੱਖਰਾ ਮੁਕਾਮ ਬਣਾ ਲਿਆ। ਉਂਜ ਮੈਰਾਡੋਨਾ ਅਤੇ ਮੈਸੀ ਵਿਚਕਾਰ ਫਰਕ ਕੌਮੀ ਟੀਮ ਦੀ ਬੁਲੰਦੀ ਦੇ ਮਾਮਲੇ ਵਿਚ ਹੈ। ਮੈਰਾਡੋਨਾ ਦੀ ਬਦੌਲਤ ਅਰਜਨਟੀਨਾ ਦੀ ਟੀਮ ਨੇ ਬੁਲੰਦੀਆਂ ਛੋਹੀਆਂ, ਪਰ ਮੈਸੀ ਦੇ ਮਾਮਲੇ ਵਿਚ ਕੌੜਾ ਸੱਚ ਇਹੀ ਹੈ ਕਿ ਉਹ ਆਪਣੀ ਟੀਮ, ਅਰਜਨਟੀਨਾ ਨੂੰ ਜਿੱਤ ਦਾ ਉਹ ਸਿਹਰਾ ਨਹੀਂ ਬੰਨ੍ਹਵਾ ਸਕਿਆ ਜਿਸ ਤਰ੍ਹਾਂ ਦੀ ਤਵੱਕੋ ਉਸ ਤੋਂ ਕੀਤੀ ਜਾ ਰਹੀ ਸੀ। ਤੱਥ ਬੋਲਦੇ ਹਨ ਕਿ ਕਲੱਬ ਫੁੱਟਬਾਲ ਦਾ ਉਹ ਸਫਲ ਖਿਡਾਰੀ ਹੈ, ਪਰ ਮੁਲਕ ਦੀ ਟੀਮ ਨੂੰ ਬੁਲੰਦੀ ਉਤੇ ਪਹੁੰਚਾਉਣਾ ਉਸ ਦੇ ਹਿੱਸੇ ਨਹੀਂ ਆ ਸਕਿਆ। ਉਸ ਨੇ ਖੁਦ ਵੀ ਕਿਹਾ ਹੈ ਕਿ ਕੌਮੀ ਟੀਮ ਲਈ ਉਸ ਦੀ ਖੇਡ ਖਤਮ ਹੋ ਚੁੱਕੀ ਹੈ। ਹੁਣ ਕੋਪਾ ਅਮੈਰਿਕਾ ਦੇ ਜਿਸ ਫਾਈਨਲ ਮੈਚ ਤੋਂ ਬਾਅਦ ਮੈਸੀ ਨੇ ਆਪਣਾ ਫੈਸਲਾ ਸੁਣਾਇਆ ਹੈ, ਉਸ ਵਿਚ ਮੈਸੀ ਪੈਨਲਟੀ ਰਾਹੀਂ ਗੋਲ ਨਹੀਂ ਕਰ ਸਕਿਆ। ਅਜਿਹਾ ਨਹੀਂ ਕਿ ਪਹਿਲਾਂ ਅਜਿਹਾ ਕਦੀ ਨਹੀਂ ਹੋਇਆ; ਇਟਲੀ ਦੇ ਰੋਬਰਟੋ ਬੈਜੀਓ, ਬਰਤਾਨੀਆ ਦੇ ਡੇਵਿਡ ਬੈਕਹਮ, ਬ੍ਰਾਜ਼ੀਲ ਦੇ ਜਿਕੋ ਅਤੇ ਫਰਾਂਸ ਦੇ ਡੇਵਿਡ ਟ੍ਰੈਜਗਟ ਵਰਗੇ ਧੁਨੰਤਰ ਖਿਡਾਰੀ ਫੈਸਲਾਕੁਨ ਪਲਾਂ ਦੌਰਾਨ ਆਪਣੀ ਖੇਡ-ਕਲਾ ਦਾ ਜਾਦੂ ਨਹੀਂ ਸਨ ਚਲਾ ਸਕੇ ਅਤੇ ਉਨ੍ਹਾਂ ਨੂੰ ਵੀ ਮੈਸੀ ਵਾਂਗ ਇਹ ਪੀੜ ਹੰਢਾਉਣੀ ਪਈ ਸੀ, ਪਰ ਮੈਸੀ ਲਈ ਇਹ ਪੀੜ ਦੂਹਰੀ-ਤੀਹਰੀ ਸੀ। ਖੇਡ ਦੇ ਮੈਦਾਨ ਵਿਚ ਜਿੱਤ-ਹਾਰ ਦੇ ਮਾਇਨੇ ਭਾਵੇਂ ਕੋਈ ਖਾਸ ਨਹੀਂ ਹੁੰਦੇ, ਮਸਲਾ ਜੂਝ ਕੇ ਖੇਡਣ ਦਾ ਹੁੰਦਾ ਹੈ, ਪਰ ਅਰਜਨਟੀਨਾ ਪਿਛਲੇ ਦੋ ਦਹਾਕਿਆਂ ਤੋਂ ਵੱਡੀ ਜਿੱਤ ਦੀ ਆਸ ਲਾਈ ਬੈਠਾ ਹੈ ਅਤੇ ਇਹ ਸੋਕਾ ਫਿਲਹਾਲ ਟੁੱਟ ਨਹੀਂ ਰਿਹਾ। ਪਿਛਲੇ ਕੁਝ ਸਾਲਾਂ ਦੌਰਾਨ ਜਦੋਂ ਮੈਸੀ ਦਾ ਡੰਕਾ ਵੱਜਣਾ ਸ਼ੁਰੂ ਹੋਇਆ ਤਾਂ ਸਭ ਦੀਆਂ ਨਜ਼ਰਾਂ ਮੈਸੀ ਅਤੇ ਅਰਜਨਟੀਨਾ ਉਤੇ ਲੱਗੀਆਂ ਹੋਈਆਂ ਸਨ। ਹੁਣ ਮੈਰਾਡੋਨਾ ਅਤੇ ਉਸ ਦੇ ਲੱਖਾਂ-ਕਰੋੜਾਂ ਪ੍ਰਸ਼ੰਸਕਾਂ ਨੇ ਉਸ ਨੂੰ ਭਾਵੇਂ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਆਖਿਆ ਹੈ, ਪਰ ਮੈਸੀ ਦੇ ਖੇਡ ਕਰੀਅਰ ਵਿਚ ਕੋਪਾ ਅਮੈਰਿਕਾ ਦਾ ਇਹ ਫਾਈਨਲ ਆਰ ਬਣ ਕੇ ਚੁਭ ਗਿਆ ਹੈ। ਇਹ ਚੋਭ ਕੋਈ ਨਵਾਂ ਮੈਸੀ ਹੀ ਘਟਾ ਸਕਦਾ ਹੈ। ਸੰਸਾਰ ਦਾ ਇਤਿਹਾਸ ਇਸੇ ਤਰ੍ਹਾਂ ਬਣਦਾ-ਵਿਗਸਦਾ ਆਇਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਖਬਰਾਂ ਦੀ ਖਰੀਦ?*

ਮੁੱਢੋਂ ਚੁਭਦਾ ਆਇਆ ਏ ਹਾਕਮਾਂ ਦੇ, ਲਿਖਿਆ ਸੱਚ ਨਾ ਹੋਵੇ ਦਰਕਾਰ ਭਾਈ।
ਜੈ-ਜੈ ਕਾਰ ਕਰਵਾਉਣ ਲਈ ਮੀਡੀਏ ਵਿਚ, ਹੁਕਮ ਚਾੜ੍ਹਦੀ ਸਦਾ ਸਰਕਾਰ ਭਾਈ।
ਲੈ ਕੇ ਇਧਰੋਂ-ਉਧਰੋਂ ਖਬਰਸਾਰਾਂ, ਪੂਰੀ ਖਬਰ ਲਈ ਪੜ੍ਹੀਏ ਅਖਬਾਰ ਭਾਈ।
ਖਬਰਾਂ 'ਪੇਡ' ਲਗਵਾਉਣ ਦਾ ਰੋਗ ਲੱਗਾ, ਪਾਠਕ ਪੜ੍ਹਦਿਆਂ ਹੋਣ ਲਾਚਾਰ ਭਾਈ।
ਪੱਤਰਕਾਰਾਂ ਨੂੰ ਕਰੀਏ ਕੋਈ 'ਬੇਨਤੀ' ਜੇ, ਕਹਿੰਦੇ ਪਾਲਣਾ ਅਸੀਂ ਪਰਿਵਾਰ ਭਾਈ।
ਘਾਲੇ-ਮਾਲੇ 'ਚ ਪਤਾ ਨਾ ਕੋਈ ਲੱਗੇ, ਕਿਹੜੀ ਖਬਰ ਤੇ ਕਿਹੜਾ ਇਸ਼ਤਿਹਾਰ ਭਾਈ!

# ਨਵੀਂ ਪੀੜ੍ਹੀ ਅਤੇ ਅੱਜ ਦੇ ਸਮਿਆਂ ਦਾ ਸੱਚ

***ਪਦਾਰਥਕ ਦੌੜ ਨੇ ਜਿਥੇ ਰਿਸ਼ਤਿਆਂ ਦਾ ਰੰਗ ਫਿੱਕਾ ਕੀਤਾ ਹੈ, ਉਥੇ ਮਾਂ-ਬਾਪ ਨੂੰ ਆਪਣੀ ਔਲਾਦ ਪ੍ਰਤੀ ਗੰਭੀਰ ਜ਼ਿੰਮੇਵਾਰੀਆਂ ਤੋਂ ਵੀ ਬੇਮੁਖ ਕਰ ਦਿਤਾ ਹੈ। ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਦਸਤਪੰਜਾ ਲੈਣ ਦੀ ਜਾਚ ਔਲਾਦ ਨੇ ਮਾਪਿਆਂ ਤੋਂ ਹੀ ਸਿੱਖਣੀ ਹੁੰਦੀ ਹੈ। ਬੱਚਿਆਂ ਦੀ ਮੁਢਲੀ ਪਾਠਸ਼ਾਲਾ ਮਾਪੇ ਹਨ ਅਤੇ ਇਸ ਪਾਠਸ਼ਾਲਾ ਵਿਚ ਉਨ੍ਹਾਂ ਨੇ ਜ਼ਿੰਦਗੀ ਦੀ ਪੜ੍ਹਾਈ ਦੇ ਉਹ ਪਾਠ ਸਿੱਖਣੇ ਹੁੰਦੇ ਹਨ ਜਿਨ੍ਹਾਂ ਦਾ ਪ੍ਰਭਾਵ ਸਾਰੀ ਜ਼ਿੰਦਗੀ 'ਤੇ ਪੈਂਦਾ ਹੈ। ਮਾਂ ਹੀ ਬੱਚੇ ਨੂੰ ਸਿਖਾਉਂਦੀ ਹੈ ਕਿ ਸੰਸਾਰ ਨਾਲ ਕਿਵੇਂ ਵਰਤਣਾ ਹੈ ਅਤੇ ਬਾਪ ਦੀ ਪ੍ਰੇਰਨਾ ਨਾਲ ਹੀ ਬੱਚਾ ਇਹ ਸਿੱਖਦਾ ਹੈ ਕਿ ਸੰਸਾਰ ਨੂੰ ਕਿਵੇਂ ਵਰਤਣਾ ਹੈ।***

ਮੋਹਨ ਸ਼ਰਮਾ

ਪੰਜਾਬੀਆਂ ਦਾ ਸੁਭਾਅ ਹੈ ਕਿ ਜਦੋਂ ਗੱਡੀ ਫੜਨੀ ਹੁੰਦੀ ਹੈ, ਤਾਂ ਸਮੇਂ ਤੋਂ ਬਹੁਤ ਪਹਿਲਾਂ ਰੇਲਵੇ ਸਟੇਸ਼ਨ 'ਤੇ ਪੁੱਜ ਜਾਂਦੇ ਹਨ ਅਤੇ ਉਥੇ ਜਾ ਕੇ ਗੱਡੀ ਦੀ ਉਡੀਕ ਕਰਦਿਆਂ ਫੱਟੇ 'ਤੇ ਸੌਂ ਜਾਂਦੇ ਹਨ। ਗੱਡੀ ਆਉਂਦੀ ਹੈ ਤੇ ਦਗੜ-ਦਗੜ ਕਰਦੀ ਲੰਘ ਜਾਂਦੀ ਹੈ। ਫੱਟੇ ਤੋਂ ਜਦੋਂ ਉਹ ਤ੍ਰਬਕ ਕੇ ਉਠਦੇ ਹਨ, ਉਦੋਂ ਤੱਕ ਗੱਡੀ ਅੱਖਾਂ ਤੋਂ ਓਹਲੇ ਹੋ ਗਈ ਹੁੰਦੀ ਹੈ ਅਤੇ ਉਹ ਪਛਤਾਵੇ ਵਿਚ ਹੱਥ ਮਲਦੇ ਰਹਿ ਜਾਂਦੇ ਹਨ। ਔਲਾਦ ਪ੍ਰਤੀ ਪੰਜਾਬੀਆਂ ਦੀ ਸੋਚ ਵੀ ਕੁਝ ਇਸ ਤਰ੍ਹਾਂ ਦੀ ਬਣੀ ਹੋਈ ਹੈ। ਔਲਾਦ ਨੂੰ ਮਹਿੰਗੀ ਸਿੱਖਿਆ, ਮਹਿੰਗੀ ਟਿਊਸ਼ਨ, ਮਹਿੰਗਾ ਮੋਬਾਈਲ ਫੋਨ, ਖੁੱਲ੍ਹਾ ਜੇਬ ਖ਼ਰਚ ਦੇਣ ਵਿਚ ਮਾਪਿਆਂ ਵੱਲੋਂ ਕੋਈ ਕਸਰ ਨਹੀਂ ਛੱਡੀ ਜਾਂਦੀ, ਪਰ ਜਦੋਂ ਨੈਤਿਕ ਸਿੱਖਿਆ, ਸਮਾਂ, ਸਾਧਨ ਅਤੇ ਸ਼ਕਤੀ ਦੀ ਸਹੀ ਵਰਤੋਂ ਕਰਨ, ਸਮਾਜਿਕ ਗਿਆਨ ਤੇ ਆਪਸੀ ਰਹਿਣ-ਸਹਿਣ ਦੀ ਜਾਚ, ਭਾਈਚਾਰਕ ਤੰਦਾਂ ਨੂੰ ਮਜ਼ਬੂਤ ਕਰਨ ਦੀ ਵਿਉਂਤਬੰਦੀ, ਕੁਸੰਗਤ ਪ੍ਰਤੀ ਪਹਿਰੇਦਾਰੀ ਦੀ ਗੱਲ ਆਉਂਦੀ ਹੈ ਤਾਂ ਉਥੇ ਮਾਪਿਆਂ ਵੱਲੋਂ ਘੇਸਲ ਮਾਰ ਲਈ ਜਾਂਦੀ ਹੈ ਜਿਸ ਦਾ ਮਾਰੂ ਅਸਰ ਅਜਿਹਾ ਹੁੰਦਾ ਹੈ ਕਿ ਔਲਾਦ ਗ਼ਲਤ ਹੱਥਾਂ ਵਿਚ ਜਾ ਕੇ ਸਿਰਫ ਆਪਣਾ ਭਵਿੱਖ ਹੀ ਨਹੀਂ ਧੁਆਂਖਦੀ, ਸਗੋਂ ਮਾਪਿਆਂ ਦੀਆਂ ਰੀਝਾਂ, ਚਾਵਾਂ, ਭਵਿੱਖ ਪ੍ਰਤੀ ਸਿਰਜੇ ਸੁਪਨੇ, ਸਭ ਕੁਝ ਹੀ ਮਲੀਆਮੇਟ ਹੋ ਜਾਂਦਾ ਹੈ। ਦਰਅਸਲ, ਨੌਜਵਾਨਾਂ ਦਾ ਪ੍ਰਵਾਹ ਹੜ੍ਹਾਂ ਦੇ ਪਾਣੀ ਵਰਗਾ ਹੁੰਦਾ ਹੈ। ਜੇ ਹੜ੍ਹਾਂ ਦੇ ਪਾਣੀ ਨੂੰ ਬੰਨ੍ਹ ਲਾ ਕੇ ਤਰਤੀਬ ਨਾਲ ਰਜਬਾਹਿਆਂ, ਨਾਲਿਆਂ ਅਤੇ ਨਹਿਰਾਂ ਵਿਚ ਪਾਇਆ ਜਾਵੇ ਤਾਂ ਪਾਣੀ ਦੀ ਸੁਚੱਜੀ ਵਰਤੋਂ ਕੀਤੀ ਜਾ ਸਕਦੀ ਹੈ, ਪਰ ਜੇ ਅਜਿਹਾ ਸੰਭਵ ਨਾ ਹੋਵੇ ਤਾਂ ਹੜ੍ਹਾਂ ਦਾ ਪਾਣੀ ਜਿਥੇ ਵਸਦੇ ਘਰਾਂ ਦਾ ਬੇਪਨਾਹ ਨੁਕਸਾਨ ਕਰੇਗਾ, ਉਥੇ ਹੀ ਫ਼ਸਲਾਂ ਨੂੰ ਵੀ ਬਰਬਾਦ ਕਰ ਦੇਵੇਗਾ।

ਇਹ ਪ੍ਰਮਾਣ ਸਭ ਦੇ ਸਾਹਮਣੇ ਹੈ ਕਿ ਲੜਕੀਆਂ ਦਾ ਵੱਡਾ ਹਿੱਸਾ ਸਿੱਖਿਆ ਦੇ ਖੇਤਰ ਦੇ ਨਾਲ-ਨਾਲ ਕਿਰਤ ਪ੍ਰਤੀ ਸੰਜੀਦਾ, ਆਗਿਆਕਾਰ, ਹਉਮੈ ਤੋਂ ਦੂਰ, ਟੀਚਾ ਹਾਸਲ ਕਰਨ ਦੀ ਤੀਬਰਤਾ ਅਤੇ ਦ੍ਰਿੜ੍ਹ ਸੰਕਲਪ ਦਾ ਧਾਰਨੀ ਹੋ ਕੇ ਜ਼ਿੰਦਗੀ ਦੀ ਦੌੜ ਵਿਚ ਲੜਕਿਆਂ ਨੂੰ ਪਿਛੇ ਛੱਡ ਰਿਹਾ ਹੈ। ਜੇ ਕਾਰਨਾਂ ਦੀ ਘੋਖ ਕੀਤੀ ਜਾਵੇ ਤਾਂ ਸਾਡੇ ਸਾਹਮਣੇ ਇਹ ਗੱਲ ਆਉਂਦੀ ਹੈ ਕਿ ਲੜਕਿਆਂ ਦੇ ਮੁਕਾਬਲੇ ਲੜਕੀਆਂ ਨੂੰ ਸਮਾਜਿਕ ਅਤੇ ਪਰਿਵਾਰਕ ਪਹਿਰੇਦਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਹ ਪਹਿਰੇਦਾਰੀ ਹੀ ਉਨ੍ਹਾਂ ਦੀ ਜ਼ਿੰਦਗੀ ਨੂੰ ਬੁਲੰਦੀਆਂ ਛੂਹਣ ਦੀ ਜਾਚ ਸਿਖਾਉਣ ਵਿਚ ਸਹਾਈ ਹੁੰਦੀ ਹੈ।

ਅੱਜ ਦੀ ਪਦਾਰਥਕ ਦੌੜ ਨੇ ਜਿਥੇ ਰਿਸ਼ਤਿਆਂ ਦਾ ਰੰਗ ਫਿੱਕਾ ਕੀਤਾ ਹੈ, ਉਥੇ ਮਾਂ-ਬਾਪ ਨੂੰ ਆਪਣੀ ਔਲਾਦ ਪ੍ਰਤੀ ਗੰਭੀਰ ਜ਼ਿੰਮੇਵਾਰੀਆਂ ਤੋਂ ਵੀ ਬੇਮੁਖ ਕਰ ਦਿਤਾ ਹੈ। ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਦਸਤਪੰਜਾ ਲੈਣ ਦੀ ਜਾਚ ਔਲਾਦ ਨੇ ਮਾਪਿਆਂ ਤੋਂ ਹੀ ਸਿੱਖਣੀ ਹੁੰਦੀ ਹੈ। ਬੱਚਿਆਂ ਦੀ ਮੁਢਲੀ ਪਾਠਸ਼ਾਲਾ ਮਾਪੇ ਹਨ ਅਤੇ ਇਸ ਪਾਠਸ਼ਾਲਾ ਵਿਚ ਉਨ੍ਹਾਂ ਨੇ ਜ਼ਿੰਦਗੀ ਦੀ ਪੜ੍ਹਾਈ ਦੇ ਉਹ ਪਾਠ ਸਿੱਖਣੇ ਹੁੰਦੇ ਹਨ ਜਿਨ੍ਹਾਂ ਦਾ ਪ੍ਰਭਾਵ ਸਾਰੀ ਜ਼ਿੰਦਗੀ 'ਤੇ ਪੈਂਦਾ ਹੈ। ਮਾਂ ਹੀ ਬੱਚੇ ਨੂੰ ਸਿਖਾਉਂਦੀ ਹੈ ਕਿ ਸੰਸਾਰ ਨਾਲ ਕਿਵੇਂ ਵਰਤਣਾ ਹੈ ਅਤੇ ਬਾਪ ਦੀ ਪ੍ਰੇਰਨਾ ਨਾਲ ਹੀ ਬੱਚਾ ਇਹ ਸਿੱਖਦਾ ਹੈ ਕਿ ਸੰਸਾਰ ਨੂੰ ਕਿਵੇਂ ਵਰਤਣਾ ਹੈ, ਪਰ ਇਸ ਵੇਲੇ ਤਾਂ ਜ਼ਿੰਦਗੀ ਦੀ ਭੱਜ-ਦੌੜ ਵਿਚ ਬੱਚੇ ਨੌਕਰਾਂ ਦੇ ਰਹਿਮ 'ਤੇ ਨਿਰਭਰ ਹੋ ਗਏ ਹਨ। ਬੱਚਿਆਂ ਨੂੰ ਖੁਆਉਣ, ਪਿਆਉਣ ਅਤੇ ਨਹਾਉਣ ਤੋਂ ਲੈ ਕੇ ਸਕੂਲ ਛੱਡਣ ਤੱਕ ਦੀ ਜ਼ਿੰਮੇਵਾਰੀ ਨੌਕਰਾਂ 'ਤੇ ਛੱਡਣ ਕਾਰਨ ਬੱਚਿਆਂ ਨਾਲ ਮਾਪਿਆਂ ਦੇ ਮੋਹ, ਸਤਿਕਾਰ ਅਤੇ ਅਪਣੱਤ ਦੇ ਰਿਸ਼ਤੇ ਵਿਚ ਤਰੇੜ ਆ ਗਈ ਹੈ। ਇਸ ਪਦਾਰਥਕ ਦੌੜ ਵਿਚ ਬਹੁਤ ਸਾਰੇ ਮਾਪੇ ਆਪਣੀ ਫੁੱਲੀ ਹੋਈ ਜੇਬ ਨੂੰ ਹੀ ਜ਼ਿੰਦਗੀ ਦੀ ਅਹਿਮ ਪ੍ਰਾਪਤੀ ਸਮਝਦੇ ਹੋਏ ਆਪਣੀ ਅਸਲ ਪੂੰਜੀ ਔਲਾਦ 'ਤੇ ਧਿਆਨ ਕੇਂਦਰਿਤ ਨਹੀਂ ਕਰ ਰਹੇ। ਕੁਦਰਤੀ ਵਾਤਾਵਰਨ, ਸਭਿਆਚਾਰ, ਆਪਸੀ ਭਾਈਚਾਰਕ ਸਾਂਝ ਦੀ ਅਣਹੋਂਦ ਅਤੇ ਰਿਸ਼ਤਿਆਂ ਵਿਚ ਆ ਰਹੀ ਗਿਰਾਵਟ ਨੇ ਜਿਥੇ ਮਨੁੱਖੀ ਰਿਸ਼ਤਿਆਂ ਨੂੰ ਤਾਰ-ਤਾਰ ਕੀਤਾ ਹੈ, ਉਥੇ ਹੀ ਬਹੁਤ ਸਾਰੇ ਨਜ਼ਦੀਕੀ ਰਿਸ਼ਤਿਆਂ ਦੇ ਰੰਗ ਫਿੱਕੇ ਪੈਣ ਕਾਰਨ ਮਨੁੱਖ ਕਈ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਰਿਹਾ ਹੈ। ਘਰ ਅਤੇ ਮਕਾਨ ਦੇ ਫਰਕ ਨੂੰ ਭੁੱਲ ਕੇ ਮਨੁੱਖ ਕੋਠੀਆਂ ਉਸਾਰਨ, ਮਹਿੰਗੇ ਫਰਨੀਚਰ ਅਤੇ ਹੋਰ ਸੁੱਖ-ਸਹੂਲਤਾਂ ਦਾ ਸਮਾਨ ਲਿਆਉਣ ਨੂੰ ਹੀ ਆਪਣੀ ਅਹਿਮ ਪ੍ਰਾਪਤੀ ਸਮਝਦਾ ਹੈ, ਪਰ ਉਹ ਇਹ ਭੁੱਲ ਜਾਂਦਾ ਹੈ ਕਿ ਜਿਥੇ ਮੋਹ, ਪਿਆਰ, ਸਤਿਕਾਰ ਅਤੇ ਇਕ-ਦੂਜੇ ਦੇ ਜਜ਼ਬਾਤ ਦੀ ਕਦਰ ਹੁੰਦੀ ਹੈ, ਉਸ ਨੂੰ 'ਘਰ' ਕਿਹਾ ਜਾਂਦਾ ਹੈ ਅਤੇ ਜਿਥੇ ਇਹ ਸਭ ਕੁਝ ਲੋਪ ਹੈ, ਉਥੇ ਆਲੀਸ਼ਾਨ ਕੋਠੀ ਵੀ 'ਭੂਤਵਾੜਾ' ਬਣ ਜਾਂਦੀ ਹੈ ਅਤੇ ਅਜਿਹੇ 'ਭੂਤਵਾੜੇ' ਵਿਚ ਬੱਚੇ ਦੀ ਜ਼ਿੰਦਗੀ ਨੂੰ ਗ੍ਰਹਿਣ ਲੱਗਣਾ ਸੁਭਾਵਿਕ ਹੀ ਹੈ। ਇੱਦਾਂ ਦਾ ਹੀ ਇਕ ਬਾਪ ਸਵੇਰੇ ਛੇਤੀ ਡਿਊਟੀ 'ਤੇ ਜਾਣ ਉਪਰੰਤ ਰਾਤ ਨੂੰ ਦੇਰ ਨਾਲ ਘਰ ਪਰਤਦਾ ਸੀ। ਆਉਂਦਿਆਂ ਹੀ ਮੋਬਾਈਲ 'ਤੇ ਲੰਬੀਆਂ ਗੱਲਾਂ ਦੇ ਨਾਲ-ਨਾਲ ਟੀ.ਵੀ. ਵੇਖਣ ਵਿਚ ਰੁਝ ਜਾਂਦਾ। ਉਸ ਦੇ 12-13 ਵਰ੍ਹਿਆਂ ਦੇ ਬੱਚੇ ਦੀ ਤੀਬਰ ਇੱਛਾ ਸੀ ਕਿ ਉਹਦਾ ਬਾਪ ਉਹਦੇ ਕੋਲ ਬੈਠੇ, ਮੋਹ ਭਰੀਆਂ ਗੱਲਾਂ ਕਰੇ, ਲਾਡ-ਪਿਆਰ ਕਰੇ, ਪੜ੍ਹਾਈ ਸਬੰਧੀ ਕੁਝ ਪੁਛੇ ਅਤੇ ਬਾਹਰ ਘੁੰਮਣ-ਫਿਰਨ ਲਈ ਲੈ ਕੇ ਜਾਵੇ; ਪਰ ਉਸ ਦੀਆਂ ਇਹ ਇੱਛਾਵਾਂ ਦਮ ਤੋੜ ਰਹੀਆਂ ਸਨ। ਇਕ ਦਿਨ ਰਾਤ ਨੂੰ ਦਫਤਰੋਂ ਪਰਤੇ ਆਪਣੇ ਪਿਤਾ ਨੂੰ ਉਸ ਨੇ ਪੁੱਛਿਆ, 'ਡੈਡੀ, ਤੁਹਾਨੂੰ ਦਫ਼ਤਰ ਵਿਚ ਇਕ ਘੰਟਾ ਕੰਮ ਕਰਨ ਦੇ ਕਿੰਨੇ ਰੁਪਏ ਮਿਲਦੇ ਹਨ?' ਬਾਪ ਨੇ ਬੂਟ ਦੇ ਤਸਮੇ ਖੋਲ੍ਹਦਿਆਂ ਜਵਾਬ ਦਿਤਾ, 'ਤਿੰਨ ਕੁ ਸੌ ਰੁਪਏ'। ਕੁਝ ਦਿਨਾਂ ਬਾਅਦ ਜਦੋਂ ਉਸ ਦਾ ਬਾਪ ਦਫ਼ਤਰੋਂ ਘਰ ਆਇਆ ਤਾਂ ਬੱਚੇ ਨੇ ਆਪਣੀ ਗੋਲਕ ਵਿਚ ਇਕੱਠੇ ਕੀਤੇ ਤਿੰਨ ਸੌ ਰੁਪਏ ਬਾਪ ਨੂੰ ਦਿੰਦਿਆਂ ਗੱਚ ਭਰ ਕੇ ਕਿਹਾ, 'ਡੈਡੀ ਇਹ ਤਿੰਨ ਸੌ ਰੁਪਏ ਲੈ ਲਓ, ਕੱਲ੍ਹ ਨੂੰ ਤੁਸੀਂ ਦਫ਼ਤਰੋਂ ਇਕ ਘੰਟਾ ਪਹਿਲਾਂ ਆ ਜਾਣਾ। ਮੇਰਾ ਤੁਹਾਡੇ ਨਾਲ ਬਹਿ ਕੇ ਰੋਟੀ ਖਾਣ ਨੂੰ ਜੀਅ ਕਰਦੈ...।' ਬੱਚੇ ਦੇ ਮਾਸੂਮੀਅਤ ਭਰੇ ਤਰਲੇ ਸਾਹਮਣੇ ਬਾਪ ਆਪਣੀ ਪਹਾੜ ਜਿੱਡੀ ਗ਼ਲਤੀ 'ਤੇ ਖ਼ੂਨ ਦੇ ਅੱਥਰੂ ਕੇਰ ਰਿਹਾ ਸੀ। ਇਹੋ ਜਿਹੇ ਪਤਾ ਨਹੀਂ ਕਿੰਨੇ ਬੱਚਿਆਂ ਨੂੰ ਮਾਪਿਆਂ ਦੀ ਬੇਰੁਖ਼ੀ ਨੇ ਮਾਨਸਿਕ ਰੋਗੀ ਬਣਾ ਦਿਤਾ ਹੈ।

> ***ਬੱਚੇ ਦੀ ਇੱਛਾ ਸੀ ਕਿ ਉਹਦਾ ਬਾਪ ਉਹਦੇ ਕੋਲ ਬੈਠੇ, ਮੋਹ ਭਰੀਆਂ ਗੱਲਾਂ ਕਰੇ, ਲਾਡ-ਪਿਆਰ ਕਰੇ, ਪੜ੍ਹਾਈ ਸਬੰਧੀ ਕੁਝ ਪੁਛੇ ਅਤੇ ਬਾਹਰ ਘੁੰਮਣ-ਫਿਰਨ ਲਈ ਲੈ ਕੇ ਜਾਵੇ। ਇਕ ਦਿਨ, ਰਾਤ ਨੂੰ ਦਫਤਰੋਂ ਪਰਤੇ ਆਪਣੇ ਪਿਤਾ ਨੂੰ ਉਸ ਨੇ ਪੁੱਛਿਆ, 'ਡੈਡੀ, ਤੁਹਾਨੂੰ ਦਫ਼ਤਰ ਵਿਚ ਇਕ ਘੰਟਾ ਕੰਮ ਕਰਨ ਦੇ ਕਿੰਨੇ ਰੁਪਏ ਮਿਲਦੇ ਹਨ?' ਬਾਪ ਨੇ ਬੂਟ ਦੇ ਤਸਮੇ ਖੋਲ੍ਹਦਿਆਂ ਜਵਾਬ ਦਿਤਾ, 'ਤਿੰਨ ਕੁ ਸੌ ਰੁਪਏ'। ਕੁਝ ਦਿਨਾਂ ਬਾਅਦ ਜਦੋਂ ਉਸ ਦਾ ਬਾਪ ਦਫ਼ਤਰੋਂ ਘਰ ਆਇਆ ਤਾਂ ਬੱਚੇ ਨੇ ਆਪਣੀ ਗੋਲਕ ਵਿਚ ਇਕੱਠੇ ਕੀਤੇ ਤਿੰਨ ਸੌ ਰੁਪਏ ਬਾਪ ਨੂੰ ਦਿੰਦਿਆਂ ਗੱਚ ਭਰ ਕੇ ਕਿਹਾ, 'ਡੈਡੀ ਇਹ ਤਿੰਨ ਸੌ ਰੁਪਏ ਲੈ ਲਓ, ਕੱਲ੍ਹ ਨੂੰ ਤੁਸੀਂ ਦਫ਼ਤਰੋਂ ਇਕ ਘੰਟਾ ਪਹਿਲਾਂ ਆ ਜਾਣਾ। ਮੇਰਾ ਤੁਹਾਡੇ ਨਾਲ ਬਹਿ ਕੇ ਰੋਟੀ ਖਾਣ ਨੂੰ ਜੀਅ ਕਰਦੈ...।' ਬੱਚੇ ਦੇ ਮਾਸੂਮੀਅਤ ਭਰੇ ਤਰਲੇ ਸਾਹਮਣੇ ਬਾਪ ਆਪਣੀ ਪਹਾੜ ਜਿੱਡੀ ਗ਼ਲਤੀ 'ਤੇ ਖ਼ੂਨ ਦੇ ਅੱਥਰੂ ਕੇਰ ਰਿਹਾ ਸੀ।***

ਹੁਣ ਗੰਭੀਰ ਹੋ ਕੇ ਚਿੰਤਨ ਕਰਨ ਦੀ ਲੋੜ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਦਾ ਵੱਡਾ ਹਿੱਸਾ ਆਪਣੀ ਤਾਕਤ ਨੂੰ ਦਰਿੰਦਗੀ ਦਾ ਰੂਪ ਦੇ ਕੇ ਖ਼ੁਸ਼ੀ ਵਿਚ ਚਾਂਘਰਾਂ ਕਿਉਂ ਮਾਰ ਰਿਹਾ ਹੈ? ਅਜਿਹੀ ਖ਼ੂੰਖਾਰ ਖੇਡ ਦੀ ਜਾਚ ਉਹਨੇ ਕਿਥੋਂ ਸਿੱਖੀ ਹੈ? ਉਸ ਨੇ ਨੈਤਿਕ ਕਦਰਾਂ-ਕੀਮਤਾਂ ਤੋਂ ਕਿਨਾਰਾਕਸ਼ੀ ਕਿਉਂ ਕੀਤੀ ਹੈ? ਦਰਅਸਲ ਬਹੁਤ ਸਾਰੇ ਘਰਾਂ ਵਿਚ ਬੱਚਿਆਂ ਨੂੰ ਚੀਕਾਂ, ਗਾਲ੍ਹਾਂ ਦੀ ਵਾਛੜ ਅਤੇ ਹਾਸਿਆਂ ਵਿਚ ਰਲੀ-ਮਿਲੀ ਜ਼ਿੰਦਗੀ ਦੇ ਦਰਸ਼ਨ ਹੁੰਦੇ ਹਨ। ਕਠੋਰਵਾਦੀ, ਸਭਿਅਤਾਹੀਣ ਗਾਲ੍ਹਾਂ, ਰੋਣ-ਪਿੱਟਣ ਵਾਲੇ ਸੀਰੀਅਲ, ਖ਼ੂਨ-ਖਰਾਬੇ ਵਾਲੀਆਂ ਫ਼ਿਲਮਾਂ ਨਾਲ ਭਲਾ ਬੱਚੇ ਦੀ ਮਾਨਸਿਕਤਾ ਦਾ ਰੁਖ਼ ਕਿਸ ਪਾਸੇ ਵੱਲ ਹੋਵੇਗਾ? ਦਰਅਸਲ ਬੱਚਿਆਂ ਨੂੰ ਮੋਹ ਪਿਆਰ, ਸਤਿਕਾਰ-ਦੁਲਾਰ ਅਤੇ ਹਵਸ ਦੇ ਫ਼ਰਕ ਨੂੰ ਪਛਾਣਨ ਦੀ ਜਾਚ ਮਾਪਿਆਂ ਨੇ ਹੀ ਦੇਣੀ ਹੁੰਦੀ ਹੈ। ਬੱਚਿਆਂ ਅੰਦਰ ਸਵੈ-ਵਿਸ਼ਵਾਸ, ਉਸਾਰੂ ਅਤੇ ਸਵੈ-ਚਿੰਤਨ ਦੇ ਸੰਸਕਾਰ ਭਰਨ ਦੀ ਅਹਿਮ ਜ਼ਿੰਮੇਵਾਰੀ ਮਾਪਿਆਂ ਦੀ ਹੈ, ਘਰੇਲੂ ਨੌਕਰਾਂ ਦੀ ਨਹੀਂ। ਹਰ ਘਰ ਵਿਚ ਚੇਤਨਾ ਦਾ ਦੀਵਾ ਜਗਾਉਣ ਦੀ ਲੋੜ ਹੈ। ਸਵੈ-ਚਿੰਤਨ, ਸਵੈ-ਮੁਲੰਕਣ ਦੀ ਜਾਚ ਬੱਚਿਆਂ ਨੂੰ ਟੋਕਣ ਨਾਲ ਨਹੀਂ, ਸਗੋਂ ਮਾਪਿਆਂ ਵੱਲ ਵੇਖ-ਵੇਖ ਕੇ ਆਉਂਦੀ ਹੈ। ਬੱਚੇ ਕਹਿਣ-ਸੁਣਨ ਨਾਲੋਂ ਨਕਲ ਕਰਨ ਨੂੰ ਤਰਜੀਹ ਦਿੰਦੇ ਹਨ ਅਤੇ ਜੇ ਮਾਪੇ ਔਲਾਦ ਅਤੇ ਸਮਾਜ ਲਈ ਰੋਲ ਮਾਡਲ ਦਾ ਫ਼ਰਜ਼ ਨਿਭਾਉਣਗੇ ਤਾਂ ਬੱਚੇ ਨਕਲ ਕਰਦਿਆਂ ਉਨ੍ਹਾਂ ਦੇ ਪਦ-ਚਿੰਨ੍ਹਾਂ 'ਤੇ ਜ਼ਰੂਰ ਚੱਲਣਗੇ। ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਜ਼ਿਆਦਾਤਰ ਬੱਚੇ ਵਿਗੜ ਕੇ ਨਸ਼ਿਆਂ ਅਤੇ ਹੋਰ ਬੁਰੀਆਂ ਆਦਤਾਂ ਦੇ ਸ਼ਿਕਾਰ ਉਸ ਵੇਲੇ ਹੀ ਹੁੰਦੇ ਹਨ ਜਦੋਂ ਘਰ ਦਾ ਮੁਖੀ ਆਪ ਹੀ ਨੈਤਿਕ ਕਦਰਾਂ-ਕੀਮਤਾਂ ਤੋਂ ਕਿਨਾਰਾਕਸ਼ੀ ਕਰ ਕੇ ਚੰਗਾ ਬਾਪ, ਚੰਗਾ ਪਤੀ ਅਤੇ ਚੰਗਾ ਪੁੱਤ ਬਣਨ ਦੇ ਫ਼ਰਜ਼ਾਂ ਤੋਂ ਬੇਮੁਖ ਹੋਇਆ ਹੁੰਦਾ ਹੈ। ਭਲਾ, ਜਿਹੜੇ ਮਾਂ-ਬਾਪ ਆਪਣੇ ਬੱਚਿਆਂ ਦੀ ਹਾਜ਼ਰੀ ਵਿਚ ਆਪਣੇ ਬਜ਼ੁਰਗਾਂ ਦੀ ਬੇਕਦਰੀ ਕਰਦੇ ਹਨ, ਉਨ੍ਹਾਂ ਦੇ ਬੱਚੇ ਰਹਿਮ ਦਿਲ ਅਤੇ ਸੇਵਾ ਭਾਵਨਾ ਦੇ ਜਜ਼ਬੇ ਨਾਲ ਲਬਰੇਜ਼ ਜ਼ਿੰਦਗੀ ਜਿਉਣ ਦੀ ਜਾਚ ਕਿੰਜ ਸਿੱਖਣਗੇ? ਅਜਿਹੇ ਮਾਪੇ ਆਪਣੀ ਜ਼ਿੰਦਗੀ ਧੁਆਂਖਣ ਦੇ ਨਾਲ-ਨਾਲ ਬੱਚਿਆਂ ਨੂੰ ਵੀ ਕੁਰਾਹੇ ਪਾ ਦਿੰਦੇ ਹਨ। ਬਿਨਾਂ ਸ਼ੱਕ ਬੱਚਿਆਂ ਨੂੰ ਨੈਤਿਕ ਸਿੱਖਿਆ ਦੇਣ ਦੀ ਪਹਿਲੀ ਜ਼ਿੰਮੇਵਾਰੀ ਮਾਪਿਆਂ ਦੀ ਹੈ। ਜਿਥੇ ਮਾਂ ਬਾਪ ਆਪਣੇ ਫ਼ਰਜ਼ਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹਨ। ਵਕਤ ਕੱਢ ਕੇ ਆਪਣੀ ਅਸਲ ਪੂੰਜੀ ਔਲਾਦ ਉਪਰ ਧਿਆਨ ਕੇਂਦਰਿਤ ਕਰਦੇ ਹਨ, ਉਨ੍ਹਾਂ ਬੱਚਿਆਂ ਦੇ ਵਿਗੜਨ ਦੀ ਨੌਬਤ ਘੱਟ ਆਉਂਦੀ ਹੈ ਅਤੇ ਅਜਿਹੇ ਬੱਚੇ ਆਪਣੀ ਜ਼ਿੰਦਗੀ ਵਿਚ ਕਿਰਮਚੀ ਰੰਗ ਭਰਨ ਲਈ ਸੰਘਰਸ਼ ਦਾ ਰਾਹ ਫੜਦੇ ਹਨ।

ਸੁਹਿਰਦ ਮਾਪੇ ਆਪਣੇ ਬੱਚਿਆਂ ਨੂੰ ਸ਼ੁਰੂ ਵਿਚ ਹੀ ਧਰਮ, ਕਿਰਤ ਅਤੇ ਸਾਹਿਤ ਨਾਲ ਜੋੜ ਕੇ ਉਨ੍ਹਾਂ ਦੀ ਜ਼ਿੰਦਗੀ ਦੀ ਨੀਂਹ ਮਜ਼ਬੂਤ ਕਰ ਦਿੰਦੇ ਹਨ ਅਤੇ ਜੇ ਨੀਂਹ ਮਜ਼ਬੂਤ ਹੈ ਤਾਂ ਝੱਖੜ, ਮਾਰੂ ਹਨੇਰੀਆਂ, ਦੁਸ਼ਵਾਰੀਆਂ, ਔਕੜਾਂ ਅਤੇ ਮੁਸ਼ਕਿਲਾਂ ਦਾ ਮੁਕਾਬਲਾ ਕਰਦਿਆਂ ਉਹ ਜ਼ਰੂਰ ਹੀ 'ਸਰਵਣ ਪੁੱਤ' ਬਣਨਗੇ, 'ਵੈਲੀ ਗੈਂਗਸਟਰ' ਨਹੀਂ। -0-

# ਜ਼ਹਿਰ ਉਗਲਦੀਆਂ ਭਗਵੀਆਂ ਜੀਭਾਂ ਅਤੇ ਕਾਨੂੰਨ




***ਮੈਸੂਰ ਯੂਨੀਵਰਸਿਟੀ ਦੇ ਪ੍ਰੋਫੈਸਰ ਬੀ.ਪੀ. ਮਹੇਸ਼ ਗੁਰੂ ਨੂੰ ਇਹ ਇਲਜ਼ਾਮ ਲਾ ਕੇ ਗ੍ਰਿਫਤਾਰ ਕੀਤਾ ਗਿਆ ਹੈ ਕਿ ਉਸ ਨੇ ਰੋਹਿਤ ਵੇਮੂਲਾ ਦੀ ਖ਼ੁਦਕੁਸ਼ੀ ਦੇ ਖ਼ਿਲਾਫ਼ ਆਵਾਜ਼ ਉਠਾਉਣ ਲਈ ਕੀਤੇ ਗਏ ਸਮਾਗਮ ਵਿਚ 'ਭਗਵਾਨ ਰਾਮ' ਬਾਰੇ ਠੇਸ ਪਹੁੰਚਾਊ ਟਿਪਣੀਆਂ ਕੀਤੀਆਂ ਸਨ। ਪ੍ਰੋਫੈਸਰ ਮਹੇਸ਼ ਗੁਰੂ ਨੇ ਕਿਹਾ ਸੀ ਕਿ ਰਾਮ ਵਲੋਂ ਸੀਤਾ ਦੀ ਪਵਿਤਰਤਾ ਉਪਰ ਸ਼ੱਕ ਕਰ ਕੇ ਉਸ ਨਾਲ ਜੋ ਅਨਿਆਂ ਕੀਤਾ ਗਿਆ, ਉਹ ਮਨੁੱਖੀ ਹੱਕਾਂ ਦੀ ਉਲੰਘਣਾ ਸੀ। ਪ੍ਰੋਫੈਸਰ ਮਹੇਸ਼ ਗੁਰੂ ਮਹਿਖਾਸੁਰ, ਦੁਸਹਿਰਾ ਅਤੇ ਰਮਾਇਣ ਦੇ ਬ੍ਰਾਹਮਣਵਾਦੀ ਮਿਥਿਹਾਸ ਦਾ ਤਿੱਖਾ ਆਲੋਚਕ ਹੈ। ਅਦਾਲਤ ਵਲੋਂ ਨਾ ਸਿਰਫ਼ ਉਸ ਦੀ ਜ਼ਮਾਨਤ ਦੀ ਦਰਖ਼ਾਸਤ ਨਾ-ਮਨਜ਼ੂਰ ਕਰ ਦਿੱਤੀ ਗਈ, ਸਗੋਂ ਯੂਨੀਵਰਸਿਟੀ ਵਲੋਂ ਉਸ ਨੂੰ ਨੌਕਰੀ ਤੋਂ ਮੁਅੱਤਲ ਵੀ ਕਰ ਦਿੱਤਾ ਗਿਆ ਹੈ।***

ਹਿੰਦੁਸਤਾਨ ਦੇ ਸੰਵਿਧਾਨ ਤੇ ਕਾਨੂੰਨ, ਸਮੇਂ ਦੇ ਹੁਕਮਰਾਨਾਂ ਲਈ ਐਸੀ ਮੋਮ ਦੀ ਨੱਕ ਵਾਂਗ ਹਨ ਜਿਨ੍ਹਾਂ ਨੂੰ ਉਹ ਮਰਜ਼ੀ ਅਨੁਸਾਰ ਮੋੜ ਲੈਂਦੇ ਹਨ। ਭਾਈਚਾਰਿਆਂ ਦਰਮਿਆਨ ਨਫ਼ਰਤ ਫੈਲਾਉਣ, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਜਾਂ ਭੜਕਾਹਟ ਪੈਦਾ ਕਰਨ ਨੂੰ ਰੋਕਣ ਲਈ ਬਣਾਏ ਕਾਨੂੰਨਾਂ ਦਾ ਇਸਤੇਮਾਲ ਅਕਸਰ

**ਬੂਟਾ ਸਿੰਘ**
ਫੋਨ: +91-94634-74342

ਹੀ ਹਿੰਦੁਸਤਾਨੀ ਹੁਕਮਰਾਨ ਉਨ੍ਹਾਂ ਤਾਕਤਾਂ ਦੇ ਖ਼ਿਲਾਫ਼ ਕਰਦੇ ਦੇਖੇ ਜਾ ਸਕਦੇ ਹਨ ਜੋ ਅੰਧਵਿਸ਼ਵਾਸਾਂ ਅਤੇ ਪਿਛਾਂਹਖਿਚੂ ਧਾਰਮਿਕ ਦਸਤੂਰ ਉਤੇ ਕਰਾਰੀ ਚੋਟ ਕਰਦੀਆਂ ਹਨ। ਹਾਲ ਹੀ ਵਿਚ (17 ਜੂਨ ਨੂੰ) ਮੈਸੂਰ ਯੂਨੀਵਰਸਿਟੀ ਦੇ ਪ੍ਰੋਫੈਸਰ ਬੀ.ਪੀ. ਮਹੇਸ਼ ਗੁਰੂ ਨੂੰ ਇਹ ਇਲਜ਼ਾਮ ਲਾ ਕੇ ਗ੍ਰਿਫ਼ਤਾਰ ਕੀਤਾ ਗਿਆ ਹੈ ਕਿ ਉਸ ਨੇ ਰੋਹਿਤ ਵੇਮੂਲਾ ਦੀ ਖ਼ੁਦਕੁਸ਼ੀ ਦੇ ਖ਼ਿਲਾਫ਼ ਆਵਾਜ਼ ਉਠਾਉਣ ਲਈ ਕੀਤੇ ਗਏ ਸਮਾਗਮ ਵਿਚ 'ਭਗਵਾਨ ਰਾਮ' ਬਾਰੇ ਠੇਸ ਪਹੁੰਚਾਊ ਟਿਪਣੀਆਂ ਕੀਤੀਆਂ ਸਨ। ਪ੍ਰੋਫੈਸਰ ਮਹੇਸ਼ ਗੁਰੂ ਨੇ ਕਿਹਾ ਸੀ ਕਿ ਰਾਮ ਵਲੋਂ ਸੀਤਾ ਦੀ ਪਵਿਤਰਤਾ ਉਪਰ ਸ਼ੱਕ ਕਰ ਕੇ ਉਸ ਨਾਲ ਜੋ ਅਨਿਆਂ ਕੀਤਾ ਗਿਆ, ਉਹ ਮਨੁੱਖੀ ਹੱਕਾਂ ਦੀ ਉਲੰਘਣਾ ਸੀ। ਪ੍ਰੋਫੈਸਰ ਮਹੇਸ਼ ਗੁਰੂ ਮਹਿਖਾਸੁਰ, ਦੁਸਹਿਰਾ ਅਤੇ ਰਮਾਇਣ ਦੇ ਬ੍ਰਾਹਮਣਵਾਦੀ ਮਿਥਿਹਾਸ ਦਾ ਤਿੱਖਾ ਆਲੋਚਕ ਹੈ। ਅਦਾਲਤ ਵਲੋਂ ਨਾ ਸਿਰਫ਼ ਉਸ ਦੀ ਜ਼ਮਾਨਤ ਦੀ ਦਰਖ਼ਾਸਤ ਨਾ-ਮਨਜ਼ੂਰ ਕਰ ਦਿੱਤੀ ਗਈ, ਸਗੋਂ ਯੂਨੀਵਰਸਿਟੀ ਵਲੋਂ ਉਸ ਨੂੰ ਨੌਕਰੀ ਤੋਂ ਮੁਅੱਤਲ ਵੀ ਕਰ ਦਿੱਤਾ ਗਿਆ ਹੈ। ਲਿਹਾਜ਼ਾ, ਉਹ ਅਨਮਿਥੇ ਵਕਤ ਲਈ ਜੇਲ੍ਹ ਵਿਚ ਸੜਦਾ ਰਹੇਗਾ ਅਤੇ ਫਿਰ ਕਚਹਿਰੀ ਵਿਚ ਤਰੀਕਾਂ ਭੁਗਤਦਾ ਰਹੇਗਾ। ਦਰਅਸਲ, ਉਹ ਆਰ.ਐਸ.ਐਸ. ਵਲੋਂ ਮੁਲਕ ਉਪਰ ਥੋਪੇ ਜਾ ਰਹੇ ਹਿੰਦੂਤਵੀ ਏਜੰਡੇ ਦਾ ਬੇਬਾਕ ਆਲੋਚਕ ਹੈ। ਉਸ ਦੀ ਆਵਾਜ਼ ਬੰਦ ਕਰਨ ਲਈ ਹੀ ਹੁਣ ਉਸ ਨੂੰ ਇਸ ਤਰ੍ਹਾਂ ਦੇ ਬੇਹੂਦਾ ਕੇਸ ਵਿਚ ਉਲਝਾਇਆ ਗਿਆ ਹੈ। ਵਿਅੰਗ ਦੀ ਗੱਲ ਇਹ ਵੀ ਹੈ ਕਿ ਇਹ ਗ੍ਰਿਫ਼ਤਾਰੀ ਉਸ ਸੂਬੇ ਵਿਚ ਹੋਈ ਹੈ ਜਿਥੇ ਕਾਂਗਰਸ ਦੀ ਸਰਕਾਰ ਹੈ ਜੋ ਸੰਘ ਪਰਿਵਾਰ ਨੂੰ ਆਏ ਦਿਨ ਭੰਡਦੀ ਹੈ ਕਿ ਇਸ ਦੇ ਰਾਜ ਵਿਚ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਨੂੰ ਦਬਾਇਆ ਜਾ ਰਿਹਾ ਹੈ।

ਸੱਤਾਧਾਰੀਆਂ ਵਲੋਂ ਇਹੀ ਕਾਨੂੰਨ ਕਦੇ ਵੀ ਆਪਣੇ ਚਹੇਤਿਆਂ ਉਪਰ ਲਾਗੂ ਨਹੀਂ ਕੀਤੇ ਜਾਂਦੇ ਜਿਨ੍ਹਾਂ ਨੂੰ ਖੁੱਲ੍ਹੀ ਛੁੱਟੀ ਦਿੱਤੀ ਗਈ ਹੈ ਕਿ ਤੁਸੀਂ ਜੋ ਮਰਜ਼ੀ ਬਿਆਨ ਦੇਵੋ, ਤੁਹਾਨੂੰ ਕੋਈ ਨਹੀਂ ਰੋਕੇਗਾ; ਨਾ ਹੀ ਤੁਹਾਡੇ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਹੋਵੇਗੀ। ਸੁਬਰਾਮਨੀਅਨ ਸਵਾਮੀ ਤੋਂ ਲੈ ਕੇ ਰਾਮਦੇਵ ਵਰਗੇ ਕਾਰੋਬਾਰੀ ਸਾਧਾਂ, ਯੋਗੀਆਂ ਅਤੇ ਸਾਧਵੀਆਂ ਦੀ ਪੂਰੀ ਫ਼ੌਜ ਨੂੰ ਮੋਦੀ ਸਰਕਾਰ ਵਲੋਂ ਇਹ ਡਿਊਟੀ ਸੰਭਾਲੀ ਗਈ ਹੈ। ਸਭ ਤੋਂ ਵੱਧ ਭੜਕਾਊ ਅਤੇ ਅਵਾਮ ਦੇ ਜਜ਼ਬਾਤ ਨੂੰ ਠੇਸ ਪਹੁੰਚਾਊ ਬਿਆਨ ਸੰਘ ਪਰਿਵਾਰ ਦੇ ਇਹ ਸਾਧ-ਸਾਧਵੀਆਂ ਅਤੇ ਇਸ ਦੀਆਂ ਫਰੰਟ ਜਥੇਬੰਦੀਆਂ ਦੇ ਆਗੂ ਦਿੰਦੇ ਹਨ। ਸ਼ਾਇਦ ਹੀ ਕੋਈ ਦਿਨ ਐਸਾ ਹੁੰਦਾ ਹੈ ਜਦੋਂ ਇਨ੍ਹਾਂ ਦੀਆਂ ਜੀਭਾਂ ਨਫ਼ਰਤ ਨਹੀਂ ਉਗਲਦੀਆਂ। ਕਈ ਵਾਰ ਤਾਂ ਇਉਂ ਲਗਦਾ ਹੈ ਕਿ ਉਨ੍ਹਾਂ ਦਰਮਿਆਨ ਵੱਧ ਤੋਂ ਵੱਧ ਭੜਕਾਊ ਬਿਆਨ ਦੇਣ ਲਈ ਕੋਈ ਮੁਕਾਬਲਾ ਚਲ ਰਿਹਾ ਹੈ। ਇਨ੍ਹਾਂ ਦੇ ਖ਼ਿਲਾਫ਼ ਉਥੇ ਵੀ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ ਜਿਥੇ ਗ਼ੈਰ-ਭਾਜਪਾ ਸਰਕਾਰਾਂ ਹਨ ਜੋ ਉਂਜ ਭਾਜਪਾ ਦੇ ਫਿਰਕੂ ਏਜੰਡੇ ਦੀ ਆਲੋਚਨਾ ਕਰਦੀਆਂ ਨਹੀਂ ਥੱਕਦੀਆਂ।



ਰਾਮ ਦੇਵ



ਪ੍ਰਵੀਨ ਤੋਗੜੀਆ



ਸਾਧਵੀ ਪਰਾਚੀ

10 ਜੂਨ ਨੂੰ ਗੁਜਰਾਤ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਵੀਨ ਤੋਗੜੀਆ ਨੇ ਕਿਹਾ ਕਿ ਹਿੰਦੂਆਂ ਦੀ ਥੋੜ੍ਹੀ ਆਬਾਦੀ ਲਈ ਹਿੰਦੂ ਮਰਦਾਂ ਵਿਚ ਵਧ ਰਹੀ 'ਨਾਮਰਦੀ' ਜ਼ਿੰਮੇਵਾਰ ਹੈ। ਉਸ ਨੇ ਹਿੰਦੂ ਜੋੜਿਆਂ ਨੂੰ ਆਪਣੇ ਘਰ ਜਾ ਕੇ ਮਰਦਾਨਗੀ ਦੀ ਪੂਜਾ ਕਰਨ ਦੀ ਤਾਕੀਦ ਕੀਤੀ ਤਾਂ ਜੋ ਵੱਧ ਤੋਂ ਵੱਧ ਹਿੰਦੂ ਬੱਚੇ ਜੰਮੇ ਜਾ ਸਕਨ। ਉਸ ਨੇ ਮੰਚ ਤੋਂ ਮਰਦਾਨਗੀ ਵਧਾਊ ਟਾਨਿਕ ਰਿਆਇਤੀ ਮੁੱਲ 'ਤੇ ਦੇਣ ਦਾ ਐਲਾਨ ਵੀ ਕੀਤਾ ਜਿਸ ਬਾਰੇ ਉਸ ਨੇ ਕਿਹਾ ਕਿ ਡਾਕਟਰ ਦੀ ਹੈਸੀਅਤ ਵਿਚ ਇਹ ਉਸ ਨੇ 'ਰਾਸ਼ਟਰੀ' ਹਿਤ ਲਈ ਉਚੇਚੇ ਤੌਰ 'ਤੇ ਤਿਆਰ ਕੀਤਾ ਹੈ। ਸਾਲ ਕੁ ਪਹਿਲਾਂ ਉਸ ਨੇ ਇਹ ਫਾਰਮੂਲਾ ਵੀ ਪੇਸ਼ ਕੀਤਾ ਸੀ ਕਿ ਹਿੰਦੂ ਬਹੁ-ਗਿਣਤੀ ਵਾਲੇ ਇਲਾਕਿਆਂ ਵਿਚ ਮੁਸਲਮਾਨਾਂ ਨੂੰ ਘਰ ਖ਼ਰੀਦਣ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ! ਜਦੋਂ ਐਕਟਰ ਸਲਮਾਨ ਖ਼ਾਨ ਨੇ ਟਵੀਟ ਕੀਤਾ ਕਿ ਯਾਕੂਬ ਮੈਮਨ ਨੂੰ ਫਾਂਸੀ ਨਹੀਂ ਦਿੱਤੀ ਜਾਣੀ ਚਾਹੀਦੀ ਤਾਂ ਇਸ ਦੇ ਵਿਰੋਧ ਵਿਚ ਤੋਗੜੀਆ ਨੇ ਬਿਆਨ ਦਿਤਾ ਸੀ ਕਿ ਸਲਮਾਨ ਖਾਨਾਂ ਦੇ ਪੁਰਖਿਆਂ ਨੇ 1947 ਵਿਚ ਪਾਕਿਸਤਾਨ ਨਾ ਜਾ ਕੇ ਜੋ ਗ਼ਲਤੀ ਕੀਤੀ ਸੀ, ਉਨ੍ਹਾਂ ਨੂੰ ਹੁਣ 'ਇਸਲਾਮਿਕ ਰਿਪਬਲਿਕ' ਵਿਚ ਜਾ ਕੇ ਇਸ ਗ਼ਲਤੀ ਨੂੰ ਸੁਧਾਰ ਲੈਣਾ ਚਾਹੀਦਾ ਹੈ।

ਇਸੇ ਤਰ੍ਹਾਂ ਆਪਣੇ ਭੜਕਾਊ ਬਿਆਨਾਂ ਕਾਰਨ ਹਮੇਸ਼ਾ ਸੁਰਖ਼ੀਆਂ ਵਿਚ ਰਹਿਣ ਵਾਲੀ ਸਾਧਵੀ ਪਰਾਚੀ ਨੇ 8 ਜੂਨ ਨੂੰ ਬਿਆਨ ਦਿਤਾ ਕਿ ਅਸੀਂ "ਕਾਂਗਰਸ ਮੁਕਤ ਭਾਰਤ" ਦਾ ਮਿਸ਼ਨ ਪੂਰਾ ਕਰ ਲਿਆ ਹੈ, ਹੁਣ "ਮੁਸਲਿਮ ਮੁਕਤ ਭਾਰਤ" ਦਾ ਮਿਸ਼ਨ ਪੂਰਾ ਕੀਤਾ ਜਾਵੇਗਾ। ਇਸੇ ਸਾਧਵੀ ਨੇ ਇਨਾਮ-ਸਨਮਾਨ ਵਾਪਸੀ ਦੀ ਹਮਾਇਤ ਕਰਨ 'ਤੇ ਐਕਟਰ ਸ਼ਾਹ ਰੁਖ ਖ਼ਾਨ ਨੂੰ ਦੇਸ਼ਧ੍ਰੋਹੀ ਕਰਾਰ ਦੇ ਦਿੱਤਾ ਸੀ ਅਤੇ ਉਸ ਵਰਗਿਆਂ ਨੂੰ ਪਾਕਿਸਤਾਨ ਚਲੇ ਜਾਣ ਲਈ ਕਿਹਾ ਸੀ। ਕਦੇ ਉਹ ਕਹਿੰਦੀ ਹੈ- 'ਭਾਰਤ ਮਾਤਾ ਦੀ ਜੈ' ਅਤੇ 'ਬੰਦੇ ਮਾਤ੍ਰਮ' ਨਾ ਕਹਿਣ ਵਾਲੇ ਕੌਮੀ ਝੰਡੇ ਦਾ ਅਪਮਾਨ ਕਰਦੇ ਹਨ, ਗਊ ਮਾਸ ਖਾਣ ਵਾਲਿਆਂ ਨੂੰ ਇਸ ਮੁਲਕ ਵਿਚ ਰਹਿਣ ਦਾ ਕੋਈ ਹੱਕ ਨਹੀਂ। ਕਦੇ ਕਹਿੰਦੀ ਹੈ- ਗਊ ਦਾ ਮਾਸ ਖਾਣ ਵਾਲੇ ਉਸੇ ਹਸ਼ਰ ਦੇ ਹੱਕਦਾਰ ਹਨ ਜੋ ਦਾਦਰੀ ਵਿਚ ਅਖ਼ਲਾਕ ਦਾ ਹੋਇਆ। ਕਦੇ ਉਹ ਬਿਆਨ ਦਿੰਦੀ ਹੈ- ਮੁਸਲਮਾਨ 'ਲਵ ਜਹਾਦ' ਰਾਹੀਂ ਹਿੰਦੂ ਕੁੜੀਆਂ ਨੂੰ ਵਰਗਲਾ ਕੇ 35-40 ਬੱਚੇ ਜੰਮਦੇ ਹਨ ਤੇ ਹਿੰਦੁਸਤਾਨ ਨੂੰ ਦਾਰੁਲ-ਇਸਲਾਮ ਬਣਾ ਰਹੇ ਹਨ। ਕਦੇ ਉਹ ਕਹਿੰਦੀ ਹੈ- ਚਾਰ ਬੱਚੇ ਪੈਦਾ ਕਰੋ, ਨਾ ਕਿ ਚਾਲੀ ਕਤੂਰੇ। ਕਦੇ ਕਹਿੰਦੀ ਹੈ- ਜਿਵੇਂ ਸ਼ੇਰ ਇਕ ਬੱਚਾ ਜੰਮਣ ਤਕ ਸੀਮਤ ਨਹੀਂ ਰਹਿੰਦਾ, ਤੁਸੀਂ ਵੀ ਚਾਰ-ਚਾਰ ਬੱਚੇ ਜੰਮੋ- ਇਕ ਸਰਹੱਦ ਦੀ ਰਾਖੀ ਲਈ ਦਿਓ, ਇਕ ਸਾਧਾਂ ਨੂੰ ਭੇਟ ਕਰੋ ਅਤੇ ਇਕ ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਸਮਾਜਿਕ ਕਾਰਜਾਂ ਲਈ ਦਿਓ। ਕਦੇ ਕਹਿੰਦੀ ਹੈ- ਜੇ ਅਮਰਨਾਥ, ਵੈਸ਼ਨੋ ਦੇਵੀ, ਪੁਰੀ ਜਗਨਨਾਥ ਦੇ ਯਾਤਰੀਆਂ ਉਪਰ ਹਮਲੇ ਹੁੰਦੇ ਰਹੇ ਤਾਂ ਹੱਜ 'ਤੇ ਜਾਣ ਵਾਲੇ ਵੀ ਨਤੀਜੇ ਭੁਗਤਣ ਲਈ ਤਿਆਰ ਰਹਿਣ। ਹੁਣੇ ਹੀ ਮਹਾਰਾਸ਼ਟਰ ਵਿਚ ਰਵਿੰਦਰ ਚਵਾਨ ਨਾਂ ਦੇ ਭਾਜਪਾ ਵਿਧਾਇਕ ਨੇ ਦਲਿਤਾਂ ਦੀ ਤੁਲਨਾ ਸੂਰਾਂ ਨਾਲ ਕੀਤੀ ਹੈ। ਇਸ ਤੋਂ ਪਹਿਲਾਂ ਭਾਜਪਾ ਆਗੂ ਵੀ.ਕੇ. ਸਿੰਘ ਦਲਿਤਾਂ ਦੀ ਤੁਲਨਾ ਕੁੱਤਿਆਂ ਨਾਲ ਕਰ ਚੁੱਕਾ ਹੈ।

ਇਹ ਇਨ੍ਹਾਂ ਆਪੇ ਬਣੇ ਦੇਸ਼ ਭਗਤਾਂ ਦੇ 'ਰਾਸ਼ਟਰਵਾਦ' ਦੀਆਂ ਕੁਝ ਝਲਕੀਆਂ ਹਨ। ਗ਼ੌਰਤਲਬ ਹੈ ਕਿ 'ਰਾਸ਼ਟਰ ਦੀ ਸਮੂਹਿਕ ਆਤਮਾ' ਨੂੰ ਸ਼ਾਂਤ ਕਰਨ ਲਈ ਅਫ਼ਜ਼ਲ ਗੁਰੂ ਵਰਗੇ ਮੁਸਲਿਮ ਨੌਜਵਾਨਾਂ ਨੂੰ ਬਿਨਾ ਕਸੂਰ ਸਾਬਤ ਕੀਤੇ ਫਾਹੇ ਲਾਉਣ ਦੇ ਨਿਰਦੇਸ਼ ਦੇਣ ਵਾਲੀ ਅਦਾਲਤੀ ਪ੍ਰਣਾਲੀ ਅਤੇ ਜੱਜ ਇਨ੍ਹਾਂ ਭੜਕਾਊ ਬਿਆਨਾਂ ਦਾ ਕਦੇ ਨੋਟਿਸ ਨਹੀਂ ਲੈਂਦੇ। ਸਮਾਜ ਅੰਦਰ ਫਿਰਕੂ ਸਦਭਾਵਨਾ ਅਤੇ ਸਾਂਝ ਦਾ ਮਾਹੌਲ ਬਣਾਈ ਰੱਖਣ ਲਈ ਹੁਣ ਆਵਾਜ਼ ਉਠਣੀ ਚਾਹੀਦੀ ਹੈ। ਸੱਤਾਧਾਰੀਆਂ ਅਤੇ ਰਾਜ-ਮਸ਼ੀਨਰੀ ਨੂੰ ਜਵਾਬਦੇਹ ਬਣਾਉਣਾ ਜ਼ਰੂਰੀ ਹੈ ਕਿ ਪ੍ਰੋਫੈਸਰ ਮਹੇਸ਼ ਗੁਰੂ ਵਰਗੇ ਚਿੰਤਕ ਜੇਲ੍ਹਾਂ ਵਿਚ ਕਿਉਂ ਬੰਦ ਹਨ ਅਤੇ ਭੜਕਾਊ ਬਿਆਨ ਦੇਣ ਵਾਲੇ ਸਾਧ, ਸਾਧਵੀਆਂ ਤੇ ਭਗਵੇਂ ਆਗੂਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰ ਕੇ ਜੇਲ੍ਹਾਂ ਵਿਚ ਕਿਉਂ ਨਹੀਂ ਭੇਜਿਆ ਜਾਂਦਾ।

# ਸੰਸਾਰ ਆਰਥਿਕਤਾ ਅਤੇ ਬ੍ਰਐਗਜ਼ਿਟ

ਬਰਤਾਨੀਆ ਦੇ ਲੋਕਾਂ ਵਲੋਂ ਰਾਇਸ਼ੁਮਾਰੀ ਰਾਹੀਂ ਯੂਰਪੀ ਯੂਨੀਅਨ (ਈ.ਯੂ.) ਤੋਂ ਵੱਖਰੇ ਹੋ ਜਾਣ ਵਾਲਾ ਫ਼ੈਸਲਾ ਅਜੋਕੇ ਸੰਸਾਰ ਤੰਤਰ ਵਿਚ ਖਾਸੀ ਮਹੱਤਤਾ ਵਾਲਾ ਹੈ। ਇਸ ਗੱਲ ਦਾ ਅੰਦਾਜ਼ਾ ਇਸ ਤੱਥ ਤੋਂ ਹੋ ਸਕਦਾ ਹੈ ਕਿ ਇਸ ਫ਼ੈਸਲੇ ਵਾਲੇ ਦਿਨ (24 ਜੂਨ) ਦੁਨੀਆਂ ਭਰ ਦੇ ਸ਼ੇਅਰ ਬਾਜ਼ਾਰਾਂ ਵਿਚ 2 ਖਰਬ ਡਾਲਰ ਤੋਂ ਵੱਧ ਰਕਮ ਖੁਰ ਗਈ। ਇੰਨਾ ਵੱਡਾ ਨੁਕਸਾਨ ਹੋਣ ਦੀ ਮੁੱਖ ਵਜ੍ਹਾ ਕਾਰੋਬਾਰੀਆਂ ਦੀਆਂ ਆਸਾਂ-

**ਡਾ. ਗਗਨ ਦੀਪ ਸ਼ਰਮਾ**

ਉਮੀਦਾਂ ਦੇ ਉਲਟ ਫ਼ੈਸਲਾ ਆਉਣਾ ਸੀ। ਅਜੋਕੀ ਸੰਸਾਰ ਆਰਥਿਕਤਾ ਵਿਚ ਵਪਾਰਕ ਹਿਤਾਂ ਖ਼ਾਤਰ ਮੁਲਕਾਂ ਦੇ ਆਪਸ ਵਿਚ ਜੁੜਨ ਦੀਆਂ ਮਿਸਾਲਾਂ ਵੱਧ ਮਿਲਦੀਆਂ ਹਨ, ਟੁੱਟਣ ਦੀਆਂ ਕਿਤੇ ਥੋੜ੍ਹੀਆਂ।

ਬਰਤਾਨੀਆ ਦੇ ਯੂਰਪੀ ਯੂਨੀਅਨ ਵਿਚੋਂ ਬਾਹਰ ਹੋਣ ਦੇ ਨਤੀਜੇ ਆਰਥਿਕ ਪੱਧਰ 'ਤੇ ਵੀ ਨਿਕਲਣੇ ਹਨ ਅਤੇ ਰਾਜਨੀਤਕ ਪੱਧਰ 'ਤੇ ਵੀ। ਬਰਤਾਨੀਆ ਕਦੇ ਵੀ ਟਿਕੇ ਮਨ ਨਾਲ ਯੂਰਪੀ ਯੂਨੀਅਨ ਦਾ ਹਿੱਸਾ ਨਹੀਂ ਸੀ ਬਣਿਆ। ਮੂਲ ਰੂਪ ਵਿਚ ਇਸ ਸੰਘ ਵਿਚ ਸ਼ਾਮਿਲ ਹੋਣਾ ਉਸ ਦੀ ਆਰਥਿਕ-ਰਾਜਨੀਤਕ ਮਜਬੂਰੀ ਵੱਧ ਸੀ। ਇਸ ਗੱਲ ਦਾ ਪ੍ਰਮਾਣ ਇਹ ਹੈ ਕਿ ਜਿਥੇ ਇਕ ਬੰਨੇ ਪੂਰੇ ਯੂਰਪੀ ਯੂਨੀਅਨ ਨੇ ਸਾਂਝੀ ਮੁਦਰਾ (ਯੂਰੋ) ਨੂੰ ਅਪਣਾ ਲਿਆ, ਉਥੇ ਬਰਤਾਨੀਆ ਨੇ ਪੌਂਡ ਨੂੰ ਚਲਦਾ ਰੱਖ ਕੇ ਟਿੰਡ ਵਿਚ ਕਾਨਾ ਫਸਾਈ ਰੱਖਿਆ। ਪੌਂਡ ਦੇ ਵੱਡੀ ਅਤੇ ਮਹਿੰਗੀ ਮੁਦਰਾ ਹੋਣ ਵਾਲਾ, ਭਾਵ ਕਿਤੇ ਨਾ ਕਿਤੇ ਬਰਤਾਨੀਆ ਦੇ ਨੇਤਾਵਾਂ ਅਤੇ ਉਥੋਂ ਦੀ ਜਨਤਾ ਦੇ ਮਨਾਂ ਵਿਚ ਉਵੇਂ ਹੀ ਬੈਠਾ ਰਿਹਾ, ਜਿਵੇਂ ਬਰਤਾਨਵੀ ਆਰਥਿਕਤਾ ਦੇ ਵੱਡੀ ਆਰਥਿਕਤਾ ਹੋਣ ਵਾਲਾ ਭਾਵ ਬੈਠਾ ਸੀ। ਇਸ ਜ਼ਾਵੀਏ ਤੋਂ ਵੇਖਿਆ ਜਾਵੇ ਤਾਂ ਰਾਇਸ਼ੁਮਾਰੀ ਵਾਲਾ ਇਹ ਫ਼ੈਸਲਾ ਅਸਲ ਵਿਚ ਬਹੁਤੀ ਹੈਰਾਨੀ ਵਾਲਾ ਨਹੀਂ ਹੋਣਾ ਚਾਹੀਦਾ।

ਇਸ ਘਟਨਾਕ੍ਰਮ ਦਾ ਤੁਰੰਤ ਅਤੇ ਮੱਧਕਾਲੀ ਪ੍ਰਭਾਵ ਇਹ ਹੋ ਸਕਦਾ ਹੈ ਕਿ ਅਮਰੀਕਾ ਅਤੇ ਬਾਕੀ ਯੂਰਪੀ ਮੁਲਕ ਇਸ ਤੋਂ ਉਤੇਜਿਤ ਹੋ ਕੇ ਬਰਤਾਨੀਆ ਨਾਲ ਆਪਣੇ ਵਪਾਰਕ ਲੈਣ-ਦੇਣ ਤੋਂ ਕੁਝ-ਕੁਝ ਪਿਛਾਂਹ ਹਟ ਜਾਣ। ਅਮਰੀਕਾ ਦੇ ਰਾਸ਼ਟਰਪਤੀ ਪਦ ਦੇ ਉਮੀਦਵਾਰ ਡੋਨਲਡ ਟਰੰਪ ਦਾ 'ਇਹ ਬਹੁਤ ਵਧੀਆ ਗੱਲ ਹੈ, ਲੋਕ ਆਪਣੇ ਹੀ ਮੁਲਕ ਨੂੰ ਪਿਛਾਂਹ ਲੈ ਕੇ ਜਾਣਾ ਚਾਹੁੰਦੇ ਹਨ' ਵਾਲਾ ਤਨਜ਼ ਅਤੇ ਯੂਰਪੀ ਯੂਨੀਅਨ ਦੇ ਨੇਤਾਵਾਂ ਡੋਨਲਡ ਟਸਕ, ਯਾਂ ਕਲੌਡ ਜੰਕਰ, ਮਾਰਟਿਨ ਸ਼ੁਲਜ਼ ਅਤੇ ਮਾਰਕ ਰੁਟੇ ਵਲੋਂ ਇਹ ਕਹਿਣਾ ਕਿ ਬਰਤਾਨੀਆ ਨੂੰ ਇਸ ਫ਼ੈਸਲੇ ਨੂੰ ਲਾਗੂ ਕਰਨ ਵਿਚ ਕੋਈ ਦੇਰੀ ਨਹੀਂ ਕਰਨੀ ਚਾਹੀਦੀ, ਇਸ ਗੱਲ ਦੀ ਸ਼ਾਹਦੀ ਭਰਦੇ ਹਨ। ਇਸ ਤਰ੍ਹਾਂ ਦਾ ਮਾਹੌਲ ਸੰਸਾਰ ਆਰਥਿਕਤਾ ਲਈ ਨਿਸ਼ਚਿਤ ਤੌਰ 'ਤੇ ਖ਼ਤਰਾ ਖੜ੍ਹਾ ਕਰ ਸਕਦਾ ਹੈ। ਕਾਰਲ ਵੀਨਰਬਰਗ ਸਮੇਤ ਕਈ ਹੋਰ ਅਰਥ ਸ਼ਾਸਤਰੀਆਂ ਨੇ ਤਾਂ ਇਸ ਦੇ ਨਤੀਜੇ ਪਿਛੋਂ ਸੰਸਾਰ ਆਰਥਿਕਤਾ ਵਿਚ ਮੁੜ ਤੋਂ ਮੰਦੀ ਦੇ ਛਾ ਜਾਣ ਦੀ ਸੰਭਾਵਨਾ ਵੀ ਜਤਾਈ ਹੈ। ਦੂਜੇ ਪਾਸੇ ਅਮਰੀਕਾ ਅਤੇ ਯੂਰਪ ਦੇ ਇਸ ਪੈਂਤੜੇ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਬਰਤਾਨੀਆ ਵਲੋਂ ਭਾਰਤ ਸਮੇਤ ਤੀਜੀ ਦੁਨੀਆਂ ਦੇ ਹੋਰ ਮੁਲਕਾਂ ਦੇ ਨੇੜੇ ਲੱਗਣਾ ਸੁਭਾਵਿਕ ਹੈ। ਇਸ ਸੂਰਤ ਵਿਚ ਭਾਰਤ ਦੀ ਆਰਥਿਕ ਜ਼ਮੀਨ ਦੇ ਫੈਲਣ ਦਾ ਕਿਆਸ ਲਗਾਇਆ ਜਾ ਸਕਦਾ ਹੈ।

ਬਰਤਾਨੀਆ ਦੇ ਬਾਹਰ ਹੋਣ ਦਾ ਇੱਕ ਹੋਰ ਪ੍ਰਭਾਵ ਇਸ ਦੇ ਲਾਗ ਵਾਂਗ ਫੈਲਣ ਅਤੇ ਹੋਰ ਮੁਲਕਾਂ ਵਲੋਂ ਵੀ ਅਜਿਹਾ ਫ਼ੈਸਲਾ ਕਰਨ ਬਾਰੇ ਸੋਚਣਾ ਹੋ ਸਕਦਾ ਹੈ। ਫਰਾਂਸ, ਇਟਲੀ ਅਤੇ ਨੀਦਰਲੈਂਡ ਵਿਚ ਤਾਂ ਕੁਝ ਧਿਰਾਂ ਨੇ ਅਜਿਹੀ ਹੀ ਰਾਇਸ਼ੁਮਾਰੀ ਕਰਵਾਏ ਜਾਣ ਦੀ ਮੰਗ ਕਰਨੀ ਸ਼ੁਰੂ ਵੀ ਕਰ ਦਿਤੀ ਹੈ। ਅਜਿਹਾ ਹੋਣ ਦੀ ਸੂਰਤ ਵਿਚ ਪੂਰੇ ਯੂਰਪੀ ਯੂਨੀਅਨ ਦੀ ਹੋਂਦ ਉਤੇ ਹੀ ਸਵਾਲ ਖੜ੍ਹੇ ਹੋ ਸਕਦੇ ਹਨ ਜੋ ਨਿਸ਼ਚਿਤ ਤੌਰ 'ਤੇ




ਸੰਸਾਰ ਆਰਥਿਕਤਾ ਲਈ ਖ਼ਤਰੇ ਦੀ ਘੰਟੀ ਹੋਵੇਗੀ।

ਅਜੋਕੇ ਪੂੰਜੀਵਾਦੀ ਸਿਧਾਂਤ ਦੀ ਬੁਨਿਆਦ ਇਸ ਗੱਲ ਉਤੇ ਖੜ੍ਹੀ ਹੈ ਕਿ ਮਨੁੱਖ ਨੂੰ ਮਨੁੱਖ ਦੀ ਥਾਂ ਕੇਵਲ ਖ਼ਪਤਕਾਰ ਵਜੋਂ ਵੇਖਿਆ ਜਾਵੇ। ਇਹ ਖ਼ਪਤਕਾਰ ਆਪਣੀਆਂ ਜ਼ਰੂਰਤਾਂ ਨੂੰ ਆਪਣੀਆਂ ਅਸਲ ਜ਼ਰੂਰਤਾਂ ਨਾਲੋਂ ਕਿਤੇ ਵੱਧ ਅੰਗਦਾ ਹੈ। ਬਾਜ਼ਾਰ ਵਿਚੋਂ ਕੋਈ ਵਸਤ ਖ਼ਰੀਦ ਕੇ ਘਰ ਆਉਂਦਾ ਹੈ, ਘਰ ਆ ਕੇ ਟੈਲੀਵਿਜ਼ਨ 'ਤੇ ਉਸੇ ਵਸਤ ਦੀ ਮਸ਼ਹੂਰੀ ਵੇਖ ਕੇ ਸੁਖ ਮਹਿਸੂਸ ਕਰਦਾ ਹੈ, ਪਰ ਕੁਝ ਦਿਨ ਮਗਰੋਂ ਜਦੋਂ ਉਸ ਦੀ ਥਾਂ ਨਵੀਂ ਵਸਤ ਦੀ ਮਸ਼ਹੂਰੀ ਆਉਣੀ ਸ਼ੁਰੂ ਹੋ ਜਾਂਦੀ ਹੈ ਤਾਂ ਉਸ ਵਸਤ ਦੇ ਨਾਲ ਨਾਲ ਖ਼ੁਦ ਨੂੰ ਵੀ ਆਊਟਡੇਟਿਡ ਸਮਝ ਕੇ ਦੁਖੀ ਹੁੰਦਾ ਹੈ ਤੇ ਨਵੀਂ ਵਸਤ ਦੀ ਜ਼ਰੂਰਤ ਨੂੰ ਮਹਿਸੂਸ ਕਰਦਾ ਹੈ (ਇਸ ਮਿਸਾਲ ਨੂੰ ਹੋਰ ਸਾਕਾਰ ਰੂਪ ਵਿਚ ਸਮਝਣ ਲਈ ਤੁਸੀਂ ਮੋਬਾਈਲ ਫੋਨ ਨੂੰ ਇਸ ਵਿਚਲੀ ਵਸਤ ਮੰਨ ਕੇ ਤਸੱਵਰ ਕਰ ਸਕਦੇ ਹੋ)। ਮਨੁੱਖ ਨੂੰ ਸਿਰਫ਼ ਖ਼ਪਤਕਾਰ ਮੰਨ ਕੇ ਤੁਰਦੇ ਇਸ ਪੂੰਜੀਵਾਦੀ ਸਿਧਾਂਤ ਵਿਚ 'ਵਿਕਾਸ' ਦਾ ਭਰਮ ਵੀ ਕੇਵਲ 'ਕੁੱਲ ਘਰੇਲੂ ਉਤਪਾਦ' (ਜੀ.ਡੀ.ਪੀ.) ਦੇ ਵਧਣ ਨਾਲ ਜੁੜਿਆ ਹੈ। ਕੁੱਲ ਘਰੇਲੂ ਉਤਪਾਦ ਦੇ ਲਿਹਾਜ਼ ਤੋਂ ਤੇਜ਼ੀ ਨਾਲ ਵਧਦੇ ਮੁਲਕਾਂ (ਜਿਵੇਂ ਭਾਰਤ) ਦੇ ਅੰਦਰ ਲੋਕਾਂ ਦਾ ਅਸਲ ਹਾਲ ਕੀ ਹੈ, 'ਵਿਕਾਸ' ਦੇ ਪੈਮਾਨੇ ਵਿਚ ਉਸ ਸਭ ਦੀ ਕੋਈ ਥਾਂ ਨਹੀਂ।

ਜੇ ਬਰਤਾਨੀਆ ਦੇ ਯੂਰਪੀ ਯੂਨੀਅਨ ਵਿਚੋਂ ਬਾਹਰ ਹੋਣ ਨੂੰ ਕੇਵਲ ਇਸ ਪੂੰਜੀਵਾਦੀ 'ਵਿਕਾਸ' ਦੇ ਲਘੂ-ਕਾਲੀ ਨਜ਼ਰੀਏ ਨਾਲ ਵੇਖਿਆ ਜਾਵੇ ਤਾਂ ਇਹ ਪੂਰੀ ਸੰਸਾਰ ਆਰਥਿਕਤਾ ਲਈ ਵੱਡੀ ਅਤੇ ਦੁਰਭਾਗੀ ਘਟਨਾ ਹੈ। ਇਸ ਦੇ ਅਸਰ ਆਉਣ ਵਾਲੇ ਦਿਨਾਂ ਵਿਚ ਸ਼ੇਅਰ ਬਾਜ਼ਾਰ ਤੋਂ ਲੈ ਕੇ ਮੁਦਰਾ ਬਾਜ਼ਾਰ, ਤੇਲ ਬਾਜ਼ਾਰ ਅਤੇ ਪ੍ਰਾਪਰਟੀ ਬਾਜ਼ਾਰ 'ਤੇ ਵੇਖਣ ਨੂੰ ਮਿਲਣਗੇ। ਯੂਰਪੀ ਯੂਨੀਅਨ ਵਿਚ ਰਾਜਨੀਤੀ ਹੋਰ ਤੇਜ਼ ਹੋਵੇਗੀ ਅਤੇ ਇਸ ਦੇ ਟੁੱਟਣ ਦੀ ਸੰਭਾਵਨਾ ਵੀ ਬਣੇਗੀ। ਅਮਰੀਕਾ ਵਿਚ ਡੋਨਲਡ ਟਰੰਪ ਵਰਗੇ ਬਦਲਾਖੋਰ ਨੇਤਾ ਦੀ ਭੱਲ ਬਣ ਸਕਦੀ ਹੈ। ਯੂਰਪੀ ਯੂਨੀਅਨ, ਅਮਰੀਕਾ ਅਤੇ ਹੋਰ ਵਿਕਸਿਤ ਦੇਸ਼ਾਂ ਵਿਚ 'ਕੁੱਲ ਘਰੇਲੂ ਉਤਪਾਦ' ਦੇ ਵਿਕਾਸ ਦੀ ਦਰ ਕਮਜ਼ੋਰ ਹੋਵੇਗੀ ਜਿਸ ਦਾ ਗਿਣਵਾਂ ਪ੍ਰਭਾਵ ਭਾਰਤ ਸਮੇਤ ਹੋਰ ਵਿਕਾਸਸ਼ੀਲ ਦੇਸ਼ਾਂ 'ਤੇ ਵੀ ਪਵੇਗਾ (ਹਾਲਾਂਕਿ ਉਪਰ ਦੱਸੇ ਵਾਂਗ ਇਨ੍ਹਾਂ ਦੇਸ਼ਾਂ ਨੂੰ ਕੁਝ ਫ਼ਾਇਦਾ ਪਹੁੰਚਣ ਦੀ ਸੰਭਾਵਨਾ ਵੀ ਰਹੇਗੀ)। ਇਉਂ, ਇਸ ਲਿਹਾਜ਼ ਤੋਂ ਲਘੂ-ਕਾਲ ਵਿਚ ਕੁੱਲ ਸੰਸਾਰ ਆਰਥਿਕਤਾ ਦਾ ਕਮਜ਼ੋਰ ਹੋਣਾ ਕਾਫ਼ੀ ਹੱਦ ਤਕ ਤੈਅ ਜਾਪਦਾ ਹੈ। ਆਰਥਿਕਤਾ ਦੀ ਕਮਜ਼ੋਰੀ ਆਮ ਲੋਕਾਂ ਅੰਦਰ ਬੇਚੈਨੀ ਵਧਾਉਣ ਦਾ ਆਧਾਰ ਬਣ ਰਹੀ ਹੈ। 2008 ਤੋਂ ਸ਼ੁਰੂ ਹੋਏ ਆਰਥਿਕ ਮੰਦਵਾੜੇ ਵਿਚੋਂ ਬਾਹਰ ਆਉਣ ਦੀ ਕੋਸ਼ਿਸ਼ ਵਿਚ ਲੱਗੇ ਵਿਕਸਿਤ ਦੇਸ਼ਾਂ ਲਈ ਰੁਜ਼ਗਾਰ ਪੈਦਾ ਕਰਨ ਦੀ ਵੱਡੀ ਚੁਣੌਤੀ ਖੜ੍ਹੀ ਹੈ। ਇਕ ਪਾਸੇ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦਾ ਬੁਨਿਆਦੀ ਪੂੰਜੀਵਾਦੀ ਰੁਝਾਨ ਅਤੇ ਦੂਜੇ ਪਾਸੇ ਖ਼ਪਤਕਾਰਵਾਦੀ ਸੋਚ ਪੈਦਾ ਹੋਣ ਦੇ ਬਾਵਜੂਦ ਵੱਡੇ ਹਿੱਸੇ ਦੀ ਖ਼ਰੀਦ ਸ਼ਕਤੀ ਵਿਚ ਕਮੀ ਦਾ ਦਵੰਦ ਬਰਕਰਾਰ ਹੈ। ਰੁਜ਼ਗਾਰ ਵਿਹੂਣੇ ਇਸ ਵਿਕਾਸ ਮਾਡਲ ਨੂੰ ਜਾਰੀ ਰੱਖਣ ਦੀ ਪਹੁੰਚ ਤੋਂ ਬਾਹਰ ਸੋਚਣ ਦਾ ਅਜੇ ਸੰਕੇਤ ਨਹੀਂ ਮਿਲ ਰਿਹਾ।

ਦੂਜੇ ਪਾਸੇ ਜੇ ਪੂੰਜੀਵਾਦੀ ਦ੍ਰਿਸ਼ਟੀਕੋਣ ਤਹਿਤ ਮਨੁੱਖ ਨੂੰ ਮਨੁੱਖ ਦੀ ਥਾਂ ਕੇਵਲ ਖ਼ਪਤਕਾਰ ਅਤੇ 'ਵਿਕਾਸ' ਨੂੰ ਸਿਰਫ਼ 'ਕੁੱਲ ਘਰੇਲੂ ਉਤਪਾਦ' ਦਾ ਵਿਕਾਸ ਸਮਝਣ ਵਾਲੀ ਇਸ ਸੌੜੀ ਸੋਚ ਤੋਂ ਬਾਹਰ ਆ ਕੇ ਦੀਰਘਕਾਲੀ ਰੂਪ ਵਿਚ ਵੇਖਿਆ ਜਾਵੇ ਤਾਂ ਬਰਤਾਨੀਆ ਵਾਸੀਆਂ ਦੀਆਂ ਮਨੁੱਖ ਦੇ ਰੂਪ ਵਿਚ ਜ਼ਰੂਰਤਾਂ ਦੀ ਪੂਰਤੀ ਕਰਨ ਲਈ ਦੋ ਹੀ ਸੋਮੇ ਹਨ- ਜਾਂ ਤਾਂ ਉਹ ਖ਼ੁਦ ਪੈਦਾਵਾਰ ਕਰਨ ਜਾਂ ਵਿਦੇਸ਼ ਤੋਂ ਖ਼ਰੀਦਣ। ਇਹੋ ਦੋ ਸੋਮੇ ਬਾਕੀ ਯੂਰਪ, ਅਮਰੀਕਾ ਅਤੇ ਭਾਰਤ ਸਮੇਤ ਹੋਰ ਸਾਰੇ ਦੇਸ਼ਾਂ ਦੇ ਲੋਕਾਂ ਲਈ ਵੀ ਹਨ। ਇਸ ਲਈ ਜਿਥੇ ਜ਼ਰੂਰਤ ਜੋਗਾ ਉਤਪਾਦਨ ਨਹੀਂ ਹੋਵੇਗਾ, ਉਥੇ ਬਾਹਰ ਵੱਲ ਵੇਖਣਾ ਹੀ ਪਵੇਗਾ। ਬਾਹਰੋਂ ਖ਼ਰੀਦਣ ਮੌਕੇ ਜਿਥੋਂ ਵੀ ਸਸਤਾ ਅਤੇ ਚੰਗਾ ਮਿਲੇਗਾ, ਉਧਰ ਨੂੰ ਮੂੰਹ ਕੀਤਾ ਜਾਵੇਗਾ। ਇਸ ਦੌਰਾਨ ਹੋਣ ਵਾਲੀਆਂ ਨਿੱਕੀਆਂ ਘਟਨਾਵਾਂ ਦਾ ਇਸ ਦੀਰਘਕਾਲੀ ਤੰਤਰ ਨੂੰ ਕੋਈ ਖ਼ਾਸ ਫ਼ਰਕ ਨਹੀਂ ਪੈਣਾ ਹੁੰਦਾ। ਇਸ ਜ਼ਾਵੀਏ ਤੋਂ ਬਰਤਾਨੀਆ ਦਾ ਯੂਰਪੀ ਯੂਨੀਅਨ ਤੋਂ ਅੱਡ ਹੋਣਾ ਵੀ ਅਜਿਹੀ ਹੀ ਘਟਨਾ ਹੈ।

# ਬਾਬਾ ਬੰਦਾ ਬਹਾਦਰ ਦੀ ਸ਼ਹਾਦਤ ਤੇ ਰਬਿੰਦਰ ਨਾਥ ਟੈਗੋਰ

***ਇਸ ਸਾਲ ਮਹਾਨ ਯੋਧੇ ਬਾਬਾ ਬੰਦਾ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਦੀ ਤੀਜੀ ਸ਼ਤਾਬਦੀ ਮਨਾਈ ਜਾ ਰਹੀ ਹੈ। ਇਸ ਪ੍ਰਸੰਗ ਵਿਚ ਪੇਸ਼ ਹੈ ਡਾ. ਜਸਪਾਲ ਸਿੰਘ ਦਾ ਇਹ ਲੇਖ ਜੋ ਪ੍ਰਸਿੱਧ ਬੰਗਲਾ ਕਵੀ ਰਬਿੰਦਰ ਨਾਥ ਟੈਗੋਰ ਵੱਲੋਂ ਬੰਦਾ ਬਹਾਦਰ ਦੀ ਸ਼ਹਾਦਤ ਬਾਰੇ ਲਿਖੀ ਕਵਿਤਾ 'ਬੰਦੀ ਬੀਰ' ਉਤੇ ਆਧਾਰਿਤ ਹੈ।***

ਰਬਿੰਦਰ ਨਾਥ ਟੈਗੋਰ ਸਿੱਖ ਪਰੰਪਰਾ ਅਤੇ ਇਤਿਹਾਸ ਦੇ ਬਹੁਤ ਵੱਡੇ ਪ੍ਰਸੰਸਕ ਸਨ। ਗੁਰੂ ਸਾਹਿਬਾਨ ਦੀ ਅਜ਼ੀਮ ਸ਼ਖ਼ਸੀਅਤ ਤੋਂ ਉਹ ਬਹੁਤ ਪ੍ਰਭਾਵਿਤ ਸਨ। ਟੈਗੋਰ ਨੇ ਕਈ ਕਵਿਤਾਵਾਂ ਦੀ ਰਚਨਾ ਕੀਤੀ ਹੈ ਜਿਨ੍ਹਾਂ ਦਾ ਸਬੰਧ ਸਿੱਖ ਇਤਿਹਾਸ ਨਾਲ ਹੈ। ਇਥੇ ਮੈਂ ਉਨ੍ਹਾਂ ਦੀ ਬਹੁਤ ਖ਼ੂਬਸੂਰਤ ਰਚਨਾ 'ਬੰਦੀ ਬੀਰ' ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਬੰਦਾ ਬਹਾਦਰ ਅਤੇ ਉਸ ਦੇ ਸਾਥੀਆਂ ਦੀ

**ਡਾ. ਜਸਪਾਲ ਸਿੰਘ**

ਬੇਮਿਸਾਲ ਬਹਾਦਰੀ ਅਤੇ ਅਦੁੱਤੀ ਸ਼ਹਾਦਤ ਦਾ ਵਰਨਣ ਇਸ ਕਵਿਤਾ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ ਹੈ। ਨਾਲ ਹੀ ਇਸ ਕਵਿਤਾ ਵਿਚ ਪੰਜਾਬ ਵਿਚ ਉਠ ਰਹੀ ਸਿੱਖ ਲਹਿਰ ਦਾ ਜ਼ਿਕਰ ਵੀ ਵੱਖਰੇ ਢੰਗ ਨਾਲ ਦਰਜ ਹੈ। ਬੰਗਾਲ ਦੇ ਸਕੂਲਾਂ ਦੇ ਸਿਲੇਬਸ ਵਿਚ ਇਹ ਕਵਿਤਾ ਸ਼ਾਮਿਲ ਹੈ ਅਤੇ ਲੋਕੀਂ ਬੜੇ ਚਾਅ ਨਾਲ ਇਸ ਕਵਿਤਾ ਦਾ ਗਾਇਨ ਕਰਦੇ ਹਨ। ਕਵਿਤਾ ਦੀਆਂ ਆਰੰਭਕ ਸਤਰਾਂ ਪੰਜਾਬ ਵਿਚ ਉਠ ਰਹੇ ਇਨਕਲਾਬ ਵੱਲ ਇਸ਼ਾਰਾ ਕਰਦੀਆਂ ਹਨ:

ਪੰਚ ਨਦੀਰ ਤੀਰੇ
ਬੇਨੀ ਪਾਕਾਇਯਾ ਸ਼ੀਰੇ
ਦੇਖਿਤੇ ਦੇਖਿਤੇ ਗੁਰੁਰ ਮੰਤਰੇ
ਜਾਗਿਯਾ ਉਠੇਛੇ ਸਿੱਖ
ਨਿਰਮੰਮ ਨਿਰਭੀਕ।

ਭਾਵ, ਪੰਜ ਨਦੀਆਂ ਦੇ ਕੰਢਿਆਂ 'ਤੇ ਆਪਣੇ ਕੇਸਾਂ ਨੂੰ ਸਵਾਰਦੇ ਹੋਏ ਨਿਰਭਉ ਅਤੇ ਦ੍ਰਿੜ੍ਹ ਇਰਾਦੇ ਵਾਲੇ ਸਿੱਖ, ਗੁਰੂ ਦੀ ਸਿੱਖਿਆ ਸਦਕਾ ਜਾਗ ਪਏ ਹਨ।

ਸਿੱਖਾਂ ਦੀ ਜਮਾਤ ਵਿਚੋਂ ਕਿੰਦਾਂ ਮੌਤ ਦਾ ਭੈਅ ਦੂਰ ਹੋ ਗਿਆ ਹੈ ਅਤੇ ਕਿੰਦਾਂ ਪੰਜਾਬ ਦੀ ਧਰਤੀ ਉਪਰ ਇਕ ਇਤਿਹਾਸਕ ਬਦਲਾਅ ਵਾਪਰ ਰਿਹਾ ਹੈ, ਇਸ ਦਾ ਜ਼ਿਕਰ ਕਵਿਤਾ ਵਿਚ ਇਸ ਤਰ੍ਹਾਂ ਦਰਜ ਹੈ:

ਏਸ਼ੇਛੇ ਸ਼ੇ ਐਕ ਦਿਨ
ਲਛ ਪਰਾਨੇ ਸ਼ੰਕਾ ਨਾ ਜਾਨੇ
ਨਾ ਰਾਖੇ ਕਾਹਾਰੋ ਰਿਣ।
ਜੀਵਨ ਮਰਿਤਯੂ ਪਾਇਰ ਭ੍ਰਿਤ
ਚਿੱਤ ਭਾਵਨਾਹੀਨ।
ਪੰਚ ਨਦੀਰ ਘਿਰਿ ਦਸ਼ ਤੀਰ
ਏਸ਼ੇਛੇ ਸ਼ੇ ਐਕ ਦਿਨ।

ਭਾਵ, ਇਹੋ ਜਿਹਾ ਮਹਾਨ ਦਿਨ ਆ ਗਿਆ ਕਿ ਲੱਖਾਂ ਲੋਕਾਂ ਨੇ ਆਪਣਾ ਭੈਅ ਤਿਆਗ ਦਿੱਤਾ, ਮੌਤ ਦਾ ਡਰ ਛੱਡ ਦਿੱਤਾ। ਸਾਰੇ ਬੰਧਨਾਂ ਤੋਂ ਮੁਕਤ ਹੋ ਕੇ, ਜ਼ਿੰਦਗੀ ਤੇ ਮੌਤ ਦੀ ਪ੍ਰਵਾਹ ਛੱਡ ਦਿੱਤੀ ਹੈ ਇਨ੍ਹਾਂ ਦ੍ਰਿੜ੍ਹ ਇਰਾਦੇ ਵਾਲੇ ਲੋਕਾਂ ਨੇ। ਪੰਜ ਨਦੀਆਂ ਦੇ ਦਸ ਕੰਢਿਆਂ ਵਿਚ ਘਿਰੀ ਧਰਤੀ 'ਤੇ ਇਹੋ ਜਿਹਾ ਆ ਗਿਆ, ਇਕ ਮਹਾਨ ਦਿਨ।

ਕਵਿਤਾ ਦੀਆਂ ਅਗਲੀਆਂ ਸਤਰਾਂ ਵਿਚ ਬੰਦਾ ਬਹਾਦਰ ਦੀ ਹਥਿਆਰਬੰਦ ਮੁਹਿੰਮ ਵਿਚ ਸ਼ਾਮਿਲ ਸਿੱਖਾਂ ਦੀ ਵਚਨਬੱਧਤਾ ਦਾ ਜ਼ਿਕਰ ਵੀ ਬੜੇ ਖ਼ੂਬਸੂਰਤ ਲਫ਼ਜ਼ਾਂ ਵਿਚ ਕੀਤਾ ਗਿਆ ਹੈ:

ਪੰਚ ਨਦੀਰ ਤੀਰੇ
ਭਕਤ ਦੇਹੇਰ ਰਕਤ ਲਹਰੀ
ਮੁਕਤ ਹੋਈਲੋ ਕੀ ਰੇ।
ਲੱਛ ਵੱਛ ਚੀਰੇ
ਝਾਂਕੇ ਝਾਂਕੇ ਪਰਾਣ ਪੱਛੀ ਸਮਾਨ
ਛੂਟੇ ਜੇਨ ਨਿਜ-ਨੀੜੇ।
ਬੀਰਗਣ ਜਨਨੀ ਰੇ
ਰਕਤ-ਤਿਲਕ ਲਲਾਟੇ ਪਰਾਲੋ
ਪੰਚ ਨਦੀਰ ਤੀਰੇ।

ਭਾਵ, ਪੰਜ ਨਦੀਆਂ ਦੇ ਕੰਢੇ 'ਤੇ ਗੁਰੂ ਦੇ ਸਿੱਖਾਂ ਦੇ ਸਰੀਰ ਵਿਚ ਖ਼ੂਨ ਉਬਾਲੇ ਖਾਣ ਲੱਗ ਪਿਆ। ਲੱਖਾਂ ਲੋਕੀਂ ਇਕੋ ਦਿਸ਼ਾ ਵੱਲ ਦੌੜ ਪਏ, ਜਿਸ ਤਰ੍ਹਾਂ ਪੰਛੀਆਂ ਦੇ ਸਮੂਹ ਆਪਣੇ ਆਲ੍ਹਣਿਆਂ ਵਿਚੋਂ ਉੱਡ ਪਏ ਹੋਣ। ਇਨ੍ਹਾਂ ਬਹਾਦਰ ਜਾਂਬਾਜ਼ਾਂ ਨੇ ਆਪਣੀ ਮਾਤ-ਭੂਮੀ ਦੀ ਰੱਖਿਆ ਲਈ ਆਪਣੇ ਮੱਥੇ 'ਤੇ ਖ਼ੂਨ ਦਾ ਤਿਲਕ ਲਾ ਲਿਆ ਹੈ। ਇਹ ਸਭ ਵਾਪਰਿਆ ਹੈ ਪੰਜ ਨਦੀਆਂ ਦੇ ਕੰਢਿਆਂ 'ਤੇ।

ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਹੋਈ ਗਹਿ-ਗੱਚ ਲੜਾਈ ਦੇ ਸੰਖੇਪ ਜ਼ਿਕਰ ਤੋਂ ਬਾਅਦ ਬੰਦਾ ਬਹਾਦਰ ਅਤੇ ਉਸ ਦੇ ਸਾਥੀਆਂ ਦੀ ਦਿੱਲੀ ਵਿਚ ਹੋਈ ਸ਼ਹਾਦਤ ਦਾ ਪੂਰਾ ਨਕਸ਼ਾ ਕਵਿਤਾ ਵਿਚ ਖਿੱਚਿਆ ਗਿਆ ਹੈ ਜਿਸ ਨੂੰ ਪੜ੍ਹ ਕੇ ਇਕ ਵਾਰ ਤਾਂ ਰੌਂਗਟੇ ਖੜ੍ਹੇ ਹੋ ਜਾਂਦੇ ਹਨ:

ਗੁਰਦਾਸਪੁਰ ਗੜ੍ਹੇ,
ਬੰਦਾ ਜਖਨ ਬੰਦੀ ਹੋਇਲੋ
ਤੁਰਾਣੀ ਸੇਨਾਰ ਕਰੇ,
ਸਿੰਹੇਰ ਮਤੋ ਸ਼ਰੰਖਲ ਗਤ
ਬਾਂਧਿ ਲਯੇ ਗੇਲ ਧਰੇ,
ਦਿੱਲੀ ਨਗਰ ਪਰੇ;
ਬੰਦਾ ਸਮਰੇ ਬੰਦੀ ਹੋਇਲੋ,
ਗੁਰਦਾਸਪੁਰ ਗੜ੍ਹੇ।

ਭਾਵ, ਗੁਰਦਾਸਪੁਰ ਦੀ ਗੜ੍ਹੀ ਦੀ ਯੁੱਧ ਭੂਮੀ ਵਿਚ ਜਦੋਂ ਬੰਦਾ ਬਹਾਦਰ ਨੂੰ ਕੈਦ ਕਰ ਲਿਆ ਗਿਆ। ਉਸ ਨੂੰ ਲੋਹੇ ਦੀਆਂ ਬੇੜੀਆਂ ਵਿਚ ਉਸੇ ਤਰ੍ਹਾਂ ਜਕੜਿਆ ਗਿਆ ਜਿਸ ਤਰ੍ਹਾਂ 'ਸ਼ੇਰ' ਨੂੰ ਜਕੜਨ ਲਈ ਜ਼ੰਜੀਰਾਂ ਦੀ ਲੋੜ ਪੈਂਦੀ ਹੈ ਅਤੇ ਉਸ ਨੂੰ ਉਸੇ ਅਵਸਥਾ ਵਿਚ ਜਕੜ ਕੇ ਦਿੱਲੀ ਲਿਜਾਇਆ ਗਿਆ। ਗੁਰਦਾਸਪੁਰ ਦੀ ਗੜ੍ਹੀ ਵਿਚੋਂ ਬੰਦਾ ਬਹਾਦਰ ਨੂੰ ਕੈਦ ਕਰ ਲਿਆ ਗਿਆ ਹੈ।



ਸੰਮੁਖੇ ਚਲੇ ਮੋਗਲ ਸੈਨਯ,
ਉੜ੍ਹਾਏ ਪੱਥੇਰ ਧੂਲੀ।
ਛਿੰਨ ਸਿੱਖੇਰ ਮੁੰਦ ਲੀਯਿਆ,
ਬਰਸ਼ਾ-ਫਲਕੇ ਤੁਲੀ।
ਸ਼ਿੱਖ ਸਾਤ-ਸ਼ਤ ਚਲੇ ਪਸ਼ਚਾਤੇ,
ਬਾਜੇ ਸ਼ਰਖਲਾ ਗੁਲੀ।
ਰਾਜਪਥ ਪਰੇ ਲੋਕ ਨਾਹਿ ਧਰੇ,
ਬਾਤਾਯਨ ਜਾਯ ਖੁਲੀ।
ਸ਼ਿੱਖ ਗਰਜਯ 'ਗੁਰੁਜੀਰ ਜਯ',
ਪਰਾਣੇਰ ਭਯ ਭੁਲੀ।
ਮੋਗਲੇ ਔ ਸ਼ਿੱਖੇ ਉੜਾਲੋ ਆਜਿਕੇ,
ਦਿੱਲੀ ਪਥੇਰ ਧੂਲੀ।

ਭਾਵ, ਦਿੱਲੀ ਦੀਆਂ ਸੜਕਾਂ 'ਤੇ ਉਸ ਦਿਨ ਬਹੁਤ ਭਿਆਨਕ ਦ੍ਰਿਸ਼ ਸੀ। ਆਪਣੇ ਬਰਛਿਆਂ ਦੀਆਂ ਨੋਕਾਂ ਉੱਪਰ ਕਈ ਸਿੱਖਾਂ ਦੇ ਸਿਰ ਟੰਗ ਕੇ, ਝੁਲਾਂਦੇ ਹੋਏ ਮੁਗ਼ਲ ਸੈਨਾ ਅੱਗੇ ਵਧ ਰਹੀ ਸੀ ਅਤੇ ਉਸ ਦੇ ਪਿਛੇ-ਪਿਛੇ ਸੱਤ ਸੌ ਸਿੱਖ ਸੂਰਬੀਰ ਜ਼ੰਜੀਰਾਂ ਵਿਚ ਜਕੜੇ ਹੋਏ ਤੁਰ ਰਹੇ ਸਨ। ਚਾਰੇ ਪਾਸੇ ਉਨ੍ਹਾਂ ਦੀਆਂ ਲੋਹੇ ਦੀਆਂ ਜ਼ੰਜੀਰਾਂ ਦੀ ਖਣਕ ਗੂੰਜ ਰਹੀ ਸੀ। ਇਸ ਭਿਆਨਕ ਅਤੇ ਬਚਿੱਤਰ ਦ੍ਰਿਸ਼ ਨੂੰ ਦੇਖਣ ਲਈ ਜਿਥੇ ਰਾਜਪਥ 'ਤੇ ਹਜ਼ਾਰਾਂ ਲੋਕ ਇਕੱਠੇ ਹੋਏ ਸਨ, ਉਥੇ ਸੜਕ ਦੇ ਦੋਵੇਂ ਪਾਸੇ ਰਹਿਣ ਵਾਲੇ ਲੋਕੀਂ ਆਪਣੇ ਘਰਾਂ ਦੀਆਂ ਖਿੜਕੀਆਂ ਤੋਂ ਵੀ ਝਾਕ ਰਹੇ ਸਨ; ਪਰ ਉਸ ਖੌਫ਼ਨਾਕ ਹਾਲਤ ਵਿਚ ਵੀ ਬਹਾਦਰ ਸਿੱਖ ਆਪਣੇ ਗੁਰੂ ਦੇ ਜੈਕਾਰੇ ਲਾ ਰਹੇ ਸਨ ਅਤੇ ਉਨ੍ਹਾਂ ਵਿਚ ਉਸ ਕੈਦ ਦੀ ਅਵਸਥਾ ਵਿਚ ਵੀ ਕਿਸੇ ਤਰ੍ਹਾਂ ਦਾ ਮੌਤ ਦਾ ਭੈਅ ਨਜ਼ਰ ਨਹੀਂ ਸੀ ਆ ਰਿਹਾ। ਦਰਬਾਰ ਪਹੁੰਚ ਕੇ ਸਾਰੇ ਕੈਦੀ ਸਿੱਖਾਂ ਵਿਚ ਆਪਣੇ ਪ੍ਰਾਨ ਨਿਛਾਵਰ ਕਰਨ ਦੀ ਹੋੜ ਲੱਗ ਗਈ ਸੀ। ਹਰ ਕੋਈ ਆਪਣੇ ਸਾਥੀ ਨੂੰ ਪਿੱਛੇ ਧਕੇਲ ਅੱਗੇ ਆਉਣ ਦਾ ਯਤਨ ਕਰ ਰਿਹਾ ਸੀ। ਇਸੇ ਜੱਦੋ-ਜਹਿਦ ਵਿਚ ਦਿਨ ਬੀਤ ਗਿਆ ਅਤੇ ਸਾਰੇ ਸੱਤ ਸੌ ਕੈਦੀ ਸਿੱਖ ਜਾਂਬਾਜ਼ ਆਪਣੇ ਗੁਰੂ ਦੀ ਫ਼ਤਹਿ ਦੀ ਆਵਾਜ਼ ਬੁਲੰਦ ਕਰਦਿਆਂ ਹੋਇਆਂ ਅੱਗੇ ਵਧ-ਵਧ ਕੇ ਆਪਣਾ ਸੀਸ ਭੇਟ ਕਰਨ ਲੱਗ ਪਏ।

ਸਪਤਾਹ ਕਾਲੇ ਸਾਤ ਸ਼ਤ ਪ੍ਰਾਣ,
ਨਿਹਸ਼ੇਸ਼ ਹੋਇ ਗੇਲੇ।
ਬੰਦਾਰ ਕੋਲੇ ਕਾਜ਼ੀ ਦਿਲ ਤੁਲੇ,
ਬੰਦਾਰ ਏਕ ਛੇਲੇ।
ਕਹਿਲ, "ਇਹਾਰੇ ਬਧਿਤੇ ਹੋਇਬੇ,
ਨਿਜ ਹਾਤੇ ਅਵਹੇਲੇ।"
ਕਿਛੁ ਨਾ ਕਹਿਲ ਬਾਣੀ,
ਬੰਦਾ ਸੁਧੀਰੇ ਛੋਟੋ ਛੇਲੇਟਿਰੇ,
ਲਇਲ ਬੱਛੇ ਟਾਨੀ।
ਛਣ ਕਾਲ ਤਰੇ ਮਾਥਾਰ ਉਪਰੇ,
ਰਾਖੇ ਦਛਿਣ ਪਾਣੀ
ਸੁਧੁ ਏਕਬਾਰ ਚੁੰਬਿਲ ਤਾਰ,
ਰਾਂਗਾ ਉਸ਼ਨੀਸ਼ ਖਾਨੀ।

ਭਾਵ, ਇਕ ਹਫ਼ਤੇ ਵਿਚ ਜਦੋਂ ਸਾਰੇ ਸੱਤ ਸੌ ਬਹਾਦਰ ਸਿੱਖਾਂ ਨੇ ਆਪਣਾ ਬਲੀਦਾਨ ਦੇ ਦਿੱਤਾ ਤਾਂ ਅੰਤ ਵਿਚ ਕਾਜ਼ੀ ਨੇ ਬੰਦਾ ਬਹਾਦਰ ਦੀ ਗੋਦ ਵਿਚ ਉਸ ਦੇ ਬਹੁਤ ਛੋਟੀ ਉਮਰ ਦੇ ਪੁੱਤਰ ਨੂੰ, ਜਿਸ ਦੇ ਹੱਥ ਬੰਨ੍ਹੇ ਹੋਏ ਸਨ, ਬਿਠਾਉਂਦਿਆਂ ਹੋਇਆ ਕਿਹਾ- 'ਹੁਣ ਇਸ ਦਾ ਕਤਲ ਕਰ, ਬਿਨਾਂ ਕਿਸੇ ਮੋਹ ਦੇ।' ਬੰਦੇ ਨੇ ਬਿਨਾਂ ਕੁਝ ਕਹਿਆਂ ਆਪਣੇ ਪੁੱਤਰ ਨੂੰ ਸੀਨੇ ਨਾਲ ਲਾ ਲਿਆ। ਫਿਰ ਇਕ ਪਲ ਲਈ ਉਸ ਦੇ ਮੱਥੇ 'ਤੇ ਹੱਥ ਰੱਖਿਆ ਅਤੇ ਉਸ ਦੀ ਲਾਲ ਪੱਗ ਨੂੰ ਇਕ ਵਾਰ ਚੁੰਮਿਆ।' ਪੁੱਤਰ ਦਾ ਮੂੰਹ ਨਿਹਾਰਦਿਆਂ ਹੋਇਆਂ 'ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਈ ਅਤੇ ਹੌਲੀ ਜਿਹੇ ਉਸ ਦੇ ਕੰਨ ਵਿਚ ਕਿਹਾ- 'ਹੇ ਪੁੱਤਰ, ਕਿਸੇ ਤਰ੍ਹਾਂ ਦਾ ਕੋਈ ਭੈਅ ਨਹੀਂ।' ਇਸ ਗੁਰ ਮੰਤਰ ਨੂੰ ਸੁਣ ਕੇ ਬਾਲਕ ਦੇ ਛੋਟੇ ਜਿਹੇ ਬਦਨ ਵਿਚ ਉਤਸ਼ਾਹ ਜਾਗ੍ਰਿਤ ਹੋ ਉਠਿਆ ਅਤੇ ਭਰੀ ਸਭਾ ਵਿਚ ਉਸ ਦਾ ਦ੍ਰਿੜ੍ਹ ਸੁਰ ਗੂੰਜ ਉਠਿਆ, 'ਵਾਹਿਗੁਰੂ ਜੀ ਕੀ ਫ਼ਤਹਿ- ਮੈਨੂੰ ਕੋਈ ਭੈਅ ਨਹੀਂ।'



**ਚੱਪੜ-ਚਿੜੀ (ਛੱਪੜ-ਝਿੜੀ) ਵਿਖੇ ਬਾਬਾ ਬੰਦਾ ਬਹਾਦਰ ਦੀ ਯਾਦ ਵਿਚ ਉਸਾਰਿਆ ਗਿਆ ਮੀਨਾਰ।**

'ਗੁਰੁਜੀਰ ਜਯ' ਕਹਿਯਾ ਬਾਲਕ,
ਲੁਟਾਲੋ ਧਰਣੀ ਤਲੇ।
ਸਭਾ ਹੋਲੋ ਨਿਸਤਬਧ।
ਬੰਦਾਰ ਦੇਹ ਛਿੰਰਿਲੋ ਘਾਤਕ,
ਸਾਂਰਾਸ਼ਿ ਕਰਿਯਾ ਦਗਧ।
ਸਥਿਰ ਹੋਯ ਬੀਰ ਮੋਰਿਲ,
ਨਾ ਕੋਰਿ, ਏਕਟਿ ਕਾਤਰ ਸ਼ਬਦ।
ਦਰਸ਼ਕ ਜਨ ਮੂਦਿਲੋ ਨਯਨ,
ਸਭਾ ਹੋਲੋ ਨਿਸਤਬਧ।

ਰਬਿੰਦਰ ਨਾਥ ਟੈਗੋਰ ਦਾ ਕਹਿਣਾ ਹੈ- 'ਮਰਦਿਆਂ-ਮਰਦਿਆਂ ਬਾਲਕ ਨੇ ਫਿਰ 'ਗੁਰੂ ਜੀ ਕੀ ਫ਼ਤਹਿ' ਦਾ ਜੈਕਾਰਾ ਲਾਇਆ ਅਤੇ ਉਸ ਦੀ ਸ਼ਹਾਦਤ ਨਾਲ ਸਾਰੀ ਸਭਾ ਕੰਬ ਗਈ। ਚਾਰੇ ਪਾਸੇ ਸੰਨਾਟਾ ਛਾਅ ਗਿਆ। ਫਿਰ ਜੱਲਾਦ ਨੇ ਅੱਗ ਵਿਚ ਤਪੇ ਹੋਏ ਸੁਰਖ਼ ਚਿਮਟੇ ਨਾਲ ਬੰਦੇ ਦੀ ਦੇਹ ਵਿੰਨ੍ਹ ਦਿੱਤੀ। ਬੰਦੇ ਨੇ ਇਕ ਵਾਰ ਵੀ ਉਫ਼ ਨਹੀਂ ਕੀਤੀ ਅਤੇ ਇਸ ਤਰ੍ਹਾਂ ਉਹ ਸ਼ਹਾਦਤ ਨੂੰ ਪ੍ਰਾਪਤ ਹੋ ਗਿਆ। ਲੋਕਾਂ ਦੀਆਂ ਅੱਖਾਂ ਭੈਅ ਤੇ ਖੌਫ਼ ਨਾਲ ਬੰਦ ਹੋ ਗਈਆਂ। ਚਾਰੇ ਪਾਸੇ ਸੰਨਾਟਾ ਛਾ ਗਿਆ।'

ਇਤਿਹਾਸ ਦੀ ਬਣਤਰ ਤੇ ਨੁਹਾਰ ਬਦਲਣ ਵਾਲੇ ਅਤੇ ਪਹਿਲੇ ਖ਼ੁਦਮੁਖਤਾਰ ਖ਼ਾਲਸਾ ਰਾਜ ਦੇ ਉਸਰੱਈਏ ਬਾਬਾ ਬੰਦਾ ਬਹਾਦਰ ਦੀ ਸ਼ਹਾਦਤ ਬੇਮਿਸਾਲ ਹੈ।

## ਸੰਪਾਦਕ ਦੀ ਡਾਕ

# ਮਝੈਲ ਸਿੰਘ ਸਰਾਂ ਦਾ ਲੇਖ ਤੇ ਹੋਰ ਲਿਖਤਾਂ

'ਪੰਜਾਬ ਟਾਈਮਜ਼' ਦੇ ਅੰਕ 25 ਵਿਚ ਮਝੈਲ ਸਿੰਘ ਸਰਾਂ ਦਾ ਪੰਜਾਬ ਦੇ ਭਖਦੇ ਮਸਲਿਆਂ ਬਾਰੇ ਲਿਖਿਆ ਲੇਖ 'ਫਾਂਸੀ ਤੋਂ ਫਾਹੇ ਵੱਲ?' ਚੰਗਾ ਲੱਗਿਆ। ਲੇਖਕ ਨੇ ਪੰਜਾਬ ਵਿਚ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਦਾ ਪਿਛੋਕੜ ਬਹੁਤ ਗਹਿਰਾਈ ਨਾਲ ਫਰੋਲਿਆ ਹੈ ਅਤੇ ਨਾਲ ਹੀ ਵੱਖ-ਵੱਖ ਸਮਿਆਂ ਦੌਰਾਨ ਸਰਕਾਰਾਂ ਵੱਲੋਂ ਇਸ ਮਸਲੇ ਬਾਰੇ ਕੀਤੀ ਜਾ ਰਹੀ ਅਣਦੇਖੀ ਦਾ ਮਾਮਲਾ ਵੀ ਬਹਿਸ ਅਧੀਨ ਲਿਆਂਦਾ ਹੈ। ਜਾਪਦਾ ਹੈ ਕਿ ਇਸ ਮਾਮਲੇ 'ਤੇ ਆਮ ਲੋਕ ਬਹੁਤ ਬੇਵਸ ਜਿਹੇ ਹਨ, ਕਿਉਂਕਿ ਸਰਕਾਰੀ-ਦਰਬਾਰੀ ਪੱਧਰ ਉਤੇ ਆਮ ਬੰਦੇ ਦੀ ਕਿਤੇ ਕੋਈ ਸੁਣਵਾਈ ਨਹੀਂ ਹੈ। ਸਰਕਾਰ ਨੇ ਹੋਰ ਪਤਾ ਨਹੀਂ ਕਿਹੜੀਆਂ-ਕਿਹੜੀਆਂ ਸਕੀਮਾਂ ਚਲਾਈਆਂ ਹੋਈਆਂ ਹਨ, ਪਰ ਇਨ੍ਹਾਂ ਸਕੀਮਾਂ ਦਾ ਸਿੱਧਾ ਸਬੰਧ ਕਿਸਾਨਾਂ ਜਾਂ ਹੋਰ ਲੋੜਵੰਦਾਂ ਦੀ ਖਲਾਸੀ ਕਰਾਉਣਾ ਨਹੀਂ, ਸਗੋਂ ਆਪਣੀਆਂ ਵੋਟਾਂ ਪੱਕੀਆਂ ਕਰਨਾ ਹੀ ਹੁੰਦਾ ਹੈ। ਹੁਣ ਨੁਕਤਾ ਇਹ ਹੈ ਕਿ ਇਸ ਤਰ੍ਹਾਂ ਦੀ ਚੋਣ ਸਿਆਸਤ ਵਿਚੋਂ ਬਾਹਰ ਕਿਵੇਂ ਨਿਕਲਿਆ ਜਾਵੇ?

ਅਰੁੰਧਤੀ ਰਾਏ ਦਾ ਲੰਮਾ ਲੇਖ ਮੈਂ ਪੂਰੀ ਰੀਝ ਨਾਲ ਆਪ ਵੀ ਪੜ੍ਹਿਆ ਹੈ ਅਤੇ ਜਿੰਨਾ ਹੋ ਸਕਿਆ, ਹੋਰਨਾਂ ਨੂੰ ਵੀ ਪੜ੍ਹਾਇਆ ਹੈ। ਇਸ ਲੇਖ ਵਿਚ ਅਰੁੰਧਤੀ ਰਾਏ ਨੇ ਆਰ.ਐਸ.ਐਸ. ਅਤੇ ਨਰੇਂਦਰ ਮੋਦੀ ਦੀ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਚੁਸਤੀਆਂ ਤੇ ਚਲਾਕੀਆਂ ਨੂੰ ਇਕ-ਇਕ ਕਰ ਕੇ ਗਿਣਾਇਆ ਹੈ। ਲੇਖ ਵਿਚ ਵਿਚਾਰੇ ਗਏ ਬਹੁਤ ਸਾਰੇ ਨੁਕਤੇ ਤਾਂ ਅਜਿਹੇ ਵੀ ਹਨ ਜੋ ਪਹਿਲੀ ਵਾਰ ਧਿਆਨ ਵਿਚ ਆਏ। ਇਸੇ ਤਰ੍ਹਾਂ ਦਲਜੀਤ ਅਮੀ ਵੱਲੋਂ ਫਿਲਮ 'ਉੜਤਾ ਪੰਜਾਬ' ਬਾਰੇ ਕੀਤੀਆਂ ਲਗਾਤਾਰ ਟਿੱਪਣੀਆਂ ਵੀ ਧਿਆਨ ਖਿੱਚਦੀਆਂ ਹਨ। ਮੇਰੀ ਜਾਚੇ ਇਸ ਫਿਲਮ ਬਾਰੇ ਦਲਜੀਤ ਅਮੀ ਦਾ ਰੀਵਿਊ ਸਭ ਤੋਂ ਵੱਧ ਦਲੀਲਪੂਰਨ ਸੀ। ਅਸਲ ਵਿਚ ਉਹ ਆਪਣੇ ਹਰ ਨੁਕਤੇ ਨੂੰ ਵੱਖ-ਵੱਖ ਪੱਖਾਂ ਦੇ ਪ੍ਰਸੰਗ ਵਿਚ ਉਭਾਰਦਾ ਹੈ ਅਤੇ ਇਨ੍ਹਾਂ ਪੱਖਾਂ ਦੇ ਸਿਆਸੀ ਪਿਛੋਕੜ ਨੂੰ ਕਦੀ ਦਰਕਿਨਾਰ ਨਹੀਂ ਕਰਦਾ। ਇਸੇ ਕਰ ਕੇ ਉਸ ਦੀਆਂ ਲਿਖਤਾਂ ਵਿਚ ਅਕਸਰ ਐਨੀਆਂ ਤਿੱਖੀਆਂ ਟਿੱਪਣੀਆਂ ਹੁੰਦੀਆਂ ਹਨ।

ਸਤਨਾਮ ਦੀ ਮਸ਼ਹੂਰ ਲਿਖਤ 'ਜੰਗਲਨਾਮਾ' ਲੜੀਵਾਰ ਛਾਪ ਕੇ ਤੁਸੀਂ ਪੁੰਨ ਵਾਲਾ ਕੰਮ ਕੀਤਾ ਹੈ। ਇਹ ਲਿਖਤ ਪਹਿਲਾਂ ਵੀ ਪੜ੍ਹੀ ਹੋਈ ਸੀ, ਪਰ ਹੁਣ ਕਈ ਸਾਲਾਂ ਬਾਅਦ ਕਈ ਤੱਥ ਚੇਤੇ ਵਿਚੋਂ ਵਿੱਸਰ ਗਏ ਹਨ। ਦੁਬਾਰਾ ਪੜ੍ਹ ਕੇ ਉਹ ਤੱਥ ਜ਼ਿਹਨ ਵਿਚ ਮੁੜ ਉਭਰ ਆਏ ਹਨ। ਬੂਟਾ ਸਿੰਘ ਦੇ ਲੇਖ ਵੀ ਮੈਂ ਬੜੀ ਨੀਝ ਨਾਲ ਪੜ੍ਹਦਾ ਹਾਂ। ਇਹ ਅਕਸਰ ਵਿਚਾਰ-ਉਕਸਾਊ ਹੁੰਦੇ ਹਨ। ਅਸਲ ਵਿਚ 'ਪੰਜਾਬ ਟਾਈਮਜ਼' ਦੀਆਂ ਵੱਖ-ਵੱਖ ਮਸਲਿਆਂ ਬਾਰੇ ਲਿਖਤਾਂ ਜਾਣਕਾਰੀ ਵਿਚ ਵਾਧਾ ਹੀ ਨਹੀਂ ਕਰਦੀਆਂ, ਸਗੋਂ ਸੋਚ ਨੂੰ ਸਾਣ ਉਤੇ ਵੀ ਲਾਉਂਦੀਆਂ ਹਨ।

*-ਗੁਰਵੇਲ ਸਿੰਘ ਜਹਾਂਗੀਰ*
*ਨਿਊ ਯਾਰਕ।*

---

## 'ਫਾਂਸੀ ਤੋਂ ਫਾਹੇ ਵੱਲ'

ਸੰਪਾਦਕ ਸਾਹਿਬ,

ਸ. ਮਝੈਲ ਸਿੰਘ ਸਰਾਂ ਹੋਰਾਂ ਦਾ ਸਿਖਿਆਦਾਇਕ ਲੇਖ 'ਫਾਂਸੀ ਤੋਂ ਫਾਹੇ ਵੱਲ' ਪੜ੍ਹਿਆ ਅਤੇ ਦਿਲ ਟੁੰਬਿਆ ਗਿਆ। ਵਿਸ਼ੇ ਦੇ ਹਰ ਪੱਖ ਨੂੰ ਬੜੀ ਵਿਦਵਤਾ ਨਾਲ ਛੋਹਿਆ ਗਿਆ ਹੈ। ਉਨ੍ਹਾਂ ਕਾਰਨ ਅਤੇ ਹੱਲ ਵੀ ਦੱਸਿਆ ਹੈ। ਅੰਤ ਵਿਚ ਹੱਲ ਨਾ ਕਰਨ 'ਤੇ ਨਤੀਜੇ ਭੁਗਤਣ ਲਈ ਤਿਆਰ ਰਹਿਣ ਦਾ ਇਸ਼ਾਰਾ ਵੀ ਦਿੱਤਾ ਹੈ।

ਪਰਮਾਤਮਾ ਮਝੈਲ ਸਿੰਘ ਸਰਾਂ ਦੀ ਕਲਮ ਨੂੰ ਹੋਰ ਬਲ ਬਖ਼ਸ਼ੇ। ਪੰਜਾਬ ਟਾਈਮਜ਼ ਰਾਹੀਂ ਅਜਿਹੀਆਂ ਲਿਖਤਾਂ ਸਮਾਜ ਨੂੰ ਇਕ ਨਿੱਗਰ ਸੇਧ ਦਿੰਦੀਆਂ ਹਨ ਜਿਸ ਲਈ ਆਪ ਵਧਾਈ ਦੇ ਪਾਤਰ ਹੋ। ਰੱਬ ਕਰੇ ਪੰਜਾਬ ਟਾਈਮਜ਼ ਹੋਰ ਤਰੱਕੀ ਕਰੇ।

*-ਅਮਰਜੀਤ ਸਿੰਘ ਹੁੰਦਲ*
*ਫੋਨ: 408-439-4761*

---

## ਬਾਬਾ ਬੰਦਾ ਸਿੰਘ ਬਹਾਦਰ

ਸੰਪਾਦਕ ਜੀ,

ਪੰਜਾਬ ਟਾਈਮਜ਼ ਦੇ ਅੰਕ 26 ਵਿਚ ਡਾ. ਬਲਕਾਰ ਸਿੰਘ ਦਾ ਲੇਖ 'ਬਾਬਾ ਬੰਦਾ ਬਹਾਦਰ' ਪੜ੍ਹਿਆ। ਡਾ. ਸਾਹਿਬ ਨੇ ਲੇਖ ਵਿਚ ਬਹੁਤ ਵਧੀਆ ਵਿਚਾਰ ਪੇਸ਼ ਕੀਤੇ ਹਨ ਪਰ ਲੇਖ ਦੇ ਅੰਤ ਵਿਚ ਜਿਹੜੇ ਕੁਝ ਕੁ ਵਿਚਾਰ ਉਨ੍ਹਾਂ ਪੇਸ਼ ਕੀਤੇ ਹਨ, ਉਨ੍ਹਾਂ ਬਾਰੇ ਕੁਝ ਦੁਬਿਧਾ ਹੈ। ਡਾ. ਸਾਹਿਬ ਆਖਦੇ ਹਨ ਕਿ ਸਿਆਸਤ ਤਾਂ ਸੱਤਾ ਪ੍ਰਾਪਤੀ ਲਈ ਅਨੈਤਿਕਤਾ ਨੂੰ ਹਥਿਆਰ ਵਜੋਂ ਵਰਤਣ ਦੀ ਆਗਿਆ ਦਿੰਦੀ ਹੈ। ਕੀ ਸਿੱਖ ਧਰਮ ਵਿਚ ਅਜਿਹਾ ਹੈ? ਸਿੱਖ ਧਰਮ ਵਿਚ ਮੀਰੀ-ਪੀਰੀ ਦਾ ਸਿਧਾਂਤ ਭਗਤੀ ਤੇ ਸ਼ਕਤੀ ਨੂੰ ਇਕੱਠਿਆਂ ਰੱਖਣ ਦਾ ਉਪਦੇਸ਼ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਨੇ ਦੋ ਤਲਵਾਰਾਂ ਪਹਿਨੀਆਂ। ਉਨ੍ਹਾਂ ਸਿਆਸਤ ਤੇ ਧਰਮ ਨੂੰ ਇਕੱਠਿਆਂ ਕੀਤਾ ਭਾਵ ਧਰਮ ਸਿਆਸਤ 'ਤੇ ਹਾਵੀ ਹੋਣਾ ਚਾਹੀਦਾ ਹੈ ਨਾ ਕਿ ਸਿਆਸਤ ਧਰਮ ਉਤੇ। ਕੀ ਡਾ. ਬਲਕਾਰ ਸਿੰਘ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਨਹੀਂ? ਦੂਜੀ ਗੱਲ, ਡਾ. ਸਾਹਿਬ ਆਖਦੇ ਹਨ ਕਿ ਬੰਦਾ ਸਿੰਘ ਬਹਾਦਰ ਨੇ ਜੋ ਕੁਝ ਕੀਤਾ, ਉਹ ਧਰਮ ਵਿਚ ਹੋ ਸਕਦਾ ਹੈ, ਸਿਆਸਤ ਵਿਚ ਨਹੀਂ ਪਰ ਬੰਦਾ ਸਿੰਘ ਬਹਾਦਰ ਨੇ ਇਹ ਸਭ ਕੁਝ ਕਰ ਵਿਖਾਇਆ।

ਡਾ. ਬਲਕਾਰ ਸਿੰਘ ਨੇ ਸਵਾਲ ਕੀਤਾ ਹੈ ਕਿ ਬਾਬਾ ਜੀ ਨੂੰ ਸਿਆਸੀ ਰੋਲ ਮਾਡਲ ਵਜੋਂ ਪੇਸ਼ ਕਰਨਾ ਚਾਹੀਦਾ ਹੈ ਕਿ ਪੰਥਕ ਮਾਡਲ ਵਜੋਂ? ਮੇਰੇ ਵਿਚਾਰ ਅਨੁਸਾਰ ਬਾਬਾ ਜੀ ਨੂੰ ਦੋਨਾਂ ਪੱਖਾਂ ਤੋਂ ਹੀ ਪੇਸ਼ ਕਰਨਾ ਚਾਹੀਦਾ ਹੈ ਕਿਉਂਕਿ ਉਹ ਦੋਨਾਂ ਪੱਖਾਂ ਤੋਂ ਪੂਰੇ ਉਤਰਦੇ ਹਨ।

*-ਮਾਸਟਰ ਨਿਰਮਲ ਸਿੰਘ ਲਾਲੀ*
*ਯੂਬਾ ਸਿਟੀ, ਕੈਲੀਫੋਰਨੀਆ।*

# ਕਹਾਣੀਕਾਰਾ ਸੁਖਵੰਤ ਕੌਰ ਮਾਨ ਨੂੰ ਸ਼ਰਧਾਂਜਲੀ

**ਨਿਊ ਯਾਰਕ (ਬਿਊਰੋ):** ਪੰਜਾਬੀ ਲਿਟਰੇਰੀ ਐਂਡ ਕਲਚਰਲ ਸੁਸਾਇਟੀ ਵਲੋਂ ਸੱਦੀ ਗਈ ਇਕ ਵਿਸ਼ੇਸ਼ ਮੀਟਿੰਗ ਵਿਚ ਪ੍ਰਸਿੱਧ ਪੰਜਾਬੀ ਕਹਾਣੀਕਾਰਾ ਸੁਖਵੰਤ ਕੌਰ ਮਾਨ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਬਲਦੇਵ ਸਿੰਘ ਧਾਲੀਵਾਲ ਨੇ ਕੀਤੀ ਅਤੇ ਡਾ. ਸ਼ਸ਼ੀ ਕਾਂਤ ਉਪਲ ਇਸ ਸਮੇਂ ਵਿਸ਼ੇਸ਼ ਮਹਿਮਾਨ ਸਨ।

ਸਭ ਤੋਂ ਪਹਿਲਾਂ ਰਾਣੀ ਨਗਿੰਦਰ ਨੇ ਆਏ ਸਾਹਿਤਕਾਰਾਂ ਨੂੰ 'ਜੀ ਆਇਆਂ' ਕਿਹਾ। ਮੀਟਿੰਗ ਸ਼ੁਰੂ ਕਰਦਿਆਂ ਸੁਰਿੰਦਰ ਸੋਹਲ ਨੇ ਆਪਣੇ ਉਸਤਾਦ ਅਮਰ ਸਿੰਘ ਜੋਸ਼ ਦਾ ਰੇਖਾ-ਚਿੱਤਰ 'ਮੇਰਾ ਪਹਿਲਾ ਉਸਤਾਦ' ਪੜ੍ਹਿਆ। ਬਹੁਤ ਹੀ ਸਰਲ ਸੁਭਾਅ ਦੇ ਸ਼ਾਇਰ ਅਤੇ ਇਨਸਾਨ ਅਮਰ ਸਿੰਘ ਜੋਸ਼ ਦੀ ਸ਼ਖਸੀਅਤ ਬਾਰੇ ਚਾਨਣਾ ਪਾਉਂਦੇ ਰੇਖਾ-ਚਿੱਤਰ ਵਿਚੋਂ ਉਸਤਾਦ ਪ੍ਰਤੀ ਮੋਹ ਅਤੇ ਸਤਿਕਾਰ ਦੀ ਭਾਵਨਾ ਸਪੱਸ਼ਟ ਨਜ਼ਰ ਆ ਰਹੀ ਸੀ।

ਮੁਮਤਾਜ਼ ਹੁਸੈਨ ਨੇ ਆਪਣੀ ਉਰਦੂ ਕਹਾਣੀ 'ਮੈਂ ਕਹਾਂ ਜਾਊਂ' ਰਾਹੀਂ ਫ਼ੈਂਟਸੀ ਦੀ ਜੁਗਤ ਉਪਰ ਆਪਣੀ ਪਕੜ ਦਾ ਸਬੂਤ ਦਿੱਤਾ। ਸਰਕਸ ਦੇ ਖੇਲ੍ਹ-ਤਮਾਸ਼ਿਆਂ ਰਾਹੀਂ ਹਿੰਦ-ਪਾਕਿ ਦੀ ਵੰਡ ਵੇਲੇ ਸਾਧਾਰਨ ਮਨੁੱਖ ਦੀ ਦੁਖਦਾਈ ਸਥਿਤੀ ਨੂੰ ਪੇਸ਼ ਕਰਦੀ ਇਹ ਕਹਾਣੀ ਇਕ ਵਾਰ ਤਾਂ ਮੰਟੋ ਦੀ ਕਹਾਣੀ 'ਟੋਬਾ ਟੇਕ ਸਿੰਘ' ਦੀ ਯਾਦ ਤਾਜ਼ਾ ਕਰਵਾ ਗਈ। ਟੁਕੜਿਆਂ ਵਿਚ ਵੰਡ ਹੋ ਰਹੇ ਭਾਰਤ ਦੀ ਆਜ਼ਾਦੀ ਵੇਲੇ ਡੁੱਲ੍ਹੇ ਖੂਨ ਨੂੰ ਕਹਾਣੀਕਾਰਾ ਨੇ ਸਰਕਸ ਦੇ ਖੇਲ੍ਹ ਦੌਰਾਨ ਅੱਧ ਵਿਚਕਾਰੋਂ ਕੱਟੀ ਗਈ ਲੜਕੀ ਨਾਲ ਤੁਲਨਾ ਦੇ ਕੇ ਸਰੋਤਿਆਂ ਨੂੰ ਗੰਭੀਰ ਕਰ ਦਿੱਤਾ।

ਰਾਣੀ ਨਗਿੰਦਰ ਨੇ ਮਿਸਰ ਦੇ ਪਸੇ-ਮੰਜ਼ਰ ਵਿਚ ਰਚੀ ਕਹਾਣੀ 'ਸ਼ਹਿਰੇ-ਖਾਮੋਸ਼ਾਂ' ਪੜ੍ਹੀ। ਇਸ ਵਿਚ ਉਨ੍ਹਾਂ ਲੋਕਾਂ ਦੇ ਦਰਦ ਨੂੰ ਬਿਆਨ ਕੀਤਾ ਗਿਆ ਸੀ, ਜਿਹੜੇ ਕਬਰਾਂ ਵਿਚ ਬਣੇ ਘਰਾਂ ਵਿਚ ਰਹਿ ਰਹੇ ਹਨ। ਕਬਰਾਂ ਦੀ ਖਾਮੋਸ਼ੀ ਅਤੇ ਜ਼ੁਲਮ ਨਾਲ ਬੰਦ ਹੋ ਚੁੱਕੀ ਖਲਕਤ ਦੀ ਜ਼ਬਾਨ ਦਾ ਸੰਨਾਟਾ ਕਹਾਣੀ ਦੇ ਇਕ ਇਕ ਸ਼ਬਦ ਵਿਚੋਂ ਚੁੰਭ ਰਿਹਾ ਸੀ। ਬਲਦੇਵ ਸਿੰਘ ਧਾਲੀਵਾਲ ਨੇ ਇਨ੍ਹਾਂ ਕਹਾਣੀਆਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਕੁਝ ਉਦਾਹਰਨਾਂ ਸੁਖਵੰਤ ਕੌਰ ਮਾਨ ਦੀਆਂ ਕਹਾਣੀਆਂ ਦੀਆਂ ਦਿੱਤੀਆਂ।

ਸ਼ਾਇਰੀ ਦੇ ਦੌਰ ਵਿਚ ਤਰਲੋਕਬੀਰ, ਦਲਜੀਤ ਕੈਸ, ਸੁਰਿੰਦਰ ਸੋਹਲ, ਡਾ. ਸ਼ਸ਼ੀ ਕਾਂਤ ਉਪਲ, ਦਲਜੀਤ ਮੋਖਾ, ਰਾਣੀ ਨਗਿੰਦਰ ਅਤੇ ਮਨਮੋਹਨ ਭੱਲਾ ਨੇ ਭਰਪੂਰ ਹਾਜ਼ਰੀ ਲਵਾਈ।



# ਅਮਰੀਕਾ ਤੋਂ 145 ਤੋਪਾਂ ਦੀ ਖਰੀਦ ਨੂੰ ਹਰੀ ਝੰਡੀ

**ਨਵੀਂ ਦਿੱਲੀ:** ਰੱਖਿਆ ਮੰਤਰਾਲੇ ਨੇ ਅਮਰੀਕਾ ਤੋਂ 145 ਹਲਕੀਆਂ ਤੋਪਾਂ (ਐਮ777 ਅਲਟਰਾ ਲਾਈਟ ਹਾਵਿਟਜ਼ਰਜ਼) ਖਰੀਦਣ ਲਈ ਰਾਹ ਪੱਧਰ ਕਰ ਦਿੱਤਾ ਹੈ, ਜਿਨ੍ਹਾਂ ਦੀ ਕੀਮਤ 75 ਕਰੋੜ ਅਮਰੀਕੀ ਡਾਲਰ ਬਣਦੀ ਹੈ। ਇਸ ਤੋਂ ਇਲਾਵਾ 18 ਧਨੁਸ਼ ਤੋਪਾਂ (155 ਐਮ.ਐਮ.) ਦੇ ਉਤਪਾਦਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਦੱਸਣਯੋਗ ਹੈ ਕਿ ਬੋਫੋਰਜ਼ ਘੁਟਾਲੇ ਤੋਂ ਤਕਰੀਬਨ ਤਿੰਨ ਦਹਾਕਿਆਂ ਬਾਅਦ ਐਨੇ ਵੱਡੇ ਪੱਧਰ ਉਤੇ ਹਥਿਆਰਾਂ ਦੀ ਖਰੀਦ ਹੋ ਰਹੀ ਹੈ।

ਰੱਖਿਆ ਮੰਤਰੀ ਮਨੋਹਰ ਪਰੀਕਰ ਦੀ ਅਗਵਾਈ ਵਾਲੀ ਡਿਫੈਂਸ ਐਕਿਊਜ਼ੀਸ਼ਨ ਕੌਂਸਲ (ਡੀ.ਏ.ਸੀ.) ਨੇ 28 ਹਜ਼ਾਰ ਕਰੋੜ ਦੀਆਂ ਨਵੀਂਆਂ ਯੋਜਨਾਵਾਂ ਸਮੇਤ 18 ਤਜਵੀਜ਼ਾਂ ਉਤੇ ਵਿਚਾਰ-ਵਟਾਂਦਰਾ ਕੀਤਾ। ਇਸ ਦੌਰਾਨ 'ਭਾਰਤ ਖਰੀਦ' ਸ਼੍ਰੇਣੀ ਤਹਿਤ 13600 ਕਰੋੜ ਦੀਆਂ ਅਤਿ-ਆਧੁਨਿਕ ਮਿਸਾਈਲ ਪਣਡੁੱਬੀਆਂ ਬਾਰੇ ਤਜਵੀਜ਼ ਨੂੰ ਵੀ ਮਨਜ਼ੂਰੀ ਦਿੱਤੀ ਗਈ।

# ਗੁਰਦੁਆਰਾ ਗੁਰੂ ਸਿੰਘ ਸਭਾ ਬਾਲਟੀਮੋਰ ਦਾ ਉਦਘਾਟਨ 10 ਜੁਲਾਈ ਨੂੰ

**ਨਿਊ ਯਾਰਕ (ਬਿਊਰੋ):** ਮੇਰੀਲੈਂਡ ਸਟੇਟ ਦੀਆਂ ਸੰਗਤਾਂ ਵਲੋਂ ਬਾਲਟੀਮੋਰ ਸ਼ਹਿਰ ਵਿਚ ਸ੍ਰੀ ਗੁਰੂ ਸਿੰਘ ਸਭਾ ਨਾਂ ਹੇਠ ਨਵਾਂ ਗੁਰਦੁਆਰਾ ਤਾਮੀਰ ਕੀਤਾ ਗਿਆ ਹੈ ਜਿਸ ਦਾ ਉਦਘਾਟਨ 10 ਜੁਲਾਈ ਨੂੰ ਹੋਵੇਗਾ।

ਪ੍ਰਬੰਧਕਾਂ ਅਨੁਸਾਰ ਅਖੰਡ ਪਾਠ ਦਾ ਅਰੰਭ 8 ਜੁਲਾਈ ਨੂੰ ਸਵੇਰੇ 10 ਵਜੇ ਹੋਵਗਾ ਅਤੇ ਭੋਗ 10 ਜੁਲਾਈ ਨੂੰ ਸਵੇਰੇ ਪਵੇਗਾ। ਭਾਈ ਜਸ਼ਨਪ੍ਰੀਤ ਸਿੰਘ, ਭਾਈ ਕੁਲਵਿੰਦਰ ਸਿੰਘ, ਭਾਈ ਬਲਵਿੰਦਰ ਸਿੰਘ ਦੇ ਕੀਰਤਨੀ ਜਥੇ ਤੋਂ ਇਲਾਵਾ ਭਾਈ ਦਲਜੀਤ ਸਿੰਘ ਦਾ ਢਾਡੀ ਜਥਾ ਵਿਸ਼ੇਸ਼ ਤੌਰ 'ਤੇ ਪੁੱਜਣਗੇ।




ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਬਾਲਟੀਮੋਰ ਦੀ ਇਮਾਰਤ

# ਪਾਕਿਸਤਾਨੀ ਪੰਜਾਬ ਵਿਚ ਘਟ ਰਹੀ ਸਾਹਿਤ ਰਚਨਾ ਬਾਰੇ ਚਿੰਤਾ ਦਾ ਪ੍ਰਗਟਾਵਾ



**ਪੈਨਸਿਲਵੇਨੀਆ (ਬਿਊਰੋ):** ਪੰਜਾਬੀ ਬੋਲੀ, ਪੰਜਾਬੀ ਕਹਾਣੀ, ਪੰਜਾਬੀ ਪੱਤਰਕਾਰੀ ਅਤੇ ਪੰਜਾਬੀ ਸਾਹਿਤ ਜਗਤ ਵਿਚ ਇਨਾਮਾਂ-ਸਨਮਾਨਾਂ ਦੇ ਮੋੜ-ਮੁੜਾਈਏ ਬਾਰੇ ਭਰਵੀਂ ਗੱਲਬਾਤ ਦਾ ਮਾਹੌਲ ਉਸ ਸਮੇਂ ਸਿਰਜਿਆ ਗਿਆ, ਜਦੋਂ ਹਿੰਦੋਸਤਾਨ ਤੋਂ ਆਏ ਸਾਹਿਤਕਾਰਾਂ ਦਾ ਇਕੱਠ ਪੈਨਸਿਲਵੇਨੀਆ (ਜੋਨ ਸਟੋਨ) 'ਚ ਨਾਮੀ ਪੰਜਾਬੀ ਸ਼ਾਇਰ ਰਵਿੰਦਰ ਸਹਿਰਾਅ ਦੇ ਘਰ ਹੋਇਆ।

ਸਭ ਤੋਂ ਪਹਿਲਾਂ ਰਵਿੰਦਰ ਸਹਿਰਾਅ ਨੇ ਆਏ ਮਹਿਮਾਨਾਂ ਨੂੰ 'ਜੀ ਆਇਆਂ' ਆਖਦਿਆਂ ਗੱਲਬਾਤ ਸ਼ੁਰੂ ਕਰਨ ਲਈ ਵਾਸ਼ਿੰਗਟਨ ਵਸਦੇ ਲਾਹੌਰ ਦੇ ਸੂਝਵਾਨ ਅਤੇ ਪੰਜਾਬੀ ਦੇ ਸੇਵਕ ਜਾਵੇਦ ਬੂਟਾ ਨੂੰ ਸੱਦਾ ਦਿੱਤਾ। ਜਾਵੇਦ ਨੇ ਪੰਜਾਬੀ ਬੋਲੀ ਲਈ ਵਰਤੀਆਂ ਜਾਂਦੀਆਂ ਦੋ ਲਿਪੀਆਂ 'ਗੁਰਮੁਖੀ' ਅਤੇ 'ਸ਼ਾਹਮੁਖੀ' ਦੇ ਹਵਾਲੇ ਨਾਲ ਗੱਲ ਸ਼ੁਰੂ ਕਰਦਿਆਂ ਕਿਹਾ ਕਿ ਇਹ ਵੱਡਾ ਪਾੜਾ ਹੈ ਜਿਸ ਨਾਲ ਦੋਹਾਂ ਪੰਜਾਬਾਂ ਦਾ ਸਾਹਿਤ ਪੰਜਾਬੀ ਪਾਠਕਾਂ ਤੱਕ ਭਰਪੂਰ ਰੂਪ ਵਿਚ ਨਹੀਂ ਪਹੁੰਚ ਰਿਹਾ। ਉਨ੍ਹਾਂ ਨੇ ਪਾਕਿਸਤਾਨੀ ਪੰਜਾਬ ਦੀ ਪੰਜਾਬੀ ਵਿਚ ਆਣ ਵੜੇ ਫਾਰਸੀ ਸ਼ਬਦਾਂ ਤੇ ਭਾਰਤੀ ਪੰਜਾਬ ਦੀ ਪੰਜਾਬੀ 'ਚ ਸ਼ਾਮਿਲ ਹੋ ਰਹੇ ਹਿੰਦੀ-ਸੰਸਕ੍ਰਿਤ ਸ਼ਬਦਾਂ ਤੋਂ ਗੁਰੇਜ਼ ਕਰਨ ਦਾ ਮਸ਼ਵਰਾ ਦਿੱਤਾ।

ਜਾਵੇਦ ਦੇ ਫਿਕਰ ਨੂੰ ਅੱਗੇ ਤੋਰਦਿਆਂ ਪ੍ਰਸਿੱਧ ਕਹਾਣੀਕਾਰ ਅਤੇ ਆਲੋਚਕ ਡਾ. ਬਲਦੇਵ ਸਿੰਘ ਧਾਲੀਵਾਲ ਨੇ ਕਿਹਾ ਕਿ ਇਸ ਤੋਂ ਵੀ ਵੱਡਾ ਮਸਲਾ ਇਹ ਹੈ ਕਿ ਪਾਕਿਸਤਾਨੀ ਪੰਜਾਬ ਵਿਚ ਵਸਦੇ ਨੌਂ ਕਰੋੜ ਦੇ ਕਰੀਬ ਪੰਜਾਬੀ (ਜਿਨ੍ਹਾਂ ਦੇ ਸਿਰ 'ਤੇ ਅਸੀਂ ਪੰਜਾਬੀ ਭਾਸ਼ਾ ਨੂੰ ਦੁਨੀਆਂ ਦੀ ਤੇਰਵੀਂ ਜ਼ਬਾਨ ਗਿਣਦੇ ਹਾਂ) ਪੰਜਾਬੀ ਲਿਖਣ ਤੋਂ ਬੇਮੁੱਖ ਹੋ ਰਹੇ ਹਨ। ਉਥੇ ਪੰਜਾਬੀ ਸਿਰਫ਼ ਬੋਲਚਾਲ ਦੀ ਭਾਸ਼ਾ ਹੀ ਰਹਿ ਗਈ ਹੈ। ਕੋਈ ਵੀ ਸਾਹਿਤਕਾਰ ਪੰਜਾਬੀ ਵਿਚ ਨਿੱਠ ਕੇ ਲਿਖਣ ਦਾ ਉਪਰਾਲਾ ਨਹੀਂ ਕਰਦਾ, ਜਦਕਿ ਉਥੇ ਹਕੂਮਤ ਆਮ ਕਰਕੇ ਪੰਜਾਬੀਆਂ ਦੀ ਹੀ ਰਹੀ ਹੈ। ਅਜਿਹਾ ਕਿਉਂ ਹੈ? ਇਸ ਦੇ ਕਾਰਨ ਲੱਭਣਾ ਜ਼ਰੂਰੀ ਹੈ।

ਗੱਲਬਾਤ ਦਾ ਅਗਲਾ ਵਿਸ਼ਾ ਪੰਜਾਬੀ ਕਹਾਣੀ ਸੀ। ਬਲਦੇਵ ਸਿੰਘ ਧਾਲੀਵਾਲ ਨੇ ਕਿਹਾ ਕਿ ਉਹ ਜਦੋਂ ਵੀ ਪੰਜਾਬੀ ਬੋਲੀ ਵਿਚ ਲਿਖੀ ਜਾ ਰਹੀ ਕਹਾਣੀ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਸਾਹਮਣੇ ਹਮੇਸ਼ਾ ਹੀ ਭਾਰਤੀ ਪੰਜਾਬ, ਪਾਕਿਸਤਾਨੀ ਪੰਜਾਬ ਅਤੇ ਪਰਵਾਸੀ ਪੰਜਾਬ (ਤੀਸਰਾ ਪੰਜਾਬ) ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤੀ ਪੰਜਾਬ ਦੇ ਨਾਲ ਨਾਲ ਤੀਸਰੇ ਪੰਜਾਬ ਵਿਚ ਤਾਂ ਪੰਜਾਬੀ ਕਹਾਣੀ ਦੀ ਸਥਿਤੀ ਤਸੱਲੀਬਖਸ਼ ਹੈ, ਪਰ ਪਾਕਿਸਤਾਨੀ ਪੰਜਾਬ ਵਿਚ ਬਹੁਤ ਘੱਟ ਕਹਾਣੀ ਲਿਖੀ ਜਾ ਰਹੀ ਹੈ।

ਭਾਰਤ ਤੋਂ ਇਨ੍ਹੀਂ ਦਿਨੀਂ ਅਮਰੀਕਾ ਆਏ ਹੋਏ ਪੱਤਰਕਾਰ ਤੇ ਤ੍ਰੈਮਾਸਿਕ ਰਸਾਲੇ 'ਹੁਣ' ਦੇ ਸੰਪਾਦਕ ਸੁਸ਼ੀਲ ਦੁਸਾਂਝ ਨੇ ਪੰਜਾਬੀ ਸਾਹਿਤਕ ਪੱਤਰਕਾਰੀ ਦਾ ਵਿਸ਼ਾ ਛੋਹਦਿਆਂ ਗੱਲ 'ਪ੍ਰਤੀਲੜੀ' ਤੋਂ ਸ਼ੁਰੂ ਕੀਤੀ। ਉਨ੍ਹਾਂ ਨੇ 'ਆਰਸੀ' ਅਤੇ 'ਨਾਗਮਣੀ' ਦੇ ਅਹਿਮ ਯੋਗਦਾਨ ਦਾ ਜ਼ਿਕਰ ਕਰਦਿਆਂ ਆਪਣੇ ਪਰਚੇ 'ਹੁਣ' ਦਾ ਵਿਸ਼ੇਸ਼ ਉਲੇਖ ਕੀਤਾ। ਉਨ੍ਹਾਂ ਕਿਹਾ ਕਿ 'ਹੁਣ' ਪਰਚਾ ਪੰਜਾਬੀ ਸਾਹਿਤਕ ਪੱਤਰਕਾਰੀ ਵਿਚ ਨਵੇਂ ਕੀਰਤੀਮਾਨ ਸਿਰਜ ਰਿਹਾ ਹੈ। ਆਪਣੇ ਬਾਰੇ ਬੋਲਦਿਆਂ ਸੁਸ਼ੀਲ ਦੁਸਾਂਝ ਨੇ ਕਿਹਾ ਕਿ ਅਖਬਾਰੀ ਅਤੇ ਰੇਡੀਓ ਨਾਲ ਜੁੜੀ ਹੋਈ ਉਨ੍ਹਾਂ ਦੀ ਪੱਤਰਕਾਰੀ ਰੋਜ਼ੀ ਦਾ ਸਾਧਨ ਹੈ ਜਦਕਿ ਕਿ 'ਹੁਣ' ਦੀ ਸੰਪਾਦਨਾ ਉਨ੍ਹਾਂ ਦੀ ਰੂਹ ਦੀ ਖੁਰਾਕ ਹੈ।


ਪ੍ਰਸਿੱਧ ਪੰਜਾਬੀ ਕਵੀ ਦਰਸ਼ਨ ਬੁੱਟਰ ਨੇ ਆਪਣਾ ਭਾਰਤੀ ਸਾਹਿਤ ਅਕੈਡਮੀ ਦਾ ਐਵਾਰਡ ਵਾਪਸ ਕਰਨ ਬਾਰੇ ਗੱਲ ਕਰਦਿਆਂ ਭਾਰਤ ਦੇ ਹਰ ਖੇਤਰ ਵਿਚ ਦਖਲ-ਅੰਦਾਜ਼ੀ ਕਰ ਰਹੀ ਸਿਆਸਤ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਅਗਰ ਸਾਹਿਤਕਾਰ ਨੂੰ ਸੱਚ ਬੋਲਣ ਹੀ ਨਹੀਂ ਦੇਣਾ ਤਾਂ ਉਨ੍ਹਾਂ ਨੇ ਇਨਾਮ ਆਪਣੇ ਕੋਲ ਰੱਖ ਕੇ ਕੀ ਕਰਨਾ ਹੈ। ਜਦੋਂ ਸਿਆਸਤ ਹੀ ਇਹ ਤੈਅ ਕਰਕੇ ਕਿ ਵਿਅਕਤੀ ਨੇ ਕੀ ਖਾਣਾ ਹੈ, ਕੀ ਪਹਿਨਣਾ ਹੈ, ਕੀ ਸੋਚਣਾ ਹੈ, ਕੀ ਲਿਖਣਾ ਹੈ ਤਾਂ ਅਜਿਹੇ ਸਿਆਸੀ ਮਾਹੌਲ ਦਾ ਵਿਰੋਧ ਕਰਨਾ ਹੀ ਬਣਦਾ ਹੈ। ਉਨ੍ਹਾਂ ਵਲੋਂ ਇਨਾਮ ਦੀ ਵਾਪਸੀ ਇਸੇ ਵਿਰੋਧ ਦਾ ਹੀ ਪਰਗਟਾਵਾ ਸੀ।

ਡਾ. ਸੁਰਿੰਦਰ ਗਿੱਲ ਨੇ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਵਿਚ ਮੇਲ-ਜੋਲ ਵਧਾਉਣ ਲਈ ਪਰਵਾਸੀ ਪੰਜਾਬੀਆਂ ਵਲੋਂ ਕੀਤੀ ਜਾ ਰਹੀਆਂ ਕੋਸ਼ਿਸ਼ਾਂ ਦਾ ਜ਼ਿਕਰ ਕੀਤਾ। ਮਾਸਟਰ ਧਰਮ ਪਾਲ ਉਗੀ ਦਾ ਵਿਚਾਰ ਸੀ ਕਿ ਅਜਿਹੀਆਂ ਬੈਠਕਾਂ ਅਕਸਰ ਹੋਣੀਆਂ ਚਾਹੀਆਂ ਹਨ, ਜਿਨ੍ਹਾਂ ਵਿਚ ਪੰਜਾਬੀ ਨਾਲ ਜੁੜੇ ਹਰ ਮਸਲੇ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾ ਸਕੇ।

ਸੁਰਿੰਦਰ ਸੋਹਲ ਵਲੋਂ ਉਰਦੂ ਦੇ ਮਰਹੂਮ ਸ਼ਾਇਰ ਸ਼ਕੇਬ ਜਲਾਲੀ ਦੀ ਸ਼ਾਇਰੀ ਦੀ ਗੁਰਮੁਖੀ ਲਿਪੀ ਵਿਚ ਪਰਤਾਈ ਪੁਸਤਕ 'ਜ਼ਮੀਨ ਚਲਨੇ ਲਗੀ' ਦਰਸ਼ਨ ਬੁੱਟਰ ਨੇ ਰਿਲੀਜ਼ ਕੀਤੀ। ਦਰਸ਼ਨ ਬੁੱਟਰ, ਸੁਰਿੰਦਰ ਸੋਹਲ, ਸੁਸ਼ੀਲ ਦੁਸਾਂਝ, ਰਵਿੰਦਰ ਸਹਿਰਾਅ, ਬਿੰਦਰ ਬਿਸਮਲ, ਕਮਲ ਦੁਸਾਂਝ ਵਲੋਂ ਕਵਿਤਾਵਾਂ-ਗ਼ਜ਼ਲਾਂ ਦਾ ਦੌਰ ਵੀ ਚੱਲਿਆ। ਨੀਰੂ ਸਹਿਰਾਅ ਨੇ ਆਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

# ਅਨਿਲ ਕੁੰਬਲੇ ਭਾਰਤੀ ਕ੍ਰਿਕਟ ਟੀਮ ਦਾ ਕੋਚ

**ਧਰਮਸ਼ਾਲਾ:** ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਅਨਿਲ ਕੁੰਬਲੇ ਨੂੰ ਭਾਰਤੀ ਕ੍ਰਿਕਟ ਟੀਮ ਦਾ ਨਵਾਂ ਕੋਚ ਨਿਯੁਕਤ ਕੀਤਾ ਹੈ। ਉਹ ਇਕ ਸਾਲ ਤੱਕ ਭਾਰਤੀ ਟੀਮ ਦੇ ਕੋਚ ਹੋਣਗੇ। ਤਿੰਨ ਮੈਂਬਰੀ ਕ੍ਰਿਕਟ ਸਲਾਹਕਾਰ ਕਮੇਟੀ (ਸੀ.ਏ.ਸੀ.) ਦੀ ਲੰਬੀ ਚੋਣ ਪ੍ਰਕਿਰਿਆ ਤੋਂ ਬਾਅਦ 45 ਸਾਲਾ ਅਨਿਲ ਕੁੰਬਲੇ ਨੇ ਭਾਰਤੀ ਕੋਚ ਦਾ ਅਹੁਦਾ ਹਾਸਲ ਕੀਤਾ।


ਪੁਸਤਕ ਪ੍ਰਾਪਤ ਕਰਨ ਲਈ ਸੰਪਰਕ ਕਰੋ
ਨੀਲਮ ਸੈਣੀ, ਫੋਨ: 510-502-0551

# ਨਾਮਵਰ ਸ਼ਾਇਰ ਜਸਵੰਤ ਸਿੰਘ ਜ਼ਫਰ ਜ਼ਿੰਦਗੀ ਦੇ ਰੂ-ਬ-ਰੂ

**ਸਰੀ, ਕੈਨੇਡਾ (ਬਿਊਰੋ):** ਜਸਵੰਤ ਸਿੰਘ ਜ਼ਫ਼ਰ ਗਿਆਨ, ਵਿਗਿਆਨ, ਤਰਕ ਅਤੇ ਭਾਵਨਾ ਨੂੰ ਇਕ ਸੁਰ ਕਰਦਿਆਂ ਹਰਫ਼ਾਂ ਦੇ ਆਰ-ਪਾਰ ਹਕੀਕਤ ਨੂੰ ਸਿਰਜਦਾ ਹੈ। ਉਹ ਮੌਲਿਕ ਕਾਵਿ-ਸ਼ਾਸਤਰ ਅਤੇ ਸ਼ਾਨਦਾਰ ਕਾਵਿ-ਪ੍ਰਤਿਭਾ




ਦਾ ਮਾਲਕ ਹੈ। ਉਸ ਦਾ ਕਾਵਿ-ਬੋਧ ਬਿੰਦੂ ਤੋਂ ਅਨੰਤਤਾ ਤੱਕ ਫੈਲਦਾ ਹੈ। ਸ਼ਬਦਾਂ ਦੀ ਲਚਕ, ਅਰਥਾਂ ਦੀ ਗਹਿਰਾਈ ਅਤੇ ਘਣਤਾ ਦੀ ਅਮੀਰੀ ਉਸ ਦੀ ਕਵਿਤਾ ਦੀ ਸੰਚਾਰ-ਸ਼ਕਤੀ ਦਾ ਜਾਨਦਾਰ ਮਾਧਿਅਮ ਹੈ।

ਇਹ ਵਿਚਾਰ ਖਾਲਸਾ ਕਾਲਜ ਜਲੰਧਰ ਦੇ ਸਾਬਕਾ ਪ੍ਰੋਫੈਸਰ ਅਤੇ ਹੁਣ ਇੰਡੀਅਨਐਪੋਲਿਸ (ਇੰਡੀਆਨਾ) ਰਹਿੰਦੇ ਚਿੰਤਕ ਪ੍ਰੋ. ਨਿਰੰਜਨ ਸਿੰਘ ਢੇਸੀ ਨੇ ਨਾਮਵਰ ਪੰਜਾਬੀ ਸ਼ਾਇਰ ਤੇ ਵਾਰਤਕਕਾਰ ਜਸਵੰਤ ਸਿੰਘ ਜ਼ਫਰ ਦੇ ਮਾਣ ਵਿਚ ਲੰਘੀ 24 ਜੂਨ ਇਥੇ ਰਾਇਲ ਕਿੰਗ ਹਾਲ ਵਿਚ ਕੀਤੇ ਗਏ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ।

ਸਾਹਿਤ ਪ੍ਰੇਮੀ ਬਲਦੇਵ ਸਿੰਘ ਬਾਠ (ਬਸੰਤ ਮੋਟਰਜ਼) ਦੀ ਪਹਿਲਕਦਮੀ ਨਾਲ ਕੀਤਾ ਗਿਆ ਇਹ ਸਮਾਗਮ ਜਸਵੰਤ ਸਿੰਘ ਜ਼ਫ਼ਰ ਦੇ ਬੀਤੇ ਵਰ੍ਹੇ ਅਚਾਨਕ ਵਿਛੋੜਾ ਦੇ ਗਏ ਪੁੱਤਰ ਵਿਵੇਕ ਸਿੰਘ ਪੰਧੇਰ ਦੀ ਯਾਦ ਨੂੰ ਸਮਰਪਿਤ ਸੀ।

ਆਪਣੀ ਗੱਲ ਜਾਰੀ ਰੱਖਦਿਆਂ ਪ੍ਰੋ. ਢੇਸੀ ਨੇ ਕਿਹਾ ਕਿ ਇਸ ਸਮਾਗਮ ਰਾਹੀਂ ਜ਼ਫ਼ਰ ਦੇ ਨਿਆਰੇ ਕਾਵਿ ਸ਼ਾਸਤਰ, ਵਿਲੱਖਣ ਸ਼ਖਸੀਅਤ ਅਤੇ ਉਸ ਦੇ ਕਾਵਿ ਗਾਇਨ ਨੂੰ ਪੇਸ਼ ਕਰਕੇ ਬਸੰਤ ਮੋਟਰਜ਼, ਬਾਠ ਪਰਿਵਾਰ ਅਤੇ ਹੋਰ ਸਹਿਯੋਗੀ ਪ੍ਰਬੰਧਕਾਂ ਨੇ ਬਹੁਤ ਸਾਰਥਕ ਕਦਮ ਉਠਾਇਆ ਹੈ। ਪ੍ਰੋ. ਢੇਸੀ ਨੇ ਜਸਵੰਤ ਜ਼ਫ਼ਰ ਦੀਆਂ ਚੋਣਵੀਆਂ ਕਵਿਤਾਵਾਂ ਦੀ ਨਵੀਂ ਕਿਤਾਬ 'ਲਫ਼ਜ਼ਾਂ ਦਾ ਪਰਲਾ ਪੱਤਣ' ਕੈਨੇਡੀਅਨ ਪਾਠਕਾਂ ਲਈ ਰਿਲੀਜ਼ ਕੀਤੀ।

ਇਸ ਤੋਂ ਪਹਿਲਾਂ ਪ੍ਰੋਗਰਾਮ ਦਾ ਅਰੰਭ ਕਰਦਿਆਂ ਸਰੋਤਿਆਂ ਨੂੰ ਬਲਦੇਵ ਸਿੰਘ ਬਾਠ ਦੇ ਸਪੁੱਤਰ ਅੰਮ੍ਰਿਤ ਬਾਠ ਨੇ ਜੀ ਆਇਆਂ ਕਿਹਾ। ਬਲਦੇਵ ਸਿੰਘ ਬਾਠ ਨੇ ਕੈਨੇਡਾ ਦੀਆਂ ਸੰਭਾਵਨਾਵਾਂ ਨਾਲ ਭਰੀ ਧਰਤੀ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਹ ਧਰਤੀ ਹਰ ਕਿਸੇ ਨੂੰ ਸੁੱਚੀ ਕਿਰਤ ਦੇ ਸੰਕਲਪ ਨਾਲ ਜੋੜਦੀ ਹੈ ਅਤੇ ਹਰ ਮਿਹਨਤੀ ਵਿਅਕਤੀ ਨੂੰ ਉਸ ਦੀ ਸਮਰੱਥਾ ਅਨੁਸਾਰ ਅੱਗੇ ਵਧਣ ਦੇ ਮੌਕੇ ਦਿੰਦੀ ਹੈ। ਉਨ੍ਹਾਂ ਕਿਹਾ ਕਿ ਜਸਵੰਤ ਜ਼ਫ਼ਰ ਦੇ ਵਿਚਾਰਾਂ, ਕਵਿਤਾਵਾਂ ਅਤੇ ਇਨ੍ਹਾਂ ਦੇ ਗਾਇਨ ਦੇ ਸੰਗਮ ਨੂੰ ਪੇਸ਼ ਕਰਦਿਆਂ ਸਾਨੂੰ ਅਥਾਹ ਖੁਸ਼ੀ ਹੋ ਰਹੀ ਹੈ।

ਇਸ ਉਪਰੰਤ ਸ਼ਾਇਰ ਅਮਰੀਕ ਪਲਾਹੀ ਨੇ ਪੰਜਾਬ ਦੇ ਸੰਤਾਪੇ ਦਿਨਾਂ ਦੀ ਗਾਥਾ ਚਿੱਤਰਦੀ ਜਸਵੰਤ ਜ਼ਫ਼ਰ ਦੀ ਕਵਿਤਾ 'ਮਿੱਟੀ ਦੇ ਬਾਵੇ' ਪੇਸ਼ ਕੀਤੀ। ਕੀਰਤ ਪੰਧੇਰ ਨੇ ਦੋ ਨਿੱਕੀਆਂ ਕਵਿਤਾਵਾਂ 'ਦਾਤੇ', ਅਤੇ 'ਭਰਮ' ਪੜ੍ਹੀਆਂ ਅਤੇ ਨਾਲ ਹੀ ਇਨ੍ਹਾਂ ਦਾ ਅੰਗਰੇਜ਼ੀ ਅਨੁਵਾਦ ਪੇਸ਼ ਕੀਤਾ। ਮਨਜੀਤ ਕੌਰ ਕੰਗ ਨੇ ਜ਼ਫ਼ਰ ਦੀ ਸ਼ਾਇਰੀ ਬਾਰੇ ਗੱਲ ਕਰਦਿਆਂ ਉਨ੍ਹਾਂ ਦੀ ਨਜ਼ਮ 'ਖ਼ੂਨ ਪਸੀਨਾ ਸਿਆਹੀ' ਖ਼ੂਬਸੂਰਤ ਅੰਦਾਜ਼ ਵਿਚ ਪੜ੍ਹੀ। ਗਗਨਦੀਪ ਸਿੰਘ ਦੀ ਆਵਾਜ਼ ਵਿਚ ਜ਼ਫ਼ਰ ਦੀ ਰਿਕਾਰਡ ਹੋਈ ਗ਼ਜ਼ਲ 'ਥੋੜ੍ਹੇ ਪਲ ਹਾਸੇ ਵਿਚ ਗੁਜ਼ਰਨ, ਥੋੜ੍ਹੇ ਨੱਚਣ ਗਾਉਣ 'ਚ ਗੁਜ਼ਰਨ, ਏਸ







ਉਮਰ ਦੇ ਬਹੁਤੇ ਪਲ ਤਾਂ ਆਪਣਾ ਮਨ ਸਮਝਾਉਣ 'ਚ ਗੁਜ਼ਰਨ'

ਦੇ ਆਧਾਰ 'ਤੇ ਗੁਰਦੀਪ ਭੁੱਲਰ ਨੇ ਬਹੁਤ ਪ੍ਰਭਾਵਸ਼ਾਲੀ ਕੋਰੀਓਗਰਾਫੀ ਪੇਸ਼ ਕੀਤੀ। ਇਨ੍ਹਾਂ ਕਵਿਤਾਵਾਂ ਦਾ ਪੰਜਾਬੀ ਪਾਠ ਅਤੇ ਅੰਗਰੇਜ਼ੀ ਅਨੁਵਾਦ ਨਾਲੋ ਨਾਲ ਛਾਪਿਆ ਗਿਆ ਹੈ। ਕਿਤਾਬ ਦਾ ਅੰਗਰੇਜ਼ੀ ਨਾਮ The Other Shore of Words ਹੈ। ਇਸ ਪਹਿਲੇ ਸੈਸ਼ਨ ਦਾ ਸੰਚਾਲਨ ਪ੍ਰੋ. ਹਰਿੰਦਰ ਕੌਰ ਸੋਹੀ ਨੇ ਕੀਤਾ।

ਸਮਾਗਮ ਦੇ ਦੂਜੇ ਭਾਗ ਵਿਚ ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ ਜਸਵੰਤ ਜ਼ਫ਼ਰ ਨੂੰ ਸਰੋਤਿਆਂ ਸਨਮੁੱਖ ਪੇਸ਼ ਕੀਤਾ। ਉਨ੍ਹਾਂ ਆਪਣੀਆਂ ਚੋਣਵੀਆਂ ਕਵਿਤਾਵਾਂ ਪੇਸ਼ ਕੀਤੀਆਂ। ਕਵੀ ਅਤੇ ਕਵਿਤਾ ਦੇ ਪੂਰੇ ਵਿਸਥਾਰ ਅਤੇ ਇਕ ਸੁਰਤਾ ਨਾਲ ਸਰੋਤਿਆਂ ਸਾਹਮਣੇ ਪੇਸ਼ ਹੋਣ ਦਾ ਇਹ ਵਿਲੱਖਣ ਮੌਕਾ ਹੋ ਨਿਬੜਿਆ। ਆਪਣੀ ਸਹਿਜ ਅਤੇ ਸੁਭਾਵਕ ਪੇਸ਼ਕਾਰੀ ਨਾਲ ਜ਼ਫ਼ਰ ਨੇ ਸਰੋਤਿਆਂ ਨੂੰ ਆਪਣੇ ਅੰਗ ਸੰਗ ਕਰਦਿਆਂ ਇਸ ਸ਼ਾਮ ਨੂੰ ਸ਼ਾਨਦਾਰ ਕਾਵਿ-ਪੈਗਾਮ ਦੇ ਰੰਗਾਂ ਨਾਲ ਖ਼ੂਬਸੂਰਤ ਬਣਾ ਦਿੱਤਾ। ਤੀਸਰੇ ਦੌਰ ਵਿਚ ਮਨੁੱਖੀ ਅਧਿਕਾਰਾਂ ਦੀ ਨਿਧੜਕ ਪੈਰੋਕਾਰ ਮੀਰਾ ਗਿੱਲ ਨੇ ਮੰਚ ਸੰਭਾਲਦਿਆਂ ਨਾਦ ਫਾਊਂਡੇਸ਼ਨ, ਗਾਇਕ ਗਗਨਦੀਪ ਸਿੰਘ ਅਤੇ ਉਸ ਦੇ ਸੰਗੀਤ ਸੰਗੀਆਂ ਦੀ ਜਾਣ ਪਛਾਣ ਕਰਾਉਂਦਿਆਂ ਉਨ੍ਹਾਂ ਨੂੰ ਦਰਸ਼ਕਾਂ ਸਨਮੁਖ ਕੀਤਾ। ਗਾਈਆਂ ਗਈਆਂ ਗ਼ਜ਼ਲਾਂ ਅਤੇ ਗੀਤਾਂ ਦੇ ਰਚਨਾਕਾਰ ਜਸਵੰਤ ਜ਼ਫ਼ਰ ਵੀ ਉਨ੍ਹਾਂ ਦੇ ਸੰਗ ਸਾਥ ਹੋ ਗਏ। ਜ਼ਫ਼ਰ ਨੇ ਪਹਿਲਾਂ ਹਰ ਕਵਿਤਾ ਬਾਰੇ ਕੁਝ ਸ਼ਬਦ ਕਹੇ। ਫਿਰ ਉਸ ਨੂੰ ਉਚ ਕੋਟੀ ਦੀ ਸੰਗੀਤ ਕਲਾ ਅਤੇ ਗਾਇਨ ਪ੍ਰਤਿਭਾ ਨਾਲ ਪੇਸ਼ ਕਰਦਿਆਂ ਗਗਨਦੀਪ ਸਿੰਘ ਨੇ ਸਮਾਂ ਬੰਨ੍ਹ ਦਿੱਤਾ। ਕਵਿਤਾ ਅਤੇ ਸੰਗੀਤ ਨੇ ਬਾਂਹ ਵਿਚ ਬਾਂਹ ਪਾ ਕੇ ਤੁਰਦਿਆਂ ਬਹੁਤ ਚੰਗਾ ਪ੍ਰਭਾਵ ਸਿਰਜਿਆ। ਸੁਰ, ਤਾਲ ਅਤੇ ਬੋਲ ਅਲੌਕਿਕ ਏਕਤਾ ਵਿਚ ਬੱਝ ਕੇ ਸ਼ਾਨਦਾਰ ਸਿਖਰ ਸਿਰਜ ਗਏ। ਗਗਨਦੀਪ ਸਿੰਘ ਦੀ ਆਵਾਜ਼ ਅਤੇ ਸੰਗੀਤ ਵਿਚ ਰਿਕਾਰਡ ਹੋਈਆਂ ਇਨ੍ਹਾਂ ਰਚਨਾਵਾਂ ਦੀ ਐਲਬਮ 'ਜ਼ਿੰਦਗੀ ਦੇ ਰੂ ਬ ਰੂ' ਰਿਲੀਜ਼ ਕੀਤੀ ਗਈ।

ਇਸ ਖੇਤਰ ਦੀ ਨਾਮਵਰ ਸ਼ਖਸੀਅਤ ਹਰਜਿੰਦਰ ਸਿੰਘ ਥਿੰਦ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਇਹ ਸਮਾਗਮ ਕਰਵਾ ਕੇ ਬਲਦੇਵ ਸਿੰਘ ਬਾਠ ਨੇ ਨਵੀਂ ਅਤੇ ਨਿਵੇਕਲੀ ਪਿਰਤ ਪਾਈ ਹੈ। ਉਨ੍ਹਾਂ ਪ੍ਰਬੰਧਕਾਂ ਵਲੋਂ ਜਸਵੰਤ ਜ਼ਫ਼ਰ ਅਤੇ ਉਸ ਦੇ ਪਰਿਵਾਰ ਦਾ ਯਾਦ ਨਿਸ਼ਾਨੀ ਦੇ ਕੇ ਸਨਮਾਨ ਕੀਤਾ। ਡਾ. ਰਘਬੀਰ ਸਿੰਘ ਬੈਂਸ, ਕੁੰਦਨ ਸਿੰਘ ਸੱਜਨ, ਅਜਮੇਰ ਰੋਡੇ ਅਤੇ ਰੇਸ਼ਮ ਕੌਰ ਬਾਠ ਨੇ ਹੋਰ ਵਿਸ਼ੇਸ਼ ਮਹਿਮਾਨਾਂ ਅਤੇ ਪੇਸ਼ਕਾਰਾਂ ਦਾ ਸਨਮਾਨ ਕੀਤਾ।

ਸਮਾਗਮ ਵਿਚ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਅਤੇ ਨਾਵਲਕਾਰ ਨਦੀਮ ਪਰਮਾਰ, ਨੌਜਵਾਨ ਕਵੀ ਜਤਿੰਦਰ ਲਸਾੜਾ, ਆਸਟ੍ਰੇਲੀਆ ਤੋਂ ਆਏ ਪੱਤਰਕਾਰ ਮਿੰਟੂ ਬਰਾੜ ਸਮੇਤ ਬਹੁਤ ਸਾਰੇ ਸਥਾਨਕ ਸਾਹਿਤਕਾਰ ਸ਼ਾਮਲ ਹੋਏ। ਬਹੁਤ ਵੱਡੀ ਗਿਣਤੀ ਵਿਚ ਇਸ ਮੌਕੇ ਸਾਹਿਤਕਾਰ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।



# ਅਮਰੀਕੀ ਮੇਅਰਾਂ ਦੀ ਕਾਨਫਰੰਸ ਨੂੰ ਪਹਿਲੀ ਵਾਰ ਕਿਸੇ ਸਿੱਖ ਆਗੂ ਨੇ ਕੀਤਾ ਸੰਬੋਧਨ

**ਇੰਡੀਅਨਐਪੋਲਿਸ (ਬਿਊਰੋ):** ਅਮਰੀਕਾ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਸੀ ਜਦੋਂ ਦੇਸ਼ ਦੇ ਸਿਟੀ ਮੇਅਰਾਂ ਦੀ ਕਾਨਫਰੰਸ ਨੂੰ ਸੰਬੋਧਨ ਕਰਨ ਦਾ ਕਿਸੇ ਸਿੱਖ ਆਗੂ ਨੂੰ ਮੌਕਾ ਮਿਲਿਆ ਹੋਵੇ। ਲੰਘੀ 24 ਤੋਂ 27 ਜੂਨ ਤਕ ਹੋਈ ਮੇਅਰਾਂ ਦੀ ਇਹ ਤਿੰਨ ਰੋਜ਼ਾ 84ਵੀਂ ਕਾਨਫਰੰਸ ਸੀ, ਜਿਸ ਵਿਚ 250 ਤੋਂ ਵੱਧ ਸਿਟੀ ਮੇਅਰ ਸ਼ਾਮਲ ਹੋਏ। ਕਾਨਫਰੰਸ ਵਿਚ ਰਾਸ਼ਟਰਪਤੀ ਦੀ ਚੋਣ ਲੜ ਰਹੀ ਹਿਲੇਰੀ ਕਲਿੰਟਨ, ਤਿਬਤ ਦੇ ਬੋਧੀ ਆਗੂ ਦਲਾਈ ਲਾਮਾ ਅਤੇ ਮਨੁਖੀ ਕਾਰਕੁਨ ਲੇਡੀ ਗਾਗਾ ਵਿਸ਼ੇਸ਼ ਬੁਲਾਰੇ ਸਨ।

ਸਿੱਖ ਭਾਈਚਾਰੇ ਲਈ ਇਹ ਮਾਣ ਵਾਲੀ ਗੱਲ ਸਮਝੀ ਜਾਵੇਗੀ ਕਿ ਸਿੱਖ ਆਗੂ ਭਾਈ ਗੁਰਿੰਦਰ ਸਿੰਘ ਖਾਲਸਾ ਨੂੰ ਅਮਰੀਕਾ ਦੇ ਮੇਅਰਾਂ ਦੀ ਇਸ ਕਾਨਫਰੰਸ ਵਿਚ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਨ ਦਾ ਮੌਕਾ ਮਿਲਿਆ। ਗੁਰਿੰਦਰ ਸਿੰਘ ਖਾਲਸਾ ਨੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿੱਖ ਧਰਮ ਅਤੇ ਸਿੱਖ ਕਦਰਾਂ-ਕੀਮਤਾਂ ਬਾਰੇ ਦਸਿਆ ਅਤੇ ਅਪੀਲ ਕੀਤੀ ਕਿ ਉਹ ਆਪਣੇ ਸ਼ਹਿਰ ਵਿਚਲੇ ਘਟੋ-ਘੱਟ ਇਕ ਗੁਰਦੁਆਰੇ ਦੇ ਦਰਸ਼ਨਾਂ ਲਈ ਜਰੂਰ ਜਾਣ ਅਤੇ ਲਾਇਬ੍ਰੇਰੀਆਂ, ਮੇਅਰ ਤੇ ਸਿਟੀ ਦੇ ਦਫਤਰਾਂ ਵਿਚ ਸਿੱਖ ਸਭਿਆਚਾਰ ਤੇ ਇਤਿਹਾਸ ਬਾਰੇ ਜਾਣਕਾਰੀ ਸਾਮਗਰੀ ਜਰੂਰ ਰਖਵਾਉਣ। ਚੰਗੀ ਗੱਲ ਇਹ ਰਹੀ ਕਿ ਮੇਅਰਾਂ ਨੇ ਇਸ ਸੁਝਾਅ ਪ੍ਰਤੀ ਹਾਂਮੁਖੀ ਹੁੰਗਾਰਾ ਭਰਿਆ। ਭਾਈ ਖਾਲਸਾ ਨੇ ਅਮਰੀਕਾ ਵਿਚ ਕਿਧਰੇ ਵੀ ਕੋਈ ਹਿੰਸਕ ਵਾਰਦਾਤ ਹੋਣ ਪਿਛੋਂ ਸਿੱਖਾਂ ਵਿਰੁਧ ਨਫਰਤੀ ਹਿੰਸਾ ਵਧਣ ਉਤੇ ਚਿੰਤਾ ਪ੍ਰਗਟਾਉਂਦਿਆਂ ਮੇਅਰਾਂ ਨੂੰ ਸਿੱਖਾਂ ਦੀ ਪਛਾਣ ਬਾਰੇ ਉਚੇਚੇ ਕਦਮ ਚੁਕਣ ਲਈ ਅਪੀਲ ਕੀਤੀ। ਉਨ੍ਹਾਂ ਵਾਅਦਾ ਕੀਤਾ ਕਿ ਸਿੱਖ ਧਰਮ ਅਤੇ ਸਿੱਖ ਇਤਿਹਾਸ ਬਾਰੇ ਸਾਮਗਰੀ ਉਪਲਬਧ ਕਰਾਉਣ ਵਿਚ ਉਹ ਮੋਹਰੀ ਰੋਲ ਨਿਭਾਉਣਗੇ। ਕਾਨਫਰੰਸ ਵਿਚ ਸ਼ਾਮਲ ਹੋਣ ਲਈ ਸੱਦਾ ਉਨ੍ਹਾਂ ਨੂੰ ਇੰਡੀਅਨਐਪੋਲਿਸ ਦੇ ਮੇਅਰ ਜੋਅ ਹਾਨੈਸਟ ਨੇ ਦਿੱਤਾ।



*ਭਾਈ ਖਾਲਸਾ ਦਲਾਈ ਲਾਮਾ ਦਾ ਮੱਥਾ ਚੁੰਮਦੇ ਹੋਏ*



*ਭਾਈ ਖਾਲਸਾ ਹਿਲੇਰੀ ਕਲਿੰਟਨ ਨਾਲ*


ਗੁਰਿੰਦਰ ਸਿੰਘ ਖਾਲਸਾ ਨੂੰ ਦਲਾਈ ਲਾਮਾ ਨਾਲ ਮਿਲਣ ਅਤੇ ਉਨ੍ਹਾਂ ਦਾ ਮੱਥਾ ਚੁੰਮਣ ਦਾ ਨਾਯਾਬ ਮੌਕਾ ਵੀ ਮਿਲਿਆ। ਬਾਅਦ ਵਿਚ ਦਲਾਈ ਲਾਮਾ ਦੇ ਅਮਰੀਕਾ ਵਿਚ ਪਿਛਲੇ 35 ਸਾਲ ਤੋਂ ਅਨੁਵਾਦਕ ਨੇ ਦਸਿਆ ਕਿ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਨੂੰ ਦਲਾਈ ਲਾਮਾ ਦਾ ਮੱਥਾ ਚੁੰਮਣ ਦਾ ਆਸ਼ੀਰਵਾਦ ਮਿਲਿਆ ਹੋਵੇ। ਦਲਾਈ ਲਾਮਾ ਨੇ ਭਾਈ ਖਾਲਸਾ ਵਲੋਂ ਦਿਤਾ ਗਿਆ ਸਿਮਰਨਾ ਬੜੇ ਪਿਆਰ ਨਾਲ ਕਬੂਲ ਕੀਤਾ। ਧਾਤ ਦੇ ਮਣਕਿਆਂ ਵਾਲਾ ਇਹ ਸਿਮਰਨਾ ਉਨ੍ਹਾਂ ਦੇ ਪਰਿਵਾਰ ਪਾਸ 3 ਪੁਸ਼ਤਾਂ ਤੋਂ ਚਲਿਆ ਆ ਰਿਹਾ ਸੀ।

ਤਿਬਤੀ ਬੁਧ ਧਰਮ ਦੇ 14ਵੇਂ ਦਲਾਈ ਲਾਮਾ ਨੇ ਸਮਾਗਮ ਵਿਚ ਕੁੰਜੀਵਤ ਭਾਸ਼ਣ ਦਿੰਦਿਆਂ ਕਿਹਾ ਕਿ ਅਮਰੀਕਾ ਇਕ ਲੰਬੇ ਸਮੇਂ ਤੋਂ ਤਕਨੀਕੀ ਅਤੇ ਵਿਗਿਆਨਕ ਖੇਤਰ ਵਿਚ ਆਗੂ ਰਿਹਾ ਹੈ। ਹੁਣ ਮੌਕਾ ਆ ਗਿਆ ਹੈ ਕਿ ਇਹ ਵਿਸ਼ਵ ਵਿਚ ਇਨਸਾਨੀ ਰਿਸ਼ਤਿਆਂ ਵਿਚ ਹਮਦਰਦੀ ਅਤੇ ਪਿਆਰ ਵਧਾਉਣ ਲਈ ਮੋਹਰੀ ਰੋਲ ਨਿਭਾਵੇ ਤਾਂ ਜੋ ਸੰਸਾਰ ਨੂੰ ਅਮਨਮਈ ਅਤੇ ਮਨੁਖੀ ਕਦਰਾਂ-ਕੀਮਤਾਂ ਵਾਲੀ ਧਰਤੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਸ਼ਹਿਰਾਂ ਦੇ ਮੇਅਰ ਅਹਿਮ ਰੋਲ ਨਿਭਾ ਸਕਦੇ ਹਨ।

ਇਸ ਕਾਨਫਰੰਸ ਵਿਚ ਨਸਲਵਾਦ, ਦਹਿਸ਼ਤਵਾਦ, ਲਿੰਗਕ ਤਰਜੀਹਾਂ ਆਦਿ ਮਸਲਿਆਂ 'ਤੇ ਵੀ ਵਿਚਾਰਾਂ ਹੋਈਆਂ। ਪੌਪ ਸਟਾਰ ਲੇਡੀ ਗਾਗਾ ਨੇ ਕਿਹਾ ਕਿ ਜੇ ਅਸੀਂ ਮਾਨਵਵਾਦੀ ਪਹੁੰਚ ਅਪਨਾ ਕੇ ਹਿੰਮਤ ਕਰੀਏ ਤਾਂ ਇਨ੍ਹਾਂ ਵਿਚੋਂ ਕੋਈ ਵੀ ਵਡਾ ਮਸਲਾ ਨਹੀਂ।

# ਆਸਾ ਰਾਮ ਕੋਲ ਕਰੋੜਾਂ ਦੀ ਜਾਇਦਾਦ

**ਨਵੀਂ ਦਿੱਲੀ:** ਜਬਰ ਜਨਾਹ ਦੇ ਦੋਸ਼ ਵਿਚ ਜੇਲ੍ਹ ਵਿਚ ਬੰਦ ਆਸਾਰਾਮ ਕੋਲ 2,300 ਕਰੋੜ ਰੁਪਏ ਦੀ ਬੇਨਾਮੀ ਜਾਇਦਾਦ ਦੀ ਰਿਪੋਰਟ ਮਿਲੀ ਹੈ। ਇਕ ਅਖਬਾਰ ਦੀ ਰਿਪੋਰਟ ਮੁਤਾਬਕ ਆਮਦਨ ਕਰ ਵਿਭਾਗ ਨੇ ਸਿਫਾਰਸ਼ ਕੀਤੀ ਹੈ ਕਿ ਆਸਾਰਾਮ ਵੱਲੋਂ ਚਲਾਏ ਜਾ ਰਹੇ ਚੈਰੀਟੇਬਲ ਟਰੱਸਟਾਂ ਨੂੰ ਟੈਕਸ ਵਿਚ ਦਿੱਤੀ ਜਾਣ ਵਾਲੀ ਛੋਟ ਬੰਦ ਕੀਤੀ ਜਾਵੇ।



ਰਿਪੋਰਟ ਮੁਤਾਬਕ ਆਮਦਨ ਕਰ ਵਿਭਾਗ ਨੂੰ ਜਾਂਚ ਵਿਚ ਪਤਾ ਲੱਗਿਆ ਕਿ ਆਸਾਰਾਮ ਨੇ 2008-09 ਤੋਂ ਲਗਾਤਾਰ 2,300 ਕਰੋੜ ਰੁਪਏ ਦੀ ਅਣਐਲਾਨੀ ਆਮਦਨ ਨੂੰ ਵਿਭਾਗ ਕੋਲੋਂ ਲੁਕੋ ਕੇ ਰੱਖਿਆ ਸੀ। ਜਾਂਚ ਵਿਚ ਅਜਿਹੇ ਬੇਨਾਮੀ ਨਿਵੇਸ਼ ਦਾ ਪਤਾ ਲੱਗਿਆ ਹੈ ਜਿਸ ਦਾ ਸਬੰਧ ਆਸਾਰਾਮ ਤੇ ਉਸ ਦੇ ਚੇਲਿਆਂ ਨਾਲ ਹੈ। ਇਹ ਨਿਵੇਸ਼ ਰੀਅਲ ਸਟੇਟ, ਮਿਊਚੁਅਲ ਫੰਡਸ, ਸ਼ੇਅਰ, ਕਿਸਾਨ ਵਿਕਾਸ ਪੱਤਰ ਅਤੇ ਐਫ.ਡੀ. ਦੇ ਰੂਪ ਵਿਚ ਕੀਤੇ ਗਏ ਹਨ। ਆਸਾਰਾਮ ਨੇ ਆਪਣੇ ਚੇਲਿਆਂ ਰਾਹੀਂ ਕਰਜ਼ਾ ਦੇਣ ਦੀ ਯੋਜਨਾ ਚਲਾਈ ਸੀ। ਇਸ ਤਰ੍ਹਾਂ 1991-92 ਤੋਂ ਪੂਰੇ ਭਾਰਤ ਵਿਚ 1400 ਲੋਕਾਂ ਨੂੰ ਕਰਜ਼ੇ ਦੇ ਤੌਰ ਉਤੇ 3800 ਕਰੋੜ ਰੁਪਏ ਦਿੱਤੇ ਗਏ। ਇਹ ਸਾਰਾ ਕਰਜ਼ਾ ਕੈਸ਼ ਦੇ ਰੂਪ 'ਚ ਦਿੱਤਾ ਗਿਆ ਸੀ।

# ਅਮਰੀਕਨ ਸਿੱਖ ਕਾਕਸ ਵਲੋਂ ਸਿੱਖਾਂ ਦੇ ਫੌਜ 'ਚ ਭਰਤੀ ਸਮੇਂ ਨਰਮੀ ਵਰਤੇ ਜਾਣ 'ਤੇ ਜ਼ੋਰ



**ਵਾਸ਼ਿੰਗਟਨ ਡੀ.ਸੀ. (ਬਿਊਰੋ):** ਸਿੱਖਾਂ ਵਲੋਂ ਲੰਬੇ ਸਮੇਂ ਤੋਂ ਜ਼ੋਰ ਪਾਇਆ ਜਾ ਰਿਹਾ ਹੈ ਕਿ ਇਨ੍ਹਾਂ ਨੂੰ ਪੂਰਨ ਸਿੱਖ ਵਜੋਂ ਅਮਰੀਕਨ ਸੈਨਾ ਵਿਚ ਭਰਤੀ ਕੀਤਾ ਜਾਵੇ। ਭਾਵੇਂ ਇਸ ਸਬੰਧੀ ਸ਼ਰਤਾਂ ਨਰਮ ਹੋਣ ਕਰਕੇ ਕੁਝ ਵਿਅਕਤੀ ਅਮਰੀਕਨ ਫੌਜ ਵਿਚ ਬਤੌਰ ਡਾਕਟਰ ਦੀ ਸੇਵਾ ਨਿਭਾ ਰਹੇ ਹਨ ਪਰ ਸਿੱਖਾਂ ਨੂੰ ਅਮਰੀਕਨ ਫੌਜ ਵਿਚ ਸਿੱਖੀ ਸਰੂਪ ਨਾਲ ਭਰਤੀ ਹੋਣ ਵੇਲੇ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਸਬੰਧੀ ਸਿੱਖ ਕਾਕਸ ਅਮਰੀਕਨ ਗਰੁਪ ਦੀ ਇਥੇ ਹੋਈ ਸਾਲਾਨਾ ਮਿਲਣੀ ਵਿਚ ਅਮਰੀਕਾ ਤੋਂ ਇਸ ਕਾਕਸ ਦੇ ਡਾਇਰੈਕਟਰਾਂ ਨੇ ਹਿੱਸਾ ਲਿਆ ਅਤੇ ਉਪਰੋਕਤ ਮਸਲੇ 'ਤੇ ਵਿਚਾਰ ਹੋਈ। ਮੈਰੀਲੈਂਡ ਸਟੇਟ ਤੋਂ ਸਿੱਖ ਕਾਕਸ ਦੇ ਡਾਇਰੈਕਟਰ ਬਖਸ਼ੀਸ਼ ਸਿੰਘ ਨੇ ਕਿਹਾ ਕਿ ਇੰਗਲੈਂਡ ਤੇ ਕੈਨੇਡਾ ਵਿਚ ਸਿੱਖਾਂ ਦੇ ਫੌਜ ਵਿਚ ਭਰਤੀ ਹੋਣ ਲਈ ਕੋਈ ਵੀ ਪਾਬੰਦੀ ਨਹੀਂ ਹੈ, ਸੋ ਅਮਰੀਕਾ ਵਿਚ ਵੀ ਸਿੱਖਾਂ ਨੂੰ ਸਾਬਤ ਸੂਰਤ ਫੌਜ ਵਿਚ ਭਰਤੀ ਹੋਣ ਲਈ ਕੋਈ ਰੁਕਾਵਟ ਨਹੀਂ ਹੋਣੀ ਚਾਹੀਦੀ। ਮੇਜਰ ਜਨਰਲ ਕ੍ਰਿਪਵੈਲ ਜੋ ਯੂ.ਕੇ. ਦੀ ਅਮਰੀਕਾ 'ਚ ਸਥਿਤ ਅੰਬੈਸੀ ਵਿਚ ਹਨ, ਨੇ ਦਲੀਲਾਂ ਨਾਲ ਸਿੱਖਾਂ ਦੀ ਇਸ ਮੰਗ ਦੀ ਪ੍ਰੋੜਤਾ ਕੀਤੀ। ਯੂਨਾਇਟਿਡ ਸਿੱਖਸ ਵਲੋਂ ਅਟਾਰਨੀ ਜਸਪ੍ਰੀਤ ਕੌਰ ਨੇ ਸਿੱਖ ਫੌਜੀ ਏਕਨੂਰ ਸਿੰਘ ਦੇ ਕੇਸ ਦੀ ਪੈਰਵੀ ਸਬੰਧੀ ਚਾਨਣਾ ਪਾਇਆ। ਭਾਰਤੀ ਏਅਰਫੋਰਸ ਤੋਂ ਰਿਟਾਇਰ ਕਮਾਂਡਰ ਇੰਦਰਜੀਤ ਬੋਪਾਰਾਏ ਨੇ ਦਲੀਲ ਦੇ ਕੇ ਸਿੱਖਾਂ ਦੀ ਅਮਰੀਕੀ ਫੌਜ ਵਿਚ ਭਰਤੀ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ।

# ਰਿਪਬਲਿਕਨ ਪਾਰਟੀ ਨੇ ਪਹਿਲੀ ਵਾਰ ਕਾਰਟਰੇਟ ਤੋਂ ਸਿੱਖ ਉਮੀਦਵਾਰ ਖੜ੍ਹਾ ਕੀਤਾ

**ਕਾਰਟਰੇਟ, ਨਿਊ ਜਰਸੀ (ਬਿਊਰੋ):** ਇਸ ਹਲਕੇ ਵਿਚ ਰਹਿੰਦੇ ਸਿੱਖ ਭਾਈਚਾਰੇ ਲਈ ਉਸ ਸਮੇਂ ਇਕ ਨਵਾਂ ਇਤਿਹਾਸ ਸਿਰਜਿਆ ਗਿਆ ਜਦੋਂ ਰਿਪਬਲਿਕਨ ਪਾਰਟੀ ਨੇ 7 ਜੂਨ ਨੂੰ ਹੋਈ ਸਿਟੀ ਕੌਂਸਲ ਦੇ ਕੌਂਸਲਮੈਨਾਂ ਦੀ ਪ੍ਰਾਇਮਰੀ ਚੋਣ ਵਾਸਤੇ ਉਮੀਦਵਾਰ ਵਜੋਂ ਪਹਿਲੀ ਵਾਰ ਸਿੱਖ ਉਮੀਦਵਾਰ ਨੂੰ ਮੈਦਾਨ ਵਿਚ ਉਤਾਰਿਆ। ਭਾਈਚਾਰੇ ਦੀ ਜਾਣੀ-ਪਛਾਣੀ ਸ਼ਖਸੀਅਤ ਸ. ਹਰਜਿੰਦਰ ਸਿੰਘ ਬਾਹੀਆ ਦੇ ਨਾਲ ਇੱਕ ਹੋਰ ਰਿਪਬਲਿਕਨ ਉਮੀਦਵਾਰ ਮਾਰਸੀਲੀਨੋ ਹਰਵਿਆਸ ਨੂੰ ਚੋਣ ਅਖਾੜੇ ਵਿਚ ਲਿਆਂਦਾ ਗਿਆ ਹੈ। ਨਵੰਬਰ 2016 ਵਿਚ 2 ਕੌਂਸਲਮੈਨਾਂ ਦੀ ਚੋਣ ਕੀਤੀ ਜਾਣੀ ਹੈ ਜਿਸ ਵਿਚ 2 ਡੈਮੋਕਰੇਟ ਅਤੇ 2 ਰਿਪਬਲਿਕਨ ਉਮੀਦਵਾਰ ਭਿੜਨਗੇ। ਕੁਝ ਸੂਤਰਾਂ ਦਾ ਕਹਿਣਾ ਹੈ ਕਿ ਨਿਯੁਕਤ ਕੀਤੇ ਗਏ ਕੌਂਸਲਮੈਨ ਅਜਮੇਰ ਸਿੰਘ ਜੌਹਲ ਨੂੰ ਵੀ ਚੋਣ ਲੜਨੀ ਪਵੇਗੀ।



ਹਰਜਿੰਦਰ ਸਿੰਘ ਬਾਹੀਆ



ਜਾਰਜ ਡਿਆਸ ਲੂਸੀਲੀ ਪੇਨੋਸ ਮਾਰਸੀਲੀਨੋ ਸੈਮ ਥਾਮਪਸਨ ਵਿੰਨੀ ਬਲੀਨੋ

ਸ. ਬਾਹੀਆ ਅਤੇ ਹਰਵਿਆਸ ਦਾ ਮੁਕਾਬਲਾ ਕੌਂਸਲਮੈਨ ਵਿੰਨੀ ਬਲੀਨੋ ਅਤੇ ਜਾਰਜ ਡਿਆਸ ਨਾਲ ਹੋਵੇਗਾ। ਅਜਮੇਰ ਸਿੰਘ ਜੌਹਲ ਦੇ ਵਿਰੋਧ ਵਿਚ ਕੌਣ ਨਿੱਤਰੇਗਾ ਇਸ ਦੀ ਤਸਵੀਰ ਸ਼ਪੱਸ਼ਟ ਨਹੀਂ ਹੋ ਸਕੀ।

ਜ਼ਿਕਰਯੋਗ ਹੈ ਕਿ ਈਸਟ ਕੋਸਟ ਦੇ ਮਿੰਨੀ ਪੰਜਾਬ ਸਮਝੇ ਜਾਂਦੇ ਕਾਰਟਰੇਟ ਹਲਕੇ ਵਿਚ ਸਿੱਖ ਭਾਈਚਾਰੇ ਦੀ ਸਿਆਸੀ ਸਰਗਰਮੀ ਲਗਾਤਾਰ ਵਧਦੀ ਜਾ ਰਹੀ ਹੈ। ਪਿਛਲੇ ਸਮੇਂ ਵਿਚ ਸ਼ਹਿਰ ਦੇ ਵਿਦਿਅਕ ਢਾਂਚੇ ਵਿਚ ਦਸਤਾਰਧਾਰੀ ਸਿੱਖ ਨੇ ਚੋਣ ਮੈਦਾਨ ਵਿਚ ਨਿੱਤਰ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਸੀ ਜਿਸ ਨਾਲ ਸ. ਜਸਬੀਰ ਸਿੰਘ ਜੱਜ ਪਹਿਲੇ ਸਿੱਖ ਹੋ ਨਿੱਬੜੇ ਜਿਨ੍ਹਾਂ ਕਾਰਟਰੇਟ ਪ੍ਰਸ਼ਾਸਨ ਵਿਚ ਦਾਖਲਾ ਪਾਇਆ। ਸਿੱਖ ਭਾਈਚਾਰੇ ਦੀਆਂ ਸਰਗਰਮੀਆਂ ਨੂੰ ਉਸ ਵੇਲੇ ਹੋਰ ਬੂਰ ਪਿਆ ਜਦੋਂ ਸ. ਅਜਮੇਰ ਸਿੰਘ ਜੌਹਲ ਨੂੰ ਸ਼ਹਿਰ ਦੇ ਮੇਅਰ ਨੇ ਸਿਟੀ ਕੌਂਸਲ ਵਾਸਤੇ ਕੌਂਸਲਮੈਨ ਨਿਯੁਕਤ ਕਰ ਦਿੱਤਾ।

ਓਲਡ ਬਰਿੱਜ, ਮਿੱਡਲਸੈਕਸ ਕਾਉਂਟੀ ਵਿਚ ਸਿੱਖਾਂ ਦਾ ਪ੍ਰਭਾਵ ਵਧਣ ਦੀ ਆਸ ਉਦੋਂ ਹੋਰ ਵਧ ਗਈ ਜਦੋਂ ਰਿਪਬਲਿਕਨ ਪਾਰਟੀ ਦੀ ਕਾਉਂਟੀ ਕਮੇਟੀ ਦੀ ਚੇਅਰਪਰਸਨ ਸਿੱਖਾਂ ਦੀ ਹਮਦਰਦ ਲੂਸੀਲੀ ਪੇਨੋਸ ਚੁਣੀ ਗਈ। 14 ਜੂਨ ਨੂੰ ਹੋਈ ਚੋਣ ਵਿਚ ਲੂਸੀਲੀ ਦੇ ਵਿਰੋਧ ਵਿਚ ਓਲਡ ਬਰਿੱਜ ਦਾ ਸਾਬਕਾ ਮੇਅਰ ਤੇ ਸਾਬਕਾ ਫਰੀ ਹੋਲਡਰ ਮਿਸਟਰ ਆਰਟ ਹੈਨੀ ਖੜ੍ਹੇ ਸਨ ਪਰ ਸਟੇਟ ਸੈਨੇਟਰ ਸੈਮ ਥਾਮਪਸਨ ਲੂਸੀਲੀ ਦੀ ਹਮਾਇਤ 'ਤੇ ਸਨ। ਸੈਮ ਥਾਮਪਸਨ 2010 ਤੋਂ ਕਾਉਂਟੀ ਕਮੇਟੀ ਦੇ ਚੇਅਰਪਰਸਨ ਵੀ ਸਨ।

ਜ਼ਿਕਰਯੋਗ ਹੈ ਕਿ ਸੈਨੇਟਰ ਸੈਮ ਥਾਮਸਨ ਅਤੇ ਲੂਸੀਲੀ ਪੈਨੋਜ ਕਾਰਟਰੇਟ ਵਿਚ 10ਵੀਂ ਸਿੱਖ ਡੇਅ ਪ੍ਰੇਡ ਵਿਚ ਵੀ ਸ਼ਾਮਿਲ ਹੋ ਕੇ ਬਹੁਤ ਪ੍ਰਭਾਵਿਤ ਹੋਏ ਸਨ।

# ਦਹਿਸ਼ਤਗਰਦਾਂ ਦੇ ਹਮਲੇ ਵਿਚ ਅੱਠ ਜਵਾਨ ਹਲਾਕ

**ਸ੍ਰੀਨਗਰ:** ਵਾਦੀ ਵਿਚ ਪਿਛਲੇ ਤਿੰਨ ਸਾਲਾਂ 'ਚ ਸੁਰੱਖਿਆ ਬਲਾਂ 'ਤੇ ਹੋਏ ਦਹਿਸ਼ਤੀ ਹਮਲੇ ਵਿਚ ਸੀ.ਆਰ.ਪੀ.ਐਫ. ਦੇ ਅੱਠ ਜਵਾਨ ਮਾਰੇ ਗਏ, 21 ਜਵਾਨ ਬੁਰੀ ਤਰ੍ਹਾਂ ਜਖ਼ਮੀ ਹੋਏ। ਦੱਖਣੀ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿਚ ਦਹਿਸ਼ਤਗਰਦਾਂ ਨੇ ਸੀ.ਆਰ.ਪੀ.ਐਫ. ਦੇ ਜਵਾਨਾਂ ਨੂੰ ਲੈ ਕੇ ਜਾ ਰਹੀ ਬੱਸ ਉਤੇ ਹਮਲਾ ਕੀਤਾ।

ਅਧਿਕਾਰੀਆਂ ਨੇ ਕਿਹਾ ਕਿ ਸ੍ਰੀਨਗਰ ਤੋਂ 14 ਕਿਲੋਮੀਟਰ ਦੂਰ ਪੰਪੋਰ ਦੇ ਫਰੇਸਟਬਲ 'ਚ ਲਸ਼ਕਰ-ਏ-ਤੋਇਬਾ ਦੇ ਸ਼ੱਕੀ ਦਹਿਸ਼ਤਗਰਦਾਂ ਨੇ ਸੀ.ਆਰ.ਪੀ.ਐਫ. ਦੇ ਜਵਾਨਾਂ ਨੂੰ ਲੈ ਕੇ ਆ ਰਹੀ ਬੱਸ ਨੂੰ ਨਿਸ਼ਾਨਾ ਬਣਾਇਆ। ਸੀ.ਆਰ.ਪੀ. ਐਫ. ਦੇ ਸੜਕ ਖੋਲ੍ਹਣ ਵਾਲੇ ਦਲ ਨੇ ਜਵਾਬੀ ਕਾਰਵਾਈ ਕਰ ਕੇ ਦੋ ਦਹਿਸ਼ਤਗਰਦਾਂ ਨੂੰ ਮਾਰ ਮੁਕਾਇਆ। ਜਾਪਦਾ ਹੈ ਕਿ ਦਹਿਸ਼ਤਗਰਦਾਂ ਨੇ ਹਮਲੇ ਵਾਲੀ ਥਾਂ ਦੀ ਚੋਣ ਸੋਚ ਸਮਝ ਕੇ ਕੀਤੀ ਕਿਉਂਕਿ ਸੜਕ 'ਤੇ ਤਿੱਖਾ ਮੋੜ ਹੋਣ ਕਰ ਕੇ ਹਰ ਵਾਹਨ ਨੂੰ ਆਪਣੀ ਰਫਤਾਰ ਘੱਟ ਕਰਨੀ ਪੈਂਦੀ ਹੈ। ਸੁਰੱਖਿਆ ਏਜੰਸੀਆਂ ਦਾ ਮੰਨਣਾ ਹੈ ਕਿ ਹਮਲੇ ਲਈ ਦਹਿਸ਼ਤਗਰਦਾਂ ਨੇ ਪਹਿਲਾਂ ਥਾਂ ਦੀ ਰੇਕੀ ਕੀਤੀ ਹੋਏਗੀ। ਪਿਛਲੇ ਤਿੰਨ ਹਫ਼ਤਿਆਂ ਦੌਰਾਨ ਸੁਰੱਖਿਆ ਬਲਾਂ ਉਤੇ ਇਹ ਤੀਜਾ ਹਮਲਾ ਹੈ। 24 ਜੂਨ 2013 ਨੂੰ ਹੈਦਰਪੋਰਾ ਵਿਚ ਸੁਰੱਖਿਆ ਬਲਾਂ ਉਤੇ ਘਾਤਕ ਹਮਲਾ ਹੋਇਆ ਸੀ ਜਦੋਂ 9 ਫ਼ੌਜੀ ਜਵਾਨ ਹਲਾਕ ਹੋ ਗਏ ਸਨ।


**ਮ੍ਰਿਤਕਾਂ ਵਿਚ ਰੋਪੜ ਦਾ ਜਵਾਨ ਸ਼ਾਮਲ:** ਅਤਿਵਾਦੀ ਹਮਲੇ ਵਿਚ ਹਲਾਕ ਹੋਏ ਜਵਾਨਾਂ ਵਿਚ ਰੋਪੜ ਜ਼ਿਲ੍ਹੇ ਦਾ ਜਵਾਨ ਹੈੱਡ ਕਾਂਸਟੇਬਲ ਜਗਤਾਰ ਸਿੰਘ ਵੀ ਸ਼ਾਮਲ ਹੈ। ਹੋਰਨਾਂ ਸ਼ਹੀਦ ਹੋਏ ਜਵਾਨਾਂ ਵਿਚ ਸਬ-ਇੰਸਪੈਕਟਰ ਜੈਚੰਦਰਨ (ਤਿਰੂਵਨੰਤਪੁਰਮ), ਸੰਜੇ ਕੁਮਾਰ (ਜੌਨਪੁਰ, ਯੂ.ਪੀ.), ਹੈੱਡ ਕਾਂਸਟੇਬਲ ਵੀਰ ਸਿੰਘ (ਸ਼ਿਕੋਹਾਬਾਦ, ਯੂ.ਪੀ.), ਕਾਂਸਟੇਬਲ ਸਤੀਸ਼ (ਮੇਰਠ, ਯੂ.ਪੀ.), ਕੈਲਾਸ਼ ਕੇ. ਯਾਦਵ (ਓਨਾਓ, ਯੂ.ਪੀ.), ਸੰਤੋਸ਼ ਐਸ. (ਔਰੰਗਾਬਾਦ, ਯੂ.ਪੀ.) ਅਤੇ ਰਾਜੇਸ਼ (ਇਲਾਹਾਬਾਦ) ਸ਼ਾਮਲ ਹਨ।

ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ, ਕੈਲੀਫੋਰਨੀਆ
2948 Rockville Road, Fairfield, CA 94534
ਦੁਖ ਨਿਵਾਰਨ ਕੈਂਪ
8, 9 ਅਤੇ 10 ਜੁਲਾਈ 2016
ਬਾਅਦ ਦੁਪਹਿਰ 3:30 ਵਜੇ ਤੋਂ 7:30 ਵਜੇ ਤੱਕ
ਗੁਰਬਾਣੀ ਸ਼ਬਦ, ਸਿਮਰਨ ਅਤੇ ਜਾਪ ਰਾਹੀਂ ਰੋਗ ਅਤੇ ਦੁੱਖ ਦੂਰ ਕਰਨ ਲਈ ਇਕ ਦੁਖ ਨਿਵਾਰਨ ਕੈਂਪ 8 ਤੋਂ 10 ਜੁਲਾਈ ਤੱਕ ਲਾਇਆ ਜਾ ਰਿਹਾ ਹੈ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਕੈਂਪ ਵਿਚ ਹਾਜ਼ਰੀ ਭਰ ਕੇ 'ਸਰਬ ਰੋਗ ਕਾ ਅਉਖਧ ਨਾਮ' ਗੁਰਬਾਣੀ ਦਾ ਲਾਹਾ ਲਓ ਜੀ। ਪ੍ਰੋਗਰਾਮ ਵਿਚ ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਉਨ੍ਹਾਂ ਨਾਲ ਫੋਨ 646-464-1818 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



ਬੇਨਤੀ ਕਰਤਾ: ਸਮੂਹ ਸਾਧ ਸੰਗਤ ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸੁਖਜਿੰਦਰ ਸਿੰਘ ਗਿੱਲ, ਫੋਨ: 510-224-6630
ਰਾਮ ਸਿੰਘ ਮਠਾੜੂ, ਫੋਨ: 707-365-1368
27-28

NRI DENTAL CARE
LUDHIANA
Cosmetic
(Veneers, Crowns, Whitening)
Dental Implants
Denture
Advance Root Canal Treatment
(Single Sitting)
Orthodontics (Clear Braces)





Call for Free Consultation
Dr. Rupinder Singh : +91-99880-90049
Between : 7.00 pm to 9.00 pm (IST)
E-mail : nridental@gmail.com

# ਖ਼ਿਦਮਤ-ਏ-ਅਲਫ਼ਾਜ਼

**ਚੰਡੀਗੜ੍ਹ ਵੱਸਦੇ ਡਾਕਟਰ ਐਚ.ਕੇ. ਲਾਲ ਹੁਣ 77 ਵਰ੍ਹਿਆਂ ਦੇ ਹੋ ਗਏ ਹਨ, ਪਰ ਉਨ੍ਹਾਂ ਦਾ ਉਰਦੂ ਨਾਲ ਇਸ਼ਕ ਜਿਉਂ ਦਾ ਤਿਉਂ ਹੈ। ਉਹ ਅੱਜ ਵੀ ਸਾਲ ਵਿਚ ਦੋ ਵਾਰ 'ਉਰਦੂ ਅਮੋਜ਼' ਦਾ ਕੋਰਸ, ਉਰਦੂ ਸਿੱਖਣ ਵਾਲਿਆਂ ਨੂੰ ਬਿਲਕੁਲ ਮੁਫਤ ਕਰਵਾਉਂਦੇ ਹਨ। ਸਾਂਝੇ ਪੰਜਾਬ ਵਿਚ ਪਾਕਪਟਨ (ਹੁਣ ਲਹਿੰਦੇ ਪੰਜਾਬ 'ਚ) ਵਿਚ ਜਨਮੇ ਡਾ. ਲਾਲ ਉਰਦੂ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਦਿਆਂ ਆਖਦੇ ਹਨ ਕਿ ਉਰਦੂ ਲਤਾਫ਼ਤ, ਨਜ਼ਾਕਤ, ਨਫ਼ਾਸਤ ਅਤੇ ਸ਼ੀਰੀਨੀ ਦੀ ਭਾਸ਼ਾ ਹੈ। ਇਸ ਦਾ ਜਿੰਨਾ ਪਸਾਰ ਹੋ ਸਕੇ, ਕਰਨਾ ਚਾਹੀਦਾ ਹੈ।**





**ਡਾ. ਐਚ.ਕੇ. ਲਾਲ**

## ਕਲਾ ਪਰਿਕਰਮਾ

**ਜਗਜੀਤ ਸਿੰਘ ਸੇਖੋਂ**

'ਵੋਹ ਕਰੇ ਬਾਤ ਤੋ ਹਰ ਲਫ਼ਜ਼ ਸੇ ਖ਼ੁਸ਼ਬੂ ਆਏ / ਐਸੇ ਬੋਲੀ ਵਹੀ ਬੋਲੇ ਜਿਸੇ ਉਰਦੂ ਆਏ'... ਅਹਿਮਦ ਵਾਸੀ ਦੇ ਇਸ ਸ਼ਿਆਰ ਨਾਲ ਉਰਦੂ ਵਿਦਵਾਨ ਡਾ. ਐਚ.ਕੇ. ਲਾਲ ਕਹਿੰਦੇ ਹਨ- "ਉਰਦੂ ਇਕ ਤਹਿਜ਼ੀਬ ਦਾ ਨਾਂ ਹੈ, ਸਲੀਕੇ ਦਾ ਨਾਂ ਹੈ। ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਤੋਂ ਭਾਵੇਂ ਰੋਜ਼ੀ ਮਿਲਦੀ ਹੈ, ਪਰ ਜੀਣ ਤੇ ਥੀਣ ਦਾ ਅਦਬ ਉਰਦੂ ਤੋਂ ਹੀ ਸਿੱਖਿਆ ਹੈ।"

ਡਾ. ਲਾਲ ਦਾ ਉਰਦੂ ਨਾਲ ਇਸ਼ਕ ਇਸ ਤਰ੍ਹਾਂ ਦਾ ਹੈ ਕਿ ਉਨ੍ਹਾਂ ਨੇ ਨਾ ਕੇਵਲ ਇਹ ਭਾਸ਼ਾ ਖੁਦ ਸਿੱਖੀ, ਸਗੋਂ ਦੁਨੀਆਂ ਨੂੰ ਵੀ ਸਿਖਾਈ। ਉਰਦੂ ਬਾਰੇ ਉਨ੍ਹਾਂ ਦੀ ਮੁਹੱਬਤ ਦਾ ਆਲਮ ਇਹ ਹੈ ਕਿ ਉਹ ਹੁਣ ਤੱਕ 3 ਹਜ਼ਾਰ ਲੋਕਾਂ ਨੂੰ ਉਰਦੂ ਸਿੱਖਾ ਚੁੱਕੇ ਹਨ। ਮੁਫਤ ਉਰਦੂ ਸਿਖਾਉਂਦਿਆਂ ਉਨ੍ਹਾਂ ਨੂੰ ਤਕਰੀਬਨ 4 ਦਹਾਕੇ ਹੋ ਗਏ ਹਨ। ਪਹਿਲਾਂ ਉਹ ਚੰਡੀਗੜ੍ਹ ਦੇ ਸੈਕਟਰ 17 ਵਿਚ 'ਉਰਦੂ ਅਮੋਜ਼' ਦੀਆਂ ਕਲਾਸਾਂ ਲਗਾਉਂਦੇ ਹੁੰਦੇ ਸਨ; ਅੱਜ ਕੱਲ੍ਹ ਉਹ ਸੈਕਟਰ 32 ਦੇ ਐਸ.ਡੀ. ਕਾਲਜ ਵਿਚ ਇਹ ਕਾਰਜ ਕਰ ਰਹੇ ਹਨ। ਸਾਲ ਵਿਚ 6-6 ਮਹੀਨੇ ਦੇ ਦੋ ਕੋਰਸ (ਉਰਦੂ ਅਮੋਜ਼) ਉਹ ਉਰਦੂ ਸਿੱਖਣ ਵਾਲਿਆਂ ਲਈ ਚਲਾਉਂਦੇ ਹਨ। ਆਪਣੀ ਵਧਦੀ ਉਮਰ ਅਤੇ ਹੋਰ ਔਕੜਾਂ ਦੇ ਬਾਵਜੂਦ ਉਹ ਆਪਣੇ ਇਸ ਮੋਰਚੇ ਉਤੇ ਡਟੇ ਹੋਏ ਹਨ। ਹੁਣ ਇਸ ਕੋਰਸ ਦਾ ਨਵਾਂ ਸੈਸ਼ਨ ਪਹਿਲੀ ਜੁਲਾਈ ਤੋਂ ਸ਼ੁਰੂ ਹੋ ਰਿਹਾ ਹੈ।

ਡਾ. ਐਚ.ਕੇ. ਲਾਲ ਚਾਹੁੰਦੇ ਹਨ ਕਿ ਸਰਕਾਰੀ ਪੱਧਰ 'ਤੇ ਉਰਦੂ ਨੂੰ ਬਣਦੀ ਥਾਂ ਮਿਲੇ ਅਤੇ ਇਹ ਭਾਸ਼ਾ ਸਕੂਲਾਂ ਵਿਚ ਪੜ੍ਹਾਈ ਜਾਣੀ ਸ਼ੁਰੂ ਕੀਤੀ ਜਾਵੇ। ਇਸ ਬਾਰੇ ਉਹ ਪੰਜਾਬ ਸਰਕਾਰ ਨੂੰ ਲਗਾਤਾਰ ਲਿਖ ਰਹੇ ਹਨ। ਯਾਦ ਰਹੇ ਕਿ 1947 ਵਾਲੀ ਵੰਡ ਤੋਂ ਪਹਿਲਾਂ ਉਰਦੂ ਪੰਜਾਬ ਦੀ 'ਆਪਣੀ' ਭਾਸ਼ਾ ਸੀ; ਪਰ ਵੰਡ ਤੋਂ ਬਾਅਦ ਧਰਮ ਆਧਾਰਤ ਸਿਆਸਤ ਨੇ ਅਜਿਹਾ ਚੱਕਰ ਚਲਾਇਆ ਕਿ ਪੰਜਾਬੀ ਸਿੱਖਾਂ ਨਾਲ, ਉਰਦੂ ਮੁਸਲਮਾਨਾਂ ਨਾਲ ਅਤੇ ਹਿੰਦੀ ਹਿੰਦੂਆਂ ਨਾਲ ਜੁੜ ਗਈ। ਸਿੱਟੇ ਵਜੋਂ ਭਾਰਤ ਵਾਲੇ ਪੰਜਾਬ ਵਿਚ ਪੰਜਾਬੀ ਅਤੇ ਹਿੰਦੀ ਦੀ ਜੜ੍ਹ ਤਾਂ ਲੱਗੀ ਰਹੀ, ਪਰ ਉਰਦੂ ਪੜ੍ਹਾਉਣੀ ਬੰਦ ਕਰ ਦਿੱਤੀ ਗਈ। ਇਸ ਫੈਸਲੇ ਨੇ ਹੌਲੀ-ਹੌਲੀ ਕਰ ਕੇ ਉਰਦੂ ਦੇ ਕਦਰਦਾਨ ਅਤੇ ਪੜ੍ਹਨ-ਪੜ੍ਹਾਉਣ ਵਾਲੇ ਲੋਕਾਂ ਦੀ ਗਿਣਤੀ ਘਟਨਾ ਦਿੱਤੀ। ਹੁਣ ਹਾਲਾਤ ਇਹ ਹਨ ਕਿ ਗਿਣਤੀ ਦੇ ਬਜ਼ੁਰਗ ਹੀ ਉਰਦੂ ਪੜ੍ਹ ਅਤੇ ਲਿਖ ਸਕਦੇ ਹਨ, ਜਾਂ ਨਵੀਂ ਪੀੜ੍ਹੀ ਵਿਚੋਂ ਜਿਹੜੇ ਲੋਕ ਖੁਦ ਕੋਸ਼ਿਸ਼ ਕਰ ਕੇ ਉਰਦੂ ਸਿੱਖ ਰਹੇ ਹਨ, ਉਹ ਹੀ ਇਸ ਭਾਸ਼ਾ ਦੇ ਅੱਖਰ ਉਠਾਲ ਸਕਣ ਦੇ ਯੋਗ ਹਨ। ਡਾ. ਲਾਲ ਮਹਿਸੂਸ ਕਰਦੇ ਹਨ ਕਿ ਨਵੀਂ ਪੀੜ੍ਹੀ ਨੂੰ ਉਰਦੂ ਨਾਲ ਜੋੜਨਾ ਜ਼ਰੂਰੀ ਹੈ, ਤਾਂ ਕਿ ਉਹ ਇਸ ਭਾਸ਼ਾ ਦੀ ਨਫਾਸਤ ਨੂੰ ਸਮਝ ਸਕਣ ਅਤੇ ਇਸ ਦਾ ਲਾਹਾ ਲੈ ਸਕਣ।

ਡਾ. ਲਾਲ ਦਾ ਕਹਿਣਾ ਹੈ ਕਿ ਹਿੰਦੀ ਭਾਵੇਂ ਮੁਲਕ ਦੀ ਕੌਮੀ ਭਾਸ਼ਾ ਹੈ ਅਤੇ ਪੰਜਾਬੀ ਨੂੰ ਖਤਰੇ ਦੀਆਂ ਗੱਲਾਂ ਵੀ ਬਹਿਸ ਦਾ ਵਿਸ਼ਾ ਬਣਾ ਰਹੀਆਂ ਹਨ, ਪਰ ਪੰਜਾਬ ਵਿਚ ਉਰਦੂ ਜ਼ਰੂਰ ਪੜ੍ਹਾਈ ਜਾਣੀ ਚਾਹੀਦੀ ਹੈ ਕਿਉਂਕਿ ਇਸ ਦਾ ਸਿੱਧਾ ਸਬੰਧ ਸਾਡੇ ਵਿਰਸੇ ਅਤੇ ਵਿਰਾਸਤ ਨਾਲ ਹੈ। ਵਿਰਾਸਤ ਨਾਲੋਂ ਟੁੱਟਣਾ ਤਾਂ ਆਪਣੇ ਆਪ ਨਾਲ ਟੁੱਟਣਾ ਹੈ, ਅਜਿਹਾ ਲੰਮੇ ਸਮੇਂ ਲਈ ਵਾਰਾ ਨਹੀਂ ਖਾਂਦਾ। -0-





**ਡਾ. ਐਚ.ਕੇ. ਲਾਲ ਸਨਮਾਨ ਹਾਸਲ ਕਰਦਿਆਂ ਅਤੇ (ਸੱਜੇ) ਸਮਾਗਮ ਦੌਰਾਨ 'ਫੋਟੋ ਸੈਸ਼ਨ'।**

# ਆਖ ਤਸਵੀਰਾਂ ਬੋਲਦੀਆਂ

**ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਜੁਲਾਈ 2016 ਹੈ। -ਸੰਪਾਦਕ**

## ਕੈਪਸ਼ਨ ਮੁਕਾਬਲਾ-228



**ਸਾਰਾ ਟੱਬਰ ਹੀ ਖੁਸ਼ੀ ਵਿਚ ਰਹੇ ਖਿੜਿਆ,**
**ਜਿਸ ਘਰ ਵਿਚ ਨਿੱਕੜਾ ਬਾਲ ਹੋਵੇ।**
**ਠੰਢ ਪਲਾਂ 'ਚ ਪਾਉਂਦਾ ਏ ਆਂਦਰਾਂ ਨੂੰ,**
**ਜਦੋਂ ਲੱਗਿਆ ਸੀਨੇ ਦੇ ਨਾਲ ਹੋਵੇ।**

## ਕੈਪਸ਼ਨ ਮੁਕਾਬਲਾ-226



ਪਊਗਾ ਗਿੱਧਾ ਰੌਣਕ ਲੱਗੂ
ਆਪਾਂ ਵੀ ਤਾਂ ਜਾਵਾਂਗੇ।
ਮੰਮੀ ਲਿਆਂਦਾ ਨਵਾਂ ਗਰਾਰਾ
ਅੱਜ ਤਾਂ ਇਹੀ ਪਾਵਾਂਗੇ।
ਪੂਰੀ ਅਸਾਂ ਤਿਆਰੀ ਕੀਤੀ
ਨੱਚ ਨੱਚ ਧਰਤ ਹਿਲਾਵਾਂਗੇ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਪੁੱਤਰਾਂ ਵਾਂਗ ਮੰਮੀ ਤੇ ਡੈਡੀ
ਕਰਦੇ ਨੇ ਮੈਨੂੰ ਪਿਆਰ।
ਮੈਂ ਲਾਡੋ ਰਾਣੀ, ਮੱਖਣ ਪੇੜਾ
ਮਿਲਦਾ ਖ਼ੂਬ ਦੁਲਾਰ।
ਮੈਂ ਮੰਮੀ ਦੀ ਰਾਜ ਕੁਮਾਰੀ
ਪਾਪਾ ਦੀ ਧੀ ਬੜੀ ਪਿਆਰੀ।
ਪਾਈ ਫਰਾਕ ਚਿੱਟੀ ਤੇ ਹਰੀ,
ਵੇਖੋ ਸਾਰੇ, ਲੱਗਦੀ ਹਾਂ ਪਰੀ।
ਚੱਲੀ ਹਾਂ ਮਾਮਾ ਜੀ ਦੇ ਵਿਆਹ,
ਅੱਜ ਮੈਨੂੰ ਬਹੁਤ ਹੈ ਚਾਅ।

**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

---

ਜਾਪਦੈ ਕੋਈ ਵਿਚ ਵਿਦੇਸ਼ਾਂ
ਸਾਕ-ਸਬੰਧੀ ਆਇਆ ਹੋਊ।
ਭੇਜੀ ਫਰਾਕ ਮਾਮੇ, ਮਾਸੀ ਜਾਂ ਫਿਰ
ਚਾਚਾ, ਭੂਆ, ਤਾਇਆ ਹੋਊ।
ਬਣ ਰਾਜ ਕੁਮਾਰੀ ਫੋਟੋ ਖਿਚਵਾਈ
ਜੋ ਭੇਜਾਂਗੇ ਆਉਂਦੀ ਡਾਕੇ।
ਭੇਜਣ ਵਾਲਾ ਡਾਢਾ ਖੁਸ਼ ਹੋਵੇ
ਜਦੋਂ ਫੋਟੋ ਵੱਲ ਝਾਕੇ।
ਕਰਾਂਗੀ ਖ਼ੂਬ ਪੜ੍ਹਾਈਆਂ ਤਾਂ ਕਿ
ਮਿਲਦੀਆਂ ਰਹਿਣ ਸੁਗਾਤਾਂ।
ਮੰਮੀ ਫੋਟੋ ਸੰਭਾਲ ਕੇ ਰੱਖੂ
ਜੋ ਪਾਊ ਬਚਪਨ ਦੀਆਂ ਯਾਦਾਂ।

**-ਸੇਵਾ ਸਿੰਘ ਨੂਰਪੁਰੀ**
**ਫੋਨ: 408-912-3438**

---

ਧੀ ਹੋਵੇ ਜਾਂ ਪੁੱਤ
ਮਾਂਵਾਂ ਲਈ ਦੋਵੇਂ ਬਰਾਬਰ।
ਇਕੋ ਜਿੰਨਾ ਲਾਡ ਲਡਾਉਂਦੀ
ਕਦੇ ਨਾ ਮੱਥੇ 'ਤੇ ਵੱਟ ਪਾਉਂਦੀ।
ਮਾਂ ਨੇ ਸੋਹਣੇ ਕੱਪੜੇ ਪਾ
ਸਜਾ ਦਿੱਤਾ ਉਸ ਨੂੰ।
ਬੱਚੀ ਬੜੀ ਖੁਸ਼ ਜਾਪੇ।
ਵਕਤ ਆ ਗਿਆ ਵਿਗਿਆਨ ਦਾ
ਧੀਆਂ, ਵਾਂਗ ਮੁੰਡਿਆਂ ਕੰਮ ਕਰਦੀਆਂ।
ਧੀਆਂ ਨਹੀਂ ਪਰਾਇਆ ਧਨ
ਨਾ ਮਾਰੋ ਕੁੱਖ ਵਿਚ।
ਬਣਦਾ ਪਿਆਰ ਦਿੱਤਾ ਬੱਚੀ ਨੂੰ
ਰੋੜੀ ਕੁੱਟਦੀਆਂ ਮੁਟਿਆਰਾਂ
ਵੀ ਕਿਸੇ ਮਾਂ ਨੇ ਜੰਮੀਆਂ।
ਈਸਾ, ਹਜ਼ਰਤ ਮੁਹੰਮਦ, ਮੂਸਾ
ਸਭ ਨੂੰ ਕਿਸੇ ਮਾਂ ਨੇ ਜੰਮਿਆ।

**-ਦਰਸ਼ਨਪਾਲ ਦੋਸਾਂਝ**

---

ਘਰਾਂ ਦੀਆ ਰੌਣਕਾਂ
ਵਿਹੜਿਆਂ ਦੇ ਇਹ ਫੁੱਲ।
ਵੰਡਣ ਸਦਾ ਇਹ ਖੁਸ਼ੀਆ
ਮਿਲਣ ਨਾ ਕਿੱਧਰੇ ਜੋ ਮੁੱਲ।
ਪੜ ਲਿਖ ਜਾਵਣ ਜੇ ਇਹ
ਤਾਰ ਦੇਣ ਦੋ ਇਹ ਕੁਲ।
ਮਾਸੂਮ ਇਨ੍ਹਾਂ ਦੇ ਮੁਖੜੇ
ਕੋਈ ਆਖੇ ਚਿੜੀਆਂ, ਕੋਈ ਬੁਲਬੁਲ।

**-ਸਤਵਿੰਦਰ ਥਾਂਦੀ ਦੌਲਤਪੁਰੀਆ**

# ਮੁੜ ਖੁੱਲ੍ਹਣਗੇ ਸਿੱਖ ਕਤਲੇਆਮ ਦੇ 186 ਕੇਸ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ 1984 ਦੇ ਸਿੱਖ ਕਤਲੇਆਮ ਦੀ ਜਾਂਚ ਲਈ ਬਣਾਈ ਗਈ ਵਿਸ਼ੇਸ਼ ਟੀਮ (ਐਸ.ਆਈ.ਟੀ.) 186 ਕੇਸ ਮੁੜ ਖੋਲ੍ਹੇਗੀ। ਗ੍ਰਹਿ ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮੁਢਲੀ ਪੜਤਾਲ ਦੌਰਾਨ ਐਸ.ਆਈ.ਟੀ. ਨੇ 186 ਕੇਸ ਮੁੜ ਖੋਲ੍ਹਣ ਦਾ ਫੈਸਲਾ ਕੀਤਾ ਹੈ, ਹਾਲਾਂਕਿ ਹਰ ਕੇਸ ਨੂੰ ਖੋਲ੍ਹਣ ਲਈ ਸਬੰਧਤ ਅਦਾਲਤ ਦੀ ਪ੍ਰਵਾਨਗੀ ਲੈਣੀ ਪਵੇਗੀ।

ਜ਼ਿਕਰਯੋਗ ਹੈ ਕਿ ਨਵੰਬਰ 1984 ਵਿਚ ਦਿੱਲੀ, ਉੱਤਰ ਪ੍ਰਦੇਸ਼, ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਹੋਰ ਰਾਜਾਂ ਵਿਚ ਵਾਪਰੇ ਸਿੱਖ ਕਤਲੇਆਮ ਵਿਚ 3325 ਵਿਅਕਤੀ ਮਾਰੇ ਗਏ ਸਨ। ਦਿੱਲੀ ਪੁਲਿਸ ਨੇ ਸਬੂਤਾਂ ਦੀ ਘਾਟ ਕਾਰਨ 241 ਕੇਸ ਬੰਦ ਕਰ ਦਿੱਤੇ ਸਨ। ਜਸਟਿਸ ਨਾਨਾਵਤੀ ਕਮਿਸ਼ਨ ਨੇ ਇਨ੍ਹਾਂ ਵਿਚ ਸਿਰਫ ਚਾਰ ਕੇਸ ਮੁੜ ਖੋਲ੍ਹਣ ਦੀ ਸਿਫਾਰਸ਼ ਕੀਤੀ ਸੀ, ਪਰ ਭਾਜਪਾ ਸਾਰੇ ਕੇਸਾਂ ਦੀ ਮੁੜ ਜਾਂਚ ਕਰਵਾਉਣਾ ਚਾਹੁੰਦੀ ਸੀ।



## ਪੀੜਤਾਂ ਨੂੰ ਨਿਆਂ ਦੇਣ ਲਈ ਕੇਂਦਰ ਗੰਭੀਰ: ਰਾਜਨਾਥ

**ਫਤਹਿਗੜ੍ਹ ਸਾਹਿਬ:** ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਕੇਂਦਰ 1984 ਦੇ ਸਿੱਖ ਨਸਲਕੁਸ਼ੀ ਦੇ ਪੀੜਤਾਂ ਦੇ ਮੁੱਦੇ ਨੂੰ ਹੱਲ ਕਰਨ ਲਈ ਬੇਹੱਦ ਗੰਭੀਰ ਹੈ ਅਤੇ ਉਨ੍ਹਾਂ ਦੀ ਸੰਤੁਸ਼ਟੀ ਤੱਕ ਰਲ ਕੇ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ 286 ਕੇਸਾਂ ਵਿਚੋਂ 22 ਕੇਸਾਂ ਦੀ ਮੁੜ ਪੜਤਾਲ ਲੋੜੀਦੀ ਹੈ। ਗ੍ਰਹਿ ਮੰਤਰੀ ਵਜੋਂ ਉਨ੍ਹਾਂ ਨੇ ਸਿੱਖਾਂ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਦੁਖਾਂਤ ਦੇ ਪੀੜਤਾਂ ਨੂੰ ਕਾਨੂੰਨ ਮੁਤਾਬਕ ਇਨਸਾਫ ਜ਼ਰੂਰ ਦਿਵਾਇਆ ਜਾਵੇਗਾ।

# ਭਾਰਤੀਆਂ ਨੂੰ ਸ਼ੂਗਰ ਰੋਗ ਦਾ ਪਿਆ ਲਪੇਟਾ

**ਲੁਧਿਆਣਾ:** ਭਾਰਤੀਆਂ ਦੀ ਵੱਡੀ ਗਿਣਤੀ ਸ਼ੂਗਰ ਬਿਮਾਰੀ ਦਾ ਸ਼ਿਕਾਰ ਹੋ ਰਹੀ ਹੈ। ਇਹ ਇਕ ਅਜਿਹੀ ਬਿਮਾਰੀ ਹੈ ਜੋ ਇਨਸਾਨ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ ਅਤੇ ਅਖੀਰਲੇ ਦਮ ਤੱਕ ਨਾਲ ਰਹਿੰਦੀ ਹੈ। ਸਾਲ 2015 ਦੌਰਾਨ ਸਮੁੱਚੇ ਸੰਸਾਰ ਵਿਚ 415 ਅਰਬ ਲੋਕ ਇਸ ਬਿਮਾਰੀ ਤੋਂ ਪੀੜਤ ਸਨ ਅਤੇ ਇਹ ਬਿਮਾਰੀ ਇਸ ਵੇਲੇ ਬਹੁਤ ਤੇਜ਼ੀ ਨਾਲ ਵਧਦੀ ਜਾ ਰਹੀ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਇਸ ਉਪਰ ਕਾਬੂ ਨਾ ਪਾਇਆ ਗਿਆ ਤਾਂ ਸਾਲ 2040 ਤੱਕ ਪੀੜਤਾਂ ਦੀ ਗਿਣਤੀ 642 ਅਰਬ ਤੱਕ ਪੁੱਜ ਜਾਵੇਗੀ। ਇਹ ਬਿਮਾਰੀ ਆਮ ਤੌਰ ਉਤੇ ਗਰੀਬ ਦੇਸ਼ਾਂ ਵਿਚ ਜ਼ਿਆਦਾ ਪਾਈ ਜਾਂਦੀ ਹੈ ਕਿਉਂਕਿ ਇਸ ਬਿਮਾਰੀ ਦਾ ਸਾਡੇ ਭੋਜਨ ਨਾਲ ਸਬੰਧ ਹੈ। ਦੱਖਣ-ਪੂਰਬ ਏਸ਼ੀਆ ਮਹਾਂਦੀਪ ਵਿਚ ਸਾਲ 2015 ਦੌਰਾਨ 78.3 ਅਰਬ ਵਿਅਕਤੀ ਇਸ ਦੀ ਲਪੇਟ ਵਿਚ ਸਨ ਜਦੋਂ ਕਿ 2040 ਤੱਕ 140.2 ਅਰਬ ਵਿਅਕਤੀਆਂ ਦੇ ਇਸ ਦੀ ਲਪੇਟ ਵਿਚ ਆ ਜਾਣ ਦੀ ਸੰਭਾਵਨਾ ਹੈ। 2015 ਦੌਰਾਨ ਭਾਰਤ ਦੀ 6.9 ਕਰੋੜ ਆਬਾਦੀ ਇਸ ਭਿਆਨਕ ਬਿਮਾਰੀ ਦੀ ਲਪੇਟ ਵਿਚ ਸੀ ਅਤੇ ਇਸ ਵੇਲੇ ਇਹ ਬਿਮਾਰੀ ਭਾਰਤ ਵਿਚ ਬਹੁਤ ਹੀ ਤੇਜ਼ੀ ਨਾਲ ਵਧ ਰਹੀ ਹੈ।

ਸੰਸਾਰ ਸਿਹਤ ਬਜਟ ਦਾ 12 ਫੀਸਦੀ ਖਰਚ ਸਿਰਫ ਸ਼ੂਗਰ ਇਲਾਜ ਉਪਰ ਕੀਤਾ ਜਾਂਦਾ ਹੈ। ਸੰਸਾਰ ਵਿਚ 20 ਸਾਲ ਤੋਂ ਲੈ ਕੇ 79 ਸਾਲ ਤੱਕ ਦੀ ਉਮਰ ਦੇ ਕਰੋੜਾਂ ਵਿਅਕਤੀ ਇਸ ਬਿਮਾਰੀ ਕਾਰਨ ਮਨੁੱਖੀ ਸਰੀਰ ਉਪਰ ਪੈਂਦੇ ਬੁਰੇ ਪ੍ਰਭਾਵਾਂ ਕਾਰਨ ਹਰ ਸਾਲ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ ਅਤੇ ਡਾਕਟਰੀ-ਵਿਗਿਆਨੀਆਂ ਮੁਤਾਬਕ ਸੰਸਾਰ ਵਿਚ ਹਰ 6 ਸੈਕਿੰਡ ਬਾਅਦ ਇਕ ਸ਼ੂਗਰ ਪੀੜਤ ਦਮ ਤੋੜ ਜਾਂਦਾ ਹੈ। ਭਾਰਤ ਵਿਚ ਇਕ ਸਾਲ ਦੌਰਾਨ ਗਰਭ ਅਵਸਥਾ ਦੌਰਾਨ ਪੰਜ ਲੱਖ ਮਿਲੀਅਨ ਔਰਤਾਂ ਸ਼ੂਗਰ ਤੋਂ ਪ੍ਰਭਾਵਿਤ ਹੋ ਜਾਂਦੀਆਂ ਹਨ। ਕਈ ਵਾਰੀ ਨਵ ਜੰਮੇ ਬੱਚਿਆਂ ਵਿਚ ਵੀ ਸ਼ੂਗਰ ਦੀ ਬਿਮਾਰੀ ਪਾਈ ਜਾਂਦੀ ਹੈ। ਆਮ ਤੌਰ ਉਤੇ 4 ਤੋਂ 5 ਲੱਖ ਨਵ ਜੰਮੇ ਬੱਚਿਆਂ ਵਿਚ ਇਕ ਬੱਚੇ ਨੂੰ ਸ਼ੂਗਰ ਦੀ ਬਿਮਾਰੀ ਪਾਈ ਜਾਂਦੀ ਹੈ।

# ਪੰਜਾਬ ਦੇ ਸੰਘਰਸ਼ਸ਼ੀਲ ਆਗੂਆਂ ਨੂੰ ਪਾਇਆ ਘੇਰਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੰਘਰਸ਼ਸ਼ੀਲ ਮੁਲਾਜ਼ਮਾਂ ਦਾ ਮੂੰਹ ਬੰਦ ਕਰਨ ਲਈ ਪੁਲਿਸ ਕੇਸ ਦਰਜ ਕਰਨ ਅਤੇ ਸੇਵਾਵਾਂ ਖਤਮ ਕਰਨ ਦੇ ਨੋਟਿਸ ਦੇਣ ਦਾ ਰਾਹ ਅਖਤਿਆਰ ਕਰ ਲਿਆ ਹੈ। ਇਸ ਦੀ ਸ਼ੁਰੂਆਤ ਸਰਵਿਸ ਪ੍ਰੋਵਾਈਡਰਾਂ ਅਤੇ ਪੰਜਾਬ ਰੋਡਵੇਜ਼ ਦੇ ਠੇਕਾ ਆਧਾਰਤ ਮੁਲਾਜ਼ਮਾਂ ਵਿਰੁੱਧ ਮੁਹਾਲੀ ਅਤੇ ਚੰਡੀਗੜ੍ਹ ਵਿਚ ਕੇਸ ਦਰਜ ਕਰ ਕੇ ਕੀਤੀ ਗਈ ਹੈ।

ਪੰਜਾਬ ਸਰਕਾਰ ਨੇ ਇਸ ਤੋਂ ਇਲਾਵਾ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਮੈਂਬਰਾਂ ਦੀਆਂ ਨੌਕਰੀਆਂ ਖਤਮ ਕਰਨ ਦੀ ਪ੍ਰਕਿਰਿਆ ਵੀ ਚਲਾ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 23 ਜੂਨ ਨੂੰ ਪੰਜਾਬ ਰੋਡਵੇਜ਼ ਤੇ ਪਨਬਸ ਦੇ ਕਾਮਿਆਂ ਵੱਲੋਂ ਚੰਡੀਗੜ੍ਹ ਵੱਲ ਮਾਰਚ ਕਰਨ ਮੌਕੇ ਚੰਡੀਗੜ੍ਹ ਪੁਲਿਸ ਵੱਲੋਂ ਠੇਕਾ ਆਧਾਰਤ ਮੁਲਾਜ਼ਮਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਇਥੇ ਸੈਕਟਰ-36 ਦੇ ਥਾਣੇ ਵਿਚ ਪੰਜਾਬ ਰੋਡਵੇਜ਼ ਕੰਟਰੈਕਟ ਵਰਕਰਜ਼ ਯੂਨੀਅਨ ਦੇ



ਆਗੂਆਂ ਤੇ ਮੈਂਬਰਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।

ਪੁਲਿਸ ਨੇ ਦਰਜ ਕੀਤੀ ਐਫ.ਆਈ.ਆਰ. ਵਿਚ ਦੋਸ਼ ਲਾਇਆ ਹੈ ਕਿ ਰੋਡਵੇਜ਼ ਕਾਮਿਆਂ ਨੇ ਜਿਥੇ ਨਾਕੇ ਤੋੜੇ, ਉਥੇ ਪੁਲਿਸ ਮੁਲਾਜ਼ਮਾਂ ਉਪਰ ਪਥਰਾਅ ਵੀ ਕੀਤਾ। ਪੁਲਿਸ ਨੇ ਅਣਪਛਾਤੇ ਕਾਮਿਆਂ ਵਿਰੁੱਧ ਕੇਸ ਦਰਜ ਕਰ ਕੇ ਸ਼ਨਾਖਤ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਮੁਹਾਲੀ ਪੁਲਿਸ ਨੇ ਸਿੱਖਿਆ ਵਿਭਾਗ ਦੇ ਦਫਤਰ ਮੂਹਰੇ ਧਰਨਾ ਮਾਰਨ ਵਾਲੇ ਸਿੱਖਿਆ ਪ੍ਰੋਵਾਈਡਰਾਂ ਵਿਰੁੱਧ ਵੀ ਕੇਸ ਦਰਜ ਕੀਤੇ ਹਨ। ਇਸ ਦੇ ਨਾਲ ਹੀ ਡਾਇਰੈਕਟਰ ਜਨਰਲ ਸਕੂਲ ਸਿੱਖਿਆ (ਡੀ.ਜੀ.ਐਸ.ਈ.) ਪੰਜਾਬ ਨੇ ਹੋਰ ਸਖਤ ਕਦਮ ਚੁੱਕਦਿਆਂ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ (ਐਲੀਮੈਂਟਰੀ ਤੇ ਸੈਕੰਡਰੀ) ਨੂੰ ਪੱਤਰ ਲਿਖ ਕੇ ਆਦੇਸ਼ ਦਿੱਤੇ ਹਨ ਕਿ ਪਿਛਲੇ ਸਮੇਂ ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਦੀ ਇਮਾਰਤ ਅੱਗੇ ਲੜੀਵਾਰ ਭੁੱਖ ਹੜਤਾਲ ਰੱਖ ਕੇ ਬੈਠੇ ਸਿੱਖਿਆ ਪ੍ਰੋਵਾਈਡਰਾਂ ਦੇ ਜ਼ਿਲ੍ਹਿਆਂ ਦੇ ਵੇਰਵੇ ਤੁਰਤ ਭੇਜੇ ਜਾਣ ਤਾਂ ਜੋ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇ।

# ਸਿਹਤ ਮੰਤਰੀ ਮੁਤਾਬਕ ਸਿਰਫ 1.8 ਫੀਸਦੀ ਨੌਜਵਾਨ ਨਸ਼ੇ ਦੀ ਲਪੇਟ 'ਚ

**ਅੰਮ੍ਰਿਤਸਰ:** ਪੰਜਾਬ ਦੇ ਸਿਹਤ ਮੰਤਰੀ ਨੇ ਦਾਅਵਾ ਕੀਤਾ ਹੈ ਕਿ ਸੂਬੇ ਵਿਚ ਸਿਰਫ 1.8 ਫੀਸਦੀ ਨੌਜਵਾਨ ਹੀ ਨਸ਼ੇ ਦੀ ਲਪੇਟ ਵਿਚ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਦੇ 10 ਜ਼ਿਲ੍ਹਿਆਂ ਵਿਚ ਕਰਵਾਏ ਗਏ ਸਰਵੇਖਣ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਵਿਚ ਸਿਰਫ 1.8% ਨੌਜਵਾਨ ਹੀ ਨਸ਼ੇ ਦੀ ਲਪੇਟ ਵਿਚ ਹਨ। ਜੇਕਰ ਅਜਿਹਾ ਸਰਵੇਖਣ 22 ਜ਼ਿਲ੍ਹਿਆਂ ਵਿਚ ਕੀਤਾ ਜਾਵੇ ਤਾਂ ਇਹ ਅੰਕੜੇ ਹੋਰ ਘੱਟ ਹੋ ਜਾਣਗੇ।

ਨਸ਼ਿਆਂ ਉਤੇ ਬਣੀ ਫ਼ਿਲਮ ਉਤਤਾ ਪੰਜਾਬ ਵਿਚ ਵੀ ਪੰਜਾਬ ਦੀ ਗਲਤ ਤਸਵੀਰ ਦਿਖਾਈ ਗਈ ਹੈ ਕਿਉਂਕਿ ਫ਼ਿਲਮਾਂ ਵਿਚ ਕਦੇ ਵੀ ਸੱਚਾਈ ਨਹੀਂ ਦਿਖਾਈ ਜਾਂਦੀ। ਪੁਲਿਸ ਵੱਲੋਂ ਨਸ਼ੇ ਦਾ ਕਾਰੋਬਾਰ ਕਾਰਨ ਵਾਲਿਆਂ ਦੀ ਥਾਂ ਨਸ਼ਾ ਕਾਰਨ ਵਾਲਿਆਂ ਨੂੰ ਗ੍ਰਿਫਤਾਰ ਕੀਤੇ ਜਾਣ ਦੇ ਸਵਾਲ ਉਤੇ ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਨਸ਼ੇ ਦੇ ਕਾਰੋਬਾਰੀਆਂ ਨੂੰ ਵੀ ਵੱਡੀ ਗਿਣਤੀ ਵਿਚ ਗ੍ਰਿਫਤਾਰ ਕੀਤਾ ਗਿਆ ਹੈ।

## ਨਸ਼ਾ ਛਡਾਊ ਕੇਂਦਰ 'ਚ ਚੱਲਦਾ ਨਸ਼ੇ ਦਾ ਅੱਡਾ

**ਅੰਮ੍ਰਿਤਸਰ:** ਨਸ਼ਾ ਛੁਡਾਊ ਕੇਂਦਰ ਵਿਚ ਵੀ ਸਰਗਰਮ ਨਸ਼ਾ ਤਸਕਰਾਂ ਦਾ ਗੈਂਗ। ਪੁਲਿਸ ਨੇ ਨਸ਼ੇ ਦੇ ਅਜਿਹੇ ਕਾਰੋਬਾਰੀਆਂ ਨੂੰ ਕਾਬੂ ਕੀਤਾ ਹੈ ਜੋ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਬਣੇ ਸਰਕਾਰੀ ਨਸ਼ਾ ਛੁਡਾਊ ਕੇਂਦਰ ਵਿਚ ਹੀ ਨਸ਼ਾ ਵੇਚਣ ਦਾ ਕੰਮ ਕਰਦੇ ਸਨ। ਪੁਲਿਸ ਦੀ ਗ੍ਰਿਫਤ ਵਿਚ ਆਏ ਇਨ੍ਹਾਂ ਪੰਜ ਮੁਲਜ਼ਮਾਂ ਵਿਚੋਂ ਇਕ ਨਸ਼ਾ ਛੁਡਾਊ ਕੇਂਦਰ ਵਿਚ ਵਲੰਟੀਅਰ ਦੇ ਤੌਰ ਉਤੇ ਕੰਮ ਕਰ ਰਿਹਾ ਸੀ। ਇਹ ਹਸਪਤਾਲ 'ਚੋਂ ਮੁਫਤ ਮਿਲਣ ਵਾਲੀ ਦਵਾਈ ਨਸ਼ੇੜੀਆਂ ਨੂੰ ਵੇਚਦਾ ਸੀ। ਇਹ ਨੌਜਵਾਨ ਇਥੇ ਆਉਣ ਵਾਲੇ ਨੌਜਵਾਨਾਂ ਨੂੰ ਵੱਖ-ਵੱਖ ਤਰ੍ਹਾਂ ਦੇ ਨਸ਼ੇ ਸਪਲਾਈ ਕਰਦੇ ਸਨ।

ਪੁਲਿਸ ਨੇ ਇਨ੍ਹਾਂ ਕੋਲੋਂ 1100 ਨਸ਼ੀਲੀਆਂ ਗੋਲੀਆਂ, 125 ਨਸ਼ੀਲੇ ਕੈਪਸੂਲ, 100 ਗ੍ਰਾਮ ਚਰਸ ਅਤੇ 10 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।ਪੁਲਿਸ ਦੇ ਨਾਰਕੋਟਿਕ ਸੈਲ ਨੇ ਪਿਛਲੇ ਦਿਨੀਂ ਇਸ ਨਸ਼ਾ ਛੁਡਾਊ ਕੇਂਦਰ ਉਤੇ ਰੇਡ ਕੀਤਾ ਜਿਸ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਕੁਝ ਨੌਜਵਾਨ ਉਥੇ ਨਸ਼ਾ ਛੱਡਣ ਲਈ ਆਉਣ ਵਾਲੇ ਨੌਜਵਾਨਾਂ ਨੂੰ ਆਪਣੀਆਂ ਗੱਲਾਂ ਵਿਚ ਭਰਮਾ ਕੇ ਨਸ਼ਾ ਵੇਚਦੇ ਹਨ।

# ਆਸਟਰੇਲੀਆ ਦੀਆਂ ਆਮ ਚੋਣਾਂ ਵਿਚ ਪਹਿਲਾ ਸਿੱਖ ਨਿੱਤਰਿਆ

**ਸਿਡਨੀ:** ਆਸਟਰੇਲੀਆ ਦੀਆਂ ਜੁਲਾਈ ਮਹੀਨੇ ਹੋਣ ਜਾ ਰਹੀਆਂ ਆਮ ਚੋਣਾਂ ਵਿਚ ਇਕ ਸਿੱਖ ਵੀ ਆਜ਼ਾਦ ਤੌਰ ਉਤੇ ਚੋਣ ਲੜ ਰਿਹਾ ਹੈ। ਜੋਨ ਅਰਕਨ ਹਾਰ ਬਰ ਸਿਟੀ ਦਾ ਕੌਂਸਲਰ ਹੈ ਅਤੇ ਇਸ ਵਾਰ ਆਮ ਚੋਣਾਂ ਵਿਚ ਹਿੱਸਾ ਲੈ ਰਿਹਾ ਹੈ। ਜਾਨ ਅਰਕਨ ਸਾਊਥ ਵੇਲਜ਼ ਮਿਡ ਨਾਰਥ ਹਲਕੇ ਤੋਂ ਚੋਣ ਲੜ ਰਹੇ ਹਨ। ਪੇਸ਼ੇ ਵਜੋਂ ਖੇਤੀਬਾੜੀ ਕਰਨ ਵਾਲੇ ਜੋਨ ਅਰਕਨ ਨੂੰ ਉਮੀਦ ਹੈ ਕਿ ਚੋਣ ਜਿੱਤ ਕੇ ਉਹ ਇਤਿਹਾਸ ਜ਼ਰੂਰ ਬਣਾਉਣਗੇ। ਇਸ ਤੋਂ ਇਲਾਵਾ ਜੋਨ ਆਪਣਾ ਕੌਫੀ ਹਾਊਸ ਵੀ ਚਲਾਉਂਦੇ ਹਨ।



ਜੋਨ ਅਰਕਨ ਦਾ ਜਨਮ ਪੰਜਾਬੀਆਂ ਦੇ ਸੰਘਣੀ ਆਬਾਦੀ ਵਾਲੇ ਇਲਾਕੇ ਵਲਗੁਲਗਾ ਵਿਖੇ ਹੋਇਆ ਸੀ। ਹਾਲਾਂਕਿ ਅਰਕਨ ਲੇਬਰ ਪਾਰਟੀ ਦੀ ਟਿਕਟ ਉਤੇ ਕੌਂਸਲਰ ਹਨ ਪਰ ਐਮ.ਪੀ. ਲਈ ਉਨ੍ਹਾਂ ਨੂੰ ਪਾਰਟੀ ਦੀ ਟਿਕਟ ਨਹੀਂ ਮਿਲੀ ਜਿਸ ਕਾਰਨ ਉਨ੍ਹਾਂ ਆਜ਼ਾਦ ਤੌਰ ਉਤੇ ਚੋਣ ਲੜਨ ਦਾ ਫੈਸਲਾ ਕੀਤਾ ਹੈ। ਅਰਕਨ ਨੂੰ ਸਭ ਤੋਂ ਜ਼ਿਆਦਾ ਵੋਟਾਂ ਮਿਲਣ ਦੀ ਉਮੀਦ ਕਿਸਾਨਾਂ ਤੋਂ ਹੈ। ਆਸਟਰੇਲੀਆ ਵਿਚ ਅਜੇ ਤੱਕ ਕੋਈ ਵੀ ਸਿੱਖ ਦੇਸ਼ ਦੀ ਸੰਸਦ ਵਿਚ ਨਹੀਂ ਪਹੁੰਚਿਆ। ਜੇਕਰ ਆਰਕਨ ਜਿੱਤਦਾ ਹੈ ਤਾਂ ਇਹ ਆਪਣਾ ਆਪ ਵਿਚ ਇਕ ਇਤਿਹਾਸ ਹੋਵੇਗਾ।

# ਪੁਲਿਸ ਭਰਤੀ ਦੌਰਾਨ ਦੋ ਨੌਜਵਾਨਾਂ ਦੀ ਮੌਤ

**ਕੁਰੂਕਸ਼ੇਤਰ:** ਇਥੇ ਪੁਲਿਸ ਵਿਚ ਭਰਤੀ ਲਈ ਫਿਜ਼ੀਕਲ ਪ੍ਰਕਿਰਿਆ ਵਿਚ ਹਿੱਸਾ ਲੈਣ ਵਾਲੇ ਅੱਠ ਲੜਕੇ ਦੌੜ ਦੌਰਾਨ ਬੇਹੋਸ਼ ਹੋ ਗਏ, ਜਿਨ੍ਹਾਂ ਵਿਚੋਂ 2 ਦੀ ਮੌਤ ਹੋ ਗਈ ਹੈ। ਇਕ ਲੜਕੇ ਨੇ ਪੀ.ਜੀ.ਆਈ. ਚੰਡੀਗੜ੍ਹ ਵਿਚ ਦਮ ਤੋੜਿਆ, ਜਦਕਿ ਦੂਜੇ ਲੜਕੇ ਦੀ ਮੌਤ ਲੋਕ ਨਾਇਕ ਜੈ ਪ੍ਰਕਾਸ਼ ਹਸਪਤਾਲ ਵਿਚ ਹੋਈ।

ਸ਼ੱਕ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਲੜਕਿਆਂ ਨੇ ਕਿਸੇ ਨਸ਼ੀਲੇ ਪਦਾਰਥ ਦਾ ਸੇਵਨ ਕੀਤਾ ਸੀ। ਜਾਣਕਾਰੀ ਮੁਤਾਬਕ ਪੁਲਿਸ ਵਿਚ ਭਰਤੀ ਲਈ ਦੌੜ ਦੌਰਾਨ ਭਿਵਾਨੀ ਰਾਮ ਕਿਲਾ ਵਾਸੀ ਸਮੱਬੀਰ ਪੁੱਤਰ ਫਤਿਹ ਸਿੰਘ, ਗੁੜਗਾਉਂ ਵਾਸੀ ਸੰਦੀਪ, ਭਿਵਾਨੀ ਦੇ ਪਿੰਡ ਖਰਪੁਰਾ ਵਾਸੀ ਲਕਸ਼ਮੀ ਨਾਰਾਇਣ, ਸੁਨੀਲ ਕੁਮਾਰ, ਸੁਖਦੇਵ, ਮੁਕੇਸ਼, ਗੌਤਮ ਤੇ ਇਕ ਹੋਰ ਅਚਾਨਕ ਬੇਹੋਸ਼ ਹੋ ਗਏ।

# ਕਾਂਗਰਸ ਦੀ 'ਆਸ਼ਾ' ਮੁੜ ਬਣੀ ਨਿਰਾਸ਼ਾ

**ਆਸ਼ਾ ਕੁਮਾਰੀ ਨੂੰ ਪੰਜਾਬ ਇੰਚਾਰਜ ਲਾਉਣ ਦਾ ਵਿਰੋਧ**

**ਨਵੀਂ ਦਿੱਲੀ:** ਕਾਂਗਰਸ ਵੱਲੋਂ ਪਾਰਟੀ ਦੀ ਸਕੱਤਰ ਆਸ਼ਾ ਕੁਮਾਰੀ ਨੂੰ ਆਗਾਮੀ ਚੋਣਾਂ ਵਾਲੇ ਸੂਬੇ ਪੰਜਾਬ ਵਿਚ ਪਾਰਟੀ ਮਾਮਲਿਆਂ ਦੀ ਇੰਚਾਰਜ ਨਿਯੁਕਤ ਕਰਨ ਨਾਲ ਮੁੜ ਵਿਵਾਦ ਸ਼ੁਰੂ ਹੋ ਗਿਆ ਹੈ। ਉਨ੍ਹਾਂ ਦੀ ਨਿਯੁਕਤੀ ਕਮਲ ਨਾਥ ਦੀ ਥਾਂ ਹੋਈ ਹੈ। ਵਿਰੋਧੀ ਧਿਰ ਵੱਲੋਂ ਕੀਤੇ ਹੰਗਾਮੇ ਕਾਰਨ ਕਮਲ ਨਾਥ ਨੂੰ ਅਸਤੀਫਾ ਦੇਣਾ ਪਿਆ ਸੀ, ਪਰ ਨਵੀਂ ਨਿਯੁਕਤੀ ਉਤੇ ਵੀ ਕਾਂਗਰਸ ਘਿਰ ਗਈ ਹੈ ਕਿਉਂਕਿ ਆਸ਼ਾ ਕੁਮਾਰੀ ਨੂੰ ਜ਼ਮੀਨ ਘੁਟਾਲੇ ਦੇ ਕੇਸ ਵਿਚ ਸਜ਼ਾ ਹੋ ਚੁੱਕੀ ਹੈ।

ਹਿਮਾਚਲ ਪ੍ਰਦੇਸ਼ ਵਿਚ ਡਲਹੌਜ਼ੀ ਤੋਂ ਵਿਧਾਇਕ ਆਸ਼ਾ ਕੁਮਾਰੀ ਨੂੰ ਚੰਬਾ ਦੀ ਇਕ ਅਦਾਲਤ ਨੇ ਇਸ ਸਾਲ ਫਰਵਰੀ ਵਿਚ ਇਕ ਸਾਲ ਦੀ ਸਜ਼ਾ ਸੁਣਾਈ ਸੀ, ਪਰ ਉਹ ਇਸ ਸਮੇਂ ਜ਼ਮਾਨਤ ਉਤੇ ਹੈ। ਜ਼ਿਕਰਯੋਗ ਹੈ ਕਿ ਕਮਲ ਨਾਥ ਨੂੰ ਪੰਜਾਬ ਮਾਮਲਿਆਂ ਦਾ ਇੰਚਾਰਜ ਬਣਾਏ ਜਾਣ ਤੋਂ ਤਿੰਨ ਦਿਨ ਬਾਅਦ ਹੀ ਅਸਤੀਫਾ ਦੇਣਾ ਪਿਆ ਕਿਉਂਕਿ ਭਾਜਪਾ, ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਉਨ੍ਹਾਂ ਦੀ 1984 ਦੇ ਸਿੱਖ ਕਤਲੇਆਮ ਵਿਚ ਭੂਮਿਕਾ ਕਾਰਨ ਕਾਫੀ ਹੰਗਾਮਾ ਕੀਤਾ ਸੀ।

ਆਸ਼ਾ ਕੁਮਾਰੀ ਨੂੰ 26 ਫਰਵਰੀ ਨੂੰ ਚੰਬਾ



ਦੀ ਇਕ ਅਦਾਲਤ ਨੇ ਜ਼ਮੀਨ ਘੁਟਾਲੇ ਦੇ ਕੇਸ ਵਿਚ ਦੋਸ਼ੀ ਠਹਿਰਾਇਆ ਸੀ ਅਤੇ ਉਨ੍ਹਾਂ ਨੂੰ ਇਕ ਸਾਲ ਦੀ ਸਜ਼ਾ ਤੋਂ ਇਲਾਵਾ ਅੱਠ ਹਜ਼ਾਰ ਰੁਪਏ ਜੁਰਮਾਨਾ ਕੀਤਾ ਸੀ। ਅਦਾਲਤ ਨੇ ਉਨ੍ਹਾਂ ਨੂੰ ਫੌਜਦਾਰੀ ਸਾਜ਼ਿਸ਼ ਦਾ ਦੋਸ਼ੀ ਪਾਇਆ। 19 ਮਾਰਚ ਨੂੰ ਹਿਮਾਚਲ ਪ੍ਰਦੇਸ਼ ਹਾਈ ਕੋਰਟ ਨੇ ਇਸ ਸਜ਼ਾ ਨੂੰ ਮੁਲਤਵੀ ਕਰ ਦਿੱਤਾ।

ਏ.ਆਈ.ਸੀ.ਸੀ. ਦੀ ਸਕੱਤਰ ਤੇ ਚਾਰ ਵਾਰ ਤੋਂ ਲਗਾਤਾਰ ਵਿਧਾਇਕ ਆਸ਼ਾ ਕੁਮਾਰੀ ਤੇ ਛੇ ਹੋਰ ਵਿਅਕਤੀ ਇਕ ਦਹਾਕੇ ਤੋਂ ਇਸ ਕੇਸ ਦਾ ਸਾਹਮਣਾ ਕਰ ਰਹੇ ਹਨ। ਪੰਜਾਬ

## ਕਾਂਗਰਸ ਕੋਲ ਸਿਰਫ ਦਾਗੀ ਆਗੂ: ਸੰਜੇ ਸਿੰਘ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਹਿਮਾਚਲ ਪ੍ਰਦੇਸ਼ ਨਾਲ ਸਬੰਧਤ ਮਹਿਲਾ ਨੇਤਾ ਆਸ਼ਾ ਕੁਮਾਰੀ ਨੂੰ ਪੰਜਾਬ ਕਾਂਗਰਸ ਦਾ ਇੰਚਾਰਜ ਨਿਯੁਕਤ ਕਰਨ ਦੀ ਨਿਖੇਧੀ ਕੀਤੀ ਹੈ। ਪਾਰਟੀ ਦੇ ਕੌਮੀ ਬੁਲਾਰੇ ਅਤੇ ਪੰਜਾਬ ਦੇ ਇੰਚਾਰਜ ਸੰਜੇ ਸਿੰਘ ਨੇ ਕਿਹਾ ਕਿ ਭਾਵੇਂ ਇਹ ਕਾਂਗਰਸ ਦਾ ਅੰਦਰੂਨੀ ਮਾਮਲਾ ਹੈ ਪਰ ਭ੍ਰਿਸ਼ਟ ਤੇ ਦਾਗੀ ਨੇਤਾਵਾਂ ਨੂੰ ਉਚੇ ਅਹੁਦਿਆਂ ਉਤੇ ਬਿਠਾਉਣ ਨਾਲ ਕਾਂਗਰਸ ਦੀ ਭ੍ਰਿਸ਼ਟਾਚਾਰ ਪ੍ਰਤੀ ਸੋਚ ਦਾ ਪ੍ਰਗਟਾਵਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਕਾਂਗਰਸ ਕੋਲ ਹੁਣ ਚੰਗੇ ਅਤੇ ਸਾਫ਼ ਦਿੱਖ ਵਾਲੇ ਨੇਤਾਵਾਂ ਦੀ ਅਣਹੋਂਦ ਹੈ।

ਭਾਜਪਾ ਦੇ ਆਗੂ ਵਿਨੀਤ ਜੋਸ਼ੀ ਨੇ ਕਿਹਾ ਕਿ ਇਹ ਨਿਯੁਕਤੀ ਮੰਦਭਾਗੀ ਹੈ। ਪਹਿਲਾ ਕਮਲ ਨਾਥ ਤੇ ਹੁਣ ਆਸ਼ਾ ਕੁਮਾਰੀ ਨੂੰ ਪੰਜਾਬ ਮਾਮਲਿਆਂ ਦਾ ਇੰਚਾਰਜ ਬਣਾਇਆ ਗਿਆ, ਜਿਨ੍ਹਾਂ ਨੂੰ ਹਾਲ ਹੀ ਵਿਚ ਅਦਾਲਤ ਨੇ ਸਜ਼ਾ ਸੁਣਾਈ। ਉਨ੍ਹਾਂ ਕਿਹਾ ਕਿ ਕਾਂਗਰਸ ਕੋਲ ਚੰਗੇ ਆਗੂ ਹੀ ਨਹੀਂ ਹਨ।

# ਆਰਥਿਕ ਵਿਕਾਸ ਦਰ ਵਿਚ ਵਾਧੇ ਦੀ ਜਾਦੂਗਰੀ

ਆਰਥਿਕ ਰਾਜਨੀਤੀ ਦਾ ਪਹਿਲੂ ਸਮਝਣ ਲਈ ਰਿਜ਼ਰਵ ਬੈਂਕ ਦੇ ਗਵਰਨਰ ਰਘੂਰਾਮ ਰਾਜਨ ਨਾਲ ਸਬੰਧਤ ਘਟਨਾਕ੍ਰਮ ਦੀ ਚਰਚਾ ਕੀਤੀ ਜਾ ਸਕਦੀ ਹੈ। ਮਕਸਦ ਇਹ ਹੈ ਕਿ ਬਾਜ਼ਾਰਪ੍ਰਸਤੀ ਅਤੇ ਪੂੰਜੀਪ੍ਰਸਤੀ ਵਿਚਲਾ ਫ਼ਰਕ ਸਪਸ਼ਟ ਕੀਤਾ ਜਾ ਸਕੇ, ਭਾਵੇਂ ਵੇਖਣ ਨੂੰ ਇਹ ਦੋਵੇਂ ਇਕ-ਦੂਜੇ ਦੇ ਸਮਾਨਅਰਥੀ ਜਾਪਦੇ ਹਨ। ਹੁਣ ਚਰਚਾ ਹੈ ਕਿ ਭਾਰਤ ਸਰਕਾਰ ਆਪਣੀ ਆਰਥਿਕ ਵਿਕਾਸ ਦਰ ਦੇ ਅੰਕੜੇ ਵਧਾ-ਚੜ੍ਹਾ ਕੇ ਕਿਉਂ ਦਿਖਾ ਰਹੀ

ਅਭੈ ਕੁਮਾਰ ਦੂਬੇ

ਹੈ ਅਤੇ ਅਜਿਹਾ ਕਰ ਕੇ ਉਹ ਕੀ ਹਾਸਲ ਕਰਨਾ ਚਾਹੁੰਦੀ ਹੈ। ਇਹ ਪਹਿਲੂ ਹੀ ਬਾਜ਼ਾਰਪ੍ਰਸਤੀ ਅਤੇ ਪੂੰਜੀਪ੍ਰਸਤੀ ਵਿਚਲੇ ਫ਼ਰਕ ਦਾ ਇਕ ਹੋਰ ਪੱਖ ਉਭਾਰੇਗਾ। ਅਸਲ ਵਿਚ ਇਹ ਫ਼ਰਕ ਬਿਆਨ ਕਰਨ ਰਾਹੀਂ ਮੈਂ ਆਪਣੇ ਵਰਗੇ ਖੱਬੇ ਪੱਖੀ ਵਿਚਾਰ-ਵਟਾਂਦਰੇ ਵਿਚ ਸਿਖਲਾਈ-ਯਾਫ਼ਤਾ ਲੋਕਾਂ ਲਈ ਚਿੰਤਨ ਦਾ ਨਵਾਂ ਆਧਾਰ ਬਣਾਉਣਾ ਚਾਹੁੰਦਾ ਹਾਂ। ਹੁੰਦਾ ਇਹ ਹੈ ਕਿ ਸਾਡਾ ਖੱਬਾ ਪੱਖ, ਕੌਮਾਂਤਰੀ ਪ੍ਰਸੰਗ ਵਿਚ ਜਾਂ ਤਾਂ 19ਵੀਂ ਸਦੀ ਵਿਚ ਬਣਾਏ ਗਏ ਸਿਧਾਂਤਾਂ ਦੀ ਬੁਨਿਆਦ 'ਤੇ ਖੜ੍ਹਾ ਹੁੰਦਾ ਹੈ, ਜਾਂ ਫਿਰ ਭਾਰਤੀ ਪ੍ਰਸੰਗ ਵਿਚ 60 ਅਤੇ 70 ਦੇ ਦਹਾਕੇ ਵਿਚ ਵਿਕਸਤ ਹੋਏ ਉਨ੍ਹਾਂ ਵਿਚਾਰਾਂ ਨੂੰ ਵਿਸ਼ਲੇਸ਼ਨ ਲਈ ਵਰਤਦਾ ਹੈ ਜਿਨ੍ਹਾਂ ਦੇ ਸਮੇਂ ਵਿਚ ਪੂੰਜੀਵਾਦ ਦਾ ਮੌਜੂਦਾ ਰੂਪ (ਵਿੱਤੀ ਪੂੰਜੀ ਦੀ ਬਾਦਸ਼ਾਹਤ) ਹੈ ਹੀ ਨਹੀਂ ਸੀ। ਇਸ ਤਰ੍ਹਾਂ ਦੀ ਸਿਖਲਾਈ ਕਾਰਨ ਬਾਜ਼ਾਰ ਅਤੇ ਪੂੰਜੀਵਾਦ ਦੇ ਆਲੋਚਕ ਬਣਨ ਦੀ ਥਾਂ ਅਸੀਂ ਉਸ ਤੋਂ ਘ੍ਰਿਣਾ ਕਰਨ ਲਗਦੇ ਹਾਂ। ਇਸ ਘ੍ਰਿਣਾ ਨੇ ਪੂੰਜੀਵਾਦ ਦੇ ਬਦਲਦੇ ਰੂਪਾਂ ਦਾ ਭੇਤ ਜਾਣਨ ਦੀਆਂ ਬੌਧਿਕ ਸਮਰਥਾਵਾਂ ਸੀਮਤ ਕਰ ਦਿੱਤੀਆਂ ਹਨ। ਅੱਜ ਜ਼ਰੂਰਤ ਇਸ ਗੱਲ ਦੀ ਹੈ ਕਿ ਅਸੀਂ ਮੁੜ ਪੂੰਜੀਵਾਦ ਦੇ ਆਲੋਚਕ ਬਣੀਏ, ਕਿਉਂਕਿ ਉਸ ਦੀ ਆਲੋਚਨਾ ਰਾਹੀਂ ਹੀ ਅਸੀਂ ਉਸ ਦਾ ਨਵਾਂ ਬਦਲ ਤਿਆਰ ਕਰ ਸਕਦੇ ਹਾਂ। ਜ਼ਾਹਿਰ ਹੈ ਕਿ ਪੁਰਾਣੇ ਸਥਾਪਤ ਬਦਲਾਂ ਨਾਲ ਸਾਡਾ ਕੰਮ ਨਹੀਂ ਚੱਲੇਗਾ।

'ਮੌਰਗਨ ਸਟੈਨਲੀ' ਵਿਚ 'ਇਮੇਜਿੰਗ ਮਾਰਕਿਟਸ' ਦੇ ਮੁਖੀ ਰੁਚਿਰ ਸ਼ਰਮਾ ਨੇ ਭਾਰਤੀ ਆਰਥਿਕਤਾ ਦੀ ਪਿੱਠ ਥਪਥਪਾਉਂਦਿਆਂ ਕਿਹਾ ਹੈ ਕਿ 2010 ਤੋਂ 2015 ਦਰਮਿਆਨ ਬਣੇ ਸਾਡੇ ਨਵੇਂ ਅਰਬਪਤੀਆਂ ਵਿਚ ਉਨ੍ਹਾਂ ਲੋਕਾਂ ਦੀ ਗਿਣਤੀ ਵਧੇਰੇ ਹੈ ਜੋ ਦਵਾਈ ਉਦਯੋਗ ਅਤੇ ਖਪਤਕਾਰੀ ਵਸਤੂਆਂ ਬਣਾਉਣ ਵਾਲੇ ਤੁਲਨਾਤਮਕ ਤੌਰ 'ਤੇ ਸਾਫ਼-ਸੁਥਰੇ ਖੇਤਰਾਂ ਵਿਚੋਂ ਨਿਕਲੇ ਹਨ। ਸ਼ਰਮਾ ਮੁਤਾਬਿਕ ਇਹ ਅਰਬਪਤੀ ਉਤਮ ਜਾਂ ਨੇਕ ਸਮਝੇ ਜਾਣੇ ਚਾਹੀਦੇ ਹਨ, ਕਿਉਂਕਿ ਇਨ੍ਹਾਂ ਦੀ ਗਿਣਤੀ 'ਕ੍ਰੋਨੀ ਕੈਪੀਟਲਿਸਟਾਂ' ਵਿਚ ਨਹੀਂ ਕੀਤੀ ਜਾ ਸਕਦੀ, ਭਾਵ ਇਹ ਖਣਨ ਜਾਂ ਰੀਅਲ ਅਸਟੇਟ ਵਰਗੇ ਉਨ੍ਹਾਂ ਖੇਤਰਾਂ ਦੀ ਦੇਣ ਨਹੀਂ ਹਨ ਜਿਥੇ ਰਾਜਨੀਤਕ ਮਦਦ ਜਾਂ ਜੁਗਾੜਬਾਜ਼ੀ ਜਾਂ ਨੈੱਟ



ਵਰਕਿੰਗ ਦੇ ਬਲਬੂਤੇ ਠੇਕਿਆਂ ਆਦਿ ਦੀ ਵੰਡ ਕਰਾ ਲਈ ਜਾਂਦੀ ਹੈ ਅਤੇ ਮਾਲ ਕਮਾਇਆ ਜਾਂਦਾ ਹੈ; ਪਰ ਇਸੇ ਦੇ ਨਾਲ ਰੁਚਿਰ ਨੇ ਚਿਤਾਵਨੀ ਵੀ ਦਿੱਤੀ ਕਿ ਭਾਰਤੀ ਆਰਥਿਕਤਾ 'ਸਭ ਤੋਂ ਜ਼ਿਆਦਾ ਹਾਈਪਡ' ਵੀ ਹੈ, ਕਿਉਂਕਿ ਇਸ ਦਾ ਦਾਅਵਾ 7.6 ਫ਼ੀਸਦੀ ਦੀ ਦਰ ਨਾਲ ਵਧਣ ਦਾ ਹੈ, ਜਦੋਂ ਕਿ ਇਸ ਦੀ ਹਕੀਕੀ ਰਫ਼ਤਾਰ ਸਿਰਫ਼ 5 ਅਤੇ 6 ਫ਼ੀਸਦੀ ਦੇ ਵਿਚਕਾਰ ਹੀ ਹੈ। ਰੁਚਿਰ ਮੁਤਾਬਿਕ ਇਹ ਰਵੱਈਆ ਸਾਡੇ ਲਈ ਬਹੁਤ ਨੁਕਸਾਨਦੇਹ ਸਾਬਤ ਹੋਣ ਵਾਲਾ ਹੈ।

ਰੁਚਿਰ ਸ਼ਰਮਾ ਦੀ ਗੱਲ ਮੋਟੇ ਤੌਰ 'ਤੇ ਸਹੀ ਜਾਪਦੀ ਹੈ। ਸਮੱਸਿਆ ਇਹ ਹੈ ਕਿ ਜੀ.ਡੀ.ਪੀ. ਮਾਪਣ ਦੀ ਨਵੀਂ ਵਿਧੀ ਕੁਝ ਇਸ ਤਰ੍ਹਾਂ ਦੀ ਹੈ ਕਿ ਇਹ ਕੁੱਲ ਘਰੇਲੂ ਉਤਪਾਦਨ ਨੂੰ ਘੱਟੋ-ਘੱਟ ਦੋ ਤੋਂ ਢਾਈ ਫ਼ੀਸਦੀ ਵਧੇਰੇ ਦਿਖਾਉਂਦੀ ਹੈ। ਨਵੀਂ ਵਿਧੀ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਸ ਵਿਚ ਜੀ.ਡੀ.ਪੀ. ਮਾਪਣ ਲਈ ਨੈਗੇਟਿਵ ਡਿਫਲੇਟਰਾਂ ਦੀ ਵਰਤੋਂ ਕੀਤੀ ਗਈ ਹੈ। ਦਰਅਸਲ ਮੌਜੂਦਾ ਕੀਮਤਾਂ 'ਤੇ ਜੋ ਸਮੁੱਚਾ ਮੁੱਲ ਵਾਧਾ ਮਾਪਣਾ ਹੁੰਦਾ ਹੈ, ਉਸ ਨੂੰ ਆਧਾਰ ਵਰ੍ਹੇ ਭਾਵ 2011-12 ਦੀਆਂ ਕੀਮਤਾਂ ਦੇ ਪੈਮਾਨੇ 'ਤੇ ਡਿਫਲੇਟ ਜਾਂ ਘਟਾਉਣਾ ਪੈਂਦਾ ਹੈ।

ਇਸ ਸੂਰਤ ਵਿਚ ਇਕ ਡਿਫਲੇਟਰ ਦੀ ਚੋਣ ਕਰਨੀ ਜ਼ਰੂਰੀ ਹੋ ਜਾਂਦੀ ਹੈ। ਹਾਲਤ ਇਹ ਹੈ ਕਿ ਵਣਜ, ਹੋਟਲ, ਆਵਾਜਾਈ, ਸੰਚਾਰ ਆਦਿ ਖੇਤਰਾਂ ਵਿਚ ਸਮੁੱਚਾ ਮੁੱਲ ਵਾਧਾ 6.6 ਤੋਂ 7.4 ਫ਼ੀਸਦੀ ਹੋਇਆ ਹੈ। ਜਿਵੇਂ ਹੀ ਨੈਗੇਟਿਵ ਡਿਫਲੇਟਰ ਵਰਤੇ ਜਾਂਦੇ ਹਨ, ਤਿਵੇਂ ਹੀ ਇਸ ਦਾ ਅਨੁਵਾਦ 9 ਤੋਂ 10.3 ਫ਼ੀਸਦੀ ਦੀ ਵਾਧਾ ਦਰ ਵਜੋਂ ਨਿਕਲ ਆਉਂਦਾ ਹੈ। ਜਦੋਂ ਪੂਰਾ ਸਾਲ ਆਰਥਿਕਤਾ ਵਿਚ ਮੁਦਰਾ ਸਫ਼ੀਤੀ ਦਾ ਅੰਕੜਾ 4.9 ਫ਼ੀਸਦੀ ਰਿਹਾ ਤਾਂ ਫਿਰ ਇਨ੍ਹਾਂ ਖੇਤਰਾਂ ਵਿਚ ਮੁਦਰਾ ਸਫ਼ੀਤੀ ਨਾਕਾਰਾਤਮਕ ਕਿਵੇਂ ਹੋ ਸਕਦੀ ਹੈ?

ਜੇ ਸੱਚਮੁੱਚ ਭਾਰਤ ਦੀ ਆਰਥਿਕਤਾ 8 ਫ਼ੀਸਦੀ ਦੀ ਵਾਧਾ ਦਰ ਵੱਲ ਜਾ ਰਹੀ ਹੈ ਤਾਂ ਫਿਰ ਪਿਛਲੇ ਇਕ ਸਾਲ ਵਿਚ ਭਾਰਤ ਦੇ ਲੋਕਾਂ ਵੱਲੋਂ ਨਿੱਜੀ ਖਪਤ ਵਿਚ 127,000 ਕਰੋੜ ਰੁਪਏ ਵਧੇਰੇ ਖਰਚ ਕੀਤੇ ਜਾਣੇ ਚਾਹੀਦੇ ਹਨ। ਜੇ ਅਜਿਹਾ ਹੈ ਤਾਂ ਇਹ ਵਾਧਾ ਸਾਰੇ ਲੋਕਾਂ ਦੇ ਜੀਵਨ ਪੱਧਰ ਵਿਚ ਸੁਧਾਰ ਦੇ ਤੌਰ 'ਤੇ ਨਜ਼ਰ ਆਉਣਾ ਚਾਹੀਦਾ ਹੈ।

ਇਸੇ ਨਾਲ ਜੁੜਿਆ ਸਵਾਲ ਇਹ ਹੈ ਕਿ ਪਿਛਲੇ ਸਾਲ ਨਿਵੇਸ਼ ਵਿਚ 17000 ਕਰੋੜ ਰੁਪਏ ਦੀ ਗਿਰਾਵਟ ਕਿਉਂ ਆਈ ਹੈ? ਭਾਰਤ ਦੇ ਨਿੱਜੀ ਖੇਤਰ ਕੋਲ 7 ਲੱਖ ਕਰੋੜ ਰੁਪਏ ਦੀ ਰਾਖਵੀਂ ਨਕਦੀ ਹੈ। ਜਨਤਕ ਖੇਤਰ ਦੀਆਂ ਕੰਪਨੀਆਂ ਕੋਲ ਵੀ 5 ਲੱਖ ਕਰੋੜ ਰੁਪਏ ਦੀ ਰਾਖਵੀਂ ਨਕਦੀ ਹੈ, ਪਰ ਨਿਵੇਸ਼ ਵਧਣ ਦੀ ਦਰ ਡਿਗ ਰਹੀ ਹੈ। ਜੇ ਸਾਡਾ ਆਰਥਿਕ ਵਰਤਮਾਨ ਏਨਾ ਚੰਗਾ ਹੁੰਦਾ ਤਾਂ ਆਈ.ਆਈ.ਐਮਜ਼ ਅਤੇ ਆਈ.ਆਈ.ਟੀਜ਼ ਦੇ ਕੈਂਪਸ ਪਲੇਸਮੈਂਟਾਂ ਵਿਚ ਗਿਰਾਵਟ ਕਾਰਨ ਉਥੋਂ ਦੇ ਵਿਦਿਆਰਥੀਆਂ ਨੂੰ ਹੜਤਾਲ ਨਾ ਕਰਨੀ ਪੈ ਰਹੀ ਹੁੰਦੀ। ਫਲਿਪਕਾਰਟ, ਲਾਰਸਨ ਐਂਡ ਟੂਬਰੋ ਵਰਗੀਆਂ ਕੰਪਨੀਆਂ ਆਪਣੇ ਵਾਅਦੇ ਮੁਤਾਬਿਕ ਪਲੇਸਮੈਂਟ ਦੀਆਂ ਨੌਕਰੀਆਂ ਕਿਉਂ ਨਹੀਂ ਦੇ ਪਾ ਰਹੀਆਂ? ਸਾਰੇ ਸਰਕਾਰੀ ਬੈਂਕ ਹਜ਼ਾਰਾਂ ਕਰੋੜ ਦੇ ਘਾਟੇ ਵਿਚ ਕਿਉਂ ਚੱਲ ਰਹੇ ਹਨ ਅਤੇ ਸਰਕਾਰ ਕੋਲ ਲੱਖਾਂ ਕਰੋੜ ਰੁਪਏ ਦੇ ਡੁੱਬੇ ਕਰਜ਼ੇ ਦੀ ਸਮੱਸਿਆ ਦਾ ਵੀ ਕੋਈ ਇਲਾਜ ਨਹੀਂ ਹੈ।

ਦਿੱਕਤ ਇਹ ਹੈ ਕਿ ਨਵੀਂ ਵਿਧੀ ਜਿਨ੍ਹਾਂ ਅੰਕੜਿਆਂ 'ਤੇ ਆਧਾਰਿਤ ਹੈ, ਉਹ ਅਜੇ ਤਕ ਸਥਿਰ ਨਹੀਂ ਹੋਏ। ਜਦੋਂ ਤਕ ਇਹ ਅੰਕੜੇ ਸਥਿਰ ਨਾ ਹੋ ਜਾਣ, ਉਦੋਂ ਤਕ ਦੇਸ਼ ਦੇ ਸਾਹਮਣੇ ਮਾਪਣ ਦੀ ਪੁਰਾਣੀ ਵਿਧੀ ਦੇ ਆਧਾਰ 'ਤੇ ਨਿਕਲਣ ਵਾਲੀ ਵਾਧਾ ਦਰ ਵੀ ਰੱਖੀ ਜਾਣੀ ਚਾਹੀਦੀ ਹੈ ਅਤੇ ਨਵੀਂ ਵਿਧੀ ਦੇ ਆਧਾਰ 'ਤੇ ਨਿਕਲਣ ਵਾਲੀ ਵਾਧਾ ਦਰ ਵੀ। ਇਹ ਮੰਗ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਨੇ ਕੀਤੀ ਹੈ ਅਤੇ ਇਹ ਮੰਗ ਗਲਤ ਨਹੀਂ ਹੈ। ਅੰਕੜਿਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਣਾ ਗਲਤ ਹੈ। ਇਸ ਨਾਲ ਜਨਤਾ ਨੂੰ ਧੋਖੇ ਵਿਚ ਨਹੀਂ ਰੱਖਿਆ ਜਾ ਸਕਦਾ, ਕਿਉਂਕਿ ਲੋਕ ਤਾਂ ਖ਼ੁਦ ਨੂੰ ਹੋਣ ਵਾਲੇ ਸਿੱਧੇ ਫਾਇਦਿਆਂ ਦੇ ਆਧਾਰ 'ਤੇ ਆਰਥਿਕ ਤਰੱਕੀ ਨੂੰ ਮਾਪਦੇ ਹਨ। ਝੂਠੇ ਅੰਕੜਿਆਂ ਨਾਲ ਭਾਰਤ ਦੇ ਉਦਯੋਗਪਤੀ ਤਾਂ ਕਿਸੇ ਕੀਮਤ 'ਤੇ ਪ੍ਰਭਾਵਿਤ ਨਹੀਂ ਹੋਣ ਵਾਲੇ। ਉਹ ਉਦੋਂ ਤੱਕ ਨਿਵੇਸ਼ ਸ਼ੁਰੂ ਨਹੀਂ ਕਰਨਗੇ, ਜਦੋਂ ਤੱਕ ਉਨ੍ਹਾਂ ਦੇ ਪਹਿਲਾਂ ਕੀਤੇ ਨਿਵੇਸ਼ ਦੇ ਲਾਭਕਾਰੀ ਨਤੀਜੇ ਨਿਕਲਦੇ ਨਜ਼ਰ ਨਹੀਂ ਆਉਂਦੇ। ਵਧਾਏ-ਚੜ੍ਹਾਏ ਅੰਕੜਿਆਂ ਨਾਲ ਸਰਕਾਰ ਸਿਰਫ਼ ਖ਼ੁਦ ਨੂੰ ਹੀ ਗਲਤਫਹਿਮੀ ਵਿਚ ਰੱਖ ਸਕਦੀ ਹੈ। ਸਿਰਫ਼ ਆਪਣੀ ਹੀ ਪਿੱਠ ਥਪਥਪਾ ਸਕਦੀ ਹੈ ਅਤੇ ਦਰਅਸਲ ਅਜਿਹਾ ਹੀ ਹੋ ਰਿਹਾ ਹੈ।

ਇਸ ਦਾ ਸਪਸ਼ਟ ਭਾਵ ਇਹ ਹੈ ਕਿ ਬਾਜ਼ਾਰ ਢਿੱਲਾ ਹੈ, ਪਰ ਸਰਕਾਰ ਦੀ ਪੂੰਜੀਪ੍ਰਸਤੀ ਉਸ ਤੋਂ ਇਹ ਕਾਰਨਾਮਾ ਕਰਵਾ ਰਹੀ ਹੈ। ਸਰਕਾਰ ਸੋਚਦੀ ਹੈ ਕਿ ਬਾਜ਼ਾਰ ਵਿਚ ਹੋਣ ਵਾਲੀ ਮੁਕਾਬਲੇਬਾਜ਼ੀ ਦੇ ਰਾਹ ਵਿਚ ਆਉਣ ਵਾਲੇ ਵਿਗਾੜ ਹਟਾਏ ਬਿਨਾਂ ਹੀ ਸਿਰਫ਼ ਅੰਕੜੇ ਪ੍ਰਦਰਸ਼ਿਤ ਕਰ ਕੇ ਉਸ ਨੂੰ ਰਾਜਨੀਤਕ ਪ੍ਰਬੰਧਨ ਦਾ ਸਮਾਂ ਮਿਲ ਜਾਵੇਗਾ। ਰਾਜਨੀਤਕ ਪ੍ਰਬੰਧਨ ਉਸ ਨੇ ਇਸ ਲਈ ਕਰਨਾ ਹੈ ਕਿ ਲੋਕ ਹੌਲੀ-ਹੌਲੀ ਨਰਾਜ਼ ਹੁੰਦੇ ਜਾ ਰਹੇ ਹਨ। ਤੀਜਾ ਸਾਲ ਸ਼ੁਰੂ ਹੋ ਗਿਆ ਹੈ ਅਤੇ ਇਸ ਦੇ 6 ਮਹੀਨੇ ਗੁਜ਼ਰਦਿਆਂ ਹੀ ਉਲਟੀ ਗਿਣਤੀ ਸ਼ੁਰੂ ਹੋ ਜਾਵੇਗੀ। ਉਸ ਨੂੰ ਅਚਾਨਕ ਲੱਗੇਗਾ ਕਿ ਕੁਰਸੀ ਉਸ ਹੇਠੋਂ ਖਿਸਕ ਚੁੱਕੀ ਹੈ। ਰੁਜ਼ਗਾਰਹੀਣ ਭਾਰਤੀ ਨੌਜਵਾਨ ਸ਼ਕਤੀ ਉਸ ਨੂੰ ਮਾਫ਼ ਨਹੀਂ ਕਰੇਗੀ। ਨਾ ਹੀ ਉਹ ਘਰੇਲੂ ਔਰਤਾਂ ਉਸ ਨੂੰ ਮਾਫ਼ ਕਰਨਗੀਆਂ ਜਿਨ੍ਹਾਂ ਦਾ ਬਜਟ ਹਰ ਮਹੀਨੇ ਵਧਦੀ ਹੋਈ ਮਹਿੰਗਾਈ ਵਿਗਾੜ ਦਿੰਦੀ ਹੈ। ਜੇ ਸਰਕਾਰ ਨੇ ਚਮਤਕਾਰੀ ਕਦਮ ਨਾ ਉਠਾਏ, ਕੁਝ ਜਾਦੂ ਵਰਗਾ ਨਾ ਕੀਤਾ ਤਾਂ ਉਸ ਦੀ 7.6 ਫ਼ੀਸਦੀ ਦੀ ਵਾਧਾ ਦਰ ਧਰੀ ਦੀ ਧਰਾਈ ਹੀ ਰਹਿ ਜਾਵੇਗੀ।

# ਪਾਕਿਸਤਾਨ ਦੀ ਵਿਦੇਸ਼ ਨੀਤੀ

ਪਾਕਿਸਤਾਨ ਅੰਦਰਲੇ ਵਿਚਾਰ-ਵਟਾਂਦਰੇ ਵਿਚ ਅੱਜ ਕਲ੍ਹ ਇਹੀ ਸ਼ਿਕਾਇਤ ਭਾਰੂ ਹੈ ਕਿ ਪਾਕਿਸਤਾਨ ਕੌਮਾਂਤਰੀ ਅਤੇ ਖੇਤਰੀ ਮੰਚ 'ਤੇ ਅਲੱਗ-ਥਲੱਗ ਪੈ ਗਿਆ ਹੈ। ਸਾਡੇ ਨੀਤੀ-ਘਾੜਿਆਂ ਅਤੇ ਫ਼ੌਜੀ ਤੇ ਸਿਵਲ ਲੀਡਰਸ਼ਿਪ ਨੂੰ ਅਚਾਨਕ ਇਸ ਸੱਚ ਦਾ ਅਹਿਸਾਸ ਹੋ ਗਿਆ ਹੈ ਕਿ ਚੀਨ ਨੂੰ ਛੱਡ ਕੇ ਇਸਲਾਮਾਬਾਦ ਦੇ ਕੋਈ ਹੋਰ ਅਜਿਹੇ ਬਹੁਤੇ ਮਿੱਤਰ ਨਹੀਂ ਹਨ ਜਿਨ੍ਹਾਂ 'ਤੇ ਟੇਕ ਰੱਖੀ ਜਾ ਸਕੇ; ਪਰ ਲੰਮੇ ਸਮੇਂ ਤੋਂ ਜਾਰੀ ਸੋਚੀਆਂ ਅਤੇ ਇਕਪਾਸੜ ਨੀਤੀਆਂ ਨੂੰ ਪਛਾਣਨ

ਆਰਿਫ ਨਿਜ਼ਾਮੀ

ਦੀ ਥਾਂ 'ਤੇ ਖ਼ੁਦ ਨੂੰ ਪੀੜਤ ਵਜੋਂ ਹੀ ਪੇਸ਼ ਕੀਤਾ ਜਾ ਰਿਹਾ ਹੈ। ਮੁੱਲਾ ਮਨਸੂਰ ਨੂੰ ਮਾਰਨ ਲਈ ਹਾਲ ਹੀ ਵਿਚ ਬਲੋਚਿਸਤਾਨ ਵਿਚ ਕੀਤਾ ਗਿਆ ਅਮਰੀਕੀ ਡਰੋਨ ਹਮਲਾ ਇਸ ਗੱਲ ਦੀ ਚਿਤਾਵਨੀ ਹੈ ਕਿ ਇਸਲਾਮਾਬਾਦ ਪ੍ਰਤੀ ਅਮਰੀਕਾ ਦਾ ਤਹੱਮਲ ਤੇਜ਼ੀ ਨਾਲ ਖ਼ਤਮ ਹੁੰਦਾ ਜਾ ਰਿਹਾ ਹੈ। ਬਲੋਚਿਸਤਾਨ ਵਿਚ ਇਹ ਪਹਿਲਾ ਅਮਰੀਕੀ ਡਰੋਨ ਹਮਲਾ ਸੀ ਅਤੇ ਇਸ ਨੂੰ ਪਾਕਿਸਤਾਨ ਵਲੋਂ ਸਹੀ ਤੌਰ 'ਤੇ ਹੀ ਆਪਣੀ ਪ੍ਰਭੂਸੱਤਾ ਦੀ ਉਲੰਘਣਾ ਕਰਾਰ ਦਿੱਤਾ ਗਿਆ ਹੈ, ਪਰ ਉਂਜ ਪ੍ਰਭੂਸੱਤਾ ਦੀ ਉਲੰਘਣਾ ਦੀ ਸ਼ਿਕਾਇਤ ਕਰਨ ਪੱਖੋਂ ਬਹੁਤ ਦੇਰ ਹੋ ਗਈ ਹੈ, ਕਿਉਂਕਿ ਪਿਛਲੇ ਕਈ ਵਰ੍ਹਿਆਂ ਤੋਂ ਪਾਕਿਸਤਾਨ ਆਪਣੇ ਅਤਿਵਾਦ ਪ੍ਰਭਾਵਿਤ ਖੇਤਰਾਂ ਵਿਚਲੇ ਅਮਰੀਕੀ ਡਰੋਨ ਪ੍ਰੋਗਰਾਮ ਵਿਚ ਸ਼ਾਮਿਲ ਰਿਹਾ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜਦੋਂ ਵਾਸ਼ਿੰਗਟਨ ਦੀ ਫੇਰੀ 'ਤੇ ਸਨ ਤਾਂ ਪਾਕਿਸਤਾਨ ਵਿਚ ਫ਼ੌਜ ਨੇ ਕਮਾਨ ਸੰਭਾਲਣ ਦਾ ਫ਼ੈਸਲਾ ਕੀਤਾ, ਕਿਉਂਕਿ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਆਪਣੇ ਦਿਲ ਦੀ ਬਾਈਪਾਸ ਸਰਜਰੀ ਲਈ ਲੰਡਨ ਦੇ ਹਸਪਤਾਲ ਵਿਚ ਸਨ। ਸ਼ਰੀਫ਼ ਦੇ ਨੇੜਲੇ ਸਾਥੀ ਵਿੱਤ ਮੰਤਰੀ ਇਸਹਾਕ ਡਾਰ ਨੂੰ ਵਿਦੇਸ਼ ਮਾਮਲਿਆਂ ਦੇ ਸਲਾਹਕਾਰਾਂ ਅਤੇ ਰੱਖਿਆ ਮੰਤਰੀ ਸਮੇਤ ਫ਼ੌਜ ਦੇ ਹੈਡਕੁਆਰਟਰ ਵਿਚ ਤਲਬ ਕੀਤਾ ਗਿਆ। ਇਸ ਦੇ ਸੰਕੇਤ ਬਿਲਕੁਲ ਸਪਸ਼ਟ ਸਨ। ਇਹ ਬੈਠਕ ਫ਼ੌਜ ਦੇ ਹੈਡਕੁਆਰਟਰ ਦੀ ਥਾਂ ਸੌਖਿਆਂ ਹੀ ਇਸਲਾਮਾਬਾਦ ਵਿਚ ਵੀ ਹੋ ਸਕਦੀ ਸੀ, ਪਰ ਸ਼ਾਇਦ ਆਪਣੇ ਸਲਾਹਕਾਰਾਂ ਦੀ ਸਲਾਹ 'ਤੇ ਚਲਦਿਆਂ ਫ਼ੌਜ ਦੇ ਮੁਖੀ ਦੇਸ਼ ਵਿਚ ਇਹ ਸੰਦੇਸ਼ ਦੇਣਾ ਚਾਹੁੰਦੇ ਸਨ ਕਿ ਸਿਵਲ ਲੀਡਰਸ਼ਿਪ ਨੇ ਸਾਰਾ ਕੁਝ ਬੁਰੀ ਤਰ੍ਹਾਂ ਵਿਗਾੜ ਦਿਤਾ ਹੈ। ਉਕਤ ਬੈਠਕ ਵਿਚ ਸ਼ਾਮਿਲ ਹੋਣ ਤੋਂ ਬਾਅਦ ਮੰਤਰੀਆਂ ਦੇ ਉਤਰੇ ਹੋਏ ਚਿਹਰੇ ਇਸ ਗੱਲ ਦਾ ਸਪਸ਼ਟ ਸਬੂਤ ਸਨ ਕਿ ਮੌਜੂਦਾ ਮਾੜੇ ਹਾਲਾਤ ਲਈ ਫ਼ੌਜ ਵੱਲੋਂ ਸਖ਼ਤ ਨਾਰਾਜ਼ਗੀ ਜ਼ਾਹਿਰ ਕੀਤੀ ਗਈ ਹੈ; ਪਰ ਕੀ ਮੌਜੂਦਾ ਹਾਲਾਤ ਦਾ ਸਾਰਾ ਦੋਸ਼ ਵਿਚਾਰੇ ਮੰਤਰੀਆਂ ਦੇ ਹੀ ਸਿਰ ਮੜ੍ਹਨਾ ਜਾਇਜ਼ ਹੈ?

ਨਰੇਂਦਰ ਮੋਦੀ ਦਾ ਅਮਰੀਕੀ ਰਾਜਧਾਨੀ ਦਾ ਦੌਰਾ ਬੇਹੱਦ ਸਫਲ ਰਿਹਾ। ਇਸ ਦੇ ਸਿੱਟੇ ਨਵੀਂ ਦਿੱਲੀ ਅਤੇ ਵਾਸ਼ਿੰਗਟਨ ਦੋਵਾਂ ਲਈ ਹੀ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਇਸ ਦੌਰਾਨ ਪਾਕਿਸਤਾਨ 'ਤੇ ਹਰ ਤਰ੍ਹਾਂ ਦੇ ਅਤਿਵਾਦੀਆਂ ਨੂੰ ਪਾਲਣ-ਪੋਸ਼ਣ ਦਾ ਦੋਸ਼ ਮੜ੍ਹਦਿਆਂ ਉਸ ਨੂੰ ਭਾਰਤ ਖ਼ਿਲਾਫ਼ ਸਰਗਰਮ ਅਤਿਵਾਦੀ ਧਿਰਾਂ 'ਤੇ ਸਖ਼ਤੀ ਕਰਨ ਲਈ ਕਿਹਾ ਗਿਆ। ਇਹ ਗੱਲ ਹੁਣ ਸਪਸ਼ਟ ਹੋ ਗਈ ਹੈ ਕਿ ਖ਼ੁਦ ਨੂੰ ਅਤਿਵਾਦ ਦੇ ਪੋਸ਼ਕ ਦੀ ਥਾਂ ਇਸ ਦੇ ਪੀੜਤ ਵਜੋਂ ਪੇਸ਼ ਕਰਨ ਵਾਲੇ ਸਾਡੇ ਤੋਤਾ-ਰਟਣ 'ਤੇ ਕੌਮਾਂਤਰੀ ਪੱਧਰ 'ਤੇ ਕੋਈ ਯਕੀਨ ਨਹੀਂ ਕਰਦਾ।

ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ 'ਤੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਪੂਰਾ ਵਿਦੇਸ਼ ਮੰਤਰੀ ਨਿਯੁਕਤ ਕਰਨ ਦੀ ਥਾਂ ਉਨ੍ਹਾਂ ਨੇ ਵਿਦੇਸ਼ ਮੰਤਰਾਲੇ ਦਾ ਕੰਮ ਆਪਣੇ ਕੋਲ ਰੱਖ ਕੇ ਵੱਡੀ ਘੜਮੱਸ ਪੈਦਾ ਕਰ ਦਿੱਤੀ ਹੈ। ਇਹ ਆਲੋਚਨਾ ਇਕ ਹੱਦ ਤੱਕ ਸਹੀ ਹੈ ਪਰ ਇਕ ਹੱਦ ਤੱਕ ਹੀ। ਹਰ ਕੋਈ ਜਾਣਦਾ ਹੈ ਕਿ ਸਾਰੇ ਅਹਿਮ ਖੇਤਰੀ ਅਤੇ ਵਿਦੇਸ਼ ਨੀਤੀ ਸਬੰਧੀ ਮੁੱਦਿਆਂ 'ਤੇ ਕਿਸ ਦੀ ਚਲਦੀ ਹੈ? ਇਸ ਕਰ ਕੇ ਸਿਰਫ਼ ਸਿਵਲ ਲੀਡਰਸ਼ਿਪ ਨੂੰ ਨਿਸ਼ਾਨਾ ਬਣਾਉਣ ਦੀ ਥਾਂ ਫ਼ੌਜੀ ਲੀਡਰਸ਼ਿਪ ਨੂੰ ਆਪਾ-ਪੜਚੋਲ ਵੀ ਕਰਨੀ ਚਾਹੀਦੀ ਹੈ। ਜਿੰਨੀ ਛੇਤੀ ਅਸੀਂ ਇਹ ਸਵੀਕਾਰ ਕਰਾਂਗੇ ਕਿ ਸਾਡੀਆਂ ਮੌਜੂਦਾ ਨੀਤੀਆਂ ਉਲਟ ਪ੍ਰਭਾਵੀ ਸਿੱਧ ਹੋਈਆਂ ਹਨ ਅਤੇ ਸਾਨੂੰ ਅੰਤਹੀਣ ਸੁਰੰਗ ਵੱਲ ਲਿਜਾ ਰਹੀਆਂ ਹਨ, ਉਨਾ ਹੀ ਸਾਡੇ ਲਈ ਚੰਗਾ ਹੋਵੇਗਾ। ਭਾਰਤ ਦੇ ਪ੍ਰਧਾਨ



ਮੰਤਰੀ ਵਜੋਂ ਮੋਦੀ ਆਪਣੇ ਪੱਤੇ ਬੜੀ ਚੰਗੀ ਤਰ੍ਹਾਂ ਖੇਡ ਰਹੇ ਹਨ। ਇਕ ਪਾਸੇ ਉਹ ਆਰਥਿਕ ਅਤੇ ਵਪਾਰ ਕੂਟਨੀਤੀ ਨੂੰ ਸ਼ਾਨਦਾਰ ਨਤੀਜਿਆਂ ਸਹਿਤ ਬੜੇ ਜ਼ੋਰ-ਸ਼ੋਰ ਨਾਲ ਅੱਗੇ ਵਧਾ ਰਹੇ ਹਨ, ਦੂਜੇ ਪਾਸੇ ਉਹ ਪਾਕਿਸਤਾਨ ਨੂੰ ਅਤਿਵਾਦ ਦੇ ਪੀੜਤ ਦੀ ਥਾਂ ਇਸ ਨੂੰ ਪਾਲਣ-ਪੋਸ਼ਣ ਵਾਲੇ ਵਜੋਂ ਪੇਸ਼ ਕਰਨ ਵਿਚ ਵੀ ਸਫਲ ਰਹਿ ਰਹੇ ਹਨ। ਜਿਸ ਅਮਰੀਕੀ ਕਾਂਗਰਸ ਦੇ ਮੈਂਬਰਾਂ ਨੇ ਕੁਝ ਵਰ੍ਹੇ ਪਹਿਲਾਂ ਮੋਦੀ ਨੂੰ ਅਮਰੀਕਾ ਦਾ ਵੀਜ਼ਾ ਨਾ ਦੇਣ ਦੀ ਸਿਫ਼ਾਰਸ਼ ਕੀਤੀ ਸੀ, ਉਸ ਵਿਚ ਹੀ ਹੁਣ ਮੋਦੀ ਵੱਲੋਂ ਕੀਤੇ ਗਏ ਸੰਬੋਧਨ 'ਤੇ ਮੈਂਬਰਾਂ ਨੇ ਖੜ੍ਹੇ ਹੋ ਕੇ ਤਾੜੀਆਂ ਵਜਾਈਆਂ। ਇਹ ਮੋਦੀ ਪ੍ਰਤੀ ਕੋਈ ਹੇਜ ਨਹੀਂ ਹੈ, ਸਗੋਂ ਸੰਸਾਰ ਵਿਚ ਭਾਰਤ ਦੇ ਵਧ ਰਹੇ ਪ੍ਰਭਾਵ ਦਾ ਸਬੂਤ ਹੈ।

ਭਾਰਤ ਪਰਮਾਣੂ ਸਪਲਾਈ ਗਰੁੱਪ (ਐਨ.ਐਸ.ਜੀ.) ਦੀ ਮੈਂਬਰੀ ਹਾਸਲ ਕਰਨ ਦੇ ਵੀ ਬਿਲਕੁਲ ਕੰਢੇ 'ਤੇ ਸੀ। ਅਮਰੀਕਾ, ਬਰਤਾਨੀਆ ਅਤੇ ਫਰਾਂਸ ਵੱਲੋਂ ਇਸ ਦੀ ਮੈਂਬਰੀ ਦੀ ਹਮਾਇਤ ਕੀਤੀ ਜਾ ਰਹੀ ਹੈ। ਭਾਰਤੀ ਪ੍ਰਧਾਨ ਮੰਤਰੀ ਦੀ ਯਾਤਰਾ ਤੋਂ ਬਾਅਦ ਮੈਕਸੀਕੋ ਅਤੇ ਸਵਿਟਜ਼ਰਲੈਂਡ ਵੱਲੋਂ ਵੀ ਭਾਰਤ ਦੀ ਮੈਂਬਰੀ ਦਾ ਵਿਰੋਧ ਨਾ ਕਰਨ ਦਾ ਫ਼ੈਸਲਾ ਕੀਤਾ ਜਾ ਚੁੱਕਾ ਹੈ। ਇਸਲਾਮਾਬਾਦ ਲਈ ਰਾਹਤ ਦੀ ਗੱਲ ਇਹ ਰਹੀ ਕਿ ਚੀਨ ਵੱਲੋਂ ਐਨ.ਐਸ.ਜੀ. ਵਿਚ ਭਾਰਤ ਦੇ ਦਾਖ਼ਲੇ ਦਾ ਦ੍ਰਿੜ੍ਹਤਾ ਨਾਲ ਵਿਰੋਧ ਕੀਤਾ ਗਿਆ। ਖ਼ੁਦ ਨੂੰ ਐਨ.ਐਸ.ਜੀ. ਵਿਚ ਸ਼ਾਮਿਲ ਕਰਾਉਣ ਪੱਖੋਂ ਇਸਲਾਮਾਬਾਦ ਕਾਫ਼ੀ ਦੇਰੀ ਨਾਲ ਜਾਗਿਆ।

ਵਾਸ਼ਿੰਗਟਨ ਵੱਲੋਂ ਇਸਲਾਮਾਬਾਦ ਨਾਲ ਸਬੰਧਾਂ ਨੂੰ ਸਹੀ ਰੱਖਣ ਲਈ ਰਿਚਰਡ ਓਲਸਨ ਸਮੇਤ ਦੋ ਉਚ ਅਧਿਕਾਰੀਆਂ ਦਾ ਵਫ਼ਦ ਪਾਕਿਸਤਾਨ ਭੇਜਿਆ ਗਿਆ, ਪਰ ਜਿਸ ਤਰ੍ਹਾਂ ਦੋਵਾਂ ਦੇਸ਼ਾਂ ਵਿਚਕਾਰ ਆਪਸੀ ਭਰੋਸੇ ਦਾ ਖੱਪਾ ਵਧ ਰਿਹਾ ਹੈ, ਉਸ ਦੇ ਮੱਦੇਨਜ਼ਰ ਦੋਵਾਂ ਵਿਚਕਾਰ ਅੜਿੱਕੇ ਦਾ ਕਾਰਨ ਬਣੇ ਗੰਭੀਰ ਮੁੱਦਿਆਂ ਦਾ ਇਕ-ਅੱਧ ਬੈਠਕ ਵਿਚ ਹੱਲ ਹੋਣਾ ਔਖਾ ਹੈ। ਵਾਸ਼ਿੰਗਟਨ ਮੁਢਲੇ ਤੌਰ 'ਤੇ ਇਹ ਚਾਹੁੰਦਾ ਹੈ ਕਿ ਪਾਕਿਸਤਾਨ ਤਾਲਿਬਾਨ ਨੂੰ ਗੱਲਬਾਤ ਦੀ ਮੇਜ਼ 'ਤੇ ਲਿਆਏ ਅਤੇ ਨਾਲ ਹੀ ਹੱਕਾਨੀ ਨੈੱਟਵਰਕ ਖ਼ਿਲਾਫ਼ ਸਖ਼ਤ ਕਾਰਵਾਈ ਕਰੇ। ਵਾਸ਼ਿੰਗਟਨ ਵਿਚਲੇ ਨੀਤੀ-ਘਾੜਿਆਂ ਦਾ ਮੰਨਣਾ ਹੈ ਕਿ ਇਸਲਾਮਾਬਾਦ ਅਜਿਹਾ ਕਰਨ ਦੇ ਸਮਰੱਥ ਨਹੀਂ ਜਾਂ ਕਰਨਾ ਹੀ ਨਹੀਂ ਚਾਹੁੰਦਾ। ਅਫ਼ਗਾਨਿਸਤਾਨ ਵੀ ਇਸਲਾਮਾਬਾਦ ਤੋਂ ਸਖ਼ਤ ਨਾਖ਼ੁਸ਼ ਹੈ।

ਸਪਸ਼ਟ ਰੂਪ ਵਿਚ ਪਾਕਿਸਤਾਨ ਇਸ ਮੌਕੇ ਕੂਟਨੀਤਕ ਪੱਖੋਂ ਕਾਫ਼ੀ ਔਖੇ ਹਾਲਾਤ ਵਿਚ ਫਸਿਆ ਹੋਇਆ ਹੈ। ਸਿਵਲ ਅਤੇ ਫ਼ੌਜੀ ਲੀਡਰਸ਼ਿਪ ਨੂੰ ਠੰਢੇ ਦਿਮਾਗ ਨਾਲ ਆਪਾ-ਪੜਚੋਲ ਕਰ ਕੇ ਭਵਿਖ ਲਈ ਕੋਈ ਰਸਤਾ ਲੱਭਣਾ ਪਵੇਗਾ। ਹਰ ਮਸਲੇ ਦੇ ਹੱਲ ਲਈ ਚੀਨ 'ਤੇ ਨਿਰਭਰਤਾ ਰੱਖਣ ਦੀਆਂ ਵੀ ਆਪਣੀਆਂ ਸੀਮਾਵਾਂ ਹਨ। ਚੀਨ ਆਪਣੀਆਂ ਖ਼ੁਦ ਦੀਆਂ ਆਰਥਿਕ ਅਤੇ ਵਪਾਰਕ ਨੀਤੀਆਂ ਨੂੰ ਅੱਗੇ ਵਧਾ ਰਿਹਾ ਹੈ। ਇਸ ਦੇ ਨਾਲ-ਨਾਲ ਉਹ ਆਪਣੇ ਕੂਟਨੀਤਕ ਉਦੇਸ਼ਾਂ ਲਈ ਵੀ ਜ਼ੋਰ-ਸ਼ੋਰ ਨਾਲ ਕੰਮ ਕਰ ਰਿਹਾ ਹੈ। ਇਸਲਾਮਾਬਾਦ ਦਾ ਇਨ੍ਹਾਂ ਦੋਵਾਂ ਗੱਲਾਂ ਵਿਚ ਹੀ ਬੜਾ ਅਹਿਮ ਰੋਲ ਹੈ, ਪਰ ਇਸ ਦੀਆਂ ਸਿਰਫ਼ ਸੁਰੱਖਿਆ ਆਧਾਰਿਤ ਨੀਤੀਆਂ ਉਲਟ ਪ੍ਰਭਾਵੀ ਸਿੱਧ ਹੋਣਗੀਆਂ। ਪਾਕਿਸਤਾਨ ਦੁਨੀਆ ਦੀ ਛੇਵੀਂ ਸਭ ਤੋਂ ਵੱਡੀ ਫ਼ੌਜ ਵਾਲਾ ਪਰਮਾਣੂ ਸਮਰੱਥਾ ਵਾਲਾ ਦੇਸ਼ ਹੈ, ਪਰ ਅਸਲ ਮਜ਼ਬੂਤੀ ਸਮਰੱਥ ਅਤੇ ਗਤੀਸ਼ੀਲ ਆਰਥਿਕਤਾ ਨਾਲ ਹੀ ਮਿਲਦੀ ਹੈ।

ਚੋਣਵੇਂ ਸੁਧਾਰਕ ਉਪਰਾਲੇ ਕਰਨ ਦੀ ਥਾਂ ਸਾਨੂੰ ਆਪਣੀਆਂ ਵਿਦੇਸ਼ ਨੀਤੀਆਂ ਦੀਆਂ ਸਮੁੱਚੀਆਂ ਤਰਜੀਹਾਂ ਮੁੜ ਤੋਂ ਪਰਿਭਾਸ਼ਤ ਕਰਨ ਦੀ ਲੋੜ ਹੈ। ਇਸ ਤਬਦੀਲੀ ਲਈ ਜੇ ਹੋਰ ਕਿਸੇ ਦੀ ਤਾਂ ਨਹੀਂ ਤਾਂ ਘੱਟੋ-ਘੱਟ ਚੀਨ ਦੀ ਸਲਾਹ ਤਾਂ ਸੁਣੀ ਜਾ ਸਕਦੀ ਹੈ। ਪਾਕਿਸਤਾਨੀ ਮੀਡੀਆ ਵਿਚ ਜਾਣ-ਬੁੱਝ ਕੇ ਅਮਰੀਕਾ ਵਿਰੋਧੀ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਉਨਮਾਦ ਵਿਚ ਵਹਿਣ ਦੀ ਥਾਂ ਇਸਲਾਮਾਬਾਦ ਨੂੰ ਅਮਰੀਕਾ ਨਾਲ ਆਪਣੇ ਰਿਸ਼ਤੇ ਮੁੜ ਸੁਧਾਰਨੇ ਚਾਹੀਦੇ ਹਨ। ਇਸ ਦੇ ਦੂਰਗਾਮੀ ਭਵਿਖ ਲਈ ਇਹੀ ਚੰਗਾ ਹੋਵੇਗਾ ਅਤੇ ਜੇ ਲੋੜ ਪਵੇ ਤਾਂ ਇਸ ਲਈ ਕੋਈ ਕੀਮਤ ਅਦਾ ਕਰਨ ਤੋਂ ਵੀ ਪਿਛੇ ਨਹੀਂ ਹਟਣਾ ਚਾਹੀਦਾ।

ਪੁਸਤਕ ਰਿਵੀਊ

# ਧਰਤਿ ਬੇਗਾਨੀ ਸਾਡੇ ਗੀਤ

ਪੰਜਾਬੀ ਲੋਕ ਸਾਹਿਤ ਵਿਚ ਲੋਕਗੀਤਾਂ ਦਾ ਵਿਸ਼ੇਸ਼ ਸਥਾਨ ਹੈ। ਪੰਜਾਬੀ ਲੋਕ ਗੀਤਾਂ ਵਿਚ ਹੀ ਜੰਮਦੇ ਅਤੇ ਲੋਕ ਗੀਤਾਂ ਵਿਚ ਹੀ ਮਰਦੇ ਹਨ। ਮੱਧਕਾਲੀ ਸਾਹਿਤ ਦੀਆਂ ਚਾਰ ਮੁੱਖ ਧਾਰਾਵਾਂ-ਸੂਫ਼ੀ ਕਾਵਿ, ਗੁਰਮਤਿ ਕਾਵਿ, ਕਿੱਸਾ ਕਾਵਿ ਅਤੇ ਵਾਰ ਕਾਵਿ ਸਮਾਨੰਤਰ ਵਗਦੀਆਂ ਹਨ। ਇਨ੍ਹਾਂ ਵਿਚੋਂ ਪਹਿਲੀਆਂ ਦੋ ਇਸ਼ਕ ਹਕੀਕੀ ਅਤੇ ਪਿਛਲੀਆਂ ਦੋ ਇਸ਼ਕ ਮਿਜਾਜ਼ੀ ਭਾਵ ਦੁਨਿਆਵੀ ਸੰਸਾਰ ਨੂੰ ਦਰਸਾਉਂਦੀਆਂ ਹਨ ਪਰ ਇਨ੍ਹਾਂ ਧਾਰਾਵਾਂ ਦੇ ਰਚੈਤਾ ਮਰਦ ਹੀ ਹਨ। ਇਨ੍ਹਾਂ ਚਾਰਾਂ ਹੀ ਧਾਰਾਵਾਂ ਦੇ ਨਾਲੋ ਨਾਲ ਇਕ ਵੱਖਰੀ ਧਾਰਾ ਲੋਕ ਗੀਤਾਂ ਦੀ ਵਹਿੰਦੀ ਰਹੀ ਹੈ, ਜਿਨ੍ਹਾਂ ਦੇ ਰਚੈਤਾ ਦਾ ਕੋਈ ਨਾਂ ਨਹੀਂ ਹੁੰਦਾ। ਅਸਲ ਵਿਚ ਇਹ ਲੋਕ ਗੀਤ ਨਾਰੀ ਮਨ ਦੀ ਬਾਤ ਪਾਉਂਦੇ ਹਨ ਅਤੇ ਸਦੀਆਂ ਦੀ ਦਬਾਈ ਨਾਰੀ ਦੇ ਮਨ ਦੀ ਜ਼ੁਬਾਨ ਬਣਦੇ ਹਨ।


ਲੋਕ ਗੀਤ ਕੇਵਲ ਸ਼ਬਦ ਜਾਂ ਗੀਤ ਨਹੀਂ ਹੁੰਦੇ ਸਗੋਂ ਇਹ ਸਮੁੱਚੀ ਜੀਵਨ ਜਾਚ ਹੁੰਦੇ ਹਨ। ਲੋਕ ਗੀਤ ਸਾਡੇ ਸਭਿਆਚਾਰ ਦੀਆਂ ਲੋਕਧਰਾਈ ਰਸਮਾਂ ਨਾਲ ਜੁੜੇ ਹੁੰਦੇ ਹਨ ਅਤੇ ਇਹ ਵਡੇਰੇ ਸਮਾਜਿਕ ਪ੍ਰਸੰਗਾਂ ਵਿਚ ਹੀ ਅਰਥ ਗ੍ਰਹਿਣ ਕਰਦੇ ਹਨ। ਇਨ੍ਹਾਂ ਲੋਕ ਗੀਤਾਂ ਵਿਚ ਨਾ ਕੇਵਲ ਕਿਸੇ ਸਭਿਆਚਾਰ ਦਾ ਇਤਿਹਾਸ ਛੁਪਿਆ ਹੁੰਦਾ ਹੈ ਸਗੋਂ ਇਹ ਸਮਕਾਲ ਦਾ ਵੀ ਚਿੱਤਰਣ ਕਰਦੇ ਹਨ। ਜਿੰਨੀ ਦੇਰ ਕਿਸੇ ਸਭਿਆਚਾਰ ਦੇ ਲੋਕ ਗੀਤ ਜਿਉਂਦੇ ਰਹਿੰਦੇ ਹਨ, ਓਨੀ ਦੇਰ ਹੀ ਓਹ ਸਭਿਆਚਾਰ ਜਿਊਂਦਾ ਰਹਿੰਦਾ ਹੈ। ਜਦੋਂ ਕੋਈ ਕੌਮ ਆਪਣੇ ਲੋਕ ਗੀਤ ਭੁੱਲ ਜਾਵੇ ਤਾਂ ਸਮਝੋ ਉਹ ਆਪਣਾ ਸਭਿਆਚਾਰ ਭੁੱਲ ਗਈ। ਅਜੋਕੀ ਮੰਡੀ ਦੀ ਮਾਰ ਹੇਠ ਸਾਰੇ ਹੀ ਸਭਿਆਚਾਰ ਆਏ ਹੋਏ ਹਨ। ਲੋਕ ਸਿਰਜਿਤ ਸਭਿਆਚਾਰਾਂ ਦੀ ਥਾਂ ਖਪਤ ਸਭਿਆਚਾਰ ਪੈਦਾ ਹੋ ਰਿਹਾ ਹੈ ਜਿਸ ਰਾਹੀਂ ਮਨੁੱਖ ਨੂੰ ਉਚੇਰੀਆਂ ਕਦਰਾਂ-ਕੀਮਤਾਂ ਦੀ ਥਾਂ ਮੰਡੀ ਦਾ ਗੁਲਾਮ ਬਣਾਇਆ ਜਾ ਰਿਹਾ ਹੈ। ਅਜਿਹੇ ਸਮੇਂ 'ਚ ਆਪਣੇ ਸਭਿਆਚਾਰ ਨੂੰ ਬਚਾਉਣ ਲਈ ਲੋਕ ਗੀਤਾਂ ਨੂੰ ਜ਼ਿੰਦਗੀ ਦਾ ਭਾਗ ਬਣਾਈ ਰੱਖਣਾ ਇਕ ਤਰ੍ਹਾਂ ਨਾਲ ਮੰਡੀ ਸਭਿਆਚਾਰ ਦੇ ਖਿਲਾਫ ਜੰਗ ਲੜਨ ਦਾ ਅਹਿਦ ਹੈ। ਹਥਲੀ ਪੁਸਤਕ ਇਕ ਤਰ੍ਹਾਂ ਨਾਲ ਇਸੇ ਦਿਸ਼ਾ ਵਿਚ ਕੀਤਾ ਕਾਰਜ ਹੈ।

ਲੋਕ ਗੀਤਾਂ ਨਾਲੋਂ ਸਾਦਾ, ਸਰਲ ਅਤੇ ਸੌਖਾ ਕੁਝ ਵੀ ਨਹੀਂ ਹੁੰਦਾ ਪਰੰਤੂ ਇਸ ਜਿੰਨਾ ਜਟਿਲ ਪ੍ਰਤੀਕਾਤਮਿਕ ਅਤੇ ਗੁੰਝਲਦਾਰ ਵੀ ਹੋਰ ਕੁਝ ਨਹੀਂ ਹੁੰਦਾ ਕਿਉਂਕਿ ਇਹ ਕਿਸੇ ਇਕ ਵਿਅਕਤੀ ਦੇ ਮਨ ਦੀ ਪੇਸ਼ਕਾਰੀ ਨਹੀਂ ਸਗੋਂ ਸਮੁੱਚੇ ਸਭਿਆਚਾਰਕ ਅਵਚੇਤਨ ਵਿਚ ਮੌਜੂਦ ਵਿਰੋਧਤਾਈਆਂ ਦਾ ਕਲਾਤਮਿਕ ਉਸਾਰ ਹੁੰਦਾ ਹੈ। ਲੋਕ ਗੀਤਾਂ ਵਿਚ ਸਾਰੀਆਂ ਖੁਸ਼ੀਆਂ ਅਤੇ ਗਮੀਆਂ ਇਕੋ ਧਾਗੇ ਵਿਚ ਪਰੋਈਆਂ ਹੁੰਦੀਆਂ ਹਨ। ਲੋਕ ਗੀਤਾਂ ਨੂੰ ਸਿਰਜਣ ਵਾਲੇ, ਗਾਉਣ ਵਾਲੇ ਅਤੇ ਸੰਭਾਲਣ ਵਾਲੇ ਇਕ ਸੁਰ ਹੁੰਦੇ ਹਨ।

ਨਰ-ਨਾਰੀ ਦੇ ਰਿਸ਼ਤੇ ਦੀਆਂ ਸਾਰੀਆਂ ਖੂਬਸੂਰਤੀਆਂ ਲੋਕ ਗੀਤਾਂ ਵਿਚ ਏਨੇ ਵਿਭਿੰਨ ਢੰਗਾਂ ਨਾਲ ਪੇਸ਼ ਹੁੰਦੀਆਂ ਹਨ ਕਿ ਲੋਕ ਧਾਰਾ ਦੇ ਸਿਰਜਕਾਂ ਅੱਗੇ ਸਿਰ ਆਪਣੇ ਆਪ ਝੁਕ ਜਾਂਦਾ ਹੈ। ਮਿਸਾਲ ਵਜੋਂ ਪ੍ਰਕਿਰਤੀ ਵਿਚ ਨਰ-ਨਾਰੀ ਦਾ ਵਿਰੋਧੀ ਲਿੰਗ ਪ੍ਰਤੀ ਖਿੱਚ ਅਤੇ ਹਉਮੈ ਵਿਰੋਧ ਦਾ ਦਵੰਦਾਤਮਿਕ ਰਿਸ਼ਤਾ ਇਨ੍ਹਾਂ ਲੋਕ ਗੀਤਾਂ ਵਿਚ ਦੇਖਿਆ ਜਾ ਸਕਦਾ ਹੈ:

ਧਰਤੀ ਤੇ ਅੰਬਰ ਦਾ ਪੈ ਗਿਆ ਝਗੜਾ<br>
ਕੌਣ ਜਿੱਤੇ ਕੌਣ ਹਾਰੇ<br>
ਅੰਬਰ ਤਾਂ ਆਖੇ ਮੈਂ ਅੱਜ ਹੀ ਵਰਸਾਂ<br>
ਧਰਤੀ ਕਹੇ ਸੋਕ ਜਾਣਾ ਵੇ-ਹੇ...।

ਇਸ ਲੋਕ ਗੀਤ ਵਿਚ ਨਾਰੀ ਮਰਦਾਵੀਂ ਹਉਮੈ ਨੂੰ ਆਪਣੀ ਸਮਰੱਥਾ ਨਾਲ ਸੋਖ ਲੈਣ ਦੀ ਚੁਣੌਤੀ ਦਿੰਦੀ ਹੈ। ਉਹ ਮਰਦ ਨਾਲ ਝਗੜੇ ਵਿਚ ਪੈਣ ਦੀ ਥਾਂ ਇਸ ਵਿਰੋਧ ਵਿਚ ਕੁਝ ਨਵਾਂ ਸਿਰਜ ਲੈਂਦੀ ਹੈ। ਇਸ ਗੀਤ ਵਿਚ ਧਰਤੀ ਤੇ ਅੰਬਰ ਦੇ ਰੂਪਕ ਰਾਹੀਂ ਨਰ-ਨਾਰੀ ਦਾ ਕੁਦਰਤੀ ਵਿਰੋਧ ਤੇ ਸੁਮੇਲ ਜੀਵਨ ਦੇ ਉਗਮਣ, ਵਿਗਸਣ ਤੋਂ ਲੈ ਕੇ ਬਿਨਸਣ ਤੱਕ ਦੇ ਸਫਰ ਰਾਹੀਂ ਆਪਣੇ ਹੀ ਢੰਗ ਨਾਲ ਪੇਸ਼ ਹੈ। ਜਿਵੇਂ ਮੀਂਹ ਉਪਰੰਤ ਧਰਤੀ ਹਰੀ-ਭਰੀ ਹੁੰਦੀ ਹੈ, ਉਵੇਂ ਹੀ ਨਾਰੀ ਦੀ ਕੁੱਖ ਹਰੀ ਹੋ ਜਾਂਦੀ ਹੈ ਤੇ ਉਹ ਪ੍ਰਕਿਰਤੀ ਵਾਂਗ ਫੈਲ ਜਾਂਦੀ ਹੈ।




ਮਾਂ ਦੀ ਗੋਦ ਵਿਚ ਖੇਡਦੇ ਬੱਚੇ ਲਈ ਮਾਂ ਦੇ ਮੁਹੱਬਤੀ ਸੰਗੀਤਮਈ ਕਾਵਿਕ ਬੋਲ ਲੋਰੀਆਂ ਬਣ ਜਾਂਦੇ ਹਨ। ਕੰਮੀਂ ਰੁੱਝੀ ਮਾਂ ਬੱਚੇ ਨੂੰ ਨਾਲੋ ਨਾਲ ਪਿਆਰਦੀ-ਦੁਲਾਰਦੀ ਪਿਆਰ ਵਿਗੁੱਤੇ ਸ਼ਬਦ ਉਚਾਰਦੀ ਤਾਂ ਕਦੀ ਚੱਕੀ ਦੀ ਅਵਾਜ਼ ਜਾਂ ਚਰਖੇ ਦੀ ਘੂਕਰ ਉਸ ਦੀ ਤਾਲ ਬਣਦੇ ਤੇ ਕਦੀ ਚੌਂਕੇ ਦੇ ਭਾਂਡੇ ਭਾਵ ਗੜਵੀ ਜਾਂ ਕੌਲੀ ਉਸ ਦੇ ਸਾਜ ਬਣ ਜਾਂਦੇ। ਇਹ ਤਾਲ ਸਾਜ ਤੇ ਮਾਂ ਦੀ ਲੈਅ ਮਈ ਅਵਾਜ਼ ਹੀ ਲੋਰੀ ਬਣ ਜਾਂਦੀ। ਵਿਹੜੇ ਵਿਚ ਖੇਡਦਾ ਬਾਲ ਮਾਂ ਦੇ ਭਵਿੱਖੀ ਸੁਪਨੇ ਵਜੋਂ ਉਭਰਦਾ ਤੇ ਉਸ ਦੇ ਮਨ ਵਿਚ ਲੋਰੀਆਂ ਦੀ ਥਾਂ ਘੋੜੀਆਂ ਲੈਂਦੀਆਂ। ਇਹ ਦੁੱਖ ਦੀ ਗੱਲ ਹੈ ਕਿ ਪੰਜਾਬੀ ਸਭਿਆਚਾਰ ਵਿਚ ਨਾਰੀ ਕੰਠ ਵਿਚੋਂ ਉਪਜੇ ਇਹ ਬੋਲ ਕੇਵਲ ਲੜਕੇ ਲਈ ਹੀ ਉਭਰਦੇ ਰਹੇ। ਕੋਈ ਲੋਰੀ ਜਾਂ ਘੋੜੀ ਲੜਕੀ ਦੇ ਸੁੱਖ ਦੀ ਬਾਤ ਨਹੀਂ ਪਾਉਂਦੀ ਜਾਂ ਇਹ ਆਖਿਆ ਜਾ ਸਕਦਾ ਹੈ ਕਿ ਲੋਰੀਆਂ ਤੇ ਘੋੜੀਆਂ ਦੀ ਰਚੈਤਾ ਦੇ ਕੰਨ ਖੁਦ ਇਨ੍ਹਾਂ ਅਨੰਦਮਈ ਬੋਲਾਂ ਤੋਂ ਵਾਂਝੇ ਰਹਿੰਦੇ ਹਨ। ਉਹ ਖੁਦ ਬਾਲ ਉਮਰੇ ਜਿਊਣ ਜੋਗੀ ਦੀ ਥਾਂ ਮਰ ਜਾਣੀ ਅਖਵਾ-ਅਖਵਾ ਕੇ ਵੱਡੀ ਹੁੰਦੀ ਬਾਬਲ ਦੇ ਵਿਹੜੇ ਦੀ ਸੁੱਖ ਮਨਾਉਂਦੀ, ਮਾੜੇ 'ਚੋਂ ਚੰਗਾ ਸਿਰਜਦੀ, ਕਿੱਕਲੀ ਪਾਉਂਦੀ ਮੁਟਿਆਰ ਹੁੰਦੀ ਤ੍ਰਿੰਝਣ ਦੇ ਛੋਪ ਕੱਤਦੀ ਆਪਣੇ ਭਾਵਾਂ ਨੂੰ ਜ਼ੁਬਾਨ ਦਿੰਦੀ ਹੈ। ਉਹ ਲੋਰੀਆਂ ਤੋਂ ਕਿੱਕਲੀ ਤੇ ਕਿੱਕਲੀ ਤੋਂ ਸੁਹਾਗ ਗਾਉਂਦੀ ਮਨ ਵਿਚਲੀ ਵਰ-ਘਰ ਦੀ ਨਵੀਂ ਚਾਹਤ ਦੀ ਬਾਤ ਪਾਉਂਦੀ ਹੈ। ਮਰਦਾਵੇਂ ਪੰਜਾਬੀ ਸਮਾਜ ਵਿਚ ਉਸ ਪਾਸ ਇਨ੍ਹਾਂ ਚਾਹਤਾਂ ਨੂੰ ਖੁਲ੍ਹੇਆਮ ਪਰਗਟ ਕਰਨ ਦੀ ਖੁੱਲ੍ਹ ਨਹੀਂ। ਸੋ ਉਹ ਇਨ੍ਹਾਂ ਲੋਕ ਗੀਤਾਂ/ਸੁਹਾਗ ਰਾਹੀਂ ਚੰਗੇ ਵਰ-ਘਰ ਲਈ ਬਾਬਲ ਅੱਗੇ ਅਰਜੋਈਆਂ ਕਰਦੀ ਹੈ:

ਚੰਦਨ ਦੇ ਓਹਲੇ ਬੀਬੀ ਕਿਉਂ ਖੜੀ<br>
ਮੈਂ ਤਾਂ ਖੜੀ ਸਾਂ ਬਾਬਲ ਜੀ ਦੇ ਪਾਸ<br>
ਬਾਬਲ ਮੇਰੀ ਆਸ<br>
ਬਾਬਲ ਵਰ ਲੋੜੀਏ...।<br>
ਨੀ ਲਾਡੋ ਕਿਹੋ ਜਿਹਾ ਵਰ ਲੋੜੀਏ?<br>
ਬਾਬਲ ਜਿਉਂ ਤਾਰਿਆਂ ਵਿਚੋਂ ਚੰਨ<br>
ਚੰਨਾਂ ਵਿਚੋਂ ਕਾਹਨ<br>
ਕਨੱਈਆ ਵਰ ਲੋੜੀਏ।

ਬਾਬਲ ਜਦੋਂ ਉਸ ਦੀਆਂ ਇੱਛਾਵਾਂ ਦੀ ਪੂਰਤੀ ਨਹੀਂ ਕਰਦਾ ਤਾਂ ਸਾਡਾ ਪਿਤਰੀ ਢਾਂਚਾ ਉਸ ਨੂੰ ਮਰਿਆਦਾ ਵਿਚ ਬੰਨ ਦਿੰਦਾ ਹੈ। ਸਹੁਰੇ ਜਾਂਦਿਆਂ ਹੀ 'ਰਾਮ ਸੀਤਾ ਨੂੰ ਵਿਆਹ ਕਰ ਲਿਆਏ, ਵੱਜ ਰਹੀਆਂ ਬੰਸਰੀਆਂ' ਦੇ ਗੀਤ ਸ਼ੁਰੂ ਹੋ ਜਾਂਦੇ ਹਨ। ਸੋ ਸਮਾਜ ਉਸ ਨੂੰ ਕਨੱਈਏ ਦੀ ਰਾਧਾ ਦੀ ਬਜਾਏ ਰਾਮ ਦੀ ਸੀਤਾ ਵਿਚ ਢਾਲ ਦਿੰਦਾ ਹੈ। ਇਸ ਢਲਣ ਪ੍ਰਕਿਰਿਆ ਦੇ ਦੁਖਾਂਤ ਨੂੰ ਨਾਰੀ ਨੇ ਲੋਕ ਗੀਤਾਂ ਰਾਹੀਂ ਪ੍ਰਗਟਾਇਆ ਹੈ। ਮਾਪਿਆਂ ਤੋਂ ਦੂਰ ਨਵੇਂ ਘਰ ਨਵੀਂ ਜ਼ਿੰਦਗੀ ਸ਼ੁਰੂ ਹੁੰਦੀ ਹੈ ਤੇ ਨਵੇਂ ਘਰ ਵਿਚ ਨਵੀਆਂ ਦੁਸ਼ਵਾਰੀਆਂ, ਸੱਸ-ਸਹੁਰੇ, ਦਿਉਰਾਂ-ਜੇਠਾਂ, ਦਰਾਣੀਆਂ-ਜਠਾਣੀਆਂ, ਨਣਦਾਂ ਨਾਲ ਖੱਟੇ-ਮਿੱਠੇ ਰਿਸ਼ਤੇ ਅਤੇ ਮਾਪਿਆਂ ਦਾ ਵੈਰਾਗ ਉਸ ਦੇ ਮਨ ਵਿਚ ਰੁਦਨ ਪੈਦਾ ਕਰਦੇ ਹਨ। ਇਸ ਰੁਦਨ ਵਿਚ ਮਾਂਵਾਂ-ਧੀਆਂ ਦਾ ਰੁਦਨ ਇਸ ਗੀਤ ਵਿਚ ਦੇਖਿਆ ਜਾ ਸਕਦਾ ਹੈ:

ਵਣ-ਵਣ ਪੀਲਾਂ ਪੱਕੀਆਂ<br>
ਨੀ ਮੇਰੀਏ ਰਾਣੀਏ ਮਾਏ<br>
ਕੋਈ ਹੋਈਆਂ ਲਾਲੋ-ਲਾਲ ਨੀ ਭਲੀਏ।<br>
ਧੀਆਂ ਨੂੰ ਸਹੁਰੇ ਤੋਰ ਕੇ<br>
ਨੀ ਮੇਰੀਏ ਰਾਣੀਏ ਮਾਏ,<br>
ਤੇਰਾ ਕੇਹਾ ਕੁ ਲੱਗਦਾ ਜੀਅ ਨੀ ਭਲੀਏ!<br>
ਦਿਨ ਨੂੰ ਗਿਣਦੀ ਪੂਣੀਆਂ<br>
ਨੀ ਮੇਰੀ ਰਾਣੀਏ ਧੀਏ,<br>
ਕੋਈ ਤਾਰੇ ਗਿਣ-ਗਿਣ ਰਾਤ ਨੀ ਭਲੀਏ!

ਮੁੜ ਉਸੇ ਘਰ ਵਿਚ ਰਚ-ਮਿਚ ਜਾਣਾ ਅਤੇ ਫਿਰ ਨਣਦਾਂ-ਦਿਉਰਾਂ ਦੇ ਮੰਗਣੇ, ਵਿਆਹ ਮੁਕਲਾਵੇ ਕਰਨੇ ਤੇ ਜਸ਼ਨ ਮਨਾਉਣੇ। ਮੁੜ ਆਪਣੀ ਸੰਤਾਨ ਦੀਆਂ ਲੋਰੀਆਂ, ਘੋੜੀਆਂ ਤੇ ਇਸ ਤਰ੍ਹਾਂ ਜ਼ਿੰਦਗੀ ਚਰਖੇ ਦੇ ਫੇਰ ਦੀ ਤਰ੍ਹਾਂ ਚੱਲਦੀ ਰਹਿੰਦੀ ਹੈ। ਮਾਨਵੀ ਇਤਿਹਾਸ ਵਿਚ ਨਾਰੀ ਦੇ ਯੋਗਦਾਨ ਨੂੰ ਲੋਕ ਗੀਤਾਂ ਨੇ ਹੀ ਸਾਂਭਿਆ ਹੈ। ਇਕ ਤਰ੍ਹਾਂ ਨਾਲ ਇਹ ਜ਼ਿੰਦਗੀ ਦੀ ਗਵਾਹੀ ਹਨ।

ਨੀਲਮ ਸੈਣੀ ਦੀ ਪੁਸਤਕ 'ਸਾਡੀਆਂ ਰਸਮਾਂ, ਸਾਡੇ ਗੀਤ' ਨੂੰ ਪੜ੍ਹਦਿਆਂ ਜਨਮ ਤੋਂ ਜ਼ਿੰਦਗੀ ਦੇ ਆਖਰੀ ਪੜਾਅ ਤੱਕ (ਮੌਤ ਨੂੰ ਛੱਡ ਕੇ) ਦੇ ਗੀਤ ਪੜ੍ਹ ਕੇ ਭੁੱਲੀਆਂ ਵਿਸਰੀਆਂ ਸਾਰੀਆਂ ਰਸਮਾਂ ਅੱਖਾਂ ਅੱਗੇ ਮੁੜ ਸੁਰਜੀਤ ਹੋ ਗਈਆਂ। ਨੀਲਮ ਨੇ ਸਾਡੀਆਂ ਨਾਨੀਆਂ-ਦਾਦੀਆਂ ਦੇ ਖਜਾਨੇ ਨੂੰ ਸਾਂਭਣ ਵਿਚ ਆਪਣੇ ਹਿੱਸੇ ਦਾ ਯੋਗਦਾਨ ਪਾਇਆ ਹੈ। ਇਹ ਕੰਮ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਜਦੋਂ ਸੰਗ੍ਰਿਹਕਾਰ ਲੰਮੇ ਸਮੇਂ ਤੋਂ ਵਿਦੇਸ਼ ਵਿਚ ਜਾ ਵਸੀ ਹੋਵੇ। ਓਪਰੀ ਧਰਤੀ 'ਤੇ ਆਪਣਾ ਸਭਿਆਚਾਰ ਰਸਮਾਂ ਤੇ ਲੋਕ ਗੀਤਾਂ ਰਾਹੀਂ ਸੰਭਾਲਣਾ, ਆਪਣੇ ਮੂਲ ਨੂੰ ਵਿਦੇਸ਼ਾਂ ਵਿਚ ਜੰਮੀ ਪਲੀ ਅਗਲੀ ਪੀੜ੍ਹੀ ਲਈ ਸੰਭਾਲਣਾ ਇਕ ਸ਼ਲਾਘਾਯੋਗ ਕਾਰਜ ਹੈ। ਦਰਅਸਲ ਕਿਸੇ ਹੋਰ ਸਭਿਆਚਾਰ ਵਿਚ ਜਾ ਕੇ ਉਥੋਂ ਦੀ ਭਾਸ਼ਾ ਸਿੱਖੀ ਜਾ ਸਕਦੀ ਹੈ, ਉਥੋਂ ਦਾ ਪਹਿਰਾਵਾ ਪਹਿਨਿਆ ਜਾ ਸਕਦਾ ਹੈ ਪਰ ਉਥੋਂ ਦੇ ਲੋਕ ਗੀਤ ਨਹੀਂ ਗਾਏ ਜਾ ਸਕਦੇ ਕਿਉਂਕਿ ਲੋਕ ਗੀਤ ਵਿਚ ਉਸ ਸਮਾਜ ਦੀ ਪਰੰਪਰਾ ਵੀ ਸ਼ਾਮਿਲ ਹੁੰਦੀ ਹੈ। ਇਸੇ ਕਰਕੇ ਇਕ ਲੋਕ ਗੀਤ ਨੂੰ ਦੂਜੇ ਸਭਿਆਚਾਰ ਵਿਚ ਅਨੁਵਾਦਣਾ ਏਨਾ ਸੌਖਾ ਕਾਰਜ ਨਹੀਂ ਹੈ। ਆਪਣੇ ਭਾਵਾਂ ਨੂੰ ਜ਼ੁਬਾਨ ਦੇਣ ਲਈ ਆਪਣੇ ਲੋਕ ਗੀਤ ਹੀ ਇਸ ਦਾ ਮਾਧਿਅਮ ਬਣਦੇ ਹਨ। ਸੋ ਬੱਚੇ ਦੇ ਪੈਦਾ ਹੋਣ ਤੋਂ ਲੈ ਕੇ ਵਿਆਹ ਤੱਕ ਦੀਆਂ ਰਸਮਾਂ ਨੂੰ ਆਧਾਰ ਬਣਾ ਕੇ ਉਨ੍ਹਾਂ ਰਸਮਾਂ ਤੇ ਗਾਏ ਜਾਣ ਵਾਲੇ ਗੀਤਾਂ ਨੂੰ ਪੁਸਤਕ ਰੂਪ ਦੇ ਕੇ ਨੀਲਮ ਨੇ ਚੰਗਾ ਉਦਮ ਕੀਤਾ ਹੈ।

ਨੀਲਮ ਖੁਦ ਸਿਰਜਣਾਤਮਕ ਲੇਖਿਕਾ ਹੈ, ਉਸ ਨੂੰ ਸਿਰਜਣਾ ਦੀ ਸੰਭਾਲ ਕਰਨੀ ਆਉਂਦੀ ਹੈ। ਲੋਕ ਧਾਰਾ ਦਾ ਖਜਾਨਾ ਅਤੁੱਟ ਹੁੰਦਾ ਹੈ। ਇਸ ਸਾਰੇ ਨੂੰ ਲਿਖਤੀ ਸ਼ਬਦਾਂ ਵਿਚ ਸਾਂਭਣਾ ਸੁਖਾਲਾ ਨਹੀਂ ਹੈ। ਦਵਿੰਦਰ ਸਤਿਆਰਥੀ ਤੋਂ ਲੈ ਕੇ ਅੰਮ੍ਰਿਤਾ ਪ੍ਰੀਤਮ ਤੱਕ ਅਤੇ ਡਾ. ਨਾਹਰ ਸਿੰਘ ਤੋਂ ਲੈ ਕੇ ਹਮਾਤੜ-ਤੁਮਾਤੜ ਤੱਕ ਹਰ ਕੋਈ ਆਪਣੇ ਹਿੱਸੇ ਦਾ ਛੋਪ ਕੱਤ ਰਿਹਾ ਹੈ। ਇਸ ਪ੍ਰਸੰਗ ਵਿਚ ਨੀਲਮ ਸੈਣੀ ਦਾ ਕੰਮ ਮਹੱਤਵਪੂਰਨ ਹੈ। ਉਸ ਨੇ ਨਾ ਕੇਵਲ ਲੋਕ ਗੀਤ ਹੀ ਇੱਕਠੇ ਕੀਤੇ ਸਗੋਂ ਉਨ੍ਹਾਂ ਦੇ ਢੁਕਵੇਂ ਪ੍ਰਸੰਗ ਵੀ ਇਸ ਪੁਸਤਕ ਵਿਚ ਦਰਜ ਕੀਤੇ ਹਨ। ਇਹ ਪੁਸਤਕ ਕੇਵਲ ਲੋਕ ਸਾਹਿਤ ਦੇ ਵਿਦਿਆਰਥੀਆਂ ਅਤੇ ਅਧਿਐਨ ਕਰਤਾਵਾਂ ਲਈ ਹੀ ਨਹੀਂ ਸਗੋਂ ਆਮ ਲੋਕਾਂ ਲਈ ਵੀ ਮਹੱਤਵਪੂਰਨ ਹੈ। ਇਸ ਪੁਸਤਕ ਨੂੰ ਪੜ੍ਹ ਕੇ ਨਵੀਂ ਪੀੜ੍ਹੀ ਆਪਣੀਆਂ ਜ਼ਿੰਦਗੀ ਦੀਆਂ ਖੁਸ਼ੀਆਂ ਵਿਚ ਸਭਿਆਚਾਰਕ ਰੰਗ ਭਰ ਸਕਦੀ ਹੈ। ਇਹ ਪੁਸਤਕ ਵਿਹਾਰਕ ਪੱਖੋਂ ਬਹੁਤ ਹੀ ਮੁੱਲਵਾਨ ਹੈ। ਉਸ ਦੇ ਇਸ ਕਾਰਜ ਲਈ ਲੱਖ-ਲੱਖ ਮੁਬਾਰਕਾਂ।

***-ਡਾ. ਚਰਨਜੀਤ ਕੌਰ***<br>
***ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ,***<br>
***ਪੰਜਾਬੀ ਯੂਨੀਵਰਸਿਟੀ, ਪਟਿਆਲਾ।***

ਲੋਕ ਸੱਭਿਆਚਾਰ

# ਖੁਸ਼ੀਆਂ ਖੇੜਿਆਂ ਦਾ ਲੋਕ ਨਾਚ-ਲੁੱਡੀ

**ਸੁਖਦੇਵ ਮਾਦਪੁਰੀ**<br>
**ਫੋਨ:91-94630-34472**

ਲੁੱਡੀ ਪੰਜਾਬੀਆਂ ਦਾ ਬੜਾ ਮਨਮੋਹਕ ਨਾਚ ਰਿਹਾ ਹੈ। ਇਹ ਆਮ ਕਰਕੇ ਕਿਸੇ ਜਿੱਤ ਦੀ ਖੁਸ਼ੀ ਵਿਚ ਨੱਚਿਆ ਜਾਂਦਾ ਰਿਹਾ ਹੈ। ਕਿਸੇ ਮੁਕੱਦਮਾ ਜਿੱਤਿਆ ਹੈ ਜਾਂ ਖੇਡ ਦੇ ਮੈਦਾਨ ਵਿਚ ਮੱਲ ਮਾਰੀ ਹੈ ਤਾਂ ਝੱਟ ਢੋਲੀ ਨੂੰ ਬੁਲਾ ਕੇ ਜਿੱਤ ਦੀ ਖੁਸ਼ੀ ਦਾ ਪ੍ਰਗਟਾਵਾ ਲੁੱਡੀ ਪਾ ਕੇ ਹੀ ਕੀਤਾ ਜਾਂਦਾ ਸੀ। ਉਂਜ ਤੇ ਲੁੱਡੀ ਸਾਰੇ ਪੰਜਾਬ ਵਿਚ ਪਾਈ ਜਾਂਦੀ ਰਹੀ ਹੈ। ਸਾਂਦਲ ਬਾਰ ਦੇ ਇਲਾਕੇ ਵਿਚ ਜਾਂਗਲੀ ਲੋਕ ਝੂਮਰ ਦੇ ਨਾਲ-ਨਾਲ ਲੁੱਡੀ ਵੀ ਪਾਉਂਦੇ ਹਨ। ਮਰਦ ਤੇ ਤੀਵੀਆਂ ਵੱਖਰੇ-ਵੱਖਰੇ ਹੀ ਲੁੱਡੀ ਪਾਉਂਦੇ ਹਨ। ਸਿਆਲਕੋਟ ਅਤੇ ਗੁਜਰਾਂ ਵਾਲੇ ਦੇ ਇਲਾਕੇ ਵਿਚ ਲੁੱਡੀ ਭੰਗੜੇ ਦੇ ਨਾਲੋ-ਨਾਲ ਪਾਈ ਜਾਂਦੀ ਸੀ। ਭੰਗੜਾ ਨਾਚ ਲੁੱਡੀ ਦੇ ਤਾਲ ਨਾਲ ਹੀ ਸ਼ੁਰੂ ਕੀਤਾ ਜਾਂਦਾ ਹੈ। ਜਿਲ੍ਹਾ ਸਿਆਲਕੋਟ ਦੀ ਤਹਿਸੀਲ ਪਸਰੂਰ ਦੇ ਇੱਕ ਪਿੰਡ ਕੋਰੇ ਕੇ ਵਿਚ ਗਫੂਰ ਸ਼ਾਹ ਦਾ ਬਹੁਤ ਭਾਰੀ ਮੇਲਾ ਲੱਗਦਾ ਹੈ। ਇਸ ਮੇਲੇ 'ਤੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਦੇ ਭੰਗੜੇ ਅਤੇ ਲੁੱਡੀ ਦੇ ਮੁਕਾਬਲੇ ਹੋਇਆ ਕਰਦੇ ਸਨ। ਐਮਨਾਬਾਦ ਦੀ ਵਿਸਾਖੀ 'ਤੇ ਵੀ ਇਹ ਮੁਕਾਬਲੇ ਹੁੰਦੇ ਸਨ। ਮਾਲਵੇ ਦੇ ਇਲਾਕੇ ਵਿਚ ਵੀ ਗਿੱਧਾ-ਪਾਉਂਦੇ ਸਮੇਂ ਮੁਟਿਆਰਾਂ ਲੁੱਡੀ ਪਾਉਂਦੀਆਂ ਹਨ।

ਢੋਲੀ ਆਪਣੇ ਢੋਲ 'ਤੇ ਡੱਗਾ ਮਾਰਦਾ ਹੈ ਤੇ ਲੁੱਡੀ ਦਾ ਤਾਲ ਵਜਾਉਂਦਾ ਹੈ। ਢੋਲ ਦੀ ਆਵਾਜ਼ ਨਾਲ ਖਚੀਂਦੇ ਗੱਭਰੂ ਢੋਲ ਦੇ ਆਲੇ-ਦੁਆਲੇ ਗੋਲ਼ ਦਾਇਰੇ ਵਿਚ ਘੇਰਾ ਘੱਤ ਲੈਂਦੇ ਹਨ। ਉਹ ਅੱਖਾਂ ਮਟਕਾਉਂਦੇ, ਮੋਢੇ ਹਿਲਾਉਂਦੇ, ਲੱਕ ਲਚਕਾਉਂਦੇ ਅਤੇ ਛਾਤੀ ਅੱਗੇ ਤਾੜੀ ਮਾਰਦੇ ਹੋਏ ਚੱਕਰ ਅੰਦਰ ਤਾਲ ਵਿਚ ਹੌਲੀ-ਹੌਲੀ ਮਸਤ ਚਾਲੇ ਤੁਰਦੇ ਹਨ, ਫੇਰ ਢੋਲੀ ਇਸ਼ਾਰਾ ਕਰਕੇ ਤਾਲ ਬਦਲਦਾ ਹੈ ਤੇ ਤਿੰਨ ਤਾੜੀਆਂ ਵਜਾਈਆਂ ਜਾਂਦੀਆਂ ਹਨ। ਪਹਿਲੀ ਤਾੜੀ ਘੇਰੇ ਦੇ ਅੰਦਰਲੇ ਪਾਸੇ ਝੁਕ ਕੇ, ਦੂਜੀ ਛਾਤੀ ਅੱਗੇ ਤੇ ਤੀਜੀ ਫੇਰ ਘੇਰੇ ਦੇ ਬਾਹਰਲੇ ਪਾਸੇ ਝੁਕ ਕੇ ਮਾਰੀ ਜਾਂਦੀ ਹੈ। ਨਾਲ-ਨਾਲ ਤਾਲ ਤੇਜ਼ ਹੋਈ ਜਾਂਦਾ ਹੈ। ਇਸ ਮਗਰੋਂ ਢੋਲੀ ਫੇਰ ਤਾਲ ਬਦਲਦਾ ਹੈ ਤੇ ਉਸ ਦੇ ਇਸ਼ਾਰੇ ਨਾਲ ਪਹਿਲਾਂ ਸੱਜੀ ਬਾਂਹ ਤੇ ਸੱਜੀ ਲੱਤ ਚੁੱਕ ਕੇ ਖੱਬੇ ਪੈਰ ਨਾਲ ਕੁੱਦਿਆ ਜਾਂਦਾ ਹੈ, ਫੇਰ ਖੱਬੀ ਬਾਂਹ ਤੇ ਖੱਬੀ ਲੱਤ ਚੁੱਕ ਕੇ ਸੱਜੇ ਪੈਰ ਨਾਲ ਕੁੱਦਦੇ ਹਨ ਤੇ ਨਾਲ ਹੀ 'ਬੱਲੇ ਬੱਲੇ ਸ਼ੇਰਾ, ਉਏ ਉਏ, ਬੱਗਿਆ ਸ਼ੇਰਾ' ਵਾਰ ਵਾਰ ਜੋਸ਼ ਵਿਚ ਬੋਲਦੇ ਹਨ। ਕਦੇ ਕਦੇ ਉਹ ਨੱਚਦੇ ਹੋਏ ਇੱਕ ਪੈਰ ਦੇ ਭਾਰ ਬਹਿ ਕੇ ਅੱਧਾ ਚੱਕਰ ਕੱਟਦੇ ਹਨ- ਢੋਲੀ ਡੱਗੇ 'ਤੇ ਡੱਗਾ ਮਾਰੀ ਜਾਂਦਾ ਹੈ ਤੇ ਨਾਚ ਦੀ ਗਤੀ ਤੇਜ਼ ਹੋਈ ਜਾਂਦੀ ਹੈ।

ਗੱਭਰੂ ਨੱਚਦੇ ਹੋਏ ਹਾਲੋਂ ਬੇਹਾਲ ਹੋ ਜਾਂਦੇ ਹਨ। ਮਸਤੀ ਝੂਮ ਝੂਮ ਜਾਂਦੀ ਹੈ। ਜੇ ਕੋਈ ਹੰਭ ਜਾਵੇ ਤਾਂ ਨਾਚ ਵਿਚੇ ਛੱਡ ਕੇ ਬਾਹਰ ਜਾ ਬੈਠਦਾ ਹੈ। ਬਾਹਰ ਬੈਠੀਆਂ ਸੁਆਣੀਆਂ ਤੇ ਆਦਮੀ ਪ੍ਰਸ਼ੰਸਾ-ਭਰੀਆਂ ਅੱਖੀਆਂ ਨਾਲ ਨੱਚਦੇ ਗੱਭਰੂਆਂ ਵੱਲ ਵੇਖ ਕੇ ਅਨੰਦ ਮਾਣਦੇ ਹਨ।

ਲੁੱਡੀ ਪਾਉਣ ਸਮੇਂ ਅਨੇਕ ਪ੍ਰਕਾਰ ਦੇ ਗੀਤ ਗਾਏ ਜਾਂਦੇ ਹਨ। ਬਾਰ ਦੇ ਇਲਾਕੇ ਵਿਚ ਢੋਲੇ ਅਤੇ ਸੱਦਾਂ ਲਾਈਆਂ ਜਾਂਦੀਆਂ ਹਨ। ਇਹ ਢੋਲੇ ਤੇ ਸੱਦਾਂ ਆਮ ਤੌਰ 'ਤੇ ਮਿਰਜ਼ੇ, ਸੱਸੀ, ਪੁੰਨੂ, ਹੀਰ ਰਾਂਝੇ ਅਤੇ ਸੂਰਮਿਆਂ ਦੇ ਹੁੰਦੇ ਹਨ। ਮਾਲਵੇ ਦੇ ਇਲਾਕੇ ਵਿਚ ਗਿੱਧੇ ਦੀਆਂ ਲੰਬੀਆਂ ਬੋਲੀਆਂ ਪਾਈਆਂ ਜਾਂਦੀਆਂ ਹਨ। ਇੱਕ ਜਣਾ ਹੇਕ ਲਾ ਕੇ ਢੋਲਾ ਜਾਂ ਸੱਦ ਲਾਉਂਦਾ ਹੈ ਤੇ ਅੰਤਲੇ ਟੱਪੇ 'ਤੇ ਨਾਚ ਮਘ ਉਠਦਾ ਹੈ। ਲੁੱਡੀ ਦਾ ਇੱਕ ਅਰੰਭਕ ਗੀਤ ਹੈ:



ਛੰਨੇ ਉਤੇ ਛੰਨਾ<br>
ਲੁੱਡੀ ਪਾ ਸੂਰ ਦਿਆ ਕੰਨਾ,<br>
ਲੁੱਡੀ ਘਮ ਓਏ, ਲੁੱਡੀ ਘਮ,<br>
ਲੁੱਡੀ ਘਮ ਓਏ, ਲੁੱਡੀ ਘਮ।

ਢੋਲੀ ਤਾਲ ਬਦਲਦਾ ਹੈ ਅਤੇ ਕੋਈ ਜਣਾ ਪਿੜ ਵਿਚ ਆ ਕੇ ਢੋਲਾ ਲਾਉਂਦਾ ਹੈ:

ਬੇਬਸ ਨੀ ਸਾਹਿਬਾਂ ਅਕਲ ਦੀਏ ਝੱਲੀਏ,<br>
ਕੋਠੀ ਹਾਵੀ ਆ ਕੱਚ ਦੀ,<br>
ਾਵੀ ਖਤ ਨਾ ਘੱਲੀਏ।<br>
ਜਿਹੜੇ ਲਾ ਪ੍ਰੀਤ ਪਲੀਤ ਚਾ ਕਰਨੀ,<br>
ਆਖਣ ਲੋਕ ਨਿਗਲੀਏ,<br>
ਨਾਲ ਕੁਸੰਗੀ ਦੇ ਸੰਗ ਨਾ ਕਰੀਏ,<br>
ਰਾਹ ਦੁਸ਼ਮਣ ਦਾ ਟਲੀਏ।<br>
ਖੇਡੀਏ ਨਾਲ ਖਿਡਕਾਰਾਂ,<br>
ਗੇਟੀ ਵੇਖ ਕੇ ਚੱਲੀਏ।

ਮਲਵਈ ਗੱਭਰੂ ਮਿਰਜ਼ੇ ਦੀ ਸੱਦ ਲਾਉਂਦਾ ਹੈ:

ਭੱਥੇ 'ਚੋਂ ਕੱਢ ਲਿਆ ਜੱਟ ਨੇ ਟੋਲ਼ ਕੇ<br>
ਰੰਗ ਦਾ ਸੁਨਹਿਰੀ ਤੀਰ।<br>
ਮਾਰਿਆ ਜੱਟ ਨੇ ਮੁੱਛਾਂ ਕੋਲੋਂ ਵਟ ਕੇ<br>
ਉਡ ਗਿਆ ਵਾਂਗ ਭੰਬੀਰ।<br>
ਪੰਜ ਸੱਤ ਲਾਹ ਲਏ ਘੋੜਿਓਂ<br>
ਨੌਵਾਂ ਲਾਹਿਆ ਸਾਹਿਬਾਂ ਦਾ ਵੀਰ।<br>
ਸਾਹਿਬਾਂ ਡਿਗਦੇ ਭਰਾਵਾਂ ਨੂੰ ਵੇਖ ਕੇ<br>
ਅੱਖੀਓਂ ਸੁਟਦੀ ਨੀਰ।<br>
ਆਹ ਕੀ ਕੀਤਾ ਮਿਰਜ਼ਿਆ ਖੂਨੀਆ<br>
ਹੋਰ ਨਾ ਚਲਾਈਂ ਐਸਾ ਤੀਰ।<br>
ਅਸਾਂ ਇਕ ਢਿੱਡ ਲੱਤਾਂ ਦੇ ਲਈਆਂ<br>
ਇਕੋ ਮਾਂ ਦਾ ਚੁੰਘਿਆ ਸੀਰ।

ਸਰੋਤਿਆਂ ਦਾ ਰੋਹ ਭਖ ਉਠਦਾ ਹੈ, ਮਧਮੱਤੇ ਗੱਭਰੂ ਬੱਕਰੇ ਬੁਲਾਉਂਦੇ ਹੋਏ, ਚਾਂਗਰਾ ਮਾਰਦੇ ਹਨ। ਢੋਲ ਹੋਰ ਤੇਜ਼ ਵੱਜਦਾ ਹੈ, ਇੱਕ ਸਮਾਂ ਬੰਨ੍ਹਿਆ ਜਾਂਦਾ ਹੈ।

ਅੱਜ ਇਹ ਨਾਚ ਬੀਤੇ ਸਮੇਂ ਦੀ ਕਹਾਣੀ ਬਣ ਕੇ ਰਹਿ ਗਿਆ ਹੈ। ਕਿਧਰੇ ਕੋਈ ਲੁੱਡੀ ਨਹੀਂ ਪੈਂਦੀ, ਨਾ ਹੀ ਕਿਧਰੇ ਝੁਮਰ ਨਜ਼ਰੀਂ ਆਉਂਦਾ ਹੈ। ਪਰੰਤੂ ਪੰਜਾਬ ਦੀਆਂ ਯੂਨੀਵਰਸਿਟੀਆਂ ਵੱਲੋਂ ਕਰਵਾਏ ਜਾਂਦੇ ਯੂਥ ਫੈਸਟੀਵਲਾਂ ਤੇ ਵਿਰਾਸਤੀ ਮੇਲਿਆਂ ਵਿਚ ਅੱਜ ਕਲ਼ ਇਸ ਨਾਚ ਨੂੰ ਸ਼ਾਮਲ ਕਰਕੇ ਇਸ ਨੂੰ ਮੁੜ ਸੁਰਜੀਤ ਕਰਨ ਦੇ ਯਤਨ ਹੋ ਰਹੇ ਹਨ।

# ਜੋਗੀਆ ਮਤਵਾਰੋ ਰੇ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਯੋਗ ਸ਼ਾਸਤਰ ਵੈਦਿਕ ਦਰਸ਼ਨ ਦੇ ਛੇ ਸਕੂਲਾਂ ਵਿਚੋਂ ਇੱਕ ਹੈ। ਇਸ ਦਾ ਜ਼ਿਕਰ ਅਸੀਂ ਭਾਈ ਗੁਰਦਾਸ ਦੇ ਹਵਾਲੇ ਨਾਲ ਪਹਿਲਾਂ ਹੀ ਕਰ ਚੁੱਕੇ ਹਾਂ ਅਤੇ ਇਥੇ ਇਸ ਦੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ ਹੈ। 'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਸ. ਅਭੈ ਸਿੰਘ ਦਾ ਲੇਖ ਛਪਿਆ 'ਯੋਗ ਦਾ ਅਸਲ ਮਕਸਦ' ਅਤੇ ਨਾਲ ਹੀ ਸੰਪਾਦਕੀ ਨੋਟ ਵੀ ਇਸੇ ਵਿਸ਼ੇ 'ਤੇ ਹੈ ਜਿਸ ਦਾ ਸਿਰਲੇਖ ਹੈ 'ਯੋਗ ਅਤੇ ਸਿਆਸਤ'। ਭਾਜਪਾ ਦੀ ਅਗਵਾਈ ਹੇਠ ਕੌਮਾਂਤਰੀ ਪੱਧਰ 'ਤੇ ਯੋਗ ਦਿਵਸ ਦੇ ਨਾਂ 'ਤੇ ਇਹ ਦਿਨ ਮਨਾਇਆ ਗਿਆ। ਇਸ ਨੂੰ ਮਨਾਉਣ ਪਿੱਛੇ ਮਨਸੂਬੇ ਕੀ ਸਨ ਜਾਂ ਹਨ; ਉਹ ਇਨ੍ਹਾਂ ਦੋਵਾਂ ਪੜ੍ਹਤਾਂ ਤੋਂ ਪਤਾ ਲੱਗ ਜਾਂਦਾ ਹੈ। ਵੈਸੇ ਵੀ ਇਹ ਗੱਲ ਹੁਣ ਗੁੱਝੀ ਨਹੀਂ ਰਹੀ ਕਿ ਭਾਜਪਾ ਦਾ ਅਸਲ ਏਜੰਡਾ ਕੀ ਹੈ? ਕੇਂਦਰ ਸਰਕਾਰ ਦਾ ਇੱਕ ਹੋਰ ਮਕਸਦ ਇਹ ਵੀ ਹੋ ਸਕਦਾ ਹੈ ਕਿ ਲੋਕਾਂ ਦਾ ਧਿਆਨ ਅਸਲ ਸਮੱਸਿਆਵਾਂ ਤੋਂ ਪਾਸੇ ਕਰਕੇ ਯੋਗ ਵਰਗੇ ਅਭਿਆਨ ਨਾਲ ਜੋੜਿਆ ਜਾਵੇ।

ਸਿੱਖ ਧਰਮ ਦੇ ਆਗਾਜ਼ ਵੇਲੇ ਵੀ ਭਾਰਤੀ ਲੋਕਾਂ ਦੇ ਇੱਕ ਹਿੱਸੇ 'ਤੇ ਯੋਗ ਦਾ ਅਸਰ ਬਹੁਤ ਸੀ ਜਿਸ ਨੇ ਵਿਹਲੜਾਂ ਦੀ ਇੱਕ ਖਾਸ ਜਮਾਤ ਪੈਦਾ ਕਰ ਦਿੱਤੀ ਜੋ ਸਮਾਜ 'ਤੇ ਬਹੁਤ ਵੱਡਾ ਬੋਝ ਸੀ। ਯੋਗ ਨੇ ਕਿਸ ਕਿਸਮ ਦੀ ਅਧਿਆਤਮਕ ਜਮਾਤ ਪੈਦਾ ਕੀਤੀ। ਇਸ ਦੇ ਹਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਬਹੁਤ ਮਿਲ ਜਾਂਦੇ ਹਨ। ਗੁਰੂ ਨਾਨਕ ਸਾਹਿਬ ਦੀ ਸਿੱਧ-ਯੋਗੀਆਂ ਨਾਲ ਗੋਸ਼ਟੀ ਦਾ ਵਿਸਥਾਰ ਰਾਮਕਲੀ ਰਾਗ ਵਿਚ ਰਚਿਤ 'ਸਿਧ ਗੋਸਟਿ' ਵਿਚ ਪ੍ਰਾਪਤ ਹੈ।

ਪੰਚਮ ਪਾਤਿਸ਼ਾਹ ਦਾ ਉਪਰ ਦਿੱਤੇ ਸਿਰਲੇਖ ਹੇਠਲਾ ਸ਼ਬਦ ਵੀ ਰਾਗ ਰਾਮਕਲੀ ਵਿਚ ਹੀ ਹੈ ਅਤੇ ਇਹ ਤੁਕ ਰਹਾਉ ਦੀ ਤੁਕ ਹੈ। ਕਿਸੇ ਵੀ ਸ਼ਬਦ ਵਿਚ ਰਹਾਉ ਦੀ ਤੁਕ ਵਿਚ ਉਸ ਸ਼ਬਦ ਦਾ ਕੇਂਦਰੀ ਭਾਵ ਹੁੰਦਾ ਹੈ। ਇਸ ਪੰਕਤੀ ਵਿਚ ਗੁਰੂ ਅਰਜਨ ਦੇਵ ਯੋਗੀ ਨੂੰ ਸੰਬੋਧਿਤ ਹਨ ਕਿ ਯੋਗੀ ਆਪਣੀ ਛੋਟੀ ਜਿਹੀ ਕਿੰਗਰੀ ਵਜਾਉਣ ਵਿਚ ਮਸਤ ਹੈ ਪਰ ਉਸ ਨੂੰ ਅਕਾਲ ਪੁਰਖ ਦੀ ਆਪਣੇ ਅੰਦਰ ਵੱਜ ਰਹੀ ਰੱਬੀ ਰਾਗ ਦੀ ਸੋਹਣੀ ਕਿੰਗਰੀ ਧਿਆਨ ਨਾਲ ਸੁਣਨੀ ਚਾਹੀਦੀ ਹੈ। ਭਾਵ ਉਸ ਰੱਬੀ ਰਉਂ ਨੂੰ ਅੰਦਰ ਅਨੁਭਵ ਕਰਨ ਦੀ ਜ਼ਰੂਰਤ ਹੈ ਨਾ ਕਿ ਬਾਹਰਲੇ ਕਿਸੇ ਸਾਜ ਨਾਲ ਮਸਤ ਹੋਣ ਦੀ ਲੋੜ ਹੈ:

ਕਿੰਕੁਰੀ ਅਨੂਪ ਵਾਜੈ॥
ਜੋਗੀਆ ਮਤਵਾਰੋ ਰੇ॥੧॥ਰਹਾਉ॥

ਇਸ ਤੱਥ ਤੋਂ ਸਾਰੇ ਵਾਕਫ ਹਨ ਕਿ ਵੱਖੋ ਵੱਖਰੀਆਂ ਹਿੰਦੂ ਧਾਰਮਿਕ ਪਰੰਪਰਾਵਾਂ ਸਮੇਤ ਛੇ ਦਰਸ਼ਨਾਂ ਦੇ ਹੋਰ ਸਾਰੇ ਵੈਦਿਕ ਦਰਸ਼ਨ ਅਤੇ ਚਾਰ ਵੇਦਾਂ ਨੂੰ ਆਖਰੀ ਪ੍ਰਮਾਣਕ ਮੰਨਦੀਆਂ ਹਨ। ਇਸੇ ਵੱਲ ਇਸ਼ਾਰਾ ਕਰਦਿਆਂ ਗੁਰੂ ਅਰਜਨ ਦੇਵ ਯੋਗੀ ਨੂੰ ਆਗਾਹ ਕਰਦੇ ਹਨ ਕਿ ਚਾਰ ਵੇਦਾਂ ਵਿਚ ਵੀ ਇਹੋ ਗੱਲ ਵਾਰ ਵਾਰ ਦੱਸੀ ਗਈ ਹੈ ਕਿ ਸਭ ਦੇ ਅੰਦਰ ਰੱਬੀ ਕਿੰਗਰੀ ਵੱਜ ਰਹੀ ਹੈ ਪਰ ਤੂੰ ਵੇਦਾਂ ਦੀ ਕਹੀ ਹੋਈ ਇਸ ਗੱਲ 'ਤੇ ਵੀ ਯਕੀਨ ਨਹੀਂ ਕਰ ਰਿਹਾ। ਛੇ ਸ਼ਾਸਤਰ ਵੀ ਇਹੋ ਗੱਲ ਦੱਸ ਰਹੇ ਹਨ ਅਤੇ ਅਠਾਰਾਂ ਪੁਰਾਣਾਂ ਨੇ ਵੀ ਮਿਲ ਕੇ ਇਸੇ ਬਚਨ ਨੂੰ ਦ੍ਰਿੜ ਕਰਵਾਇਆ ਹੈ ਪਰ ਤੂੰ ਇਸ ਅੰਦਰ ਵੱਜ ਰਹੀ ਕਿੰਗਰੀ ਦੇ ਭੇਤ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰ ਰਿਹਾ:

ਚਾਰਿ ਪੁਕਾਰਹਿ ਨਾ ਤੂ ਮਾਨਹਿ॥
ਖਟੁ ਭੀ ਏਕਾ ਬਾਤ ਵਖਾਨਹਿ॥
ਦਸ ਅਸਟੀ ਮਿਲਿ ਏਕੋ ਕਹਿਆ॥
ਤਾ ਭੀ ਜੋਗੀ ਭੇਦੁ ਨ ਲਹਿਆ॥੧॥

ਅੱਗੇ ਗੁਰੂ ਅਰਜਨ ਦੇਵ ਉਸ ਮਿੱਥ ਦਾ ਹਵਾਲਾ ਦੇ ਰਹੇ ਹਨ ਜੋ ਹਿੰਦੂ ਸ਼ਾਸਤਰਾਂ ਵਿਚ ਆਮ ਪ੍ਰਚਲਿਤ ਹੈ ਕਿ ਕਿਹੜੇ ਕਿਹੜੇ ਜੁਗ ਵਿਚ ਧਰਮ ਦੀ ਕਿਹੋ ਜਿਹੀ ਹਾਲਤ ਸੀ। ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਮਿੱਥ ਅਨੁਸਾਰ ਪਹਿਲੇ ਜੁਗ ਅਰਥਾਤ ਸਤਿਜੁਗ ਵਿਚ ਸਤਿ ਦਾ, ਦਾਨ ਦਾ ਨਗਰ ਵੱਸਦਾ ਸੀ ਅਰਥਾਤ ਦਾਨ ਕਰਨ ਦਾ ਕਰਮ ਪ੍ਰਧਾਨ ਸੀ ਅਤੇ ਤੇਰਾ ਆਪਣਾ ਵੀ ਇਹੋ ਵਿਸ਼ਵਾਸ ਹੈ (ਸਾਰੇ ਹਿੰਦੂ ਸ਼ਾਸਤਰਾਂ ਦਾ ਇਹੀ ਮੱਤ ਹੈ)। ਫਿਰ ਤ੍ਰੇਤੇ ਜੁਗ ਵਿਚ ਇਸ ਧਰਮ ਵਿਚ ਕੁਝ ਤ੍ਰੇੜ ਆ ਗਈ (ਕਿਉਂ ਕਿ ਹਿੰਦੂ ਮਿੱਥ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਧਰਮ ਰੂਪੀ ਬਲਦ ਦੇ ਸਤਿ ਜੁਗ ਵਿਚ ਚਾਰੇ ਪੈਰ ਕਾਇਮ ਸਨ ਅਤੇ ਤ੍ਰੇਤੇ ਵਿਚ ਇੱਕ ਪੈਰ ਖਿਸਕ ਗਿਆ। ਧਰਮ ਆਪਣੇ ਤਿੰਨ ਪੈਰਾਂ 'ਤੇ ਹੀ ਰਹਿ ਗਿਆ) ਅਤੇ ਹੇ ਯੋਗੀ ਤੂੰ ਇਹ ਮਿੱਥ ਬਣਾਇਆ ਹੋਇਆ ਹੈ ਕਿ ਦੁਆਪਰ ਵਿਚ ਆ ਕੇ ਧਰਮ ਆਪਣੇ ਦੋ ਪੈਰਾਂ 'ਤੇ ਹੀ ਰਹਿ ਗਿਆ, ਉਸ ਦਾ ਇੱਕ ਪੈਰ ਹੋਰ ਖਿਸਕ ਗਿਆ। ਹੁਣ ਜਦੋਂ ਕਲਿਜੁਗ ਆ ਗਿਆ ਹੈ ਅਤੇ ਧਰਮ ਦਾ ਇੱਕੋ ਪੈਰ ਰਹਿ ਗਿਆ ਹੈ ਤਾਂ ਦਾਨ, ਤਪ, ਯੱਗ ਆਦਿ ਦੀ ਥਾਂ ਨਾਮ-ਸਿਮਰਨ ਦਾ ਇੱਕੋ ਇੱਕ ਰਸਤਾ ਰਹਿ ਗਿਆ ਹੈ। ਕਲਿਜੁਗ ਵਿਚ (ਹਿੰਦੂ ਧਰਮ ਅਨੁਸਾਰ) ਪੂਜਾ-ਵਿਧੀਆਂ ਨੇ ਜੀਵਾਂ ਨੂੰ ਨਾਮ ਦਾ ਇਹੋ ਇੱਕ ਰਸਤਾ ਦਿਖਾਇਆ ਹੈ।

ਗੁਰੂ ਅਰਜਨ ਦੇਵ ਯੋਗੀ ਨੂੰ ਸਮਝਾਉਂਦੇ ਹਨ ਕਿ ਇਹ ਤੇਰਾ ਭੁਲੇਖਾ ਹੈ ਕਿ ਅਕਾਲ ਪੁਰਖ ਦੇ ਰਚੇ ਇਸ ਸੰਸਾਰ ਵਿਚ ਵੱਖਰੇ ਵੱਖਰੇ ਜੁਗਾਂ ਵਿਚ ਵੱਖਰੇ ਵੱਖਰੇ ਧਰਮ-ਆਦਰਸ਼ ਹੁੰਦੇ ਹਨ। ਅਕਾਲ ਪੁਰਖ ਵੱਲੋਂ ਰਚੇ ਹੋਏ ਇਸ ਸੰਸਾਰ ਵਿਚ ਹਰ ਜੁਗ ਵਿਚ ਧਰਮ ਦੀ ਮਰਿਆਦਾ ਇੱਕੋ ਹੁੰਦੀ ਹੈ:

ਪ੍ਰਥਮੇ ਵਸਿਆ ਸਤ ਕਾ ਖੇੜਾ॥
ਤ੍ਰਿਤੀਏ ਮਹਿ ਕਿਛੁ ਭਇਆ ਦੁਤੇੜਾ॥
ਦੁਤੀਆ ਅਰਧੋ ਅਰਧਿ ਸਮਾਇਆ॥
ਏਕੁ ਰਹਿਆ ਤਾ ਏਕੁ ਦਿਖਾਇਆ॥੨॥

ਗੁਰੂ ਸਾਹਿਬ ਮਾਲਾ ਦੇ ਦ੍ਰਿਸ਼ਟਾਂਤ ਰਾਹੀਂ ਯੋਗੀ ਨੂੰ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਮਾਲਾ ਦੇ ਧਾਗੇ ਵਿਚ ਕਈ ਸਾਰੇ ਮਣਕੇ ਪਰੋਏ ਹੋਏ ਹੁੰਦੇ ਹਨ ਅਤੇ ਉਸ ਮਾਲਾ ਨੂੰ ਮਨੁੱਖ ਫੇਰਦਾ ਰਹਿੰਦਾ ਹੈ; ਇਸੇ ਤਰ੍ਹਾਂ ਸੰਸਾਰ ਦੇ ਸਾਰੇ ਜੀਵ-ਰੂਪੀ ਮਣਕੇ ਉਸ ਅਕਾਲ ਪੁਰਖ ਦੇ ਸੱਤਾ-ਰੂਪੀ ਇੱਕ ਹੀ ਧਾਗੇ ਵਿਚ ਪਰੋਏ ਹੋਏ ਹਨ ਅਤੇ ਇਹ ਮਾਲਾ ਕਈ ਤਰੀਕਿਆਂ ਨਾਲ ਫਿਰਦੀ ਰਹਿੰਦੀ ਹੈ ਅਰਥਾਤ ਸੰਸਾਰ ਦਾ ਚੱਕਰ ਚੱਲਦਾ ਰਹਿੰਦਾ ਹੈ। ਜਦੋਂ ਅਕਾਲ ਪੁਰਖ ਆਪਣਾ ਸੱਤਾ-ਰੂਪੀ ਧਾਗਾ ਖਿੱਚ ਲੈਂਦਾ ਹੈ ਤਾਂ ਸਾਰੀ ਮਾਲਾ ਇੱਕੋ ਥਾਂ ਵਿਚ ਆ ਜਾਂਦੀ ਹੈ। ਭਾਵ ਉਸ ਦੀ ਰਚੀ ਹੋਈ ਸਾਰੀ ਸ੍ਰਿਸ਼ਟੀ ਉਸੇ ਇੱਕ ਵਿਚ ਸਮਾ ਜਾਂਦੀ ਹੈ, ਉਸੇ ਵਿਚ ਲੀਨ ਹੋ ਜਾਂਦੀ ਹੈ:

ਏਕੈ ਸੂਤਿ ਪਰੋਏ ਮਣੀਏ॥
ਗਾਠੀ ਭਿਨਿ ਭਿਨਿ ਭਿਨਿ ਭਿਨਿ ਤਣੀਏ॥
ਫਿਰਤੀ ਮਾਲਾ ਬਹੁ ਬਿਧਿ ਭਾਇ॥
ਖਿੰਚਿਆ ਸੂਤੁ ਤ ਆਈ ਥਾਇ॥੩॥

ਯੋਗੀਆਂ ਦੇ ਆਮ ਤੌਰ 'ਤੇ ਮੱਠ ਬਣੇ ਹੋਏ ਹੁੰਦੇ ਹਨ। ਇਸੇ ਦੀ ਉਦਾਹਰਣ ਦੇ ਕੇ ਉਸ ਨੂੰ ਅੱਗੇ ਸਮਝਾਉਂਦੇ ਹਨ ਕਿ ਯੋਗੀਆਂ ਦੇ ਮੱਠਾਂ ਦੀ ਤਰ੍ਹਾਂ ਇਹ ਸੰਸਾਰ ਵੀ ਇੱਕ ਮੱਠ ਹੈ ਅਤੇ ਚਾਰੇ ਜੁਗਾਂ ਵਿਚ ਇਹ ਮੱਠ ਸਦੀਵੀ ਕਾਲ ਤੋਂ ਉਸੇ ਇੱਕ ਹੀ ਅਕਾਲ ਪੁਰਖ ਦਾ ਬਣਾਇਆ ਹੋਇਆ ਹੈ। ਇਸ ਮੱਠ ਵਿਚ ਜੀਵ ਨੂੰ ਖੁਆਰ ਕਰਨ ਲਈ, ਆਪਣੇ ਰਸਤੇ ਤੋਂ ਵਿਚਲਿਤ ਕਰਨ ਲਈ ਅਨੇਕ ਕਿਸਮ ਦੇ ਵਿਕਾਰ-ਰੂਪੀ ਔਖੇ ਸਥਾਨ ਹਨ ਅਤੇ ਵਿਕਾਰਾਂ ਵਿਚ ਫਸੇ ਹੋਏ ਜੀਵ ਲਈ ਅਨੇਕਾਂ ਜੂਨੀਆਂ ਹਨ ਜਿਨ੍ਹਾਂ ਵਿਚੋਂ ਜੀਵ ਨੂੰ ਲੰਘਣਾ ਪੈਂਦਾ ਹੈ, ਜਿਵੇਂ ਕਿਸੇ ਘਰ ਦੀ ਖਿੜਕੀ ਵਿਚੋਂ ਦੀ ਲੰਘੀਦਾ ਹੈ।

ਗੁਰੂ ਸਾਹਿਬ ਅੱਗੇ ਫਰਮਾਉਂਦੇ ਹਨ ਕਿ ਜਦੋਂ ਕੋਈ ਮਨੁੱਖ ਲੱਭਦਾ ਲੱਭਦਾ ਗੁਰੂ ਦੇ ਦਰਵਾਜ਼ੇ 'ਤੇ ਪਹੁੰਚ ਜਾਂਦਾ ਹੈ ਤਾਂ ਅਕਾਲ ਪੁਰਖ ਦੇ ਚਰਨਾਂ ਵਿਚ ਜੁੜੇ ਹੋਏ ਉਸ ਮਨੁੱਖ ਨੂੰ ਅਕਾਲ ਪੁਰਖ ਦਾ ਘਰ ਲੱਭ ਪੈਂਦਾ ਹੈ। ਭਾਵ ਗੁਰੂ ਰਾਹੀਂ ਉਸ ਅਕਾਲ ਪੁਰਖ ਦੇ ਘਰ ਦਾ ਦਰਵਾਜ਼ਾ ਮਿਲ ਜਾਂਦਾ ਹੈ:

ਚਹੁ ਮਹਿ ਏਕੈ ਮਟੁ ਹੈ ਕੀਆ॥
ਤਹ ਬਿਖੜੇ ਥਾਨ ਅਨਿਕ ਖਿੜਕੀਆ॥
ਖੋਜਤ ਖੋਜਤ ਦੁਆਰੇ ਆਇਆ॥
ਤਾ ਨਾਨਕ ਜੋਗੀ
ਮਹਲੁ ਘਰੁ ਪਾਇਆ॥੪॥

ਇਸ ਸ਼ਬਦ ਵਿਚ ਦੋ ਰਹਾਉ ਹਨ। ਪਹਿਲੇ ਰਹਾਉ ਤੇ ਉਸ ਤੋਂ ਅਗਲੇ ਦੋ ਬੰਦਾਂ ਵਿਚ ਗੁਰੂ ਅਰਜਨ ਦੇਵ ਯੋਗੀ ਦੇ ਮੱਤ ਨੂੰ ਪ੍ਰਗਟ ਕਰਦੇ ਹਨ ਅਤੇ ਉਸ ਤੋਂ ਅਗਲੇ ਦੋ ਬੰਦਾਂ ਵਿਚ ਉਹ ਗੁਰਮਤਿ ਵਿਚਾਰਧਾਰਾ ਦਾ ਪ੍ਰਗਟਾਵਾ ਕਰਦੇ ਹਨ। ਦੂਸਰੇ ਰਹਾਉ ਵਿਚ ਕੇਂਦਰੀ ਭਾਵ ਦੱਸਦੇ ਹਨ ਕਿ ਇਸ ਤਰ੍ਹਾਂ ਗੁਰੂ ਦੇ ਦੱਸੇ ਹੋਏ ਰਸਤੇ 'ਤੇ ਚੱਲ ਕੇ ਅਕਾਲ ਪੁਰਖ ਤੱਕ ਪਹੁੰਚ ਸਕੀਦਾ ਹੈ। ਅੱਗੇ ਦੱਸਦੇ ਹਨ ਕਿ ਇਸ ਤਰ੍ਹਾਂ ਖੋਜ ਕਰਦਿਆਂ ਕਰਦਿਆਂ ਮਨੁੱਖ ਗੁਰੂ ਦੇ ਦਰਵਾਜ਼ੇ 'ਤੇ ਪਹੁੰਚ ਜਾਂਦਾ ਹੈ ਅਤੇ ਗੁਰੂ ਰਾਹੀਂ ਉਸ ਨੂੰ ਇਸ ਤੱਥ ਦੀ ਸੋਝੀ ਆ ਜਾਂਦੀ ਹੈ ਕਿ ਅਕਾਲ ਪੁਰਖ ਹਰ ਇੱਕ ਮਨੁੱਖ ਦੇ ਹਿਰਦੇ ਅੰਦਰ ਵੱਸਦਾ ਹੈ। ਉਸ ਦੀ ਚੇਤਨ-ਸੱਤਾ ਹੀ ਕਿੰਗਰੀ ਹੈ ਜੋ ਮਨੁੱਖ ਦੇ ਹਿਰਦੇ ਅੰਦਰ ਵੱਜ ਰਹੀ ਹੈ; ਉਸੇ ਨੂੰ ਸੁਣਨ ਦੀ ਜ਼ਰੂਰਤ ਹੈ। ਇਸ ਕਿੰਗਰੀ ਨੂੰ ਸੁਣ ਸੁਣ ਕੇ ਹੀ ਜਦੋਂ ਮਨੁੱਖ ਦੀ ਸੁਰਤਿ ਪਰਮਾਤਮ-ਸੁਰਤਿ ਨਾਲ ਜੁੜੀ ਰਹਿੰਦੀ ਤਾਂ ਉਸ ਨੂੰ ਇਹ ਅੰਦਰ ਵੱਜ ਰਹੀ ਕਿੰਗਰੀ ਮਿੱਠੀ ਲੱਗਣ ਲੱਗ ਪੈਂਦੀ ਹੈ:

ਇਉ ਕਿੰਕੁਰੀ ਆਨੂਪ ਵਾਜੈ॥
ਸੁਣਿ ਜੋਗੀ ਕੈ ਮਨਿ ਮੀਠੀ ਲਾਗੈ॥੧॥
ਰਹਾਉ ਦੂਜਾ॥੧॥੧੨॥ (ਪੰਨਾ ੮੮੬)

ਇਸ ਤੋਂ ਅਗਲਾ ਸ਼ਬਦ ਵੀ ਯੋਗੀ ਨੂੰ ਹੀ ਸੰਬੋਧਿਤ ਹੈ, ਜਿਸ ਵਿਚ ਗੁਰੂ ਅਰਜਨ ਦੇਵ ਯੋਗੀ ਨੂੰ ਇਹ ਸਾਰਾ ਯੋਗ ਵਾਲਾ ਅਡੰਬਰ ਛੱਡ ਕੇ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਦੀ ਸਿੱਖਿਆ ਦਿੰਦੇ ਹਨ। ਗੁਰੂ ਅਰਜਨ ਦੇਵ ਰਹਾਉ ਦੀ ਤੁਕ ਵਿਚ ਯੋਗੀ ਨੂੰ ਸੁਚੇਤ ਕਰਦੇ ਹਨ ਕਿ ਤੇਰੀ ਉਮਰ ਥੋੜੀ ਜਿਹੀ ਹੀ ਬਾਕੀ ਰਹਿੰਦੀ ਹੈ, ਇਸ ਲਈ ਬਿਹਤਰ ਹੈ ਕਿ ਇਸ ਰਹਿੰਦੀ ਉਮਰ ਨੂੰ ਤੂੰ ਦਿਨ ਰਾਤ ਉਸ ਅਕਾਲ ਪੁਰਖ ਦੇ ਨਾਮ ਦਾ ਜਾਪ ਕਰਨ ਵਿਚ ਲਾ ਦੇਵੇਂ ਜਿਹੜਾ ਇਸ ਸਾਰੀ ਦੁਨੀਆਂ ਦਾ ਮਾਲਕ ਹੈ:

ਜਪਿ ਨਾਥੁ ਦਿਨੁ ਰੈਨਾਈ॥
ਤੇਰੀ ਖਿੰਥਾ ਦੋ ਤਿਹਾਈ॥੧॥ਰਹਾਉ॥

ਯੋਗੀ ਨੂੰ ਉਸੇ ਦੇ ਮੱਤ ਦੇ ਵੱਖਰੇ ਵੱਖਰੇ ਧਾਰਮਿਕ ਚਿੰਨ੍ਹਾਂ ਰਾਹੀਂ ਸਮਝਾਉਂਦੇ ਹਨ ਕਿ ਉਸ ਮਾਲਕ ਨੇ ਨਾੜੀਆਂ ਨੂੰ ਧਾਗਾ ਬਣਾ ਕੇ ਇਸ ਸਰੀਰ ਦੇ ਵੱਖ ਵੱਖ ਅੰਗਾਂ ਦੀਆਂ ਟਾਕੀਆਂ ਜੋੜ ਕੇ ਸੀਤਾ ਹੈ, ਇਸ ਨੂੰ ਸਰੀਰ ਦਾ ਰੂਪ ਬਖਸ਼ਿਸ਼ ਕੀਤਾ ਹੈ, ਨਾੜੀਆਂ ਸਰੀਰ-ਰੂਪੀ ਗੋਦੜੀ ਨੂੰ ਸਿਉਣ ਲਈ ਤੋਪਿਆਂ ਦਾ ਕੰਮ ਕਰ ਰਹੀਆਂ ਹਨ ਅਤੇ ਸਰੀਰ ਦੀ ਹਰੇਕ ਹੱਡੀ ਸੂਈ ਦਾ ਕੰਮ ਕਰ ਰਹੀ ਹੈ, ਜਿਸ ਨਾਲ ਇਹ ਗੋਦੜੀ ਸੀਤੀ ਜਾਂਦੀ ਹੈ। ਮਾਤਾ-ਪਿਤਾ ਦੇ ਰਕਤ-ਬੂੰਦ ਰਾਹੀਂ ਅਕਾਲ ਪੁਰਖ ਨੇ ਤੇਰਾ ਇਹ ਸਰੀਰ ਰੂਪੀ-ਡੰਡਾ ਖੜਾ ਕਰ ਦਿੱਤਾ ਹੈ, ਇਸ ਦੀ ਰਚਨਾ ਕਰ ਦਿੱਤੀ ਹੈ। ਯੋਗੀ ਨੂੰ ਮੁਖ਼ਾਤਿਬ ਹਨ ਕਿ ਤੂੰ ਆਪਣੀ ਇਸ ਸਰੀਰ-ਰੂਪੀ ਗੋਦੜੀ ਦਾ ਕੀ ਮਾਣ ਕਰਦਾ ਹੈਂ? ਇਹ ਤਾਂ ਅਕਾਲ ਪੁਰਖ ਨੇ ਰਚਿਆ ਹੈ:

ਤਾਗਾ ਕਰਿ ਕੈ ਲਾਈ ਥਿਗਲੀ॥
ਲਊ ਨਾੜੀ ਸੂਆ ਹੈ ਅਸਤੀ॥
ਅੰਭੈ ਕਾ ਕਰਿ ਡੰਡਾ ਧਰਿਆ॥
ਕਿਆ ਤੂ ਜੋਗੀ ਗਰਬਹਿ ਪਰਿਆ॥੧॥

ਆਪਣੇ ਆਪ ਨੂੰ ਦੁਨੀਆਂ ਤੋਂ ਵਿਰਕਤ ਕਰਨ ਲਈ ਯੋਗੀ ਕਈ ਕਿਸਮ ਦੀ ਕਿਰਿਆ ਕਰਦੇ ਹਨ ਅਤੇ ਉਨ੍ਹਾਂ ਵਿਚੋਂ ਹੀ ਇੱਕ ਹੈ ਪਿੰਡੇ 'ਤੇ ਸੁਆਹ ਮਲ ਕੇ ਰੱਖਣਾ। ਇਸੇ ਦੇ ਹਵਾਲੇ ਨਾਲ ਗੁਰੂ ਸਾਹਿਬ ਕਹਿੰਦੇ ਹਨ ਕਿ ਤੂੰ ਆਪਣੇ ਸਰੀਰ 'ਤੇ ਬਹੁਤ ਸਾਰੀ ਸੁਆਹ ਮਲ ਕੇ ਸਮਾਧੀ ਲਾ ਕੇ ਬੈਠਾ ਹੋਇਆ ਹੈਂ ਅਤੇ ਕੰਨ ਪੜਵਾ ਕੇ ਮੁੰਦਰਾਂ ਵੀ ਪਾਈਆਂ ਹੋਈਆਂ ਹਨ; ਇਹ ਬਾਹਰੀ ਚਿੰਨ੍ਹ ਧਾਰਨ ਕਰਨ ਦੇ ਬਾਵਜੂਦ ਤੂੰ ਦੁਨੀਆਂ ਤੋਂ ਵਿਰਕਤ ਤਾਂ ਹੋਇਆ ਨਹੀਂ? ਤੇਰੇ ਅੰਦਰ ਆਮ ਬੰਦਿਆਂ ਦੀ ਤਰ੍ਹਾਂ ਹੀ ਮੇਰ-ਤੇਰ ਭਰੀ ਹੋਈ ਹੈ। ਤੂੰ ਘਰ ਘਰ ਜਾ ਕੇ ਲੋਕਾਂ ਪਾਸੋਂ ਮੰਗ ਕੇ ਖਾਂਦਾ ਹੈਂ ਅਤੇ ਤੇਰੇ ਅੰਦਰ ਸਬਰ-ਸੰਤੋਖ ਨਹੀਂ ਹੈ, ਤੇਰੀ ਭੁੱਖ ਤਾਂ ਤ੍ਰਿਪਤ ਨਹੀਂ ਹੁੰਦੀ। ਉਸ ਨੂੰ ਪ੍ਰਸ਼ਨ ਕਰਦੇ ਹਨ ਕਿ ਉਹ ਅਕਾਲ ਪੁਰਖ ਜੋ ਸਾਰੀ ਦੁਨੀਆਂ ਦਾ ਮਾਲਕ ਹੈ, ਉਸ ਕੋਲੋਂ ਮੰਗਣ ਦੀ ਥਾਂ ਤੂੰ ਲੋਕਾਂ ਕੋਲੋਂ ਘਰ ਘਰ ਜਾ ਕੇ ਮੰਗਦਾ ਹੈਂ, ਤੈਨੂੰ ਕੋਈ ਸ਼ਰਮ ਨਹੀਂ ਆ ਰਹੀ?

ਗਹਰੀ ਬਿਭੂਤ ਲਾਇ ਬੈਠਾ ਤਾੜੀ॥
ਮੇਰੀ ਤੇਰੀ ਮੁੰਦ੍ਰਾ ਧਾਰੀ॥
ਮਾਗਹਿ ਟੂਕਾ ਤ੍ਰਿਪਤਿ ਨ ਪਾਵੈ॥
ਨਾਥੁ ਛੋਡਿ ਜਾਚਹਿ ਲਾਜ ਨ ਆਵੈ॥੨॥

ਯੋਗੀ ਨੂੰ ਅੱਗੇ ਦੱਸਦੇ ਹਨ ਕਿ ਤੇਰਾ ਮਨ ਤਾਂ ਸਦਾ ਡੋਲਦਾ ਰਹਿੰਦਾ ਹੈ, ਇਸ ਲਈ ਸਮਾਧੀ ਲਾ ਕੇ ਬੈਠਣ ਜਾਂ ਆਸਣ ਜਮਾ ਕੇ ਬੈਠਣਾ ਕਿਸੇ ਕੰਮ ਨਹੀਂ ਹੈ, ਇਹ ਸਮਾਧੀ ਬੇਕਾਰ ਹੈ। ਭਾਵੇਂ ਦਿਖਾਵੇ ਲਈ ਤੇਰੀ ਸਿੰਙੀ ਵੱਜ ਰਹੀ ਹੈ ਪਰ ਤੇਰੇ ਮਨ ਦੀ ਭਟਕਣ ਨਹੀਂ ਮੁੱਕੀ। ਭਾਵ ਦਿਖਾਵੇ ਲਈ ਤੂੰ ਤਿਆਗੀ ਬਣਿਆ ਫਿਰਦਾ ਹੈਂ ਪਰ ਦੁਨਿਆਵੀ ਚੀਜ਼ਾਂ ਲਈ ਤੇਰਾ ਮਨ ਭਟਕ ਰਿਹਾ ਹੈ, ਇਸ ਵਿਚ ਕੋਈ ਠਹਿਰਾਉ ਨਹੀਂ ਹੈ। ਸਿੰਙੀ ਇਕਾਗਰਤਾ ਦੀ ਪ੍ਰਤੀਕ ਹੈ ਜਿਸ ਨੂੰ ਯੋਗੀ ਇਕਾਗਰਤਾ ਲਈ ਵਜਾਉਂਦੇ ਹਨ। ਯੋਗੀ ਨੂੰ ਅੱਗੇ ਦੱਸਦੇ ਹਨ ਕਿ ਜਦੋਂ ਮਨ ਨੇ ਡੋਲਣਾ ਨਹੀਂ ਛੱਡਿਆ, ਤੂੰ ਇਕਾਗਰ-ਚਿੱਤ ਹੋ ਕੇ ਉਸ ਵਿਚ ਲੀਨ ਨਹੀਂ ਹੋ ਸਕਿਆ ਤਾਂ ਇਸ ਦਾ ਅਰਥ ਇਹੀ ਬਣਦਾ ਹੈ ਕਿ ਦੁਨੀਆਂ ਦੇ ਮਾਲਕ ਉਸ ਸਭ ਤੋਂ ਵੱਡੇ ਗੋਰਖ ਦੀ ਤੈਨੂੰ ਕੋਈ ਸੋਝੀ ਹੀ ਨਹੀਂ ਪਈ, ਤੂੰ ਉਸ ਦੀ ਸਮਝ ਹਾਸਲ ਹੀ ਨਹੀਂ ਕਰ ਸਕਿਆ। ਇਹੋ ਜਿਹਾ ਯੋਗੀ ਜਨਮ-ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ, ਉਸ ਦਾ ਜਨਮ-ਮਰਨ ਦਾ ਗੇੜ ਮੁੱਕਦਾ ਨਹੀਂ:

ਚਲਚਿਤ ਜੋਗੀ ਆਸਣੁ ਤੇਰਾ॥
ਸਿੰਙੀ ਵਾਜੈ ਨਿਤ ਉਦਾਸੇਰਾ॥
ਗੁਰ ਗੋਰਖ ਕੀ ਤੈ ਬੂਝ ਨ ਪਾਈ॥
ਫਿਰਿ ਫਿਰਿ ਜੋਗੀ ਆਵੈ ਜਾਈ॥੩॥

ਅਗਲੀਆਂ ਪੰਕਤੀਆਂ ਵਿਚ ਗੁਰੂ ਅਰਜਨ ਦੇਵ ਦੱਸਦੇ ਹਨ ਕਿ ਉਸ ਨੂੰ ਪਾਉਣ ਲਈ ਅਸਲੀ ਰਸਤਾ ਉਸ ਦੀ ਮਿਹਰ ਦਾ ਪਾਤਰ ਬਣਨਾ ਹੈ; ਮਿਹਰ ਤੋਂ ਬਿਨਾ ਯੋਗੀਆਂ ਵਾਲੇ ਚਿੰਨ੍ਹ ਧਾਰਨ ਕਰਨਾ ਕੋਈ ਮਾਅਨੇ ਨਹੀਂ ਰੱਖਦਾ। ਭਾਵ ਜੇ ਮਨ ਉਸ ਦੇ ਨਾਮ ਵਿਚ ਭਿੱਜਦਾ ਨਹੀਂ, ਸੁਰਤਿ ਉਸ ਦੀ ਸੁਰਤਿ ਨਾਲ ਇਕਸੁਰ ਨਹੀਂ ਹੁੰਦੀ ਫਿਰ ਬਾਹਰੀ ਭੇਖ ਧਾਰਨ ਕਰਨਾ ਵਿਅਰਥ ਹੈ। ਯੋਗੀ ਨੂੰ ਸੰਬੋਧਨ ਕਰਦੇ ਹਨ ਕਿ ਹੇ ਯੋਗੀ! ਜਿਸ ਮਨੁੱਖ ਉਤੇ ਉਹ ਸਾਰੀ ਦੁਨੀਆਂ ਦਾ ਮਾਲਕ ਮਿਹਰ ਕਰਦਾ ਹੈ, ਉਹ ਮਨੁੱਖ ਉਸ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹੈ ਕਿ ਹੇ ਦੀਨ-ਦੁਨੀ ਦੇ ਮਾਲਕ! ਗੁਰ ਗੋਪਾਲ! ਸਾਡੀ ਅਰਦਾਸ ਤੇਰੇ ਦਰ 'ਤੇ ਹੀ ਹੈ, ਸਾਡੇ 'ਤੇ ਮਿਹਰ ਕਰ ਅਤੇ ਆਪਣੇ ਨਾਮ ਦਾ ਦਾਨ ਦੇ, ਤੇਰਾ ਨਾਮ ਹੀ ਸਾਡੀ ਗੋਦੜੀ ਹੈ, ਤੇਰਾ ਨਾਮ ਹੀ ਸਾਡਾ ਭਗਵਾਂ ਵੇਸ ਹੈ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਅਜਿਹਾ ਮਨੁੱਖ ਹੀ ਅਸਲ ਯੋਗੀ ਹੈ ਅਤੇ ਉਸ ਦਾ ਮਨ ਕਦੇ ਡੋਲਦਾ ਨਹੀਂ ਹੈ:

ਜਿਸ ਨੋ ਹੋਆ ਨਾਥੁ ਕ੍ਰਿਪਾਲਾ॥
ਰਹਰਾਸਿ ਹਮਾਰੀ ਗੁਰ ਗੋਪਾਲਾ॥
ਨਾਮੈ ਖਿੰਥਾ ਨਾਮੈ ਬਸਤਰੁ॥
ਜਨ ਨਾਨਕ ਜੋਗੀ ਹੋਆ ਅਸਥਿਰੁ॥੪॥

ਇਸ ਸ਼ਬਦ ਵਿਚ ਵੀ ਦੋ ਰਹਾਉ ਹਨ। ਦੂਸਰੇ ਰਹਾਉ ਵਿਚ ਕੇਂਦਰੀ ਭਾਵ ਦੱਸਦੇ ਹਨ ਕਿ ਜੋ ਮਨੁੱਖ ਇਸ ਤਰ੍ਹਾਂ ਦੁਨੀਆਂ ਦੇ ਮਾਲਕ ਉਸ ਅਕਾਲ ਪੁਰਖ ਨੂੰ ਸਿਮਰਦਾ ਹੈ, ਉਸ ਨੇ ਇਸੇ ਜਨਮ ਵਿਚ ਹੀ ਉਸ ਸਭ ਤੋਂ ਵੱਡੇ ਇਸ ਸੰਸਾਰ ਦੇ ਮਾਲਕ ਨਾਲ ਇਕਸੁਰਤਾ ਪ੍ਰਾਪਤ ਕਰ ਲਈ ਹੈ, ਉਸ ਦਾ ਮੇਲ ਹੋ ਗਿਆ ਹੈ:

ਇਉ ਜਪਿਆ ਨਾਥੁ ਦਿਨੁ ਰੈਨਾਈ॥
ਹੁਣਿ ਪਾਇਆ ਗੁਰੁ ਗੋਸਾਈ॥੧॥
ਰਹਾਉ ਦੂਜਾ॥੨॥੧੩॥ (ਪੰਨਾ ੮੮੬)

## ਕਰਹੁ ਕ੍ਰਿਪਾ ਜਗਜੀਵਨ ਦਾਤੇ

ਗੁਰਬਾਣੀ ਗਿਆਨ

**ਗਉੜੀ ਪੂਰਬੀ ਮਹਲਾ ੪**

ਕਰਹੁ ਕ੍ਰਿਪਾ ਜਗਜੀਵਨ ਦਾਤੇ
ਮੇਰਾ ਮਨੁ ਹਰਿ ਸੇਤੀ ਰਾਚੇ॥
ਸਤਿਗੁਰਿ ਬਚਨੁ ਦੀਓ ਅਤਿ ਨਿਰਮਲੁ
ਜਪਿ ਹਰਿ ਹਰਿ ਹਰਿ ਮਨੁ ਮਾਚੇ॥੧॥
ਰਾਮ ਮੇਰਾ ਮਨੁ ਤਨੁ
ਬੇਧਿ ਲੀਓ ਹਰਿ ਸਾਚੇ॥
ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ
ਗੁਰ ਸਤਿਗੁਰ ਕੈ ਬਚਨਿ
ਹਰਿ ਹਮ ਬਾਚੇ॥੧॥ਰਹਾਉ॥
ਜਿਨ ਕਉ ਪ੍ਰੀਤਿ ਨਾਹੀ ਹਰਿ ਸੇਤੀ
ਤੇ ਸਾਕਤ ਮੂੜ ਨਰ ਕਾਚੇ॥
ਤਿਨ ਕਉ ਜਨਮੁ ਮਰਣੁ ਅਤਿ ਭਾਰੀ
ਵਿਚਿ ਵਿਸਟਾ ਮਰਿ ਮਰਿ ਪਾਚੇ॥੨॥
ਤੁਮ ਦਇਆਲ ਸਰਣਿ ਪ੍ਰਤਿਪਾਲਕ
ਮੋ ਕਉ ਦੀਜੈ ਦਾਨੁ ਹਰਿ ਹਮ ਜਾਚੇ॥
ਹਰਿ ਕੇ ਦਾਸ ਦਾਸ ਹਮ ਕੀਜੈ
ਮਨੁ ਨਿਰਤਿ ਕਰੇ ਕਰਿ ਨਾਚੇ॥੩॥
ਆਪੇ ਸਾਹ ਵਡੇ ਪ੍ਰਭ ਸੁਆਮੀ
ਹਮ ਵਣਜਾਰੇ ਹਹਿ ਤਾ ਚੇ॥
ਮੇਰਾ ਮਨੁ ਤਨੁ ਜੀਉ ਰਾਸਿ ਸਭ ਤੇਰੀ
ਜਨ ਨਾਨਕ ਕੇ ਸਾਹ ਪ੍ਰਭ ਸਾਚੇ॥੪॥

ਸਤਿਗੁਰੂ ਪਿਤਾ ਜੀ ਇਸ ਸ਼ਬਦ ਵਿਚ ਅਕਾਲ ਪੁਰਖ ਪ੍ਰਭੂ ਜੀ ਦੀ ਉਸਤਤ ਕਰਦੇ ਆਖਦੇ ਹਨ- ਕਰਹੁ ਕ੍ਰਿਪਾ ਜਗਜੀਵਨ ਦਾਤੇ, ਹੇ ਇਸ ਜਗਤ ਦੇ ਜੀਵਨ! ਹੇ ਦਾਤਾਂ ਦੇਣ ਵਾਲੇ ਦਾਤਾਰ! ਕ੍ਰਿਪਾ ਕਰੋ! ਮੇਰਾ ਮਨ ਤੇਰੀ ਯਾਦ ਵਿਚ ਸਦਾ ਹੀ ਰਾਚੇ, ਭਾਵ ਜੁੜਿਆ ਰਵੇ; ਸਤਿਗੁਰਿ ਬਚਨੁ ਦੀਓ ਅਤਿ ਨਿਰਮਲ, ਹੇ ਮਿਹਰਬਾਨ ਪ੍ਰਭੂ ਜੀਓ! ਤੇਰੀ ਮਿਹਰ ਨਾਲ ਸਤਿਗੁਰੂ ਨੇ ਮੈਨੂੰ ਅਤਿ ਪਵਿੱਤਰ ਉਪਦੇਸ਼ ਦਿੱਤਾ ਹੈ ਜਿਸ ਨੂੰ ਜਪ ਕੇ, ਜਿਸ ਦਾ ਸਿਮਰਨ ਕਰ ਕੇ ਮੇਰਾ ਮਨ ਬਹੁਤ ਖੁਸ਼ ਹੋ ਰਿਹਾ ਹੈ।

ਰਾਮ ਮੇਰਾ ਮਨੁ ਤਨੁ
ਬੇਧਿ ਲੀਓ ਹਰਿ ਸਾਚੇ॥
ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ
ਗੁਰ ਸਤਿਗੁਰ ਕੈ ਬਚਨਿ
ਹਰਿ ਹਮ ਬਾਚੇ॥੧॥ਰਹਾਉ॥

ਚੌਥੇ ਸਤਿਗੁਰੂ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਆਖਦੇ ਹਨ, ਹੇ ਰਾਮ! ਹੇ ਸਦਾ ਹੀ ਅਟੱਲ ਰਹਿਣ ਵਾਲੇ ਹਰੀ ਪ੍ਰਭੂ ਜੀਓ! ਤੂੰ ਮਿਹਰ ਕਰ ਕੇ ਮੇਰੇ ਮਨ, ਮੇਰੇ ਤਨ ਨੂੰ, ਆਪਣੇ ਚਰਨਾਂ ਵਿਚ ਵਿੰਨ੍ਹ ਲਿਆ ਹੈ; ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ, ਜਿਸ ਕਾਲ ਮੌਤ ਦੇ ਮੂੰਹ ਵਿਚ ਸਾਰਾ ਜਗਤ ਹੀ ਨਿਗਲਿਆ ਪਿਆ ਹੈ; ਗੁਰ ਸਤਿਗੁਰ ਕੈ ਬਚਨਿ ਹਰਿ ਹਮ ਬਾਚੇ, ਉਸ ਭਿਆਨਕ ਮੌਤ ਤੋਂ ਮੈਂ ਆਪਣੇ ਸਤਿਗੁਰੂ ਦੇ ਉਪਦੇਸ਼ ਨਾਲ ਬਚ ਗਿਆ ਹਾਂ।

ਜਿਨ ਕਉ ਪ੍ਰੀਤਿ ਨਾਹੀ ਹਰਿ ਸੇਤੀ
ਤੇ ਸਾਕਤ ਮੂੜ ਨਰ ਕਾਚੇ॥
ਤਿਨ ਕਉ ਜਨਮੁ ਮਰਣੁ ਅਤਿ ਭਾਰੀ
ਵਿਚਿ ਵਿਸਟਾ ਮਰਿ ਮਰਿ ਪਾਚੇ॥੨॥

ਗੁਰਦੇਵ ਆਖਦੇ ਹਨ, ਹੇ ਭਾਈ! ਜਿਨ੍ਹਾਂ ਮਨੁੱਖਾਂ ਨੂੰ ਉਸ ਹਰੀ ਪਰਮਾਤਮਾ ਦੇ ਚਰਨਾਂ ਦੀ ਪ੍ਰੀਤ ਪ੍ਰਾਪਤ ਨਹੀਂ ਹੋਈ; ਤੇ ਸਾਕਤ ਮੂੜ ਨਰ ਕਾਚੇ, ਉਹ ਮਾਇਆ ਦੇ ਜਾਲ ਵਿਚ ਫਸੇ ਹੋਏ, ਤੇ ਰੱਬ ਨਾਲੋਂ ਟੁੱਟੇ ਹੋਏ ਮਨੁੱਖ ਕੱਚੇ ਜੀਵਨ ਵਾਲੇ ਹਨ; ਤਿਨ ਕਉ ਜਨਮੁ ਮਰਣੁ ਅਤਿ ਭਾਰੀ, ਮਾਲਕ ਨਾਲੋਂ ਟੁੱਟੇ ਹੋਏ ਕੱਚੇ ਜੀਵਨ ਵਾਲੇ ਉਨ੍ਹਾਂ ਮਨੁੱਖਾਂ ਵਾਸਤੇ ਜਨਮ, ਮਰਨ ਦਾ ਗੇੜ ਦੁਖਦਾਈ ਬਣਿਆ ਰਹਿੰਦਾ ਹੈ, ਉਹ ਵਿਕਾਰ ਦੇ ਗੰਦੇ ਜੀਵਨ ਵਿਚ ਦੁਖੀ ਰਹਿੰਦੇ ਹਨ।

ਤੁਮ ਦਇਆਲ ਸਰਣਿ ਪ੍ਰਤਿਪਾਲਕ
ਮੋ ਕਉ ਦੀਜੈ ਦਾਨੁ ਹਰਿ ਹਮ ਜਾਚੇ॥
ਹਰਿ ਕੇ ਦਾਸ ਦਾਸ ਹਮ ਕੀਜੈ
ਮਨੁ ਨਿਰਤਿ ਕਰੇ ਕਰਿ ਨਾਚੇ॥੩॥

ਸਤਿਗੁਰੂ ਪਾਤਸ਼ਾਹ ਜੀ ਆਖਦੇ ਹਨ, ਹੇ ਦਇਆ ਦੇ ਸਾਗਰ! ਹੇ ਮਿਹਰਬਾਨ ਪ੍ਰਭੂ ਜੀਓ! ਹੇ ਸ਼ਰਨ ਪਏ ਦੀ ਰੱਖਿਆ ਕਰਨ ਵਾਲੇ ਪ੍ਰਭ ਜੀਓ; ਹੇ ਪ੍ਰਭੂ ਜੀਓ, ਮੈਂ ਤੇਰੇ ਦਰ ਤੋਂ ਤੇਰੇ ਨਾਮ ਦੀ ਦਾਤ ਮੰਗਦਾ ਹਾਂ, ਮੈਨੂੰ ਆਪਣੇ ਨਾਮ ਦੀ ਦਾਤ ਬਖ਼ਸ਼ੋ ਜੀ; ਹਰਿ ਕੇ ਦਾਸ ਦਾਸ ਹਮ ਕੀਜੈ, ਹੇ ਪ੍ਰਭੂ ਮੈਨੂੰ ਆਪਣੇ ਦਾਸਾਂ ਦਾ ਦਾਸ ਬਣਾਈ ਰੱਖੋ ਤਾਂ ਕਿ ਮੇਰਾ ਮਨ ਤੇਰੇ ਨਾਮ ਵਿਚ ਜੁੜ ਕੇ ਸਦਾ ਨ੍ਰਿਤ ਕਰਦਾ ਰਹੇ।

ਆਪੇ ਸਾਹ ਵਡੇ ਪ੍ਰਭ ਸੁਆਮੀ
ਹਮ ਵਣਜਾਰੇ ਹਹਿ ਤਾ ਚੇ॥
ਮੇਰਾ ਮਨੁ ਤਨੁ ਜੀਉ ਰਾਸਿ ਸਭ ਤੇਰੀ
ਜਨ ਨਾਨਕ ਕੇ ਸਾਹ ਪ੍ਰਭ ਸਾਚੇ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਆਖਦੇ ਹਨ, ਹੇ ਮੇਰੇ ਪ੍ਰਭੂ ਜੀਓ! ਆਪ ਹੀ ਨਾਮ ਦੀ ਰਾਸ ਪੂੰਜੀ ਦੇਣ ਵਾਲੇ ਸਭ ਜੀਵਾਂ ਦੇ ਵੱਡੇ ਸ਼ਾਹ ਹੋ, ਮਾਲਕ ਹੋ; ਹਮ ਵਣਜਾਰੇ ਹਹਿ ਤਾ ਚੇ, ਤੇ ਅਸੀਂ ਸਾਰੇ ਜੀਵ ਉਸ ਸ਼ਾਹ ਮਾਲਕ ਦੇ ਭੇਜੇ ਹੋਏ ਵਣਜਾਰੇ ਹਾਂ, ਵਪਾਰੀ ਹਾਂ; ਮੇਰਾ ਮਨੁ ਤਨੁ ਜੀਉ ਰਾਸਿ ਸਭ ਤੇਰੀ, ਹੇ ਅਟੱਲ ਰਹਿਣ ਵਾਲੇ ਮਿਹਰਬਾਨ ਪ੍ਰਭੂ ਜੀਓ! ਤੇਰੇ ਦਾਸ ਨਾਨਕ ਦੀ ਇਹ ਬੇਨਤੀ ਹੈ ਕਿ ਪ੍ਰਭੂ, ਮੈਨੂੰ ਆਪਣੇ ਨਾਮ ਦੀ ਦਾਤ ਬਖ਼ਸ਼ੋ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਜ਼ਿੰਦਗੀ ਦਾ ਨਾਦ

# ਨੈਣੀਂ ਨਦਰਿ ਨਿਹਾਲ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਵਿਚ ਡਾ. ਭੰਡਾਲ ਨੇ ਉਨ੍ਹਾਂ ਨੇਹੁ ਭਰੇ ਨੈਣਾਂ ਦੀ ਵੀ ਗੱਲ ਕੀਤੀ ਹੈ, ਜਿਨ੍ਹਾਂ ਨੂੰ ਦਿਨੇ-ਰਾਤ ਵਹਿੰਦੇ ਹੋਣ ਕਰਕੇ ਨੀਂਦ ਨਹੀਂ ਪੈਂਦੀ ਅਤੇ ਪ੍ਰੀਤੋ ਦੇ ਉਨ੍ਹਾਂ ਨੈਣਾਂ ਦੀ ਵੀ ਜੋ ਬਹਿਜਾ-ਬਹਿਜਾ ਕਰਦੇ ਹਨ ਤੇ ਜੇ ਕੋਈ ਤੱਕ ਲਵੇ ਤਾਂ ਨਾ ਜਿਊਂਦਿਆਂ 'ਚ ਰਹਿੰਦਾ ਹੈ ਤੇ ਨਾ ਮਰਦਿਆਂ 'ਚ। -ਸੰਪਾਦਕ***

ਨੈਣ ਮਨ ਦਾ ਸ਼ੀਸਾ, ਸੋਚ-ਪ੍ਰਤੀਬਿੰਬ, ਹਾਵ-ਭਾਵ ਦੀ ਤਰਜਮਾਨੀ, ਅੰਗਾਂ 'ਚ ਸਿੰਮਦੀ ਕਹਾਣੀ ਅਤੇ ਅੰਤਰੀਵੀ ਨਾਦਾਨੀ। ਨੈਣਾਂ ਰਾਹੀਂ ਦੁਨਿਆਵੀ ਰੰਗਾਂ ਨੂੰ ਮਾਣਨਾ, ਇਨ੍ਹਾਂ ਨੂੰ ਅੰਦਰ ਉਤਾਰਨਾ ਅਤੇ ਸੰਸਾਰੀ ਬਿੰਬ ਨੂੰ ਅੱਖਾਂ ਦੇ ਪ੍ਰਿਜ਼ਮ 'ਚੋਂ ਨਿਹਾਰਨਾ। ਨੈਣ ਕਹਿ ਜਾਂਦੇ ਅਕੱਥ ਕਹਾਣੀ ਜੋ ਬੋਲਾਂ ਤੇ ਹਰਫਾਂ ਦੀ ਮੁਹਤਾਜ਼ੀ ਤੋਂ ਪਰੇ ਅਤੇ ਜਿਸ ਦੀ ਉਡਾਣ ਹੈ ਸ਼ਬਦ-ਅਰਥ ਤੋਂ ਉਚੇਰੀ।

ਨੈਣ ਸੱਚ ਦਾ ਅਲਾਪ, ਮਨ ਦੇ ਸੂਖਮ ਅਹਿਸਾਸਾਂ ਦਾ ਜਾਪ ਅਤੇ ਇਨ੍ਹਾਂ ਵਿਚ ਵੱਸਦਾ ਏ ਦੁਨਿਆਵੀ ਝਮੇਲਿਆਂ ਤੋਂ ਵੱਖਰਾ ਸੁਪਨ-ਸੰਸਾਰ।

ਨੈਣਾਂ ਦੇ ਵੱਖੋ-ਵੱਖ ਮਿਜਾਜ਼, ਅੰਦਾਜ਼ ਤੇ ਆਦਾਬ। ਇਹ ਸਭ ਨਿੱਜ 'ਤੇ ਨਿਰਭਰ ਕਰਦਾ। ਕੁਝ ਕਾਸ਼ਨੀ, ਬਲੌਰੀ, ਸੰਧੂਰੀ, ਨੀਲੀ, ਹਰੀ ਆਦਿ ਭਾਅ ਮਾਰਦੇ। ਕਈਆਂ ਨੈਣਾਂ 'ਚ ਉਤਰੇ ਹੁੰਦੇ ਨੇ ਨਸ਼ੀਲੇ, ਮਦਹੋਸ਼ੀ ਭਰੇ ਲਾਲ ਡੋਰੇ।



ਨੈਣ ਸਮੁੰਦਰੋਂ ਗਹਿਰੇ, ਅੰਬਰਾਂ ਤੋਂ ਵਿਸ਼ਾਲ, ਕੁਦਰਤ ਤੋਂ

**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 1-216-556-2080**

ਅਸੀਮਤਤੇ ਫਿਜ਼ਾ ਦੇ ਹਰ ਰੰਗ ਨੂੰ ਆਪਣੇ ਵਿਚ ਸਮਾਉਣ ਦੇ ਸਮਰੱਥ। ਇਨ੍ਹਾਂ ਦੀ ਕੋਈ ਨਹੀਂ ਪਾ ਸਕਿਆ ਹਾਥ।

ਨੈਣਾਂ 'ਚ ਸੁਪਨਿਆਂ ਦਾ ਤੈਰਨਾ, ਮਨ 'ਚ ਉਤਰ ਕੇ ਹਾਥ ਪਾਉਣਾ ਅਤੇ ਇਨ੍ਹਾਂ ਦੀ ਪ੍ਰਾਪਤੀ ਲਈ ਸੁਯੋਗ-ਸੁਹਿਰਦ ਯਤਨ ਕਰਨਾ ਅਤੇ ਤਦਬੀਰਾਂ ਘੜਨੀਆਂ, ਇਨ੍ਹਾਂ ਦਾ ਸਹਿਜ ਵਰਤਾਰਾ।

ਕੁਝ ਲੋਕ ਨੈਣਾਂ ਨਾਲ ਅੱਠਖੇਲੀਆਂ ਕਰਦੇ, ਸੁਪਨਿਆਂ ਦੀ ਤਸ਼ਬੀਹ ਬਣਦੇ ਤੇ ਇਸ ਦੀ ਇਬਾਦਤ ਕਰਦਿਆਂ, ਇਸ ਦੇ ਹਾਣੀ ਬਣਨ ਦੇ ਰਾਹ ਤੁਰਦੇ।

ਕਦੇ ਕਦਾਈਂ ਨੈਣਾਂ 'ਚ ਨਮੀ ਤਰਦੀ, ਇਕ ਸੰਤਾਪ ਝਰਦਾ। ਇਹ ਸੰਤਾਪ ਅੱਖਾਂ 'ਚ ਉਤਰਦਾ ਸੈਲਾਬ, ਮਮੋਲੇ-ਨੈਣ ਬਣ ਜਾਂਦੇ ਖਾਰੇ ਸਾਗਰ। ਅੱਖਾਂ ਦੇ ਸਰ ਵਿਚ ਤਾਰੀਆਂ ਲਾਉਣਾ ਡਾਢਾ ਸਿਰੜ ਦਾ ਕਾਰਜ। ਇਨ੍ਹਾਂ ਸਾਗਰਾਂ ਨੂੰ ਪਾਰ ਕਰਨ ਲਈ ਕਈ ਵਾਰ ਜਿੰਦ ਦੀ ਬੀਹੀ ਵਿਚ ਮਰਸੀਏ ਦੀ ਹੇਕ ਵੀ ਲਾਉਣੀ ਪੈਂਦੀ।

ਨੈਣ ਖੁੱਲਦੇ ਤਾਂ ਨਵਾਂ ਜੀਵ ਚਾਰ-ਚੁਫੇਰੇ ਸਿਰਜੇ ਸੰਸਾਰ ਦੇ ਦੀਦਾਰੇ ਕਰਨ ਵਿਚ ਰੁੱਝ ਜਾਂਦਾ। ਨਵੀਂ ਦੁਨੀਆਂ, ਨਵੇਂ ਰੰਗ ਤੇ ਸਰੋਕਾਰਾਂ ਅਤੇ ਨਵੀਆਂ ਖੁਸ਼ੀਆਂ ਨਾਲ ਉਸ ਦਾ ਸੁਆਗਤ ਹੁੰਦਾ। ਕਈ ਵਾਰ ਨਿੱਕੇ ਨੈਣਾਂ ਦੀ ਝਾਤ ਖੁਸ਼ੀਆਂ ਦਾ ਨਿਉਂਦਾ ਬਣਦੀ, ਕਈ ਨੈਣ ਕੁੱਖ ਵਿਚਲੇ ਕਤਲਾਂ ਤੋਂ ਬਚ ਕੇ ਇਸ ਦੁਨੀਆਂ 'ਚ ਪੈਰ ਭਰਦੇ। ਭਾਵੇਂ ਦੁਨੀਆਂ ਨੇ ਅਜਿਹੇ ਨੈਣਾਂ ਨੂੰ ਕਤਲ ਦੇ ਰਾਹੀਂ ਤੋਰਨ ਦਾ ਹਰ ਹੀਲਾ ਕੀਤਾ ਹੁੰਦਾ।

ਨਿੱਕੇ ਨਿੱਕੇ ਨੈਣਾਂ 'ਚ ਵੱਸਦੇ ਨੇ ਨਿੱਕੇ ਜਹੇ ਹਾਸੇ, ਮੁੱਠੀ ਭਰ ਖੁਸ਼ੀਆਂ ਦਾ ਹੁੰਗਾਰਾ, ਲੱਪ ਕੁ ਚਾਵਾਂ ਦਾ ਸੰਧਾਰਾ। ਅਜਿਹੇ ਨਿੱਕੇ ਬੋਲਾਂ ਦੇ ਨਾਮ ਕੀਤੀ ਹਾਕ ਦਰਅਸਲ ਨਿੱਕੀਆਂ ਨਿੱਕੀਆਂ ਖੁਸ਼ੀਆਂ ਨਾਲ ਜਿਊਣ-ਆਹਰ।

ਨੈਣਾਂ ਦੇ ਦਰਦ ਬੁਰੇ। ਜਦ ਲੱਗੀ ਵਾਲਿਆਂ ਦੀ ਅੱਖ ਲੱਗਦੀ ਤਾਂ ਤਿੜਕਦੀ ਸਾਹ-ਤੰਦ 'ਚ ਚੀਸ ਪੈਦਾ ਹੁੰਦੀ ਜੋ ਸਿਰਫ ਨਿਹੋਰਾ ਬਣ ਕੇ ਕਹਿੰਦੀ, ਐਵੇਂ ਨੈਣਾਂ ਦੇ ਆਖੇ ਲੱਗੇ। ਯਾਦ ਰੱਖਣਾ! ਨੈਣਾਂ ਦੇ ਸਾਗਰੀਂ ਲੱਖਾਂ ਪੱਤਣਾਂ ਦੇ ਤਾਰੂ ਡੁੱਬ ਮੋਏ। ਭਲਾ! ਆਮ ਬੰਦਾ ਕਿਹਦਾ ਪਾਣੀਹਾਰ!

ਨੈਣ ਸੱਚ ਦੇ ਪਹਿਰੇਦਾਰ, ਓਹਲੇ ਤੋਂ ਬੇਖੌਫ। ਮਨ ਵਿਚ ਦੱਬਿਆ ਜਦ ਨੈਣਾਂ ਰਾਹੀਂ ਜੱਗ-ਜਾਹਰ ਹੁੰਦਾ ਤਾਂ ਅੰਦਰਲੀ ਉਥਲ-ਪੁਥਲ ਪ੍ਰਗਟ ਹੁੰਦੀ। ਇਸ ਉਥਲ-ਪੁਥਲ ਨੂੰ ਆਪਣੇ ਅੰਦਰ ਦਫਨਾਉਣ ਵਾਲੇ ਹੌਲੀ-ਹੌਲੀ ਅੰਦਰੋਂ ਖੁਰਦੇ, ਆਖਰ ਨੂੰ ਬੇਜਾਨ ਹੋ ਕੇ ਰਹਿ ਜਾਂਦੇ। ਲੋੜ ਹੈ, ਨੈਣਾਂ ਅਤੇ ਅੰਤਰੀਵ ਵਿਚ ਇਕਸਾਰਤਾ ਪੈਦਾ ਕਰਕੇ ਸਮਾਜੀ ਦੋਗਲੇਪਣ ਨੂੰ ਅਲਵਿਦਾ ਕਹੀ ਜਾਵੇ।

ਨੈਣਾਂ ਵਿਚ ਸੰਦਲੀ ਸੁਪਨੇ ਤਰਦੇ ਤਾਂ ਇਕ ਹੁਸੀਨ ਸੰਸਾਰ, ਦੁਨਿਆਵੀ ਖੁਸ਼ੀਆਂ, ਰੰਗ-ਤਮਾਸ਼ੇ ਤੇ ਸੁਹੰਢਣੇ ਪਲ ਤੁਹਾਡੇ ਦਰ ਲਈ ਅਹੁਲਦੇ। ਦਸਤਕ ਸੁਣਨ ਅਤੇ ਇਸ ਦਾ ਹੁੰਗਾਰਾ ਭਰਨ ਵਾਲਿਆਂ ਦੇ ਧੰਨਭਾਗ ਅਤੇ ਉਨ੍ਹਾਂ ਦੇ ਜੀਵਨ 'ਚ ਹੁੰਦੀ ਸਤਰੰਗੀ ਬਰਸਾਤ।

ਨੈਣਾਂ ਵਿਚ ਚਾਨਣ ਉਤਰਦਾ ਤਾਂ ਰਾਤ ਦੇ ਨੈਣੀਂ ਦੀਵਾ ਜਗਦਾ, ਰਾਹਾਂ ਦੇ ਧੁੰਧਲਕੇ 'ਚ ਜੁਗਨੂੰ ਚਾਨਣ ਤਰੌਂਕਦੇ ਤੇ ਹਰਫ ਗਿਆਨ ਦੀ ਲੋਅ ਜ਼ਿੰਦਗੀ ਨੂੰ ਰੁਸ਼ਨਾ ਜਾਂਦੀ। ਅਜਿਹੀ ਲੋਅ ਦੀ ਤਰਕਸੰਗਤਾ, ਜੀਵਨ ਦਾ ਸੁੱਚਮ।

ਨੈਣਾਂ ਵਿਚ ਰਾਤ ਉਤਰਦੀ ਤਾਂ ਸੂਰਜ ਦੇ ਨੈਣਾਂ ਵਿਚ ਕੁੱਕਰੇ ਪੈ ਜਾਂਦੇ, ਚੰਨ ਦਾ ਮੱਥਾ ਗ੍ਰਹਿਣਿਆ ਜਾਂਦਾ ਅਤੇ ਅੰਬਰ ਵਿਹੜੇ ਲੱਗਦਾ ਨ੍ਹੇਰ ਦਾ ਪਹਿਰਾ। ਅਜਿਹੀ ਰਾਤ ਜਦ ਸੂਖਮ ਸੋਚ ਵਿਚ ਉਤਰਦੀ ਤਾਂ ਜੀਵਨ 'ਚ ਉਗਦੇ ਹਨੇਰ-ਮੋੜ ਜਿਸ ਵਿਚੋਂ ਉਭਰਦਿਆਂ ਜੀਵਨ ਦੇ ਦਿੰਦਾ ਆਖਰੀ ਦਸਤਕ। ਪਰ ਇਸ ਰਾਤ ਵਿਚੋਂ ਹੀ ਸਰਘੀ ਦੀ ਆਸ ਰੱਖਣ ਵਾਲਿਆਂ ਦੀ ਤਲੀ 'ਤੇ ਚਾਨਣ ਦਾ ਸ਼ਗਨ ਜਰੂਰ ਪੈਂਦਾ।

ਨੈਣਾਂ 'ਚ ਜਦ ਉਡੀਕ-ਨਮੀ ਉਤਰਦੀ ਤਾਂ ਰੱਖੜੀ ਉਦਾਸ ਹੋ ਜਾਂਦੀ, ਭਰਾ ਦੀ ਕੁਰੰਗੜੀ ਹੌਕੇ ਭਰਦੀ, ਯਾਰੀ ਗੁੰਮਸੁੰਮ ਹੋ ਜਾਂਦੀ, ਸੰਦਲੀ-ਸੁਪਨਈ ਰੁੱਤ ਨੂੰ ਘੁੱਟ ਘੁੱਟ ਕੇ ਮਰਨ ਦੀ ਸਜ਼ਾ ਮਿਲਦੀ, ਡੰਗੋਰੀ ਨਾਵੇਂ ਝੂਰਨਾ ਰਹਿ ਜਾਂਦਾ ਤੇ ਧਾਗੇ ਨਾਲ ਨੱਕ 'ਤੇ ਟਿਕਾਈਆਂ ਬਾਪੂ-ਬੇਬੇ ਦੀਆਂ ਐਨਕਾਂ 'ਚ ਪੁੱਤ ਨੂੰ ਮਿਲਣ ਦੀ ਤਾਂਘ ਦਮ ਤੋੜਨ ਲੱਗਦੀ।

ਘਰ ਦੇ ਨੈਣਾਂ 'ਚ ਜਦ ਹਿੰਝ ਭਰਦੀ ਤਾਂ ਦੀਵਾਰਾਂ 'ਤੇ ਮਾਰੀਆਂ ਲਕੀਰਾਂ ਦੇ ਮੱਥੇ ਵਿਚ ਗਮ ਘੁਲਦਾ, ਕਮਰਿਆਂ ਨੂੰ ਸੁੰਨਤਾ ਦਾ ਵਰ ਮਿਲਦਾ ਤੇ ਹਰ ਨੁੱਕਰ ਵਿਚ ਚੁੱਪ ਸਹਿਮ ਜਾਂਦੀ।

ਨੈਣ ਲਿਸ਼ਕਦੇ ਤਾਂ ਆਸ-ਬਿਰਖ ਨੂੰ ਪੱਤੀਆਂ ਨਿਕਲਦੀਆਂ, ਕਰੂੰਬਲਾਂ ਤੇ ਲਗਰਾਂ ਨੂੰ ਪਨਪਣ ਦਾ ਸਬੱਬ ਮਿਲਦਾ ਅਤੇ ਮੌਲਦਾ ਬਿਰਛ ਜੀਵਨ-ਬਗੀਚੇ 'ਚ ਬਹਾਰ ਦੀ ਆਮਦ ਬਣ ਜਾਂਦਾ।

ਨੈਣਾਂ ਵਿਚ ਉਮੀਦ ਦੀ ਕਾਤਰ ਲਿਸ਼ਕਦੀ ਤਾਂ ਕਰਮ-ਰੇਖਾਵਾਂ 'ਚ ਕਿਰਤ-ਤਾਰਾ ਟਿਮਟਮਾਉਂਦਾ, ਰਾਹਾਂ ਨੂੰ ਸਿਰਲੇਖ ਮਿਲਦਾ ਅਤੇ ਮੰਜ਼ਲਾਂ ਨੂੰ ਪੈੜਾਂ ਦਾ ਸਾਥ ਨਸੀਬ ਹੁੰਦਾ। ਬੇਉਮੀਦੀ ਦੇ ਸੁੰਨ ਕੀਤੇ ਰਾਹਾਂ 'ਤੇ ਰਾਹੀਆਂ ਦਾ ਕਾਫਲਾ ਉਮੀਦ ਵਿਚੋਂ ਹੀ ਜਨਮਦਾ ਏ ਤੇ ਅਜਿਹੇ ਕਾਫਲਿਆਂ ਦੇ ਨਾਂ ਸੱਜਰੀਆਂ ਰੁੱਤਾਂ ਦਾ ਨਾਮਕਰਨ ਹੁੰਦਾ। ਨੈਣਾਂ ਵਿਚ ਮਦਹੋਸ਼ੀ ਪੋਲੇ ਪੈਰੀਂ ਕਦਮ ਰੱਖਦੀ ਤਾਂ ਜ਼ਿੰਦਗੀ ਦੇ ਸੁੱਚੇ ਅਰਥ ਜੀਵਨ-ਜਾਚ ਦੇ ਨਾਮ ਹੁੰਦੇ, ਹਰ ਪਲ ਉਮਰੋਂ ਲੰਮੇਰਾ ਹੋਣਾ ਲੋਚਦਾ। ਅਜਿਹੇ ਪਲ ਤੋਂ ਜੀਵਨ ਵਾਰਨ ਨੂੰ ਜੀਅ ਕਰਦਾ। ਅਜਿਹੇ ਪਲ ਹੀ ਜੀਵਨ ਦੀ ਸੱਚੀ-ਸੁੱਚੀ ਅਮਾਨਤ ਹੁੰਦੇ ਜਿਨ੍ਹਾਂ ਦੀ ਯਾਦ-ਜੂਹ ਵਿਚ ਜਾਣ ਨੂੰ ਮੁੜ-ਮੁੜ ਜੀਅ ਕਰਦਾ।

ਨੈਣਾਂ ਵਿਚ ਜਦ ਸੁਪਨਾ ਮਰਦਾ ਤਾਂ ਜਵਾਨੀ 'ਤੇ ਗੜੇਮਾਰ ਹੁੰਦੀ, ਬਹਾਰ ਨੂੰ ਪੱਤਝੜ ਦਾ ਸਰਾਪ ਮਿਲਦਾ, ਅਲੂੰਈਂ-ਆਸ ਵਲੂੰਧਰੀ ਜਾਂਦੀ। ਯਾਦ ਰੱਖਣਾ! ਅਜਿਹੇ ਸੁਪਨੇ ਦੀ ਮੌਤ 'ਤੇ ਅੱਖਾਂ ਵਿਚ ਉਤਰੀ ਨਮੀ ਜੀਵਨ ਭਰ ਅੱਥਰੂ ਬਣਨ ਤੋਂ ਮੁੱਨਕਰ ਰਹਿੰਦਿਆਂ ਸਾਹਾਂ 'ਚ ਰਚੀ ਰਹਿੰਦੀ। ਸੁਪਨਿਆਂ ਦਾ ਮਾਤਮ ਮਨਾਉਣ ਵਾਲੇ ਲੋਕ, ਸਾਹਾਂ ਦਾ ਭਾਰ ਢੋਣ ਤੋਂ ਵੀ ਅਸਮਰਥ ਹੋ ਜਾਂਦੇ।

ਕਈ ਸੁਜਾਖੇ ਵੀ ਅੰਨ੍ਹੇਪਣ ਦਾ ਸ਼ਿਕਾਰ ਹੋ ਕੇ ਅੰਧੇਰ-ਨਗਰੀ ਦਾ ਸਿਰਨਾਵਾਂ ਬਣ ਜਾਂਦੇ ਨੇ ਪਰ ਕਈ ਵਾਰ ਨੈਣ-ਵਿਹੂਣੇ ਲੋਕ ਮਨੁੱਖਤਾ ਲਈ ਮਾਣ ਬਣ ਜਾਂਦੇ। ਇਕ ਅੱਖ ਵਾਲਾ ਮਹਾਰਾਜਾ, ਅਜੋਕੇ ਦੋ-ਨੈਣੇ ਸ਼ਾਸ਼ਕਾਂ ਨਾਲੋਂ ਆਪਣੀ ਜਨਤਾ ਨੂੰ ਵੱਧ ਪਿਆਰ ਕਰਦਾ ਸੀ ਤੇ ਹਰੇਕ ਨੂੰ ਇਨਸਾਫ ਦਿੰਦਾ ਸੀ। ਨੈਣਾਂ 'ਚ ਜਦ ਸੁਪਨੇ ਨੂੰ ਦਫਨਾਉਣਾ ਪੈ ਜਾਵੇ ਤਾਂ ਨੈਣ ਪਥਰਾ ਜਾਂਦੇ। ਹੰਝੂਆਂ ਤੇ ਭਾਵਾਂ ਤੋਂ ਮਰਹੂਮ ਹੋ ਕੇ ਰੀਝਾਂ, ਚਾਵਾਂ, ਹਾਸਿਆਂ ਅਤੇ ਖੇੜਿਆਂ ਨੂੰ ਦਫਨਾਉਣ ਵਾਲੇ ਨੈਣ ਅਕਸਰ ਹੀ ਤਿੱਖੜ ਦੁਪਹਿਰੀਂ ਆਖਰੀ ਸਫਰ ਦੀ ਤਿਆਰੀ ਕਰ ਬੈਠਦੇ ਨੇ।

ਨੈਣਾਂ ਵਿਚ ਜਦ ਕੋਈ ਬਿੰਬ ਠਹਿਰ ਜਾਵੇ, ਕੋਈ ਚਿੱਤਰ ਸਦੀਵੀ ਥਾਂ ਮੱਲ ਲਵੇ ਜਾਂ ਪਲਕਾਂ ਵੀ ਅੱਖ ਝੱਪਕਣ ਤੋਂ ਇਨਕਾਰੀ ਹੋ ਜਾਣ ਤਾਂ ਅਸੀਮ ਸੁਹੱਪਣ ਨੈਣਾਂ ਦੀ ਅਮਾਨਤ ਬਣ ਜਾਂਦਾ ਜਿਸ ਨੂੰ ਜੇ ਕਿਸੇ ਦੀ ਹਾਅ ਲੱਗ ਜਾਵੇ ਤਾਂ ਸਰਾਪ ਵੀ ਬਣ ਜਾਂਦੀ।

ਨੈਣਾਂ 'ਚ ਨੂਰ ਝਲਕਦਾ ਤਾਂ ਰੂਹਾਨੀ ਫਿਜ਼ਾ ਆਪਣੇ ਪੂਰੇ ਜਾਹੋ-ਜਲਾਲ ਨਾਲ ਚੌਗਿਰਦੇ ਦਾ ਹਾਸਲ ਬਣ ਜਾਂਦੀ। ਹਰ ਸ਼ੈਅ ਨੂੰ ਨੂਰਾਨੀ ਛੋਹ ਅਤੇ ਇਲਾਹੀ ਸਰੂਰ ਹਾਸਲ ਹੁੰਦਾ। ਕੁਦਰਤ ਆਪਣੀ ਅਸੀਮ ਸੁੰਦਰਤਾ ਤੇ ਸਹਿਜਤਾ ਨਾਲ ਸਮੁੱਚੀ ਕਾਇਨਾਤ ਨੂੰ ਕਲਾਵੇ ਵਿਚ ਲੈ ਲੈਂਦੀ।

ਨੈਣਾਂ 'ਚ ਜਦ ਅਦਬ ਅਤੇ ਸਤਿਕਾਰ ਦੇ ਦਰਸ-ਦੀਦਾਰੇ ਹੁੰਦੇ ਤਾਂ ਸਮਾਜ ਅਜਿਹੇ ਦੀਦਿਆਂ ਦੇ ਸਦਕੇ ਜਾਂਦਾ, ਉਨ੍ਹਾਂ ਦੀਆਂ ਬਲਾਵਾਂ ਉਤਾਰਦਾ ਅਤੇ ਉਨ੍ਹਾਂ ਦੀ ਚਿਰੰਜੀਵਤਾ ਲਈ ਹਰ ਸੰਭਵ ਯਤਨ ਕਰਦਾ। ਨੈਣਾਂ 'ਚ ਹੈਂਕੜ ਦੀ ਬਜਾਏ ਹਲੀਮੀ, ਹੱਠ ਧਰਮੀ ਦੀ ਥਾਂ ਹੱਲਾਸ਼ੇਰੀ, ਗਰੂਰ ਦੀ ਬਜਾਏ ਗਨੀਮਤ, ਕਬਜ਼ਾ ਨਾ ਹੋ ਕੇ ਮੋਹ ਅਤੇ ਨਫਰਤ ਦੀ ਥਾਂ ਪਿਆਰ ਨਜ਼ਰ ਆਵੇ ਤਾਂ ਅਜਿਹੇ ਨੈਣ ਅਕੀਦਤ-ਯੋਗ ਹੁੰਦੇ।

ਨੈਣਾਂ ਵਿਚ ਲਾਲੀ ਤਰਦੀ ਤਾਂ ਇਨ੍ਹਾਂ 'ਚ ਰੰਗੇ ਜਾਣ ਨੂੰ ਮਨ ਅਹੁਲਦਾ। ਕਿਸੇ ਦੇ ਨੈਣਾਂ 'ਚ ਵਸੇਬਾ ਕਰਨ ਲਈ ਨਿਰਮਾਣਤਾ, ਸਮਰਪਿੱਤਾ, ਸਾਦਗੀ ਅਤੇ ਸਦ-ਸੋਚ ਦੀ ਲੋੜ ਹੁੰਦੀ ਏ।

ਗੱਲ ਸਮਝਾ ਜਾਂਦੇ। ਬਹੁਤ ਔਖਾ ਹੁੰਦਾ ਅਜਿਹੀ ਬੋਲੀ ਨੂੰ ਸਮਝਣਾ। ਪਰ ਨੈਣਾਂ ਨਾਲ ਨੈਣਾਂ ਦੀ ਚੁੱਪ ਨੂੰ ਸਮਝਣ ਵਾਲੇ ਇਕ ਅਜਿਹੇ ਸੁਪਨਈ ਸੰਸਾਰ ਦੇ ਵਾਸੀ ਹੁੰਦੇ ਜਿਨ੍ਹਾਂ ਦੇ ਸੁਪਨਿਆਂ ਨੂੰ ਕਦੇ ਤਾਂ ਪਰ ਲੱਗ ਜਾਂਦੇ ਪਰ ਕਈ ਵਾਰ ਇਨ੍ਹਾਂ ਨੂੰ ਲੰਗੜੇ ਹੋਣ ਦਾ ਦਰਦ ਵੀ ਉਠਾਉਣਾ ਪੈਂਦਾ।

ਨੈਣਾਂ 'ਚ ਜਦ ਸੁਪਨੇ ਟੁੱਟਦੇ, ਜੁਦਾਈ ਦੀ ਅਸਹਿ ਪੀੜ ਉਤਰਦੀ, ਪਲ ਪਲ ਰਿਸਦੇ ਜ਼ਖਮਾਂ ਦੀ ਪੀੜ ਸਹਾਰਦੇ ਤਾਂ ਕਈ ਵਾਰ ਇਹ ਨੈਣ ਸਦਾ ਲਈ ਮੁੰਦ ਹੋਣਾ ਲੋਚਦੇ। ਅਜਿਹੇ ਨੈਣਾਂ ਦੇ ਬੰਦ ਹੋਣ 'ਤੇ ਉਨ੍ਹਾਂ ਦੀ ਪੀੜ ਤੇ ਦਰਦ-ਹੇਰਵੇ ਦੇ ਨਾਲ ਬਹੁਤ ਸਾਰੇ ਸੂਖਮ-ਵਿਚਾਰ ਅਤੇ ਅਬੋਲ-ਭਾਵਨਾਵਾਂ ਦਫਨ ਹੋ ਜਾਂਦੀਆਂ ਜੋ ਆਪਣੀ ਗੱਲ ਕਹਿਣ ਤੋਂ ਅਸਮਰਥ ਹੁੰਦੀਆਂ। ਪਰਦੇਸੀ ਪੁੱਤਾਂ ਨੂੰ ਉਡੀਕਦੇ ਮਾਪਿਆਂ ਦੇ ਨੈਣ, ਘਰਾਂ ਵਾਲਿਆਂ ਨੂੰ ਉਡੀਕਦੇ ਘਰਾਂ ਦੇ ਦੀਦੇ, ਸੰਧੂਰੀ ਰੁੱਤ ਨੂੰ



ਨੈਣਾਂ 'ਚ ਡਲ੍ਹਕਦਾ ਨੀਰ ਜਦ ਖੁਸ਼ੀ ਦੇ ਅੱਥਰੂ ਬਣ ਜਾਂਦਾ ਤਾਂ ਇਨ੍ਹਾਂ 'ਚੋਂ ਰੰਗ ਬਿਖੇਰਦੀ ਸਤਰੰਗੀ ਜੀਵਨ ਵਿਚ ਰੰਗ ਭਰਦੀ, ਇਸ ਨੂੰ ਜਿਊਣ-ਜੋਗਾ ਕਰ ਜਾਂਦੀ। ਅਸੀਮ ਪ੍ਰਾਪਤੀ, ਵਿਲੱਖਣ ਹਾਸਲ, ਚਿਰਾਂ ਬਾਅਦ ਪਿਆਰੇ ਨਾਲ ਮਿਲਣੀ ਤੇ ਅਸੰਭਵ ਜਾਪਦੇ ਕਾਰਜਾਂ ਦੀ ਸੰਪੂਰਨਤਾ ਵਿਚੋਂ ਹੀ ਅਜਿਹੇ ਦੁਰਲੱਭ ਅੱਥਰੂਆਂ ਦੇ ਦਰਸ਼ਨ ਹੁੰਦੇ। ਅਜਿਹੇ ਅੱਥਰੂ ਸਮਾਜ ਤੇ ਪਰਿਵਾਰ ਲਈ ਮਾਣ ਦਾ ਸੁੱਚਾ ਹਰਫ ਹੁੰਦੇ।

ਨੈਣਾਂ ਦੀ ਆਪਣੀ ਬੋਲੀ। ਭਵਾਂ, ਪਲਕਾਂ, ਪੁਤਲੀਆਂ ਦੇ ਵੱਖੋ-ਵੱਖਰੇ ਸੰਕੇਤ ਇਸ਼ਾਰੇ ਨਾਲ

ਤਰਸਦੀਆਂ ਅੱਖਾਂ ਅਤੇ ਆਖਰੀ ਦਰਸ ਨੂੰ ਉਡੀਕਦੇ ਦੀਦਿਆਂ ਨੂੰ ਕਿਸ ਨਾਲ ਤਸ਼ਬੀਹ ਦੇਵੋਗੇ ਜਿਨ੍ਹਾਂ ਦੀਆਂ ਪਲਕਾਂ ਨੂੰ ਸਦਾ ਲਈ ਬੰਦ ਕਰਨ ਵਾਸਤੇ ਆਪਣੇ ਵੀ ਕੋਲ ਨਹੀਂ ਹੁੰਦੇ। ਅਜਿਹਾ ਸਫਰ ਮੁਕਾ ਕੇ ਤੁਰ ਗਏ ਸ਼ਖਸ ਆਪਣਿਆਂ ਦੀ ਰਾਖ ਫਰੋਲਣ ਅਤੇ ਅੱਖਾਂ ਵਿਚ ਮਰ ਗਏ ਸੁਪਨਿਆਂ ਦੀ ਨੈਂਅ ਲੈ ਕੇ ਜਦ ਘਰ ਦੀ ਦਹਿਲੀਜ਼ ਦੇ ਗਲ ਲੱਗ ਕੇ ਰੋਂਦੇ ਤਾਂ ਘਰ ਦੇ ਚੌਗਿਰਦੇ ਵਿਚ ਇਕ ਅਜਿਹਾ ਮਾਤਮ ਛਾ ਜਾਂਦਾ ਏ ਜਿਸ ਵਿਚ ਤੁਰ ਗਿਆਂ ਦੀ ਚੀਖ ਅਤੇ ਹੂਕ ਦੀ ਵੇਦਨਾ ਵੀ ਘੁਲੀ ਹੁੰਦੀ ਏ।

ਨੈਣਾਂ ਦੀ ਇਕ ਹੀ ਭਾਸ਼ਾ ਪਰ ਅਨੇਕਾਂ ਸਰੋਕਾਰ। ਹੱਥਾਂ ਤੋਂ ਨਾਬਰ ਕਾਰਜ ਅੱਖਾਂ ਕਰ ਜਾਂਦੀਆਂ। ਸੁੰਦਰ ਨੈਣਾਂ ਵਿਚ ਜੱਗ ਦੀ ਸੁੰਦਰਤਾ ਨਿਹਾਰੀ ਜਾਂਦੀ, ਅੱਥਰੂਆਂ ਤੋਂ ਵਿਰਵੀਆਂ ਅੱਖਾਂ ਅੱਖ ਕਹਿਲਾਉਣ ਦੀ ਹੱਕਦਾਰੀ ਗਵਾ ਬਹਿੰਦੀਆਂ ਕਿਉਂਕਿ ਨੈਣਾਂ ਵਿਚ ਤਰਦੇ ਹੰਝੂ ਹਜਾਰ ਇਬਾਰਤਾਂ ਅਤੇ ਇਬਾਦਤਾਂ ਵਰਗੇ ਹੁੰਦੇ।

ਨੈਣ ਕਦੇ ਚੁਗਲੀਆਂ ਕਰਦੇ, ਕਦੇ ਮਸ਼ਕਰੀਆਂ, ਕਦੇ ਕਤਲ ਕਰਦੇ, ਕਦੇ ਮਾਰ ਜਿਵਾਉਂਦੇ, ਕਦੇ ਠੱਗਦੇ, ਕਦੇ ਜਚਦੇ, ਕਦੇ ਅਦਬ ਵਿਚ ਝੁਕਦੇ, ਕਦੇ ਹੰਕਾਰ ਵਿਚ ਪੈਰਾਂ ਹੇਠਲੀ ਧਰਤ ਨੂੰ ਭੁੱਲਦੇ, ਕਦੇ ਹੁੰਗਾਰਾ ਭਰਦੇ, ਕਦੇ ਹੁੰਗਾਰਾ ਲੋਚਦੇ, ਕਦੇ ਸੋਕਾ ਹੰਢਾਉਂਦੇ, ਕਦੇ ਖਾਰੇ ਖਾਣੀਆਂ 'ਚ ਤਰਦੇ, ਕਦੇ ਜਿੱਤਦੇ, ਕਦੇ ਹਰਦੇ।

ਜ਼ਿੰਦਗੀ ਵਿਚ ਅਹਿਮ ਫੈਸਲੇ ਕਰਨ ਸਮੇਂ ਨੈਣ ਖੁੱਲੇ ਰੱਖਣ ਵਾਲੇ ਲੋਕਾਂ ਨੂੰ ਆਪਣੇ ਫੈਸਲਿਆਂ 'ਤੇ ਪਿਛੋਂ ਪਛਤਾਉਣ ਲਈ, ਅੱਖਾਂ 'ਚ ਹੰਝੂਆਂ ਦੇ ਸੈਲਾਬ ਨਹੀਂ ਉਗਾਉਣੇ ਪੈਂਦੇ।

ਨੈਣਾਂ 'ਚੋਂ ਦਿਸਦੀ ਸੁੰਦਰਤਾ, ਦਰਅਸਲ ਮਨੁੱਖ ਦੀ ਅੰਦਰਲੀ ਸੁੰਦਰਤਾ ਤੇ ਸੀਰਤ ਹੁੰਦੀ ਏ ਜਿਸ ਨੂੰ ਅੱਖਾਂ ਰਾਹੀਂ ਇਕ ਰਸਤਾ ਮਿਲਦਾ ਏ। ਨੈਣ ਨੈਣਾਂ ਦਾ ਹੁੰਦੇ ਸਾਜ਼, ਨੈਣ ਨੈਣਾਂ ਦੇ ਹਮਰਾਜ਼। ਨੈਣ ਨੈਣਾਂ ਲਈ ਕਰਨ ਦੁਆਵਾਂ, ਨੈਣ ਨੈਣਾਂ ਦੀਆਂ ਲੈਣ ਬਲਾਵਾਂ। ਨੈਣ ਨੈਣ ਦਾ ਰਾਹ-ਦਸੇਰਾ, ਨੈਣ ਨੈਣਾਂ ਦਾ ਚਾਨਣ-ਘੇਰਾ। ਨੈਣ ਨੈਣਾਂ ਦੇ ਬਣਦੇ ਢੋਅ, ਨੈਣ ਨੈਣਾਂ ਦਾ ਖੁਸ਼ਬੂ-ਚੋਅ। ਨੈਣ ਨੈਣਾਂ ਲਈ ਭਰਦੇ ਹਉਕਾ, ਨੈਣ ਨੈਣਾਂ ਦਾ ਚੁੱਲ੍ਹਾ-ਚੌਂਕਾ। ਨੈਣ ਨੈਣਾਂ ਦਾ ਰੰਗ ਤੇ ਰੂਪ, ਨੈਣ ਨੈਣਾਂ ਦਾ ਸੁਗਮ-ਸਰੂਪ। ਨੈਣ ਨੈਣਾਂ ਦੀ ਬੀਹੀ ਜਾਣ, ਨੈਣ ਨੈਣਾਂ ਦੇ ਜਾਨ-ਪ੍ਰਾਣ। ਨੈਣੀਂ ਬੱਧੀ ਸਾਹ ਦੀ ਡੋਰ, ਨੈਣ ਨੈਣਾਂ ਦਾ ਸਾਵਣ-ਮੋਰ। ਨੈਣ ਨੈਣਾਂ ਦੀ ਚੁਗਲੀ ਕਰਦੇ, ਨੈਣ ਨੈਣਾਂ ਦੀ ਹਾਮੀ ਭਰਦੇ। ਨੈਣ, ਨੈਣਾਂ ਨੂੰ ਕਰਨ ਸਲਾਮ, ਨੈਣ ਨੈਣਾਂ ਦਾ ਬਣਨ ਕਲਾਮ। ਨੈਣੀਂ ਨਦਰਿ ਹੋਏ ਨਿਹਾਲ, ਨੈਣਾਂ ਜੇਡ ਨਾ ਹੋਰ ਕਮਾਲ। ਨੈਣ ਮੱਥੇ ਵਿਚ ਜਗਦੇ ਦੀਵੇ, ਨੈਣ ਨੈਣਾਂ ਸੰਗ ਹੁੰਦੇ ਖੀਵੇ। ਨੈਣ, ਨੈਣਾਂ ਦੀਆਂ ਪਾਉਂਦੇ ਬਾਤਾਂ, ਨੈਣ ਨੈਣਾਂ ਦੀਆਂ ਸੰਦਲੀ ਰਾਤਾਂ। ਨੈਣ-ਗਲੀ ਵਿਚ ਹੋਕਰਾ ਲਾਈਏ, ਨੈਣੀਂ ਸੁੱਖਨ-ਸਰੂਰੀ ਪਾਈਏ।

ਤੁਹਾਡੇ ਮਨ ਵਿਚ ਵੱਸਦੀ ਸਤਰੰਗੀ ਨੂੰ ਜਦ ਦੁਨੀਆਂ, ਤੁਹਾਡੇ ਦੀਦਿਆਂ ਵਿਚੋਂ ਛਣਦਿਆਂ ਝਾਕਦੀ ਏ ਤਾਂ ਤੁਹਾਡੀ ਬਹੁਰੰਗੀ ਸ਼ਖਸੀਅਤ ਸਮਾਜ ਲਈ ਇਕ ਰੋਲ ਮਾਡਲ ਬਣ ਜਾਂਦੀ ਏ।

ਆਪਣੇ ਨੈਣਾਂ ਵਿਚ ਖੁਦ ਦਾ ਬਿੰਬ ਸਿਰਜਣ ਦੀ ਬਜਾਏ ਸਾਨੂੰ ਦੂਸਰਿਆਂ ਦੇ ਨੈਣਾਂ ਵਿਚ ਆਪਣਾ ਅਜਿਹਾ ਪ੍ਰਤੀਬਿੰਬ ਬਣਾਉਣ ਦੀ ਲੋੜ ਹੈ ਜਿਸ 'ਤੇ ਤੁਸੀਂ ਖੁਦ ਨਾਜ਼ ਕਰ ਸਕਦੇ ਹੋ।

ਰੱਬ ਦੇ ਨੈਣਾਂ ਅਤੇ ਬੰਦੇ ਦੇ ਨੈਣਾਂ ਵਿਚ ਕੋਈ ਅੰਤਰ ਨਹੀਂ। ਬੰਦੇ ਵਿਚੋਂ ਰੱਬ ਅਤੇ ਰੱਬ ਵਿਚੋਂ ਮਨੁੱਖ ਦੇ ਦਰਸ ਦੀਦਾਰੇ ਕਰਨ ਵਾਲੇ ਹੀ ਮਨੁੱਖਤਾ ਅਤੇ ਮਾਨਵਤਾ ਦੇ ਸੱਚੇ-ਸੁੱਚੇ ਸਾਹ-ਅਸਵਾਰ ਹੁੰਦੇ ਨੇ। ਕਦੇ ਅਜਿਹੀ ਸੋਚ ਨੇ ਤੁਹਾਡੇ ਮਨ 'ਤੇ ਦਸਤਕ ਦਿਤੀ ਏ?

ਆਮੀਨ।

## ਕਾਵਿ-ਜਗਤ

### ਰੁੱਖ ਤੇ ਮਨੁੱਖ

ਰੁੱਖ ਤੇ ਮਨੁੱਖ ਰਹੇ ਸਦਾ ਹਾਣੋ-ਹਾਣੀ।
ਸਦੀਆਂ ਪੁਰਾਣੀ ਇਨ੍ਹਾਂ ਦੋਹਾਂ ਦੀ ਕਹਾਣੀ।
ਕੰਮ ਆਵੇ ਰੁੱਖ ਬੰਦਾ ਜੰਮਦਾ ਜਾਂ ਮਰਦਾ।
ਰੁੱਖਾਂ ਤੋਂ ਬਗੈਰ ਸਾਡਾ ਕਦੇ ਵੀ ਨਾ ਸਰਦਾ।
ਭਰਦੇ ਨੇ ਦੋਵੇਂ ਇਕ ਦੂਜੇ ਦਾ ਹੈ ਪਾਣੀ।
ਰੁੱਖ ਤੇ ਮਨੁੱਖ ਰਹੇ ਸਦਾ ਹਾਣੋ-ਹਾਣੀ।

ਸਾਰਿਆਂ ਨੂੰ ਵੰਡਦਾ ਹੈ ਫਲ, ਫੁੱਲ, ਛਾਂਵਾਂ।
ਆਲ੍ਹਣੇ ਬਣਾਏ ਇਸ 'ਤੇ ਚਿੜੀਆਂ ਤੇ ਕਾਂਵਾਂ।
ਰੁੱਖਾਂ ਨੇ ਨਾ ਇਥੇ ਕਦੇ ਕੀਤੀ ਵੰਡ ਕਾਣੀ।
ਰੁੱਖ ਤੇ ਮਨੁੱਖ ਰਹੇ ਸਦਾ ਹਾਣੋ-ਹਾਣੀ।

ਅੱਜ ਦਾ ਮਨੁੱਖ ਤੋੜੀ ਬੈਠਾ ਹੁਣ ਯਾਰੀ।
ਨਿਤ ਦਿਨ ਫੇਰਦਾ ਹੈ ਰੁੱਖਾਂ ਉਤੇ ਆਰੀ।
ਰੁੱਖਾਂ ਦੀ ਮਨੁੱਖ ਨੇ ਹੈ ਕਦਰ ਨਾ ਜਾਣੀ।
ਰੁੱਖ ਤੇ ਮਨੁੱਖ ਰਹੇ ਸਦਾ ਹਾਣੋ-ਹਾਣੀ।

ਜੇ ਸਤਿਕਾਰ ਆਪਾਂ ਰੁੱਖਾਂ ਦਾ ਨਾ ਕਰਾਂਗੇ।
ਰੁੱਖਾਂ ਤੋਂ ਬਗੈਰ ਆਪਾਂ ਸਾਹ ਕਿਵੇਂ ਭਰਾਂਗੇ।
ਸਾਰਿਆਂ ਦੀ ਲੋੜ, ਰੁੱਖ ਰਾਜਾ ਹੈ ਜਾਂ ਰਾਣੀ।
ਰੁੱਖ ਤੇ ਮਨੁੱਖ ਰਹੇ ਸਦਾ ਹਾਣੋ-ਹਾਣੀ।

***-ਮਦਨ ਬੰਗੜ, ਸਿਕੰਦਪੁਰ***
***ਫੋਨ: 91-95015-75511***

---

### ਗੀਤ

ਤੇਰੀ ਉਡਦੀ ਜਾਏ ਫੁਲਕਾਰੀ
ਨੀ ਸਾਂਭ-ਸਾਂਭ ਰੱਖ ਕੁੜੀਏ।
ਲੱਗੇ, ਸਿਰ ਉਤੇ ਬਹੁਤ ਹੀ ਪਿਆਰੀ
ਨੀ ਸਾਂਭ-ਸਾਂਭ ਰੱਖ ਕੁੜੀਏ।

ਹਰੀ-ਹਰੀ ਵੇਲ 'ਤੇ ਕਸੀਦੇ ਦਾ ਕਮਾਲ ਨੀ,
ਕਵੀਆਂ ਦੀ ਸੋਚ ਵਾਂਗੂ ਲੱਗਦਾ ਖਿਆਲ ਨੀ।
ਸੋਹਣੀ, ਫੁੰਮਣਾਂ ਨਾਲ ਲੱਗਦੀ ਕਿਨਾਰੀ
ਨੀ ਸਾਂਭ-ਸਾਂਭ ਰੱਖ ਕੁੜੀਏ।

ਬੜੇ ਹੀ ਸਲੀਕੇ ਨਾਲ ਸ਼ੀਸ਼ੇ ਜੜ੍ਹੇ ਹੋਏ ਨੇ,
ਪੱਟ ਦੀ ਕਢਾਈ ਸੋਹਣੇ ਰੰਗ ਚੜ੍ਹੇ ਹੋਏ ਨੇ।
ਮੋਤੀ ਜੋੜ-ਜੋੜ ਖੂਬ ਏ ਸ਼ਿੰਗਾਰੀ
ਨੀ ਸਾਂਭ-ਸਾਂਭ ਰੱਖ ਕੁੜੀਏ।

ਮੇਰੀਆਂ ਗੱਲਾਂ ਨੂੰ ਤੂੰ ਜਾਣੀ ਨਾ ਬੁਝਾਰਤਾਂ,
ਰੁਮਕਾ, ਹਵਾ ਦੇ ਵੇਖ, ਕਰਦਾ ਸ਼ਰਾਰਤਾਂ।
ਸਿਰੋਂ ਲਾਹੁਣ ਦੀ ਕਰੇ ਹੁਸ਼ਿਆਰੀ
ਨੀ ਸਾਂਭ-ਸਾਂਭ ਰੱਖ ਕੁੜੀਏ।
ਪੱਛਮੀ ਲਿਬਾਸ 'ਤੇ ਨਾ ਡੁੱਲ ਜਾਈਂ ਕੁੜੀਏ,
ਵਿਰਸਾ ਪੰਜਾਬ ਦਾ ਨਾ ਭੁੱਲ ਜਾਈਂ ਕੁੜੀਏ।
ਤੇਰੇ 'ਰੂਪ' ਦੀ ਰਵ੍ਹੇ ਸਰਦਾਰੀ
ਨੀ ਸਾਂਭ-ਸਾਂਭ ਰੱਖ ਕੁੜੀਏ।

***-ਰੂਪ ਦਬੁਰਜੀ***
***ਫੋਨ: 91-81949-99333***

---

### ਗਜ਼ਲ


ਮੈਂ ਤੇ ਕਹਿੰਦਾ ਸੀ ਪੀ ਲੈਂਦੇ।
ਜੀ ਆਇਆ ਸੀ ਤੇ ਜੀ ਲੈਂਦੇ।
ਜੇ ਦਿਲ ਦੇ ਵਿਚ ਦੁਬਿੱਧਾ ਸੀ,
ਮਸ਼ਵਰਾ ਅਸਾਥੋਂ ਹੀ ਲੈਂਦੇ।
ਜੇ ਪੀਂਦੇ ਨਹੀਂ, ਜੇ ਖਾਂਦੇ ਨਹੀਂ,
ਤੇ ਫਿਰ ਪੰਜਾਬ 'ਚ ਕੀ ਲੈਂਦੇ?
ਜੇ ਖਬਰ ਆਪਣੀ ਹੁੰਦੀ ਤਾਂ,
ਫਿਰ ਖਬਰ ਦੁਸ਼ਮਣਾਂ ਦੀ ਲੈਂਦੇ।
ਇਹ ਲੋਕ ਭਲਾਈ ਦੇ ਨਾਂ 'ਤੇ,
ਚਲ ਗਿਰੇਬਾਨ ਤੇ ਸੀ ਲੈਂਦੇ।
ਕੀ ਲੱਥ ਮੁਸ਼ਹਿਰੇ ਦਾ ਜਾਂਦਾ,
ਜੇ ਸੁਣ 'ਕੁਲਬੀਰ' ਦੀ ਵੀ ਲੈਂਦੇ।

***-ਕੁਲਬੀਰ ਸਿੰਘ ਪੱਡਾ***

## ਜੰਗਲਨਾਮਾ-8

ਬਸਤਰ ਦੇ ਜੰਗਲਾਂ ਵਿਚ

ਸਤਨਾਮ



### ਤੁਸੀਂ ਪੜ੍ਹ ਚੁੱਕੇ ਹੋ...

*ਗਾਈਡ ਦੀ ਮਦਦ ਨਾਲ ਲੇਖਕ ਤੇ ਉਸ ਦੇ ਸਾਥੀ ਜੰਗਲ ਵੱਲ ਵਧਣਾ ਅਰੰਭ ਕਰਦੇ ਹਨ। ਸਫਰ ਰਾਤ ਦਾ ਹੈ, ਗੁਆਚਣ ਦਾ ਖਦਸ਼ਾ ਵੀ ਹੈ, ਪਰ ਉਹ ਸਾਰੀ ਰਾਤ ਪੈਰਾਂ ਥਾਣੀਂ ਲੰਘਾ ਕੇ ਪਹਿਲੇ ਪੜਾਅ 'ਤੇ ਅੱਪੜ ਜਾਂਦੇ ਹਨ। ਐਤਕੀਂ ਕੈਂਪ ਦੇ ਅੰਦਰ ਦਾ ਬਿਰਤਾਂਤ ਖਿੱਚਣ ਦੌਰਾਨ, ਗੁਰੀਲਾ ਜੀਵਨ ਬਾਰੇ ਭਰਪੂਰ ਚਰਚਾ ਕੀਤੀ ਗਈ ਹੈ।...*

# ਹੱਥ ਤੇ ਹਥਿਆਰਾਂ ਦਾ ਹੀਲਾ

*'ਜੰਗਲਨਾਮਾ' ਉਨ੍ਹਾਂ ਜੰਗਲਾਂ ਦਾ ਬਿਰਤਾਂਤ ਦੱਸਦਾ ਹੈ ਜਿਥੇ ਮਾਓਵਾਦੀ ਆਪਣਾ ਸਿੱਕਾ ਚਲਾ ਰਹੇ ਹਨ। ਸਤਨਾਮ (ਅਸਲ ਨਾਂ ਗੁਰਮੀਤ) ਨੇ ਇਸ ਯਾਤਰਾ ਰਾਹੀਂ ਉਨ੍ਹਾਂ ਲੋਕਾਂ, ਉਨ੍ਹਾਂ ਦੇ ਫਿਕਰਾਂ ਅਤੇ ਉਨ੍ਹਾਂ ਦੇ ਜੁਝਾਰੂ ਜੀਵਨ ਬਾਰੇ ਲੰਮੀ ਬਾਤ ਸੁਣਾਈ ਹੈ। ਇਹ ਬਾਤ ਇਸ ਕਰ ਕੇ ਵਧੇਰੇ ਦਿਲਚਸਪ ਹੋ ਨਿਬੜੀ ਹੈ ਕਿਉਂਕਿ ਪਾਠਕ ਨੂੰ ਇਸ ਵਿਚੋਂ ਵਾਰ-ਵਾਰ ਆਪਣੇ ਹੀ ਜੀਵਨ ਦੇ ਝਲਕਾਰੇ ਦਿਸਦੇ ਹਨ। ਇਹ ਬਾਤ ਸੁਣਾਉਂਦਿਆਂ ਸਤਨਾਮ ਦੀ ਬਿਰਤਾਂਤ-ਜੁਗਤ ਕਮਾਲ ਦੀ ਹੈ। ਇਸ ਬਿਰਤਾਂਤ ਵਿਚੋਂ ਮਾਓਵਾਦੀਆਂ ਦੇ ਘੋਲ ਦੀ ਝਲਕ ਤਾਂ ਮਿਲਦੀ ਹੀ ਹੈ, ਸਾਹਿਤਕ ਪੱਖ ਤੋਂ ਬਹੁਤ ਥਾਈਂ ਰੂਸੀ ਕਲਾਸਿਕ ਰਚਨਾਵਾਂ ਦੇ ਝਉਲੇ ਵੀ ਪੈਂਦੇ ਹਨ। ਪੰਜਾਬੀ ਵਿਚ ਅਜਿਹੀ ਅਨੂਠੀ ਰਚਨਾ ਘੱਟ ਹੀ ਨਜ਼ਰੀਂ ਪੈਂਦੀ ਹੈ। -ਸੰਪਾਦਕ*

ਚਾਹ ਨੂੰ ਅਜੇ ਕਾਫੀ ਸਮਾਂ ਪਿਆ ਸੀ, ਪਰ ਐਤੂ ਵਲੋਂ ਦਿਤਾ ਲਾਲਚ ਵੀ ਕੋਈ ਘੱਟ ਲੁਭਾਉਣਾ ਨਹੀਂ ਸੀ। ਨਿੰਬੂ ਵਾਲੀ ਚਾਹ, ਚਾਹ ਵੀ ਸੀ, ਦਵਾਈ ਵੀ ਸੀ ਅਤੇ ਨਾਲ ਹੀ ਜ਼ੁਬਾਨ ਨੂੰ ਸਵਾਦਲਾ ਬਣਾ ਦੇਣ ਵਾਲਾ ਅੰਮ੍ਰਿਤ ਵੀ। ਵੈਸੇ ਤੁਸੀਂ ਇਹ ਵੀ ਕਹਿ ਸਕਦੇ ਹੋ ਕਿ ਇਹ ਚਾਹ ਚਾਹ ਹੀ ਨਹੀਂ ਹੁੰਦੀ; ਸੋ ਅਸੀਂ ਕੋਈ ਅਸੂਲ ਨਹੀਂ ਤੋੜ ਰਹੇ ਸਾਂ। ਸੁੱਤੀ ਹੋਈ ਤਲਬ ਉਠ ਪਈ ਤੇ ਮੈਂ ਐਤੂ ਦੀ ਦਾਅਵਤ ਦਾ ਸੱਦਾ ਕਬੂਲ ਲਿਆ।

"ਆਪ ਬਣਾ ਕੇ ਪੀਣ ਦਾ ਆਪਣਾ ਹੀ ਮਜ਼ਾ ਹੈ।" ਚੁੱਲ੍ਹੇ 'ਚ ਅੱਗ ਡਾਹੁੰਦਿਆਂ ਮੈਂ ਐਤੂ ਨੂੰ ਕਿਹਾ।

"ਮਜ਼ਾ ਤਾਂ ਜ਼ਿੰਦਗੀ ਦਾ ਏਥੇ ਹੀ ਹੈ। ਮੈਟਰੋਪੋਲਿਸ ਵਿਚ ਤਾਂ ਦਮ ਘੁੱਟਦਾ ਸੀ। ਉਥੇ ਨਿੰਬੂ ਦੀ ਚਾਹ ਵੀ ਗਲਾ ਫੜ ਲੈਂਦੀ ਸੀ। ਇਥੇ ਇਹ ਤੁਹਾਨੂੰ ਹਲਕਾ-ਫੁਲਕਾ ਕਰ ਦੇਂਦੀ ਹੈ। ਹੁਣੇ ਇਸ ਦੀ ਮੰਗ ਵਧਣ ਲੱਗੇਗੀ। ਇਕ... ਦੋ... ਤਿੰਨ! ਤਿੰਨ ਕੱਪ ਪਾਣੀ ਹੋਰ ਪਵੇਗਾ।" ਤਿੰਨ ਹੋਰਨਾਂ ਨੂੰ ਆਉਂਦੇ ਦੇਖ ਉਸ ਨੇ ਪਤੀਲੇ ਵਿਚ ਹੋਰ ਪਾਣੀ ਪਾ ਉਸ ਨੂੰ ਚੁੱਲ੍ਹੇ ਉਤੇ ਟਿਕਾ ਦਿਤਾ।

ਚੁਸਕੀਆਂ ਨਾਲ ਪੀਤੀ ਚਾਹ ਨੇ ਤਰਾਵਟ ਵੀ ਦਿਤੀ, ਤਾਕਤ ਵੀ। ਸਵੇਰ ਵੇਲੇ ਹੋਈ ਘਟਨਾ ਉਤੇ ਅਫ਼ਸੋਸ ਜ਼ਾਹਰ ਕਰਦਿਆਂ ਮੈਂ ਕਿਹਾ, "ਸਵੇਰੇ ਸੂਰ ਦਾ ਸ਼ਿਕਾਰ ਕਰ ਲਿਆ ਜਾਂਦਾ ਤਾਂ ਚੰਗਾ ਹੀ ਰਹਿੰਦਾ। ਰਾਤ ਨੂੰ ਮਹਾਂ-ਭੋਜ ਹੋ ਜਾਂਦਾ।"

ਇਕ ਨੇ ਕਿਹਾ, "ਨਹੀਂ ਕੀਤਾ ਤਾਂ ਚੰਗਾ ਹੀ ਹੋਇਆ। ਗਾਂ ਤੇ ਸੂਰ ਦੋਨੋਂ ਫ਼ਸਾਦ ਦੀ ਜੜ੍ਹ ਨੇ। ਇਕ ਦਿਨ ਗਾਂ, ਦੂਸਰੇ ਦਿਨ ਸੂਰ! ਖੇਮੇ ਵਿਚ ਤਾਂ ਹੰਗਾਮਾ ਖੜ੍ਹਾ ਹੋ ਜਾਂਦਾ। ਅੱਧਿਆਂ ਨੂੰ ਮਰੋੜ ਲੱਗ ਜਾਣੇ ਸਨ। ਢਿੱਡਾਂ ਨੂੰ ਤਾਂ ਚੌਲਾਂ ਦੀ ਆਦਤ ਹੈ, ਹਲਕੀ-ਫੁਲਕੀ ਗਿਜ਼ਾ ਦੀ। ਡਾਕਟਰ ਪਵਨ ਤੰਬੂਆਂ ਦੇ ਗੇੜੇ ਕੱਢਦਾ ਕੱਢਦਾ ਹਫ ਜਾਣਾ ਸੀ। ਸਾਰਾ ਕੁਝ ਉਲਟ-ਪੁਲਟ ਹੋ ਜਾਂਦਾ ਤੇ ਦਿੱਲੀ ਵਾਲਿਆਂ ਨੂੰ ਖ਼ਬਰ ਹੋ ਜਾਂਦੀ ਕਿ ਗੁਰੀਲਿਆਂ ਨੇ ਜੰਗਲ ਵਿਚ ਹਸਪਤਾਲ ਸਥਾਪਤ ਕਰ ਲਏ ਨੇ, ਦੇਸ਼ ਨੂੰ ਅੰਦਰੋਂ ਖ਼ਤਰਾ ਖੜ੍ਹਾ ਹੋ ਗਿਐ ਅਤੇ ਅੰਦਰੇ ਹੀ ਕਰਾਸ-ਬਾਰਡਰ ਟੈਰਰਿਜ਼ਮ ਸ਼ੁਰੂ ਹੋ ਗਿਐ।"

ਸਾਰੇ ਹੀ ਇਸ 'ਸਿਆਸੀ' ਤਕਰੀਰ ਉਪਰ ਖਿੜ ਖਿੜਾ ਕੇ ਹੱਸ ਉਠੇ। ਖੇਮੇ ਵਿਚ ਅਜਿਹਾ ਹਾਸਾ ਪੈਂਦਾ ਮੈਂ ਪਹਿਲੀ ਵਾਰ ਦੇਖਿਆ ਸੀ। ਇੰਜ ਲੱਗਾ ਕਿ ਜਿਵੇਂ ਇਹ ਹਾਸਾ ਵੀ ਗੁਰੀਲਾ ਹਮਲੇ ਵਾਂਗ ਹੋਵੇ ਜਿਸ ਨੇ ਹਰ ਕਿਸੇ ਨੂੰ ਅਵੇਸਲੇ ਹੀ ਦਬੋਚ ਲਿਆ ਹੋਵੇ।

"ਐਤੂ ਭਾਈ ਅਜਿਹੀ ਚਾਹ ਤਾਂ ਰੋਜ਼ ਬਣਾਈ ਜਾਣੀ ਚਾਹੀਦੀ ਹੈ। ਇਸ ਨੇ ਵਾਕਈ ਹਰ ਕਿਸੇ ਨੂੰ ਹਲਕਾ-ਫੁਲਕਾ ਕਰ ਦਿਤੈ। ਸ਼ਾਮ ਦੀ ਚਾਹ ਵੈਸੇ ਹੀ ਨਿੰਬੂ ਵਾਲੀ ਐਲਾਨੀ ਜਾ ਸਕਦੀ ਹੈ। ਦੁੱਧ ਵੀ ਬਚੇਗਾ, ਪੇਟ ਵੀ ਸਾਫ਼ ਰਹੇਗਾ, ਮਨ ਵੀ ਖਿੜੇਗਾ।"

"ਆਈਡੀਆ ਬੁਰਾ ਨਹੀਂ! ਪਰ ਫ਼ੈਸਲਾ ਸਾਰੇ ਖੇਮੇ ਵਲੋਂ ਹੀ ਲਿਆ ਜਾ ਸਕਦੈ। ਮੇਰਾ ਪੱਕਾ ਯਕੀਨ ਹੈ ਕਿ ਜ਼ਿਆਦਾ ਵੋਟਾਂ ਵਿਰੋਧ ਵਿਚ ਪੈਣਗੀਆਂ।"

"ਮਾਮਲਾ ਖਾਣ-ਪੀਣ ਦਾ ਹੈ, ਸੋ ਇਸ ਨੂੰ ਆਪੋ ਆਪਣੀ ਇੱਛਾ ਉਤੇ ਛੱਡ ਦਿਤਾ ਜਾਵੇ। ਜਿਹੜਾ ਪੀਣਾ ਚਾਹੁੰਦੈ, ਉਹ ਜੀ ਸਦਕੇ ਆਵੇ; ਜਿਸ ਨੇ ਦੁੱਧ ਵਾਲੀ ਪੀਣੀ ਹੈ, ਉਹ ਛੇ ਵਜੇ ਤੱਕ ਉਡੀਕ ਕਰੇ।" ਕੋਈ ਤੀਸਰਾ ਬੋਲਿਆ।

ਗੱਲ ਆਈ ਗਈ ਹੋ ਗਈ। ਮਜ਼ਾਕ ਮਜ਼ਾਕ ਵਿਚ ਫ਼ਿਰਕਾਪ੍ਰਸਤੀ ਦੇ ਨਾਜ਼ੁਕ ਮਾਮਲੇ ਵੱਲ ਸੰਕੇਤ ਹੋ ਗਿਆ। ਗਾਂ ਤੇ ਸੂਰ ਜਾਨਵਰਾਂ ਦੇ ਨਾਮ ਨਾ ਹੋ ਕੇ ਦੋ ਸਿੰਬਲ ਬਣ ਗਏ ਹਨ ਜਿਨ੍ਹਾਂ ਨੇ ਦੇਸ਼ ਦੀ ਤਕਰੀਬਨ ਅੱਧੀ ਆਬਾਦੀ ਨੂੰ ਆਪਣੀ ਜਕੜ ਵਿਚ ਲੈ ਲਿਆ ਹੈ। ਇਹ ਦੋਵੇਂ ਜਾਨਵਰ ਅਕੀਦਿਆਂ ਦਾ ਹਿੱਸਾ ਹੋ ਗਏ ਹਨ। ਇਨਸਾਨ ਨੂੰ ਭਾਵੇਂ ਲਾਂਬੂ ਲੱਗ ਜਾਣ, ਪਰ ਧਰਮ ਦੇ ਵਹਿਸ਼ੀ ਅਕੀਦਿਆਂ ਉਤੇ ਆਂਚ ਨਹੀਂ ਆਉਣੀ ਚਾਹੀਦੀ! ਬਸਤੀਵਾਦੀ ਬਰਤਾਨਵੀ ਹਾਕਮਾਂ ਨੇ ਦੁਨੀਆਂ ਦੇ ਇਸ ਖਿੱਤੇ ਵਿਚ ਜੋ ਜ਼ਹਿਰ ਘੋਲਿਆ ਸੀ, ਉਹ ਪੁਸ਼ਤ-ਦਰ-ਪੁਸ਼ਤ ਨੂੰ ਆਪਣੇ ਮਾਰੂ ਅਸਰ ਹੇਠ ਹਿੰਸਕ ਜਾਨਵਰ ਬਣਾਉਂਦਾ ਆ ਰਿਹਾ ਹੈ। ਹਰ ਪੀੜ੍ਹੀ ਦਾ ਜਿਸਮ ਵਾਰ ਵਾਰ ਮਵਾਦ ਭਰੇ ਫੋੜਿਆਂ ਵਾਂਗ ਫਟ ਉਠਦਾ ਹੈ। ਇਤਿਹਾਸ, ਸਭਿਆਚਾਰ, ਸਿਆਸਤ ਸਭਨਾਂ ਚੀਜ਼ਾਂ ਅੰਦਰ ਹੀ ਜ਼ਹਿਰ ਘੁਲ ਗਿਆ ਹੈ। ਹੈਵਾਨੀਅਤ ਦਾ ਭਰਿਆ ਇਨਸਾਨ ਤੌਬਾ ਕਰਨਾ ਭੁੱਲ ਜਾਂਦਾ ਹੈ। 1947 ਦੀ ਭਿਆਨਕ ਕਤਲੋਗਾਰਤ ਤੋਂ ਬਾਅਦ ਦੇ ਪਚਵੰਜਾ ਸਾਲਾਂ ਵਿਚ ਅਨੇਕਾਂ ਵਾਰ ਇਸ ਭੱਠੀ 'ਚ ਡਿੱਗਣ ਤੋਂ ਬਾਅਦ ਵੀ ਉਸ ਨੇ ਅੱਖਾਂ ਨਹੀਂ ਖੋਲ੍ਹੀਆਂ। ਪਵਿਤਰਤਾ ਅਤੇ ਅਪਵਿਤਰਤਾ ਦੇ ਇਸ ਜਾਹਲ ਅਕੀਦੇ ਅਤੇ ਵਹਿਸ਼ੀ ਚਿੰਨ੍ਹਾਂ ਨੂੰ ਚੰਬੜਿਆ ਉਹ ਆਪਣੇ ਸਭਿਅਕ ਹੋਣ ਦਾ ਆਪ ਹੀ ਜਲੂਸ ਕੱਢ ਰਿਹਾ ਹੈ। ਬਾਹਰ ਆਇਆ ਤਾਂ ਗੁਜਰਾਤ ਦਾ ਤਾਂਡਵ ਵਾਪਰ ਗਿਆ ਜਿਸ ਨੇ ਹਰ ਰੂਹ ਨੂੰ ਕੰਬਾ ਦਿਤਾ।

ਇਤਿਹਾਸ ਦੇ ਕਿਸੇ ਦੌਰ ਵਿਚ ਅਪਨਾਏ ਗਏ ਪੁਰਾਣੇ ਤੇ ਹੁਣ ਵੇਲਾ ਵਿਹਾ ਚੁੱਕੇ ਸੰਕਲਪ ਤੇ ਨੈਤਿਕਤਾ ਅੱਜ ਜ਼ਿੰਦਗੀ ਨੂੰ ਅਗਾਂਹ ਨਹੀਂ ਤੋਰ ਸਕਦੇ। ਜੇ ਕੋਈ ਇਖ਼ਲਾਕ ਜ਼ਿੰਦਗੀ ਨੂੰ ਅਗਾਂਹ ਤੋਰਨ ਵਿਚ ਸਹਾਈ ਨਾ ਹੋਵੇ, ਸਗੋਂ ਵਿਰੋਧ ਵਿਚ ਜਾਣ ਲੱਗ ਪਵੇ ਤਾਂ ਉਹ ਇਖ਼ਲਾਕ ਜਾਂ ਨੈਤਿਕਤਾ ਨਹੀਂ ਹਨ। ਜੇ ਕਦੇ ਗਾਂ ਖਾਣੀ ਛੱਡੀ ਗਈ, ਤਾਂ ਜੀਵਨ ਨੂੰ ਅਗਾਂਹ ਵਧਾਉਣ ਵਾਸਤੇ ਛੱਡੀ ਗਈ ਹੋਵੇਗੀ; ਜੇ ਕਬਾਇਲੀ ਇਸ ਨੂੰ ਅੱਜ ਖਾਂਦੇ ਹਨ, ਤਾਂ ਇਹ ਵੀ ਜ਼ਿੰਦਗੀ ਨੂੰ ਬਰਕਰਾਰ ਰੱਖਣ ਅਤੇ ਅਗਾਂਹ ਤੋਰਨ ਲਈ ਹੈ। ਕੋਈ ਗਾਂ ਦਾ ਮਾਸ ਖਾ ਕੇ ਪਾਪੀ ਨਹੀਂ ਹੋ ਜਾਂਦਾ ਤੇ ਕੋਈ ਦੂਸਰਾ ਸੂਰ ਦੇ ਗੋਸ਼ਤ ਨੂੰ ਹਰ ਕੇ ਕਾਫ਼ਰ ਨਹੀਂ ਬਣ ਜਾਂਦਾ। ਹਰ ਸਮੇਂ ਅਤੇ ਸਥਾਨ ਦੀਆਂ ਆਪਣੀਆਂ ਹੱਦਾਂ ਹਨ, ਆਪਣੀਆਂ ਹੀ ਜ਼ਰੂਰਤਾਂ ਹਨ। ਸਮੱਸਿਆ ਉਦੋਂ ਖੜ੍ਹੀ ਹੁੰਦੀ ਹੈ, ਜਦ ਇਸ ਨੂੰ ਜ਼ਿੰਦਗੀ ਦੀਆਂ ਪਦਾਰਥਕ ਹਕੀਕਤਾਂ ਨਾਲੋਂ ਤੋੜ ਕੇ 'ਇਲਾਹੀ' ਰੂਪ ਦੇ ਦਿਤਾ ਜਾਂਦਾ ਹੈ। "ਪਵਿਤਰਤਾ" ਦੇ ਅਕੀਦਿਆਂ ਨੇ ਹਰ ਮਨੁੱਖ ਨੂੰ ਹੀ ਅਪਵਿਤਰ ਕਰਾਰ ਦੇ ਦਿਤਾ ਹੈ। ਜਦ ਕਿਸੇ ਵਿਸ਼ੇਸ਼ ਸਮੇਂ ਤੇ ਸਥਾਨ ਦੀ ਹਕੀਕਤ ਨੂੰ ਸਰਵ-ਵਿਆਪੀ ਹਕੀਕਤ ਕਰਾਰ ਦੇ ਦਿਤਾ ਜਾਵੇ ਅਤੇ ਇਸ ਉਤੇ ਹਮੇਸ਼ਾਂ ਵਾਸਤੇ ਸੱਚ ਹੋਣ ਦਾ ਫ਼ਤਵਾ ਮੜ੍ਹ ਦਿਤਾ ਜਾਵੇ ਤਾਂ ਅਜਿਹਾ ਕਰਨਾ ਫ਼ਸਾਦ ਖੜ੍ਹਾ ਕਰ ਦੇਵੇਗਾ। ਜੋ 'ਨਹੀਂ ਹੈ' ਉਸ ਨੂੰ 'ਹੈ' ਬਣਾ ਦੇਵੇਗਾ। ਜੋ 'ਹੈ', ਉਸ ਨੂੰ 'ਨਹੀਂ ਹੈ' ਬਣਾ ਦੇਣ ਦੀ ਕੋਸ਼ਿਸ਼ ਕਰੇਗਾ। ਜਦ ਉਹ ਵਿਰੋਧਤਾਈ ਫ਼ਸਾਦ ਦਾ ਰੂਪ ਅਖ਼ਤਿਆਰ ਕਰ ਜਾਂਦੀ ਹੈ ਤਾਂ ਨਾ ਅੱਲਾ ਮੱਦਦ ਕਰਨ ਆਉਂਦਾ ਹੈ, ਨਾ ਕੋਈ ਪਰਮਾਤਮਾ ਅਤੇ ਨਾ ਹੀ ਕਿਸੇ ਰੱਬ ਦਾ ਕੋਈ ਪੁੱਤਰ। ਉਦੋਂ ਸਿਰਫ਼ ਅੱਗਜ਼ਨੀ ਤੇ ਬਲਾਤਕਾਰ ਹੀ ਸਰਵ-ਵਿਆਪਕ ਤੇ ਸਰਵ-ਸ਼ਕਤੀਮਾਨ ਹੋ ਜਾਂਦੇ ਹਨ, ਇਨਸਾਨ ਮਨਫ਼ੀ ਹੋ ਜਾਂਦਾ ਹੈ। ਜਿਹੜੇ ਗਾਂ ਦੇ ਨਾਂ ਉਤੇ ਐਨਾ ਉਪੱਦਰ ਕਰਦੇ ਹਨ, ਉਹ ਜਿਉਂਦੀ ਹੋਈ ਨੂੰ ਤਾਂ ਪਵਿੱਤਰ ਕਰਾਰ ਦੇਂਦੇ ਹਨ, ਪਰ ਮਰੀ ਹੋਈ ਤੋਂ ਇੰਜ ਦੂਰ ਭੱਜਦੇ ਹਨ ਜਿਵੇਂ ਉਸ ਨੂੰ ਹੱਥ ਲਾਇਆਂ ਉਨ੍ਹਾਂ ਨੂੰ ਕੋਹੜ ਹੋ ਜਾਵੇਗਾ। ਫਿਰ ਉਨ੍ਹਾਂ ਨੂੰ "ਨੀਚ ਜਾਤ" ਇਨਸਾਨਾਂ ਦੀ ਜ਼ਰੂਰਤ ਪੈਂਦੀ ਹੈ ਕਿ ਉਨ੍ਹਾਂ ਦੀ ਇਸ 'ਪਵਿੱਤਰ' ਚੀਜ਼ ਨੂੰ ਟਿਕਾਣੇ ਲਗਾ ਦੇਣ। ਆਪਣੀ 'ਪਵਿੱਤਰ ਮਾਂ' ਦਾ ਕਿਰਿਆ-ਕਰਮ ਕਰਨ ਵਾਸਤੇ ਨਾ ਉਨ੍ਹਾਂ ਅੰਦਰ ਕੋਈ ਇੱਜ਼ਤ ਦਾ ਅਹਿਸਾਸ ਹੈ, ਨਾ ਕੋਈ ਰਸਮ ਅਤੇ ਨਾ ਹੀ ਕੋਈ ਸਲੋਕ। ਪੂਜਾ ਦੇ ਕਿਸੇ ਸਿੰਬਲ ਦੀ ਐਨੀ ਦੁਰਦਸ਼ਾ ਹੋਰ ਕਿਸੇ ਵੀ ਧਰਮ ਵਿਚ ਨਹੀਂ ਹੁੰਦੀ। ਕੈਸਾ ਦੰਭ ਹੈ!

ਡਾ. ਪਵਨ ਮਰੋੜਾਂ ਦਾ ਇਲਾਜ ਤਾਂ ਕਰ ਸਕਦਾ ਸੀ, ਪਰ ਜੇ ਖ਼ੇਮੇ ਵਿਚ ਦੰਗਾ ਭੜਕ ਉਠਦਾ ਤਾਂ ਦਵਾ ਤਾਂ ਕੀ ਕਿਸੇ 'ਰੱਬ' ਨੇ ਵੀ ਉਸ ਦੀ ਮਦਦ ਨਹੀਂ ਸੀ ਕਰਨੀ। ਅਜਿਹੀ ਹਾਲਤ ਵਿਚ ਦਵਾ ਵੀ ਬੇ-ਅਸਰ ਰਹਿੰਦੀ, ਦੁਆ ਵੀ। ਸ਼ੁਕਰ ਹੈ ਕਿ ਉਥੇ ਗੌਂਡ ਕਬਾਇਲੀ ਸਨ ਜਿਨ੍ਹਾਂ ਵਾਸਤੇ ਗਾਂ ਤੇ ਸੂਰ ਦਰਮਿਆਨ ਦੇ ਇਸ ਫ਼ਸਾਦ ਦੀ ਕੋਈ ਗੁੰਜਾਇਸ਼ ਨਹੀਂ ਸੀ।

"ਐਤੂ ਭਾਈ!" ਰਸੋਈ ਤੋਂ ਵਾਪਸ ਮੁੜਦੇ ਹੋਏ ਮੈਂ ਉਸ ਨੂੰ ਕਿਹਾ, "ਗੌਂਡ ਕਬਾਇਲੀ ਇਨਸਾਨੀਅਤ ਦੇ ਜ਼ਿਆਦਾ ਨਜ਼ਦੀਕ ਹਨ। ਨਾ ਇਹ ਹਿੰਦੂ ਹਨ, ਨਾ ਮੁਸਲਮਾਨ।"

"ਸਹੀ ਗੱਲ ਹੈ।" ਉਹ ਬੋਲਿਆ, "ਪਰ ਇਨ੍ਹਾਂ ਦੇ ਵੀ ਆਪਣੇ ਦੇਵਤੇ ਹਨ। ਚੰਗੀ ਗੱਲ ਹੈ ਕਿ ਇਨ੍ਹਾਂ ਦੇ ਦੇਵਤੇ ਖਾਹ-ਮਖਾਹ ਦੇ ਫ਼ਸਾਦੀ ਨਹੀਂ ਹਨ। ਜਿਥੇ ਕਿਤੇ ਵੀ ਕਬਾਇਲੀ ਇਲਾਕਿਆਂ ਵਿਚ ਮਿਸ਼ਨਰੀ ਕਹੇ ਜਾਂਦੇ ਲੋਕ ਮੰਦਰ, ਮਸਜਿਦ ਤੇ ਗਿਰਜੇ ਖੜ੍ਹੇ ਕਰ ਦੇਂਦੇ ਹਨ, ਉਥੇ ਹੀ 'ਰੱਬੀ' ਹਨੇਰੀ ਝੁੱਲਣੀ ਸ਼ੁਰੂ ਹੋ ਜਾਂਦੀ ਹੈ ਤੇ ਕਹਿਰ ਵਰਤਣ ਲੱਗਦਾ ਹੈ। ਧਰਮਾਂ ਵਾਲੇ 'ਧਰਮ ਸੰਕਟ' ਖੜ੍ਹਾ ਕਰ ਦੇਂਦੇ ਨੇ, ਤੇ ਕਤਲੋਗਾਰਤ ਸ਼ੁਰੂ ਕਰਵਾ ਦੇਂਦੇ ਨੇ। ਮਿਸ਼ਨਰੀ ਸਕੂਲਾਂ ਵਿਚ ਵੰਡਿਆ ਜਾ ਰਿਹਾ 'ਵਿਦਿਆ' ਦਾ ਚਾਨਣ ਕਬਾਇਲੀਆਂ ਦੀਆਂ ਅੱਖਾਂ ਅੰਨ੍ਹੀਆਂ ਕਰਨ ਵਿਚ ਮੁਜਰਮਾਨਾ ਭੂਮਿਕਾ ਨਿਭਾਉਂਦਾ ਹੈ।"

ਉਸ ਨੇ ਬੋਲਣਾ ਜਾਰੀ ਰੱਖਿਆ, "ਮਿਸ਼ਨਰੀ ਕਬਾਇਲੀਆਂ ਦੀ ਜ਼ਮੀਨ, ਸਭਿਆਚਾਰ ਤੇ ਇਤਿਹਾਸ, ਸਾਰਾ ਕੁਝ ਹੀ ਹੜੱਪ ਕਰਨ ਉਤੇ ਤੁਲੇ ਹੋਏ ਹਨ। ਉਹ ਚਾਹੁੰਦੇ ਨੇ ਕਿ ਕਬਾਇਲੀ ਤਲਵਾਰਾਂ, ਤ੍ਰਿਸ਼ੂਲ ਚੁੱਕ ਲੈਣ ਤੇ ਆਪਸ ਵਿਚ ਲੜ ਮਰਨ। ਇਸ ਤਰ੍ਹਾਂ ਉਹ ਉਹਨਾਂ ਨੂੰ ਜਲ, ਜੰਗਲ ਤੇ ਜ਼ਮੀਨ ਦੀ ਲੜਾਈ ਤੋਂ ਤਿਲਕਾਉਣਾ ਚਾਹੁੰਦੇ ਹਨ। ਉਹ ਇਸ ਰਾਹੀਂ ਕਬਾਇਲੀਆਂ ਦਾ ਤੇ ਉਨ੍ਹਾਂ ਦੀ ਧਰਤੀ ਦਾ ਕੰਟਰੋਲ ਆਪਣੇ ਹੱਥ ਵਿਚ ਲੈਣਾ ਚਾਹੁੰਦੇ ਹਨ, ਪਰ ਅਸੀਂ ਏਥੇ ਅਜਿਹਾ ਨਹੀਂ ਹੋਣ ਦੇ ਰਹੇ। ਗੁਰੀਲੇ ਇਹ ਨਹੀਂ ਵਾਪਰਨ ਦੇਣਗੇ। ਏਥੋਂ ਦੇ ਕਬਾਇਲੀ ਕਦੀਮੀ ਜਾਦੂ ਟੂਣਿਆਂ ਉਪਰ ਵਿਸ਼ਵਾਸ ਕਰਦੇ ਹਨ, ਪਰ ਇਹ ਵਿਸ਼ਵਾਸ ਵੀ ਹੁਣ ਟੁੱਟ ਰਹੇ ਹਨ ਤੇ ਜਾਗ੍ਰਿਤੀ ਆ ਰਹੀ ਹੈ।"

ਐਤੂ ਭਾਈ ਕਬਾਇਲੀਆਂ ਵਾਸਤੇ ਪੜ੍ਹਾਈ ਦਾ ਵਿਗਿਆਨਕ ਸਿਲੇਬਸ ਵੀ ਤਿਆਰ ਕਰ ਰਿਹਾ ਸੀ। ਉਹ ਪੜ੍ਹੇ-ਲਿਖੇ ਲੋਕਾਂ ਉਤੇ ਤਰਸ ਵੀ ਖਾਂਦਾ ਹੈ ਤੇ ਗੁੱਸਾ ਵੀ ਕਰਦਾ ਹੈ ਜਿਹੜੇ ਵਿਗਿਆਨ ਤੇ ਸੱਚਾਈ ਨੂੰ ਸਹਿਜੇ ਹੀ ਸਮਝ ਸਕਦੇ ਹਨ, ਪਰ ਜਿਹੜੇ ਆਪਣੀ ਕਾਬਲੀਅਤ ਨੂੰ ਚੰਦ ਟੁਕੜਿਆਂ ਖ਼ਾਤਰ ਬੁਰਜੂਆ ਸੰਸਥਾਵਾਂ ਕੋਲ ਵੇਚ ਰਹੇ ਹਨ।

---

ਅਗਲੇ ਦਿਨ ਆਲੇ-ਦੁਆਲੇ ਦੇ ਪਿੰਡਾਂ ਵਿਚੋਂ ਕਿੰਨੇ ਹੀ ਮੁੰਡੇ ਕੁੜੀਆਂ ਖ਼ੇਮੇ ਵਿਚ ਆ ਗਏ। ਰਸੋਈ ਦਾ ਦਲਾਨ ਤੇ ਆਲਾ-ਦੁਆਲਾ ਭਰ ਗਿਆ। ਇਸ ਇਕੱਠ ਨੇ ਮੈਨੂੰ ਹੈਰਾਨੀ ਵਿਚ ਪਾ ਦਿਤਾ। ਕਿਤੇ ਅੱਜ ਭਰਤੀ ਦਾ ਦਿਨ ਤਾਂ ਨਹੀਂ!

"ਕੋਸਾ! ਅੱਜ ਕੋਈ ਖ਼ਾਸ ਗੱਲ ਹੈ ਕੀ? ਐਨਾ ਜਮਘਟਾ ਕਿਉਂ ਹੈ?"

"ਕੋਈ ਖ਼ਾਸ ਗੱਲ ਨਹੀਂ। ਇਕੱਠੇ ਹੋ ਕੇ ਕੈਂਪ ਦੇਖਣ ਆਏ ਹਨ। ਆਪਣੇ ਆੜੀਆਂ ਮਿੱਤਰਾਂ ਨੂੰ ਮਿਲਣਾ ਚਾਹੁੰਦੇ ਹਨ।"

"ਤੁਸੀਂ ਇਸ ਤਰ੍ਹਾਂ ਦੀ ਇਜਾਜ਼ਤ ਵੀ ਦੇ ਦੇਂਦੇ ਹੋ? ਖ਼ਤਰਾ ਮਹਿਸੂਸ ਨਹੀਂ ਕਰਦੇ?"

"ਖ਼ਤਰਾ ਕਾਹਦਾ? ਆਪਣੇ ਹੀ ਲੋਕ ਹਨ। ਖ਼ਤਰਾ ਹੁੰਦਾ ਤਾਂ ਅਸੀਂ ਐਨੇ ਦਿਨ ਟਿਕਦੇ ਹੀ ਨਾ। ਦੂਰ ਦੂਰ ਦੇ ਪਿੰਡ ਜਾਣਦੇ ਨੇ ਕਿ ਕੈਂਪ ਚੱਲ ਰਿਹੈ। ਬੇਲੀਆਂ ਨੂੰ ਮਿਲੇ ਬਿਨਾਂ ਕੌਣ ਰਹਿ ਸਕਦੈ? ਸੋ ਚਲੇ ਆਏ।"

ਮੇਲੇ ਵਰਗਾ ਇਕੱਠ ਅਤੇ ਮੇਲੇ ਵਰਗਾ ਹੀ ਮਹੌਲ ਬਣਿਆ ਹੋਇਆ ਸੀ। ਉਹ ਝੁਰਮਟ ਮਿਲਣ-ਗਿਲਣ ਆਇਆ ਸੀ। ਕਈ ਘੰਟੇ ਬਿਤਾ ਕੇ ਵਾਪਸ ਚਲਾ ਗਿਆ। ਨੌਜਵਾਨ ਗੌਂਡ ਲੋਕ ਸਹਿਜ-ਸੁਭਾਅ ਹੀ ਲਹਿਰ ਨਾਲ ਇਕ ਮਿਕ ਹੋ ਰਹੇ ਹਨ। ਪਾਣੀ, ਜੰਗਲ ਤੇ ਭੂਮੀ ਦੀ ਜੱਦੋਜਹਿਦ ਨੇ ਉਨ੍ਹਾਂ ਨੂੰ ਗੁਰੀਲਿਆਂ ਦੇ ਨਜ਼ਦੀਕ ਲੈ ਆਂਦਾ ਹੈ। ਮੈਨੂੰ ਭਰਤਪੁਰ ਤੇ ਭੂਪਾਲ ਵਿਚ ਕਾਰਗਿਲ 'ਯੁੱਧ' ਦੌਰਾਨ ਭਰਤੀ ਹੋਣ ਵਾਲਿਆਂ ਦੀਆਂ ਭੀੜਾਂ ਉਪਰ ਪੁਲਿਸ ਦਾ ਲਾਠੀਚਾਰਜ ਕਰਨਾ ਤੇ ਗੋਲੀ ਚਲਾਉਣਾ ਚੇਤੇ ਆ ਗਿਆ। ਲੋਕਾਂ ਦੀ ਆਪਣੀ ਫ਼ੌਜੀ ਤਾਕਤ ਅਤੇ ਬੇਗਾਨੀ, ਉਪਰ ਤੋਂ ਠੋਸੀ ਗਈ, ਤਾਕਤ ਵਿਚ ਕਿੰਨਾ ਅੰਤਰ ਸੀ!



*ਮੇਲੇ ਵਰਗਾ ਇਕੱਠ ਅਤੇ ਮੇਲੇ ਵਰਗਾ ਹੀ ਮਹੌਲ ਸੀ। ਉਹ ਝੁਰਮਟ ਮਿਲਣ-ਗਿਲਣ ਆਇਆ ਸੀ। ਕਈ ਘੰਟੇ ਬਿਤਾ ਕੇ ਵਾਪਸ ਚਲਾ ਗਿਆ। ਨੌਜਵਾਨ ਗੌਂਡ ਲੋਕ ਸਹਿਜ-ਸੁਭਾਅ ਹੀ ਲਹਿਰ ਨਾਲ ਇਕ ਮਿਕ ਹੋ ਰਹੇ ਹਨ। ਪਾਣੀ, ਜੰਗਲ ਤੇ ਭੂਮੀ ਦੀ ਜੱਦੋਜਹਿਦ ਨੇ ਉਨ੍ਹਾਂ ਨੂੰ ਗੁਰੀਲਿਆਂ ਦੇ ਨਜ਼ਦੀਕ ਲੈ ਆਂਦਾ ਹੈ। ਮੈਨੂੰ ਭਰਤਪੁਰ ਤੇ ਭੂਪਾਲ ਵਿਚ ਕਾਰਗਿਲ 'ਯੁੱਧ' ਦੌਰਾਨ ਭਰਤੀ ਹੋਣ ਵਾਲਿਆਂ ਦੀਆਂ ਭੀੜਾਂ ਉਪਰ ਪੁਲਿਸ ਦਾ ਲਾਠੀਚਾਰਜ ਕਰਨਾ ਤੇ ਗੋਲੀ ਚਲਾਉਣਾ ਚੇਤੇ ਆ ਗਿਆ।*


ਰਸੋਈ ਘਰ ਦੀ ਜ਼ਿੰਮੇਵਾਰੀ ਨਿਭਾਅ ਰਿਹਾ ਗੁਰੀਲਾ ਦਿਲਚਸਪ ਕਹਾਣੀ ਵਰਗਾ ਹੈ। ਪਹਿਲਾਂ ਉਸ ਦੀ ਵੱਡੀ ਭੈਣ ਦਸਤੇ ਵਿਚ ਸ਼ਾਮਲ ਹੋਈ, ਸਾਲ ਬਾਅਦ ਉਹ ਆਣ ਮਿਲਿਆ ਅਤੇ ਦੋ ਸਾਲ ਬਾਅਦ ਉਸ ਦੀਆਂ ਦੋ ਛੋਟੀਆਂ ਭੈਣਾਂ ਵੀ ਘਰ ਨੂੰ ਅਲਵਿਦਾ ਕਹਿ ਕੇ ਇਕ ਟੁਕੜੀ ਦਾ ਹਿੱਸਾ ਬਣ ਗਈਆਂ। ਉਸ ਦੇ ਦੁਆਲੇ ਝੁਰਮਟ ਪਿਆ ਹੋਇਆ ਸੀ। ਉਹ ਇਸੇ ਹੀ ਇਲਾਕੇ ਦੇ ਕਿਸੇ ਪਿੰਡ ਵਿਚੋਂ ਸੀ। ਉਸ ਨੇ ਦੱਸਿਆ ਕਿ ਉਸ ਦੇ ਮਾਂ-ਬਾਪ ਹੁਣ ਇਕੱਲੇ ਰਹਿ ਗਏ ਹਨ, ਪਰ ਖ਼ੁਸ਼ ਹਨ।

ਤੀਰ-ਕਮਾਨ ਜਾਂ ਬੰਦੂਕ ਚਲਾਉਣਾ ਕਿਸੇ ਕਬਾਇਲੀ ਵਾਸਤੇ ਜ਼ਿਆਦਾ ਫ਼ਰਕ ਵਾਲੀ ਗੱਲ ਨਹੀਂ ਹੈ। ਉਹ ਬੰਦੂਕ ਦੇ ਹਿੱਸਿਆਂ ਨੂੰ ਅਲੱਗ ਅਲੱਗ ਕਰ ਕੇ ਸਾਫ਼ ਕਰਨਾ ਤੇ ਫਿਰ ਜੋੜ ਲੈਣਾ ਜਲਦੀ ਸਿੱਖ ਜਾਂਦੇ ਹਨ। ਬਿਨਾਂ ਸ਼ੱਕ, ਉਹ ਫ਼ੌਜੀ ਵਰਦੀ ਵਿਚ ਹੋਣ ਨੂੰ ਅਹੁਲਦੇ ਹਨ, ਪਰ ਆਪਣੀ ਨਿੱਕਰ-ਬੁਨੈਣ ਵਿਚ ਰਹਿ ਕੇ ਉਹ ਮਿਲੀਸ਼ੀਆ (ਲੋਕ-ਫ਼ੌਜ) ਦਾ ਮੈਂਬਰ ਬਣਨ ਵਿਚ ਵੀ ਘੱਟ ਮਾਣ ਮਹਿਸੂਸ ਨਹੀਂ ਕਰਦੇ। ਇਹ ਨਵੀਂ ਤਰ੍ਹਾਂ ਦੀ ਫ਼ੌਜ ਮੁੰਡਿਆਂ ਤੇ ਕੁੜੀਆਂ, ਦੋਵਾਂ ਨੂੰ ਹੀ ਲੁਭਾਉਂਦੀ ਹੈ। 'ਮੁਰਗੇ ਖਾਣੀ' ਪੁਲਿਸ ਨਾਲ ਇਸ ਦਾ ਮੁਕਾਬਲਾ ਕਰਨਾ ਉਨ੍ਹਾਂ ਸਿੱਖ ਲਿਆ ਹੈ। ਅੱਜ ਕਬਾਇਲੀ ਔਰਤ ਜਦ ਚਾਹੇ ਤੇ ਜਿੰਨਾ ਦੂਰ ਤਕ ਚਾਹੇ, ਜੰਗਲ ਵਿਚ ਬਿਨਾਂ ਕਿਸੇ ਡਰ-ਭੈਅ ਦੇ ਆਪਣਾ ਕੰਮ ਕਰਦੀ ਰਹਿ ਸਕਦੀ ਹੈ। ਤਿੱਖੜ ਦੁਪਹਿਰ ਹੈ ਕਿ ਰਾਤ ਹੈ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਜੇ ਕੋਈ ਗੁਰੀਲਾ ਟੁਕੜੀ ਉਸ ਦੇ ਇਕੱਲੇ ਹੁੰਦਿਆਂ ਉਸ ਕੋਲੋਂ ਦੀ ਗੁਜ਼ਰਦੀ ਹੈ ਤਾਂ ਉਹ ਹੋਰ ਵੀ ਸੁਰੱਖਿਅਤ ਮਹਿਸੂਸ ਕਰਦੀ ਹੈ। ਲੱਚਾ ਇਸ ਸੁਰੱਖਿਆ ਨੂੰ ਬਿਆਨ ਨਹੀਂ ਕਰ ਸਕਿਆ ਸੀ। ਉਸ ਦੀ ਉਮਰ ਅਜੇ ਛੋਟੀ ਹੈ ਜਿਹੜੀ ਅਜਿਹੇ ਮਾਮਲਿਆਂ ਬਾਰੇ ਚੇਤਨ ਨਹੀਂ ਹੋ ਸਕਦੀ। ਜੰਗਲ ਦੀ ਔਰਤ ਜੰਗਲੀ ਜਾਨਵਰ ਤੋਂ ਘਬਰਾ ਸਕਦੀ ਹੈ, ਪਰ ਜਿਹੜਾ ਦੋ ਟੰਗਾਂ ਵਾਲਾ ਜਾਨਵਰ ਉਸ ਦੀ ਜਾਨ ਦਾ ਖੌਅ ਹੋਇਆ ਕਰਦਾ ਸੀ, ਉਹ ਹੁਣ ਉਥੇ ਮੌਜੂਦ ਨਹੀਂ ਰਿਹਾ। ਬਹੁਤ ਕੁਝ ਬਦਲ ਗਿਆ ਹੈ। ਬਹੁਤ ਕੁਝ ਅਜੇ ਬਦਲੇ ਜਾਣ ਦੀ ਲੋੜ ਹੈ। ਲੋਕਾਂ ਨੂੰ ਖ਼ੁਸ਼ੀ ਇਸ ਗੱਲ ਦੀ ਹੈ ਕਿ ਅਜਿਹਾ ਉਨ੍ਹਾਂ ਦੀ ਜ਼ਿੰਦਗੀ ਵਿਚ ਪਹਿਲੀ ਵਾਰ ਹੋ ਰਿਹਾ ਹੈ। ਨਵੀਂ ਪੀੜ੍ਹੀ ਤਬਦੀਲੀ ਦੇ ਦੌਰ ਵਿਚੋਂ ਗੁਜ਼ਰ ਰਹੀ ਹੈ। ਪੁਰਾਣੀ ਵਾਸਤੇ ਇਹ ਕਰਿਸ਼ਮੇ ਵਾਂਗ ਹੈ।

ਕੋਸਾ ਦੱਸਦਾ ਹੈ ਕਿ ਕਦੇ ਸਮਾਂ ਸੀ ਜਦੋਂ ਬੰਦੂਕਾਂ ਵਾਸਤੇ ਹੱਥ ਨਹੀਂ ਸਨ ਮਿਲਦੇ। ਅੱਜ ਹਾਲਤ ਇਹ ਹੈ ਕਿ ਹੱਥ ਹਨ, ਪਰ ਹਥਿਆਰ ਨਹੀਂ ਹਨ। ਜਦ ਗੁਰੀਲੇ ਕਿਸੇ ਪਿੰਡ ਵਿਚ ਪਹੁੰਚਦੇ ਹਨ ਤਾਂ ਸਾਰਾ ਪਿੰਡ ਆਣ ਢੁੱਕਦਾ ਹੈ। ਜਦ ਉਹ ਕੈਂਪ ਲਗਾਉਂਦੇ ਹਨ ਤਾਂ ਪਿੰਡ ਵਾਰੀਆਂ ਬੰਨ੍ਹ ਲੈਂਦੇ ਹਨ। ਕਬਾਇਲੀ ਮੁੰਡੇ ਕੁੜੀਆਂ ਦੇਰ ਰਾਤ ਤੱਕ ਦਸਤਿਆਂ ਨਾਲ ਰਹਿਣਾ ਲੋਚਦੇ ਹਨ। ਦਸਤੇ ਵੱਲੋਂ ਉਨ੍ਹਾਂ ਨੂੰ ਕਹਿਣਾ ਪੈਂਦਾ ਹੈ ਕਿ ਹੁਣ ਉਹ ਵਾਪਸ ਚਲੇ ਜਾਣ, ਤਾਂ ਕਿ ਉਹ ਵੀ ਅਗਾਂਹ ਕੂਚ ਕਰ ਸਕਣ। ਉਹ ਕਬਾਇਲੀ ਜਿਨ੍ਹਾਂ ਕਦੇ ਓਪਰਿਆਂ ਉਪਰ ਵਿਸ਼ਵਾਸ ਨਹੀਂ ਸੀ ਕੀਤਾ, ਜਿਹੜੇ ਹਥਿਆਰਬੰਦ ਫ਼ੌਜੀ ਤਾਕਤ ਨੂੰ ਦੇਖ ਕੇ ਭੇਡਾਂ ਵਾਂਗ ਦੁਬਕ ਜਾਂਦੇ ਸਨ, ਅੱਜ ਇਸ ਤਾਕਤ ਨੂੰ ਦੇਖ ਕੇ ਖ਼ੁਸ਼ ਹੁੰਦੇ ਹਨ ਅਤੇ ਕਿਸੇ ਦਸਤੇ ਦੇ ਪਹੁੰਚਣ ਉਤੇ ਚੌਲ, ਸਬਜ਼ੀਆਂ ਅਤੇ ਪਾਣੀ ਚੁੱਕੀ ਤੁਰੇ ਆਉਂਦੇ ਹਨ। ਜਨਤਾ ਗੁਰੀਲਿਆਂ ਵਾਸਤੇ ਸਮੁੰਦਰ ਬਣੀ ਦਿਖਾਈ ਦਿੰਦੀ ਹੈ। ਜੰਗਲ ਵਿਚ ਵੱਖਰੀ ਤਰ੍ਹਾਂ ਦਾ ਮੰਗਲ ਸ਼ੁਰੂ ਹੈ। ਨਵੇਂ ਨਾਚ, ਨਵੇਂ ਗੀਤ, ਨਵੇਂ ਵਿਚਾਰ। ਹਰ ਚੀਜ਼ ਨਵਾਂਪਣ ਅਪਨਾ ਰਹੀ ਹੈ ਅਤੇ ਨਵੀਂ ਰੌਸ਼ਨੀ ਵਿਚ ਧੁਲ ਰਹੀ ਹੈ। ਜਦ ਪੱਤਝੜ ਵਿਚ ਰੁੱਖ ਉਦਾਸ ਹੋ ਜਾਂਦੇ ਹਨ ਤਾਂ ਹਰ ਚੀਜ਼ ਉਦਾਸ ਹੋ ਜਾਂਦੀ ਹੈ, ਪਰ ਬਹਾਰ ਆਉਣ ਉਤੇ ਜਿਵੇਂ ਹਰ ਚੀਜ਼ ਖੇੜੇ ਨਾਲ ਭਰੀ ਜਾਂਦੀ ਹੈ, ਉਸੇ ਤਰ੍ਹਾਂ ਜੰਗਲ ਦੇ ਲੋਕ ਖਿੜੇ ਹੋਏ ਨਜ਼ਰ ਆਉਂਦੇ ਹਨ। ਗ਼ਰੀਬੀ, ਬਿਮਾਰੀ ਅਤੇ ਭੁੱਖ ਦੇ ਬਾਵਜੂਦ ਉਹ ਖ਼ੁਸ਼ ਹਨ, ਕਿਉਂਕਿ ਉਹ ਆਸ ਨਾਲ ਭਰ ਰਹੇ ਹਨ, ਸੁਪਨੇ ਨੂੰ ਸਾਕਾਰ ਹੁੰਦਾ ਹੋਇਆ ਦੇਖ ਰਹੇ ਹਨ, ਪਰ ਇਸ ਖ਼ੁਸ਼ੀ ਦੀ ਕੀਮਤ ਦਿੱਤੀ ਗਈ ਹੈ, ਕੀਮਤ ਦਿੱਤੀ ਜਾ ਰਹੀ ਹੈ। ਇਸ ਕੀਮਤ ਤੋਂ ਬਿਨਾਂ ਬਹਾਰ ਨਹੀਂ ਆ ਸਕਦੀ।

ਸ਼ਾਮ ਵੇਲੇ ਪਤਾ ਲੱਗਾ ਕਿ ਦੋ ਦਿਨ ਬਾਅਦ ਮੈਂ ਖ਼ੇਮੇ ਤੋਂ ਵਿਦਾ ਹੋ ਜਾਵਾਂਗਾ। ਦੋ ਦਿਨਾਂ ਵਿਚ ਜੋ ਕੁਝ ਹੋਰ ਮੈਂ ਇਥੋਂ ਬਾਰੇ ਜਾਣਨਾ ਚਾਹਵਾਂ, ਜਾਣ ਸਕਦਾ ਹਾਂ। ਮੈਂ ਸੋਚਿਆ ਬਾਅਦ 'ਚ ਜੰਗਲ ਵਿਚ ਘੁੰਮਾਂਗਾ, ਲੋਕਾਂ ਨੂੰ ਮਿਲਾਂਗਾ, ਉਨ੍ਹਾਂ ਦੇ ਘਰਾਂ, ਖੇਤਾਂ, ਤਾਲਾਬਾਂ ਤੇ ਡੰਗਰ-ਵਾੜਿਆਂ ਦਾ ਹਾਲ ਦੇਖਾਂਗਾ। ਫੇਰ ਪਤਾ ਨਹੀਂ ਕਿਤੇ ਡੇਰਾ ਪਿਆ ਹੋਇਆ ਮਿਲੇ ਜਾਂ ਨਾ ਮਿਲੇ; ਸੋ, ਮੈਂ ਇਨ੍ਹਾਂ ਦੋ ਦਿਨਾਂ ਦਾ ਫਾਇਦਾ ਉਠਾਉਣ ਬਾਰੇ ਸੋਚਿਆ।

(ਚਲਦਾ)



# ਜ਼ੋਰਬਾ ਦਾ ਪੰਜਾਬ

## ਸੋਹਣ ਸਿੰਘ ਪਰਮਾਰ ਬਾਰੇ ਗੱਲਾਂ-ਬਾਤਾਂ

*ਜ਼ਿੰਦਗੀ ਦੇ ਵੱਖ-ਵੱਖ ਰੰਗਾਂ ਦੇ ਸ਼ੈਦਾਈ ਗੁਰਦਿਆਲ ਸਿੰਘ ਬੱਲ ਨੇ 'ਜ਼ੋਰਬਾ ਦਾ ਪੰਜਾਬ' ਵਿਚ ਕੈਨੇਡਾ ਵੱਸਦੇ ਸੋਹਣ ਸਿੰਘ ਪਰਮਾਰ ਦੇ ਬਹਾਨੇ ਜ਼ਿੰਦਗੀ ਦੀਆਂ ਬਾਤਾਂ ਪਾਈਆਂ ਹਨ। ਜ਼ੋਰਬਾ ਸੰਸਾਰ ਪ੍ਰਸਿੱਧ ਲਿਖਾਰੀ ਨਿਕੋਸ ਕਜ਼ਾਨਜ਼ੈਕਿਸ ਦੇ ਨਾਵਲ 'ਜ਼ੋਰਬਾ ਦਿ ਗਰੀਕ' ਦਾ ਮੁੱਖ ਪਾਤਰ ਹੈ ਜੋ ਮੁਹੱਬਤ ਨਾਲ ਲਬਾਲਬ ਹੈ। ਬੱਲ ਨੇ ਇਸ ਲਿਖਤ ਵਿਚ ਆਪਣੇ ਜ਼ੋਰਬਾ ਨੂੰ ਆਪਣੇ ਅੰਦਾਜ਼ ਨਾਲ ਧਿਆਇਆ ਹੈ। -ਸੰਪਾਦਕ*



ਗੁਰਦਿਆਲ ਸਿੰਘ ਬੱਲ
ਫੋਨ: 647-982-6091

ਐਤਕੀਂ ਪਾਠਕਾਂ ਨੂੰ 'ਜ਼ੋਰਬਾ ਦਾ ਪੰਜਾਬ' ਉਰਫ਼ ਸੋਹਣ ਸਿੰਘ ਪਰਮਾਰ ਨਾਲ ਮਿਲਾਉਣ ਦਾ ਮਨ ਹੈ। 'ਜ਼ੋਰਬਾ' ਜ਼ਿੰਦਗੀ ਨੂੰ ਰੱਜ ਕੇ ਜਿਉਣ ਦੀ ਸਿੱਕ, ਇੰਤਹਾ ਦੀ ਮੁਹੱਬਤ, ਹਰ ਹਾਲ ਦੋਸਤੀ ਨਿਭਾਉਣ ਦੀ ਚਾਹਤ ਦਾ ਪ੍ਰਤੀਕ ਹੈ। ਚੰਗਾ ਤਾਂ ਇਹ ਸੀ ਕਿ ਪਹਿਲਾਂ ਸੰਸਾਰ ਪ੍ਰਸਿਧ ਲਿਖਤ 'ਜ਼ੋਰਬਾ ਦਾ ਗਰੀਕ' ਬਾਰੇ ਦੱਸ ਲਿਆ ਜਾਵੇ ਜਿਸ ਤੋਂ ਇਹ ਨਾਮ ਸੁੱਝਿਆ, ਪਰ ਇਹ ਲਾਲਚ ਕਦੀ ਫਿਰ ਸਹੀ; ਫਿਲਹਾਲ ਸਿੱਧੀ ਸੋਹਣ ਦੀ ਗੱਲ ਕਰਦੇ ਹਾਂ।

ਪੰਜਾਬ ਦੀ ਨਕਸਲੀ ਲਹਿਰ ਦੇ ਮੁਢਲੇ ਕਾਰਕੁੰਨਾਂ ਨਾਲ ਮੇਰੀ ਵਿਚਾਰਧਾਰਕ ਸਾਂਝ ਤਾਂ ਨਹੀਂ ਰਹੀ ਪ੍ਰੰਤੂ ਜਜ਼ਬਾਤੀ ਅਤੇ ਦੋਸਤਾਨਾ ਸਾਂਝ ਸਦਾ ਹੀ ਰਹੀ ਹੈ। ਹਰਭਜਨ ਹਲਵਾਰਵੀ ਮੇਰਾ ਮਿੱਤਰ ਸੀ, ਕੁਲੀਗ ਸੀ ਅਤੇ ਬੌਸ ਸੀ। ਬਲਦੇਵ ਸਿੰਘ ਉਚਾ ਪਿੰਡ ਸੰਘੋਲ ਮੇਰਾ ਨੇੜੂ ਸੀ। ਬਾਬੂ ਰਾਮ ਬੈਰਾਗੀ ਉਰਫ਼ ਡਾ. ਰਜਿੰਦਰਪਾਲ ਨਾਲ ਪੂਰੇ 40 ਵਰ੍ਹੇ ਮੇਰੀ ਦੋਸਤੀ ਰਹੀ। ਕਾ. ਅਮਰ ਸਿੰਘ ਅਚਰਵਾਲ ਅਤੇ ਉਸ ਦੇ ਅਜ਼ੀਜ਼ ਉਜਾਗਰ ਲਲਤੋਂ ਨਾਲ ਮੇਰਾ ਮੁਹੱਬਤ ਦਾ ਰਿਸ਼ਤਾ ਅੱਜ ਵੀ ਕਾਇਮ ਹੈ, ਪ੍ਰੰਤੂ ਸਭ ਤੋਂ ਵਧ ਸਤਿਕਾਰ ਮੇਰੇ ਮਨ ਵਿਚ ਪੀ. ਐਸ. ਯੂ ਦੇ ਮੁਢਲੇ ਦੌਰ ਦੇ ਰੂਹੇ ਰਵਾਂ ਦਰਸ਼ਨ ਸਿੰਘ ਖਹਿਰਾ ਉਰਫ਼ ਬਾਗੀ ਸਾਹਿਬ ਲਈ ਹੀ ਸੀ ਅਤੇ ਜਾਂ ਫਿਰ ਦੂਸਰਾ ਨੰਬਰ ਕਾ. ਦਰਸ਼ਨ ਸਿੰਘ ਖੱਟਕੜ ਦਾ ਹੈ ਅਤੇ ਖੱਟਕੜ ਦਾ ਹੀ ਅੱਗੋਂ ਮੁਢਲੇ ਦਿਨਾਂ ਦਾ ਮਿੱਤਰ ਹੈ ਸਾਡਾ ਅਨੋਖਾ ਨਾਇਕ ਸੋਹਣ ਸਿੰਘ ਪਰਮਾਰ ਉਰਫ਼ 'ਜ਼ੋਰਬਾ ਦਾ ਪੰਜਾਬ'।

ਡੇਢ ਕੁ ਸਾਲ ਪਹਿਲਾਂ ਕਾ. ਖੱਟਕੜ ਇੰਗਲੈਂਡ ਆਪਣੀ ਧੀ ਕੋਲ ਆਏ ਤਾਂ ਫੋਨ ਤੇ ਅਕਸਰ ਗੱਲ ਹੁੰਦੀ ਰਹਿੰਦੀ। ਉਨ੍ਹਾਂ ਦਸਿਆ ਕਿ ਬਰੈਂਪਟਨ, ਟੋਰਾਂਟੋ ਉਨ੍ਹਾਂ ਦੇ ਵੀ ਕਈ ਮਿੱਤਰ ਹਨ ਪ੍ਰੰਤੂ ਸੰਪਰਕ ਉਹ ਸੋਚ ਕੇ ਹੀ ਕਿਸੇ ਅਜਿਹੇ ਮਿੱਤਰ ਦਾ ਦੇਣਗੇ, ਜਿਸ ਨੂੰ ਮਿਲਿਆਂ ਰੂਹ ਸਰਸ਼ਾਰ ਹੋ ਜਾਵੇ। ਪੂਰਾ ਸਾਲ ਲੰਘ ਗਿਆ, ਇਕ ਦਿਨ ਉਨ੍ਹਾਂ ਫੋਨ ਕਰਕੇ ਸੋਹਣ ਪਰਮਾਰ ਦਾ ਸੰਪਰਕ ਨੰਬਰ ਦਿੱਤਾ। ਅਗਲੇ ਦਿਨ ਹੀ ਮੈਂ ਸੋਹਣ ਪਰਮਾਰ ਨੂੰ ਫੋਨ ਕਰਕੇ ਕਾ. ਖੱਟਕੜ ਦੇ ਹਵਾਲੇ ਨਾਲ ਆਪਣਾ ਤੁਆਰਫ ਕਰਾਇਆ। ਉਸੇ ਦਿਨ ਉਹ ਮੈਨੂੰ ਮਿਲਣ ਆ ਗਿਆ। ਆਪਣੀ ਜਾਣ-ਪਛਾਣ ਕਰਵਾਉਂਦਿਆਂ ਉਸ ਕਿਹਾ ਕਿ ਕਾਮਰੇਡ ਖੱਟਕੜ ਦੀ ਪਾਰਟੀ ਜਾਂ ਨਕਸਲੀ ਵਿਚਾਰਧਾਰਾ ਦਾ ਉਸ ਨੂੰ ਕੱਖ ਪਤਾ ਨਹੀਂ। ਪ੍ਰੰਤੂ ਉਹ ਕਾਮਰੇਡ ਦੇ ਰੂਪੋਸ਼ ਹੋਣ ਤੋਂ ਪਹਿਲਾਂ ਸਾਲ 1965-66 ਵਿੱਚ 'ਸਿੱਖ ਨੈਸ਼ਨਲ ਕਾਲਜ ਬੰਗਾ' ਦੇ ਦਿਨਾਂ ਦਾ ਹੀ ਉਸ ਦਾ ਨੇੜਲਾ ਮਿੱਤਰ ਤਾਂ ਸੀ ਹੀ, ਉਸ ਦੇ ਜੇਲ੍ਹ ਜਾਣ 'ਤੇ ਉਸ ਦੇ ਕੇਸ ਦੀ ਪੈਰਵੀ ਵੀ ਉਹ ਹੀ ਕਰਦਾ ਰਿਹਾ ਸੀ। ਪਿਛਲੀ ਅੱਧੀ ਸਦੀ ਤੋਂ ਕਾ. ਖੱਟਕੜ ਦੇ ਪਰਿਵਾਰ 'ਚ ਖੁਸ਼ੀ ਜਾਂ ਗਮੀ ਦਾ ਕੋਈ ਵੀ ਮੌਕਾ ਅਜਿਹਾ ਨਹੀਂ ਸੀ, ਜਿਸ ਵਿਚ ਉਹ ਸ਼ਰੀਕ ਨਾ ਹੋਇਆ ਹੋਵੇ।

ਫਿਰ ਉਸ ਨੇ ਆਪਣੇ ਮਿੱਤਰਾਂ-ਬੇਲੀਆਂ ਦੀਆਂ ਯਾਦਾਂ ਦੀ ਸਾਲ 2015 ਦੇ ਅਖ਼ੀਰ ਜਿਹੇ 'ਚ ਛਪੀ ਪੁਸਤਕ 'ਇਕ ਵੱਖਰਾ ਸਕੰਦਰ: ਸੋਹਣ ਸਿੰਘ ਪਰਮਾਰ' ਮੇਰੇ ਮੂਹਰੇ ਧਰ ਦਿੱਤੀ ਜਿਸ ਦੇ ਸੰਪਾਦਕੀ ਮੰਡਲ 'ਚ ਸਭ ਤੋਂ ਉਪਰ ਨਾਂ ਖੱਟਕੜ ਦਾ ਸੀ।

ਕਿਤਾਬ ਫੜ ਮੈਂ 'ਪੌਣ ਕੀ ਜੇ ਵਗੇ ਨਾ; ਪਰਮਾਰ ਕੀ ਜੇ ਤੁਰੇ ਨਾ' ਉਨਵਾਨ ਹੇਠਲਾ ਉਸ ਬਾਰੇ ਕਾ. ਖਟਕੜ ਦਾ ਲੇਖ ਪੜ੍ਹਨਾ ਸ਼ੁਰੂ ਕਰ ਦਿੱਤਾ। ਲੇਖ ਦੇ ਸ਼ੁਰੂ ਵਿੱਚ ਲਿਖਿਆ ਸੀ, "ਪਰਮਾਰ ਲੰਮਾ ਸਮਾਂ ਮੇਰੇ ਲਈ ਬੁਝਾਰਤ ਹੀ ਬਣਿਆ ਰਿਹਾ। ਉਹ ਏਨਾ ਨਿਸ਼ਕਾਮ, ਨਿਰਸਵਾਰਥ, ਬੇਗਰਜ਼ ਅਤੇ ਪ੍ਰਤੀਬੱਧ ਮੱਦਦਗਾਰ ਕਿਉਂ ਹੈ? ਉਸ ਦੀ ਅਜਿਹੀ ਪ੍ਰੇਰਨਾ ਆਖਰ ਕਿਸ ਧਰਮ, ਕਿਸ ਵਿਚਾਰਧਾਰਾ ਵਿੱਚੋਂ ਆਉਂਦੀ ਹੈ?"

ਅਗੇ ਲਿਖਿਆ ਸੀ, "ਪਰਮਾਰ ਮੈਨੂੰ ਚਾਰਲਸ ਡਿਕਨਜ਼ ਦੇ ਜਗਤ ਪ੍ਰਸਿੱਧ ਨਾਵਲ 'ਟੇਲ ਆਫ ਟੂ ਸਿਟੀਜ਼' ਦਾ ਉਹ ਨਾਇਕ ਜਾਪਦਾ ਹੈ ਜੋ ਨਾਇਕਾ ਨੂੰ ਇਕ ਤਰਫਾ ਪਿਆਰ ਕਰਦੈ। ਨਾਇਕਾ ਨੂੰ ਉਸ ਨਾਲ ਮਹਿਜ਼ ਏਨਾ ਕੁ ਨੇੜ ਹੀ ਸਵੀਕਾਰ ਹੈ, ਇਸ ਤੋਂ ਵਧੇਰੇ ਨਹੀਂ। ਇਸ ਦੇ ਬਾਵਜੂਦ ਇਹ ਵਕੀਲ ਪਾਤਰ, ਉਸ ਨਾਇਕਾ ਦੇ ਦੂਸਰੇ ਪ੍ਰੇਮੀ, ਜਿਸ ਨੂੰ ਉਹ ਦਿਲੋਂ ਪਿਆਰ ਕਰਦੀ ਹੈ, ਦੀ ਗਰਦਨ ਨੂੰ ਗਿਲੋਟਾਈਨ ਹੇਠਾਂ ਜਾਣ ਤੋਂ ਬਚਾਉਣ ਲਈ ਕਿਵੇਂ ਨਾ ਕਿਵੇਂ ਖੁਦ ਉਸ ਦੀ ਕਾਲ ਕੋਠੜੀ ਵਿਚ ਵੜ ਜਾਂਦਾ ਹੈ ਅਤੇ ਉਸ ਨੂੰ ਉਥੋਂ ਭਜਾ ਦਿੰਦਾ ਹੈ। ਆਪਣੀ ਚਾਹਤ ਲਈ ਕੁਰਬਾਨ ਹੋਣ ਦਾ ਉਸ ਦਾ ਆਪਣਾ ਹੀ ਅੰਦਾਜ਼ ਹੈ।"

ਕਾ. ਖੱਟਕੜ ਦਾ ਕਹਿਣਾ ਹੈ ਕਿ ਪਰਮਾਰ ਨਾਲ ਲੰਮੇ ਸਮੇਂ ਦੇ ਮੇਲ-ਮਿਲਾਪ ਦੌਰਾਨ ਉਸ ਦੇ ਵਰਤੋਂ-ਵਿਹਾਰ ਵਿਚੋਂ ਸਦਾ ਕੋਈ ਸ਼ਿੱਦਤ ਹੀ ਨਜ਼ਰ ਆਈ ਹੈ। ਇਸ ਨਿਬੰਧ ਵਿੱਚੋਂ ਮੈਂ ਇਕ ਘਟਨਾ ਪਾਠਕਾਂ ਨਾਲ ਸਾਂਝੀ ਕਰਨੀ ਚਾਹਾਂਗਾ। ਇਸ ਘਟਨਾ ਵਿਚ ਭਲੇ ਹੀ 'ਟੇਲ ਆਫ ਦਾ ਟੂ ਸਿਟੀਜ਼' ਦੇ ਨਾਇਕ ਵਾਲੇ ਮਹਾਂ ਬਲੀਦਾਨ ਦਾ ਜਜ਼ਬਾ ਤਾਂ ਨਹੀਂ, ਪ੍ਰੰਤੂ ਆਤਮਿਕ ਹੁਸਨ ਜਾਂ ਪਾਕੀਜ਼ਗੀ ਘੱਟ ਵੀ ਨਹੀਂ ਹੈ।

70ਵਿਆਂ ਦੌਰਾਨ ਸੋਹਣ ਪਰਮਾਰ ਨੇ ਪਹਿਲਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬੌਟਨੀ ਦੀ ਐਮ. ਐਸ. ਸੀ (ਆਨਰਜ਼) ਕੀਤੀ ਅਤੇ ਫਿਰ ਉਥੇ ਹੀ ਰਹਿੰਦਿਆਂ ਪੀਐਚ ਡੀ ਦੀ ਡਿਗਰੀ ਲਈ ਤਿਆਰੀ ਕਰਦਾ ਰਿਹਾ। ਇਸ ਸਮੇਂ ਦੌਰਾਨ ਪੜ੍ਹਾਈ ਉਸ ਲਈ ਦੂਜੇ ਦਰਜ਼ੇ ਦਾ ਕੰਮ ਸੀ ਪਰ ਮੁਖ ਜ਼ਿੰਮੇਵਾਰੀ ਉਹ ਪੀ. ਜੀ. ਆਈ 'ਚ ਆਪਣੀ ਨਿਮਰ ਅਤੇ ਸਖੀ ਸਖਸ਼ੀਅਤ ਦੇ ਜ਼ੋਰ ਨਾਲ ਬਣਾਏ ਆੜੀ ਡਾਕਟਰਾਂ ਨਾਲ ਬੰਗਾ ਏਰੀਏ ਦੇ ਪਿੰਡਾਂ ਤੋਂ ਆਉਂਦੇ ਦਾਇਮੀ ਰੋਗਾਂ ਦੇ ਗਰੀਬ ਅਤੇ ਬੇਸਹਾਰਾ ਮਰੀਜ਼ਾਂ ਦੇ ਇਲਾਜ ਲਈ ਹੀ ਨਿਭਾਉਂਦਾ ਰਿਹਾ।

ਕਾ. ਖੱਟਕੜ ਅਨੁਸਾਰ ਜੇਲ੍ਹ 'ਚੋਂ ਰਿਹਾਈ ਪਿੱਛੋਂ ਦਸੰਬਰ 1973 ਤੋਂ ਜੂਨ 1975 ਵਿਚ ਐਮਰਜੈਂਸੀ ਲੱਗਣ ਤੱਕ ਪਰਮਾਰ ਕਰਕੇ ਉਸ ਨੂੰ ਵੀ ਅਨੇਕਾਂ ਵਾਰ ਅਜਿਹੀ ਜ਼ਿੰਮੇਵਾਰੀ ਨਿਭਾਉਣੀ ਪਈ। ਉਨ੍ਹਾਂ ਦੱਸਿਆ:

ਉਨ੍ਹੀਂ ਦਿਨੀਂ ਸਾਡੇ ਗਵਾਂਢੀ ਕਾਬਲ ਸੂੰਹ ਨੇ ਤਰਲਾ ਮਾਰਿਆ, "ਸਾਰੇ ਦਰ ਵੇਖ ਲਏ। ਚਮੜੀ ਗਲੀ ਜਾਂਦੀ ਹੈ। ਕਿਤਿਓਂ ਫਾਇਦਾ ਨਹੀਂ। ਹੁਣ ਤੈਨੂੰ ਹੀ ਹੱਲਾ ਮਾਰਨਾ ਪੈਣਾ ਹੈ।" ਇਸ਼ਾਰਾ ਪਰਮਾਰ ਵੱਲ ਸੀ। ਅਸੀਂ ਚਲੇ ਗਏ। ਕਾਰਡ ਬਣਾ ਓ. ਪੀ. ਡੀ 'ਚ ਦਿਖਾ, ਟੈਸਟਾਂ ਦੀ ਫੀਸ ਜਮ੍ਹਾਂ ਕਰਵਾ-ਸਭ ਕੰਮ ਕਰਵਾ ਕੇ ਪਰਮਾਰ ਤਾਂ ਲੈਬ ਲਈ ਰਵਾਨਾ ਹੋ ਗਿਆ ਅਤੇ ਅਸੀਂ ਦੋਵੇਂ ਰਿਪੋਰਟਾਂ ਲੈਂਦੇ 4 ਵਜੇ ਵਿਹਲੇ ਹੋਏ। ਡਾਕਟਰਾਂ ਅਗਲੇ ਦਿਨ ਆਉਣ ਲਈ ਆਖ ਦਿੱਤਾ। ਮੇਰੇ ਸਾਹਮਣੇ ਫਿਰ ਪੁਰਾਣਾ ਸੰਸਾ, ਪੁਰਾਣੀ ਦੁਬਿਧਾ। ਮਰੀਜ਼ ਦੇ ਘਰ ਦਿਆਂ ਨੂੰ ਸ਼ੱਕ ਸੀ ਕਿ ਉਸ ਨੂੰ ਕੋਹੜ ਹੋ ਰਿਹਾ ਹੈ। ਉਸ ਦੇ ਮੱਥੇ, ਚਿਹਰੇ ਅਤੇ ਹੱਥਾਂ 'ਚੋਂ ਪਾਣੀ ਜਿਹਾ ਰਿਸਦਾ ਸੀ। ਆਮ ਆਦਮੀ ਨੂੰ ਤਾਂ ਦੇਖ ਕੇ ਹੀ ਕਚਿਆਣ ਆਉਣ ਲਗਦੀ। ਮਰੀਜ਼ ਨੂੰ ਕਿਹੜੇ ਬਿਸਤਰੇ ਵਿਚ ਪਾਵਾਂਗੇ? ਫਿਰ ਬਿਸਤਰਾ ਕੌਣ ਸਾਫ ਕਰੂ! ਨਾ ਕੋਲ ਏਨੇ ਪੈਸੇ ਨਾ ਕੋਈ ਹੋਰ ਟਿਕਾਣਾ। ਖੈਰ! ਹੋਸਟਲ ਗਏ ਤਾਂ ਪਰਮਾਰ ਮਿਲ ਪਿਆ। ਮੈਂ ਮੁਸ਼ਕਲ ਦੱਸੀ। ਅੱਗੋਂ ਉਹੀ ਗੱਲ-ਪਰਮਾਰ ਕੀ ਤੇ ਸਮੱਸਿਆ, ਸੰਸੇ ਕੀ। ਅਖੇ "ਦਰਸ਼ਨ ਤੂੰ ਫਿਕਰ ਨਾ ਕਰ। ਵਿਚਾਰੇ ਦੀ ਹਾਲਤ ਤਾਂ ਵੇਖ। ਬਿਸਤਰੇ-ਬੁਸਤਰੇ ਮੈਂ ਸਭ ਆਪੇ ਠੀਕ ਕਰਵਾ ਲਊਂਗਾ।"

ਕਾ. ਖੱਟਕੜ ਅਨੁਸਾਰ ਉਨ੍ਹਾਂ ਕੋਲੋਂ ਇਹ ਕਹਿਣੋਂ ਰਿਹਾ ਨਾ ਗਿਆ, "ਪਰਮਾਰ ਤੇਰੀ ਐਮ. ਐਸਸੀ ਦੇ ਫਾਈਨਲ ਦਾ ਇਮਤਿਹਾਨ ਸਿਰ 'ਤੇ ਹੈ; ਤੇਰੀ ਪੜ੍ਹਾਈ ਦਾ ਨੁਕਸਾਨ ਨਾ ਹੋਊ?" ਪਰਮਾਰ ਨੇ ਗੱਲ ਵਿਚਾਲਿਓਂ ਹੀ ਕੱਟ ਛੱਡੀ।

ਕਾ. ਖੱਟਕੜ ਨੇ ਅੱਗੋਂ ਖੁਦ ਨੂੰ ਹੀ ਉਹੋ ਸਵਾਲ ਦੁਹਰਾਇਆ ਹੈ ਕਿ ਪਰਮਾਰ ਆਖਰ ਚਾਹੁੰਦਾ ਕੀ ਸੀ? ਵਿਦਿਆਰਥੀ ਚੋਣ ਉਸ ਲੜਨੀ ਨਹੀਂ ਸੀ; ਕਿਸੇ ਸਭਾ ਸੁਸਾਇਟੀ ਦਾ ਪ੍ਰਧਾਨ ਉਹ ਬਣਨਾ ਨਹੀਂ ਸੀ ਚਾਹੁੰਦਾ; ਕਾਰੋਬਾਰੀ ਉਹ ਉਜ ਹੈ ਨੀ। ਫਿਰ ਚੰਗਿਆਈ ਲਈ ਪ੍ਰੇਰਨਾ ਉਸ ਨੂੰ ਕਿਸ ਧਰਮ, ਕਿਸ ਵਿਚਾਰਧਾਰਾ ਵਿਚੋਂ ਮਿਲਦੀ ਸੀ।



ਸੋਹਣ ਸਿੰਘ ਪਰਮਾਰ ਆਪਣੀ ਪਤਨੀ ਹਰਵਿੰਦਰ ਨਾਲ

ਸੋਹਣ ਪਰਮਾਰ ਦੇ ਧਾਰਮਿਕ ਪਿਛੋਕੜ ਦੀ ਗੱਲ ਵੀ ਸੁਣ ਲਓ, ਜੋ ਉਸ ਦੇ ਅਤੇ ਖੱਟਕੜ ਦੇ ਪੁਰਾਣੇ ਮਿੱਤਰ ਅਤੇ 'ਕਨੇਡਾ ਦੇ ਗਦਰੀ ਯੋਧੇ' ਪੁਸਤਕ ਦੇ ਲੇਖਕ ਸੋਹਣ ਸਿੰਘ ਪੂਨੀ ਨੇ ਆਪਣੇ ਲੇਖ 'ਇੱਕ ਵੱਖਰਾ ਸਕੰਦਰ:ਸੋਹਣ ਪਰਮਾਰ' ਵਿਚ ਸੁਣਾਈ ਹੈ:

"ਪਰਮਾਰ ਦਾ ਪਤਾ ਨਹੀਂ ਲਗਦਾ ਕਿ ਉਹ ਸਿੱਖਾਂ ਦਾ ਮੁੰਡਾ ਹੈ ਜਾਂ ਹਿੰਦੂਆਂ ਦਾ। ਇਸ ਦਾ ਇਕ ਕਾਰਨ ਸ਼ਾਇਦ ਉਸ ਦਾ ਪਰਿਵਾਰਕ ਪਿਛੋਕੜ ਹੋਵੇ। ਸੋਹਣ ਦਾ ਪਰਿਵਾਰ ਹਿੰਦੂ ਵੀ ਹੈ ਅਤੇ ਸਿੱਖ ਵੀ। ਉਸ ਦੇ ਚਾਰ ਬਾਬਿਆਂ ਵਿੱਚੋਂ ਦੋ ਦੇ ਨਾਂ ਹਿੰਦੂਆਂ ਵਾਲੇ ਤੇ ਦੋ ਦੇ ਸਿੱਖਾਂ ਵਾਲੇ ਸਨ। ਪਿਤਾ ਦਾ ਨਾਂ ਕੰਵਰ ਸੁਖਦੇਵ ਸਿੰਘ ਤੇ ਮਾਂ ਦਾ ਨਾਂ ਸਵਰਨ ਦੇਈ, ਦਾਦੀ ਦਾ ਨਾਂ ਪਰਸਿੰਨ ਕੌਰ ਤੇ ਦਾਦੇ ਦਾ ਨਾਂ ਗੇਂਦਾ ਰਾਮ। ਸੋਹਣ ਦੇ ਪਿਤਾ ਸ਼ਰਾਬ, ਮੀਟ ਜਾਂ ਸਿਗਰਟ ਦੇ ਨੇੜੇ ਨਹੀਂ ਸੀ ਜਾਂਦੇ ਪਰ ਦਾਦਾ ਗੇਂਦਾ ਰਾਮ ਹੁੱਕਾ ਕਦੀ ਛੱਡਦਾ ਨਹੀਂ ਸੀ। ਦਾਦੇ ਦਾ ਭਰਾ ਦਿਆਲ ਸਿੰਘ ਸਿੱਖ ਸੀ। ਫ਼ੌਜ ਵਿਚ ਰਿਹਾ ਹੋਣ ਕਰਕੇ ਸ਼ਰਾਬ, ਮੀਟ ਸਭ ਕੁੱਝ ਰਗੜ ਜਾਂਦਾ ਸੀ। ਨਿੱਕੇ ਹੁੰਦਿਆਂ ਆਪਣੇ ਪਿੰਡ ਬਿਜੋਂ ਰਹਿੰਦਿਆਂ ਸੋਹਣ ਆਪਣੀ ਮਾਂ ਦਾ ਕਹਿਣਾ ਮੰਨ ਸਵੇਰੇ ਗੁਰਦੁਆਰੇ ਸੰਗਤਾਂ ਦੇ ਪੈਰ ਧੋਣ ਲਈ ਖੇਲ 'ਚ ਪਾਣੀ ਭਰਨ ਜਾਂਦਾ ਤੇ ਸ਼ਾਮ ਨੂੰ ਮੰਦਰ ਦੀਵਾ ਜਗਾਉਣ। ਆਪਣੇ ਇਸੇ ਪਿਛੋਕੜ ਕਾਰਨ ਹੀ ਸ਼ਾਇਦ ਉਹ ਸਭ ਦਾ ਸਖੀ ਸੀ।"

ਸੋਹਣ ਸਿੰਘ ਪੂਨੀ ਦੇ ਇਸ ਕਥਨ ਤੋਂ ਆਪ ਮੁਹਾਰੇ ਹੀ ਚਿੰਤਕਾਂ ਤੋਂ ਸੁਣੀਆਂ ਅਨੇਕਾਂ ਗੱਲਾਂ ਚੇਤੇ ਆ ਰਹੀਆਂ ਹਨ, ਜਿਨ੍ਹਾਂ ਵਿਚੋਂ ਕੋਈ ਅੰਗਰੇਜ਼ਾਂ ਨੂੰ, ਕੋਈ ਜਰਮਨਾਂ ਨੂੰ; ਕੋਈ ਸ਼ੀਆ ਮੁਸਲਮਾਨਾਂ ਨੂੰ ਤੇ ਕੋਈ ਸੁੰਨੀਆਂ ਨੂੰ; ਕੋਈ ਬੰਗਾਲੀਆਂ ਨੂੰ, ਕੋਈ ਜਪਾਨੀਆਂ; ਕੋਈ ਸਿੱਖਾਂ ਨੂੰ ਅਤੇ ਕੋਈ ਹਿੰਦੂਆਂ ਨੂੰ ਜਨਮ ਜਾਤ ਸ੍ਰੇਸ਼ਟ ਕਹਿਣੋਂ ਹਟਦਾ ਹੀ ਨਹੀਂ ਹੈ। ਹੋਰ ਤਾਂ ਹੋਰ ਕਈ ਮਲਵਈਆਂ ਅਤੇ ਕਈ ਮਝੈਲਾਂ ਨੂੰ ਸਾਧ ਬਿਰਤੀ ਵਾਲੇ, ਸਾਦਾ ਦਿਲ ਜਾਂ 'ਜੋਧ ਮਹਾ ਬਲ ਸੂਰ' ਦੀ ਸਮਰੱਥਾ ਵਾਲੇ ਕਹੀ ਜਾਂਦੇ ਹਨ। ਮਸਲਨ ਕੰਮੋਂ ਕੇ ਨਾਂ ਦਾ ਮੇਰਾ ਨਿੱਕਾ ਜਿਹਾ ਬੱਲਾਂ ਦਾ ਪਿੰਡ ਕਿਸੇ ਗਿਣਤੀ ਵਿਚ ਹੈ ਨਹੀਂ, ਨਾਲ ਲਗਦੇ ਬੁਤਾਲਾ, ਸਠਿਆਲਾ, ਸੇਰੋਂ, ਜੋਧੇ, ਬੱਲ ਸਰਾਂ, ਸ਼ਾਹ ਪੁਰ, ਜਮਾਲ ਪੁਰ-ਮਝੈਲ ਬੱਲਾਂ ਦੇ ਵਿਸ਼ਾਲ ਨਗਰ ਹਨ ਪਰ ਖੁਦ ਮੇਰੇ ਆਪਣੇ ਪਿੰਡ ਸਮੇਤ ਇਨ੍ਹਾਂ ਪਿੰਡਾਂ ਵਿਚੋਂ ਇਕ ਵੀ ਪਾਏਦਾਰ ਇਨਸਾਨ ਮੈਨੂੰ ਪਿਛਲੀ ਅੱਧੀ ਸਦੀ ਦੌਰਾਨ ਨਜ਼ਰ ਨਹੀਂ ਆਇਆ। ਕਿਧਰੇ ਕਿਧਰੇ, ਸਾਡੇ ਨਾਇਕ 'ਜ਼ੋਰਬਾ' ਵਰਗੇ ਇਨਸਾਨਾਂ ਨੂੰ ਛੱਡ ਕੇ। ਹੋਰ ਤਾਂ ਛੱਡੋ ਰਿਸਾਲਦਾਰ ਪ੍ਰਤਾਪ ਸਿੰਘ ਅਤੇ ਪ੍ਰਦੇਸੀ ਭਗਤ ਸਿੰਘ ਮੇਰੇ ਪਿੰਡ ਦੇ ਸਭ ਤੋਂ ਪਹਿਲੇ ਪੜ੍ਹੇ ਤਿੰਨ ਸਕੇ ਭਾਈ ਸਨ। ਉਹ 70 ਵਿਆਂ ਦੇ ਅਖ਼ੀਰ 'ਚ ਕਰੀਬ 90-90 ਵਰ੍ਹੇ ਉਮਰ ਭੋਗ ਕੇ ਪੂਰੇ ਹੋਏ। ਤਿੰਨਾਂ ਬਜ਼ੁਰਗਾਂ ਨਾਲ ਮੇਰੀ ਉਮਰ ਦੇ 25ਵੇਂ 30ਵੇਂ ਵਰ੍ਹੇ ਤੱਕ ਬਹੁਤ ਹੀ ਨੇੜਤਾ ਰਹੀ। ਭਾਰਤ ਅਤੇ ਪਾਕਿਸਤਾਨ ਤਾਂ ਕਦੀ ਕਦੀ ਆਪਸੀ ਮੋਹ ਜਤਾਉਣ ਦੀ ਮਸ਼ਕ ਕਰਦੇ ਮੈਂ ਕਈ ਵਾਰ ਵੇਖੇ ਹਨ, ਪ੍ਰੰਤੂ ਉਨ੍ਹਾਂ ਤਿੰਨਾਂ ਬਜ਼ੁਰਗਾਂ ਨੇ ਮੇਰੀ ਹੋਸ਼ ਵਿਚ ਕਦੀ ਕਲਾਮ ਤੱਕ ਵੀ ਕੀਤਾ ਨਹੀਂ ਸੀ। ਉਨ੍ਹਾਂ ਦੇ ਬੱਚੇ ਵੀ ਸਾਰੇ ਹੀ ਪੜ੍ਹੇ ਲਿਖੇ ਸਨ। ਸਾਡੇ ਕਰੀਬੀ ਮਿੱਤਰ ਸਨ ਪਰ ਉਹ ਅੱਗੋਂ ਆਪਣੇ ਬਜ਼ੁਰਗਾਂ ਤੋਂ ਵੀ ਕਈ ਗੁਣਾਂ ਵੱਧ ਨਾਕਸ ਨਿਕਲੇ। ਪਰਮਾਰ ਦੇ ਸੰਤ ਅਤੇ ਸਖੀ ਸੁਭਾਅ ਦੇ ਭੇਤ ਜਾਂ ਸੋਮਿਆਂ ਨੂੰ ਸਮਝਣ ਦੀ ਗੱਲ ਕਰਦਿਆਂ ਇਹ ਗੱਲਾਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰਨ ਨੂੰ ਦਿਲ ਕਰ ਆਇਆ। ਸੱਚ ਇਹ ਹੈ ਕਿ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਦੁਰਭਾਗ ਉਹ ਦਿਨ ਸੀ ਜਦੋਂ ਮੈਨੂੰ ਆਪਣਾ ਪਿੰਡ ਛੱਡਣਾ ਪਿਆ। ਦਰਅਸਲ ਸੋਹਣ ਵਰਗੇ ਸੋਹਣੇ ਦਿਲਾਂ ਵਾਲੇ ਇਨਸਾਨ ਹੁੰਦੇ ਹੀ ਘੱਟ ਹਨ।

ਸਵਾਲ ਇਹ ਹੈ ਪਰਮਾਰ ਦੀਆਂ ਗੱਲਾਂ ਸੁਣਦਿਆਂ ਅਤੇ ਉਸ ਬਾਰੇ ਯਾਦਾਂ ਦੀ ਕਿਤਾਬ ਵਿੱਚੋਂ ਉਸ ਦੇ ਮਿੱਤਰਾਂ, ਖਾਸ ਕਰ ਬਾਬਾ ਫਰੀਦ ਯੂਨੀਵਰਸਿਟੀ ਦੇ ਸਾਬਕਾ ਵੀ. ਸੀ ਡਾ. ਸ਼ਵਿੰਦਰ ਸਿੰਘ ਗਿੱਲ ਦਾ ਉਸ ਬਾਰੇ ਲਿਖਿਆ 'ਨਿਰਾਲਾ ਕਰਮਯੋਗੀ'; ਸਾਡੇ ਅਮਰੀਕਾ ਰਹਿੰਦੇ ਮਿੱਤਰ ਡਾ. ਜਸਬੀਰ ਸਿੰਘ ਮਾਨ ਦਾ 'ਮੇਰਾ ਮਲੰਗ ਯਾਰ', ਫਿਲਮ ਨਿਰਦੇਸ਼ਕ ਮਨਮੋਹਣ ਸਿੰਘ ਦਾ 'ਖਾਸਾਂ 'ਚੋਂ ਖਾਸ' ਅਤੇ ਖੁਦ ਉਸ ਦੀ ਪਤਨੀ ਹਰਵਿੰਦਰ ਪਰਮਾਰ ਦਾ 'ਮੇਰਾ ਨਿਵੇਕਲਾ ਪਰਮਾਰ' ਸਿਰਲੇਖ ਹੇਠਲੇ ਸਾਦਾ ਜਿਹੇ ਯਾਦ ਨਿਬੰਧ ਪੜ੍ਹਦਿਆਂ ਇਸ ਸਖਸ਼ੀਅਤ ਦਾ ਬਿੰਬ ਮੇਰੇ ਜ਼ਹਿਨ ਅੰਦਰ ਬਣਦਾ ਚਲਿਆ ਗਿਆ ਕਿ ਉਸ ਦੇ ਸੋਮਿਆਂ ਦੇ ਰਹੱਸ ਨੂੰ ਸਮਝਿਆ ਕਿੰਜ ਜਾਵੇ? ਮਨ ਅੰਦਰ ਫਿਓਦਰ ਦਾਸਤੋਵਸਕੀ ਦੇ 'ਬੁੱਧੂ' ਦਾ ਨਾਇਕ ਪ੍ਰਿੰਸ ਮਿਸ਼ਕਿਨ ਆ ਰਿਹਾ ਸੀ ਤੇ ਜਾਂ ਫਿਰ ਸਪੇਨੀ ਸਾਹਿਤ ਜਗਤ ਦੇ ਮੱਧ ਕਾਲੀ ਸਮਿਆਂ ਦੇ ਪਿਤਾਮਾ ਸਰਵਾਂਤਿਸ ਦੀ 'ਡੌਨ ਕੁਇਗਜ਼ੋਟ' ਨਾਂ ਦੀ ਜਗਤ ਪ੍ਰਸਿੱਧ ਰਚਨਾ ਦੇ ਨਾਇਕ ਦੇ 'ਕੌਤਿਕਾਂ' ਦੀਆਂ ਮਨ 'ਚ ਮੱਧਮ ਪਈਆਂ ਸਿਮਰਤੀਆਂ ਉਜਾਗਰ ਹੋ ਰਹੀਆਂ ਸਨ।

ਇਹ ਗੱਲ ਦੱਸਣੀ ਵੀ ਕੁਥਾਂ ਨਹੀਂ ਹੋਵੇਗੀ ਕਿ ਪੈਗੰਬਰ ਦਾਸਤੋਵਸਕੀ ਦੀ ਇਹ ਮਨਭਾਉਂਦੀ ਪੁਸਤਕ ਸੀ ਅਤੇ ਉਨ੍ਹਾਂ ਕਿਤੇ ਕਿਹਾ ਸੀ ਕਿ ਦੁਨੀਆਂ ਜੇ ਗਰਕਣ ਤੇ ਆ ਹੀ ਗਈ ਤੇ ਉਸ ਨੂੰ ਕੋਈ ਇਕੋ ਇਕ ਚੀਜ਼ ਬਚਾਉਣ ਦੀ ਚੋਣ ਮਿਲੇ ਤਾਂ ਉਹ ਸੋਚਣ ਲਈ ਇਕ ਛਿਣ ਵੀ ਗਵਾਏ ਬਗੈਰ 'ਡੌਨ ਕੁਇਗਜ਼ੋਟ' ਉਠਾ ਲਏਗਾ। ਦਾਸਤੋਵਸਕੀ ਨੇ 'ਪ੍ਰਿੰਸ ਮਿਸ਼ਕਿਨ' ਦੀ ਜਦੋਂ ਸਿਰਜਣਾ ਕੀਤੀ ਉਸ ਨੂੰ ਪ੍ਰੇਰਨਾ ਭਗਵਾਨ ਈਸਾ ਦੇ ਸੰਦੇਸ਼ ਦੀ ਰੂਸੀ-ਆਰਥੋਡੌਕਸ ਪੜ੍ਹਤ ਵਿਚੋਂ ਆ ਰਹੀ ਸੀ। ਪਰ ਪਰਮਾਰ ਦੀ ਸਖਸ਼ੀਅਤ ਦੇ ਸੋਮਿਆਂ ਦੀ ਟੋਹ ਲਾਉਣ ਦੀ ਦਿਸ਼ਾ ਵਿਚ ਮੇਰੀ ਪਹੇਲੀ ਤਾਂ ਹੱਲ ਨਹੀਂ ਹੋ ਰਹੀ ਸੀ।

ਖੈਰ! ਉਸ ਦਿਨ ਪਰਮਾਰ ਨੂੰ ਵਿਦਾ ਕਰਨ ਲਈ ਕਮਰੇ ਵਿਚੋਂ ਬਾਹਰ ਨਿਕਲਿਆ ਤਾਂ ਅਚਾਨਕ ਸਾਡੇ ਬੌਸ ਸੁਧੀਰ ਅਨੰਦ ਟੱਕਰ ਗਏ। ਮੈਂ ਉਨ੍ਹਾਂ ਦਾ ਤੁਆਰਫ ਕਰਵਾਉਣ ਹੀ ਲੱਗਾ ਸਾਂ ਕਿ ਉਨ੍ਹਾਂ ਨੇ ਇਹ ਕਹਿੰਦਿਆਂ ਕਿ ਇਹ ਕਿਧਰੇ ਮੇਰੇ ਅਜ਼ੀਜ਼ ਵਿਸ਼ਾਲ ਗਰੋਵਰ ਅਤੇ ਮੇਰੇ ਫਰਜ਼ੰਦ ਅਦਿੱਤਿਆ ਅਨੰਦ ਦਾ 'ਅੰਕਲ' ਪਰਮਾਰ ਤਾਂ ਨਹੀਂ, ਉਸ ਦੇ ਗੋਡਿਆਂ ਨੂੰ ਹੱਥ ਲਾ ਦਿੱਤੇ। ਬਾਅਦ ਵਿਚ ਵਿਸ਼ਾਲ ਗਰੋਵਰ ਨਾਲ ਜਦੋਂ ਮੈਂ ਪਰਮਾਰ ਬਾਰੇ ਗੱਲ ਕੀਤੀ ਤਾਂ ਉਹ ਖੱਟਕੜ ਤੋਂ ਵੀ ਪਾਰ ਦੀ ਕਹਾਣੀ ਸੀ।

ਇਸ 'ਪ੍ਰਿੰਸ ਮਿਸ਼ਕਿਨ' ਬਾਰੇ ਉਸ ਦੇ ਮਿੱਤਰ ਫਿਲਮ ਨਿਰਦੇਸ਼ਕ ਮਨਮੋਹਨ ਸਿੰਘ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਦੇ ਉਨ੍ਹੀਂ ਦਿਨੀਂ ਪਰਮਾਰ ਦਾ ਹਾਲ ਇਹ ਸੀ ਕਿ ਉਹ ਹਰੇਕ ਸਾਂਝੀ ਸਰਗਰਮੀ 'ਚ ਮੋਹਰੀ ਹੁੰਦਾ ਹੀ ਸੀ, ਕਿਸੇ ਗਰੀਬ ਵਿਦਿਆਰਥੀ ਦੀ ਕੋਈ ਗਰਜ਼ ਵੀ ਹਰ ਹੀਲੇ ਪੂਰੀ ਕਰਨ ਦੀ ਕੋਸ਼ਿਸ਼ ਕਰਦਾ। ਉਹ ਲਿਖਦਾ ਹੈ, "ਅੱਧੀ ਰਾਤੀਂ ਜੇ ਕਿਸੇ ਨੂੰ ਕੋਈ ਵੀ ਕੰਮ ਪੈਂਦਾ ਤਾਂ ਸਾਰਿਆਂ ਨੂੰ ਪਤਾ ਹੁੰਦਾ ਸੀ, ਪਰਮਾਰ ਨੂੰ ਉਠਾਓ ਉਹ ਸਾਂਭ ਲਊ!"

ਸੋਹਣ ਦੀ ਪਤਨੀ ਹਰਵਿੰਦਰ ਨੇ ਆਪਣੇ ਯਾਦ ਨਿਬੰਧ ਦੀ ਸ਼ੁਰੂਆਤ ਲੋਕ ਗੀਤ ਦੇ ਮੁਖੜੇ 'ਮਾਹੀ ਮੇਰਾ ਫੁੱਲ ਵਰਗਾ, ਜਦੋਂ ਖਿੜਦਾ ਮਹਿਕਦਾ ਚੁਫੇਰੇ' ਨਾਲ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਮੇਰਾ ਪਤੀ ਬਹੁਤ ਹੀ ਸਾਦਾ ਇਨਸਾਨ ਹੈ ਪ੍ਰੰਤੂ ਦੇਵਤਿਆਂ ਵਰਗਾ ਅਤੇ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਇਨਸਾਨ ਜ਼ਰਾ ਕੁ ਸੋਚ ਕੇ ਜਿਉਣ ਦੀ ਕੋਸ਼ਿਸ਼ ਕਰੇ ਤਾਂ ਦੇਵਤਿਆਂ ਵਰਗਾ ਬਣ ਸਕਦਾ ਹੈ; ਦੁਨੀਆਂ ਬੜੀ ਸੋਹਣੀ ਹੈ, ਇਹ ਹੋਰ ਵੀ ਸੋਹਣੀ ਬਣ ਸਕਦੀ ਹੈ!

ਪਰਮਾਰ ਦੀ ਬੇਮਿਸਾਲ ਆਤਮਿਕ ਪੂੰਜੀ ਦੇ ਸੋਮੇ ਨੂੰ ਜਾਨਣ ਲਈ ਜਦੋਂ ਮੈਂ ਪੁੱਛਿਆ ਕਿ ਉਹ ਕਿਸ ਧਰਮ, ਕਿਸ ਵਿਚਾਰਧਾਰਾ ਤੋਂ ਉਸ ਨੂੰ ਪ੍ਰੇਰਨਾ ਮਿਲਦੀ ਹੈ, ਤਾਂ ਨਿੰਮਾ ਜਿਹਾ ਮੁਸਕਰਾਉਂਦਿਆਂ ਦੱਸਿਆ ਕਿ ਉਹ ਬਚਪਨ ਤੋਂ ਲੈ ਕੇ ਅੱਜ ਤੱਕ ਘਰ ਲਾਗਲੇ ਗੁਰੂ ਘਰ ਵਿੱਚ ਪੂਰੀ ਸ਼ਰਧਾ ਨਾਲ ਜਾਂਦਾ ਹੈ ਅਤੇ ਮੌਕਾ ਮਿਲੇ ਤਾਂ ਮੰਦਰ ਵਿਚ ਵੀ ਸਿਰ ਨਿਵਾ ਆਉਂਦਾ ਹੈ। ਇਸ ਤੋਂ ਵੱਧ ਉਸ ਕਦੀ ਸੋਚਿਆ ਹੀ ਨਹੀਂ। ਕਾ. ਖੱਟਕੜ ਨਾਲ ਉਸ ਦਾ ਪੱਕਾ ਯਰਾਨਾ ਹੈ ਪ੍ਰੰਤੂ ਉਸ ਦੀ ਨਕਸਲੀ ਵਿਚਾਰਧਾਰਾ ਦਾ ਉਸ ਨੂੰ ਕੱਖ ਪਤਾ ਨਹੀਂ।

ਮੈਂ ਦੱਸਣ ਦੀ ਕੋਸ਼ਿਸ਼ ਕੀਤੀ ਤਾਂ ਉਸ ਟੋਕ ਦਿੱਤਾ ਕਿ ਮੈਨੂੰ ਪਤਾ ਲੱਗ ਗਿਆ ਹੈ, ਲੋੜਵੰਦ ਦੀ ਮੱਦਦ ਕਰਨੀ ਹੈ; ਕਿਸੇ ਦਾ ਬੁਰਾ ਨਹੀਂ ਕਰਨਾ ਅਤੇ ਸੱਚ ਨੂੰ ਸੱਚ ਕਹਿਣ ਦੀ ਕੋਸ਼ਿਸ਼ ਕਰਨੀ ਹੈ-ਜੇ ਇਹੋ ਹੀ ਹੈ ਤਾਂ ਮੈਨੂੰ ਪਤਾ ਹੈ। ਇਹੋ ਗੱਲ ਮੇਰੀ ਮਾਂ ਅਤੇ ਪਿਤਾ ਨੇ ਦੱਸੀ ਸੀ, ਉਦੋਂ ਤੋਂ ਹੀ ਮੈਂ ਪੱਲੇ ਬੰਨ੍ਹੀ ਹੋਈ ਹੈ।

ਹਰਵਿੰਦਰ ਆਪਣੇ ਨਿਬੰਧ ਵਿਚ ਲਿਖਦੀ ਹੈ, ਉਹ ਜੋ ਵੀ ਕੰਮ ਕਰਦੇ, ਮੇਰੇ ਤੋਂ ਵੀ ਸਲਾਹ ਲੈਂਦੇ ਹਨ। ਮੁਸੀਬਤ ਵਿਚ ਫਸੇ ਬੰਦੇ ਦੀ ਮੱਦਦ ਕਰਕੇ ਖੁਸ਼ੀ ਮਹਿਸੂਸ ਕਰਦੇ ਹਨ। ਝਗੜੇ ਵਾਲੇ ਮਾਮਲਿਆਂ ਵਿਚ ਹਮੇਸ਼ਾ ਸੱਚੀ ਧਿਰ ਦਾ ਸਾਥ ਦਿੰਦੇ ਹਨ ਤੇ ਝੂਠੀ ਧਿਰ ਦੇ ਗੁੱਸੇ ਦੀ ਪ੍ਰਵਾਹ ਨਹੀਂ ਕਰਦੇ; ਭਾਵੇਂ ਕਿੰਨੇ ਵੀ ਪੁਰਾਣੇ ਅਤੇ ਗੂੜ੍ਹੇ ਰਿਸ਼ਤੇ ਹੋਣ। ਇਹ ਸਿਰਫ ਮਨੁੱਖੀ ਕਦਰਾਂ-ਕੀਮਤਾਂ ਦੀ ਪ੍ਰਵਾਹ ਕਰਦੇ ਹਨ, ਰਿਸ਼ਤਿਆਂ ਦੀ ਨਹੀਂ।

ਪਰਮਾਰ ਦੀਆਂ ਸਹਿਯੋਗੀ ਅਧਿਆਪਕਾਵਾਂ-ਕੈਥੀ ਜੋਨਜ਼ ਤੇ ਲਿੰਡਾ ਪਿਕਸਲੀ ਨੇ 'ਇਕ ਆਦਰਸ਼ ਅਧਿਆਪਕ: ਸੋਹਣ ਪਰਮਾਰ' ਸਿਰਲੇਖ ਹੇਠ ਆਪਣੇ ਸਾਂਝੇ ਯਾਦ ਨਿਬੰਧ ਦੀ ਸ਼ੁਰੂਆਤ ਇਉਂ ਕੀਤੀ ਹੈ, "ਅਸੀਂ ਸੋਹਣ ਸਿੰਘ ਪਰਮਾਰ ਨਾਲ ਕਰੀਬ 14 ਸਾਲ ਕੰਮ ਕੀਤਾ ਹੈ। ਉਸ ਜਿਡਾ ਦਇਆਵਾਨ ਬੰਦਾ ਅਜੇ ਤੱਕ ਨਹੀਂ ਦੇਖਿਆ।"

ਬਿਹਤਰ ਹੈ, ਪਰਮਾਰ ਦੀਆਂ ਸਾਥਣਾਂ ਦੀ ਇਸੇ ਗਵਾਹੀ ਨਾਲ ਆਪਣੇ 'ਜ਼ੋਰਬਾ ਦਾ ਪੰਜਾਬ' ਬਾਰੇ ਇਸ 'ਰੇਖਾ ਚਿੱਤਰ' ਨੂੰ ਮੁਕਾ ਦਿੱਤਾ ਜਾਵੇ।

# ਹੋਂਦ ਦੀ ਲੜਾਈ ਵਿਚ ਸ਼ਬਦ ਨਾਲ ਲੈਸ ਯੋਧੇ ਹੀ ਹੋਣਗੇ ਝੰਡਾ ਬਰਦਾਰ

ਮੂਲ ਖਿੱਤੇ ਵਿਚ ਆਪਣੀ ਸਦੀਆਂ ਪੁਰਾਣੀ ਹੋਂਦ ਨੂੰ ਬਣਾਈ ਰੱਖਣ ਅਤੇ ਪਰਦੇਸਾਂ ਵਿਚ ਆਪਣੀ ਵਿਲੱਖਣ ਪਹਿਚਾਣ ਨੂੰ ਬਣਾਈ ਰੱਖਣ ਹਿਤ ਪੰਜਾਬੀ ਕੌਮ ਦੇ ਸਨਮੁੱਖ ਅਨੇਕਾਂ ਚੁਣੌਤੀਆਂ ਹਨ। ਮਸਲਨ ਹੋਰਨਾਂ ਸਭਿਆਚਾਰਾਂ ਦੇ ਪ੍ਰਭਾਵ ਹੇਠ ਆਪਣੇ ਮੂਲ ਤੋਂ ਦੂਰ ਹੋਣ ਦੀ ਸਮੱਸਿਆ। ਦੂਰ-ਦੁਰੇਡੇ ਬਿਗਾਨੇ ਮੁਲਕਾਂ ਵਿਚ ਪਰਵਾਸ ਭੋਗ ਰਹੇ ਪੰਜਾਬੀਆਂ ਨੂੰ ਉਥੋਂ ਦੇ ਸਥਾਨਕ ਸਭਿਆਚਾਰ ਨਾਲ ਸਿੱਧਾ ਸੰਪਰਕ ਕਾਇਮ ਕਰਨਾ ਪੈਂਦਾ ਹੈ। ਆਪਣੀਆਂ ਕਾਰੋਬਾਰੀ ਲੋੜਾਂ ਦੇ ਮੱਦੇਨਜ਼ਰ ਉਨ੍ਹਾਂ ਲਈ ਅਜਿਹਾ ਕਰਨਾ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਉਹ ਜਿਸ ਧਰਤੀ 'ਤੇ ਵਸ ਕੇ ਰੋਜ਼ੀ ਰੋਟੀ ਦੀਆਂ ਲੋੜਾਂ ਪੂਰੀਆਂ ਕਰਦੇ



**ਡਾ. ਦੀਪਕ ਮਨਮੋਹਨ ਸਿੰਘ***
**ਫੋਨ: 91-98762-00380**

ਹਨ, ਉਥੋਂ ਦੇ ਢਾਂਚੇ ਵਿਚ ਸਹਿਜ ਨਾਲ ਸਮਾਉਣ ਲਈ ਅਜਿਹਾ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਸਮਾਉਣ ਦੀ ਪ੍ਰਕਿਰਿਆ ਵਿਚ ਭਾਸ਼ਾ ਇਕ ਅਹਿਮ ਰੋਲ ਅਦਾ ਕਰਦੀ ਹੈ। ਕਿਸੇ ਵੀ ਪਹਾੜ ਵਰਗੇ ਅਜਨਬੀ ਕਲਚਰ ਵਿਚ ਘੁਸਣ ਅਤੇ ਉਸ ਦੇ ਪਾਰ ਜਾਣ ਵਿਚ ਭਾਸ਼ਾ ਇਕ ਸੁਰੰਗ ਵਾਂਗ ਕਾਰਜ ਕਰਦੀ ਹੈ। ਭਾਸ਼ਾ ਦੇ ਜ਼ਰੀਏ ਹੀ ਕਿਸੇ ਮਨੁੱਖ, ਕੌਮ ਜਾਂ ਢਾਂਚੇ ਦੇ ਵਧੇਰੇ ਨੇੜੇ ਹੋਇਆ ਜਾ ਸਕਦਾ ਹੈ। ਸਿਸਟਮ ਇਸ ਨੁਕਤੇ ਨੂੰ ਬਾਖੂਬੀ ਸਮਝਦਾ ਹੈ। ਇਸੇ ਲਈ ਹੀ ਤਾਂ ਆਈਲੈਟਸ ਜਾਂ ਟੋਇਫਿਲ ਵਰਗੇ ਟੈਸਟਾਂ ਰਾਹੀਂ ਰਸਮੀ ਰੂਪ ਵਿਚ ਅੰਗਰੇਜ਼ੀ ਸਿੱਖ ਕੇ ਹੀ ਅੰਗਰੇਜ਼ੀ ਬੋਲਣ ਵਾਲੇ ਮੁਲਕਾਂ ਵਿਚ ਪੱਕਿਆਂ ਪ੍ਰਵੇਸ਼ ਕਰਵਾਇਆ ਜਾਂਦਾ ਹੈ ਤਾਂ ਕਿ ਉਸ ਪ੍ਰਵੇਸ਼ ਕਰਨ ਵਾਲੇ ਨੂੰ ਕਿਸੇ ਵੀ ਤਰ੍ਹਾਂ ਦੀ ਸੰਚਾਰ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਸੋ ਜਿੱਥੇ ਆਪਣੀਆਂ ਆਰਥਿਕ ਲੋੜਾਂ ਦੀ ਪੂਰਤੀ ਹਿਤ ਪਰਵਾਸ ਇਕ ਮਜਬੂਰੀ ਹੈ, ਉਥੇ ਹੀ ਪਰਵਾਸ ਹੰਢਾਉਂਦੇ ਡਾਇਸਪੋਰਾ ਲਈ ਸਥਾਨਕ ਭਾਸ਼ਾ ਅਤੇ ਸਭਿਆਚਾਰ ਨਾਲ ਸਿੱਧਾ ਰਾਬਤਾ ਬਣਾਉਂਦਿਆਂ ਉਸ ਦੀਆਂ ਅਨੇਕ ਵਿਲੱਖਣਤਾਵਾਂ ਨੂੰ ਆਪਣੇ ਮੂਲ ਵਿਚ ਸਮਾਉਣਾ ਵੀ ਮਜਬੂਰੀ ਬਣ ਜਾਂਦਾ ਹੈ।

ਇਸ ਗੱਲ ਨੂੰ ਸੁਰਜੀਤ ਪਾਤਰ ਦੀ 'ਪਿੱਛੇ ਪਿੱਛੇ ਰਿਜ਼ਕ ਦੇ, ਆਇਆ ਨੰਦ ਕਿਸ਼ੋਰ' ਵਾਲੀ ਕਵਿਤਾ ਦੇ ਹਵਾਲੇ ਨਾਲ ਹੋਰ ਵੀ ਸੌਖਿਆਂ ਸਮਝਿਆ ਜਾ ਸਕਦਾ ਹੈ। ਭਾਵ ਜੇ ਨੰਦ ਕਿਸ਼ੋਰ ਦੇ ਪਰਿਵਾਰ ਦੀਆਂ ਖੁਸ਼ੀਆਂ ਅਤੇ ਅਕਾਂਖਿਆਵਾਂ ਯੂ.ਪੀ. ਬਿਹਾਰ ਤੋਂ ਆ ਕੇ ਪੰਜਾਬ ਵਿਚ ਪੱਕਿਆਂ ਵਸਣ ਨਾਲ ਜੁੜੀਆਂ ਹਨ ਤਾਂ 'ਲੁਧਿਆਣੇ' ਵਿਚ ਪੱਕੇ ਅਤੇ ਸਹਿਜ ਵਸੇਬੇ ਦੀ ਗਾਰੰਟੀ ਲਈ ਉਸ ਦੀ ਧੀ ਨੂੰ ਹਰ ਹਾਲਤ ਵਿਚ ਊੜੇ ਐੜੇ ਨਾਲ ਸਾਂਝ ਪਾਉਣੀ ਹੀ ਪਵੇਗੀ। ਇਸੇ ਸੱਚ ਨੂੰ ਭਾਂਪਦਿਆਂ ਹੀ ਨੰਦ ਕਿਸ਼ੋਰ ਆਪਣੀ ਉਸ ਬੇਟੀ ਨੂੰ ਪੰਜਾਬੀ ਸਕੂਲ ਵਿਚ ਪੜ੍ਹਨੇ ਪਾਉਂਦਾ ਹੈ।

ਦੂਸਰੇ ਪਾਸੇ ਇਸੇ ਸੱਚ ਦੀ ਲੋਅ ਵਿਚ ਹੀ ਕਵਿਤਾ ਦਾ ਦੂਸਰਾ ਪਾਤਰ ਅੱਛਰ ਸਿੰਘ ਆਪਣੇ ਪੋਤਿਆਂ ਨੂੰ ਕਾਨਵੈਂਟ ਸਕੂਲ ਵਿਚ ਲਿਜਾ ਕੇ ਉਨ੍ਹਾਂ ਦੀ ਸਾਂਝ 'ਏ ਬੀ ਸੀ ਡੀ' ਨਾਲ ਪੁਆਉਂਦਾ ਹੈ। ਸੋ ਇਹ ਆਦਾਨ-ਪ੍ਰਦਾਨ ਪਰਵਾਸ ਦੀ ਲੋੜ ਹੁੰਦੀ ਹੈ। ਇਸੇ ਤਰ੍ਹਾਂ ਸਭਿਆਚਾਰਕ ਆਦਾਨ-ਪ੍ਰਦਾਨ ਦੇ ਕਾਰਨਾਂ ਵਿਚੋਂ ਪਰਵਾਸ ਤੋਂ ਇਲਾਵਾ ਇਕ ਕਾਰਨ ਵਿਸ਼ਵੀਕਰਨ ਵੀ ਹੈ। ਅਜ ਮੀਡੀਆ ਰਾਹੀਂ ਘਰ ਬੈਠਿਆਂ ਹੀ ਹਰ ਮਨੁੱਖ ਪੂਰੀ ਦੁਨੀਆਂ ਦੇ ਸੰਪਰਕ ਵਿਚ ਹੈ। ਇਸ ਤੋਂ ਇਲਾਵਾ ਹੋਰ ਬੜੇ ਕਾਰਨ ਹਨ ਜਿਸ ਕਾਰਨ ਦੁਨੀਆਂ ਭਰ ਦੀਆਂ ਕਈ ਕੌਮਾਂ ਆਪਣੀ ਵਿਲੱਖਣ ਪਹਿਚਾਣ ਤੋਂ ਇਕ ਸਾਂਝੇ ਅਤੇ ਵੱਡੇ ਸਭਿਆਚਾਰਾਂ ਵਲ ਝੁਕਦੀਆਂ ਨਜ਼ਰ ਆਉਂਦੀਆਂ ਹਨ।

ਪੰਜਾਬੀ ਕੌਮ ਦੇ ਸਬੰਧ ਵਿਚ ਵੀ ਕੁਝ ਇਸ ਤਰ੍ਹਾਂ ਹੀ ਹੁੰਦਾ ਜਾਪਦਾ ਹੈ। ਕਿਤੇ ਕਿਤੇ ਤਾਂ ਵਿਦੇਸ਼ੀਂ ਵਸਦੇ ਪੰਜਾਬੀਆਂ ਦੀਆਂ ਨਵੀਆਂ ਪੀੜ੍ਹੀਆਂ ਆਪਣੀ ਮੂਲ ਪਛਾਣ 'ਤੇ ਫਖਰ ਮਹਿਸੂਸ ਕਰਦੀਆਂ ਵੀ ਨਹੀਂ ਜਾਪਦੀਆਂ। ਇਸ ਸੰਤਾਪ ਨੂੰ ਹੀ ਉਨ੍ਹਾਂ ਦੀਆਂ ਵੱਡੀਆਂ ਪੀੜ੍ਹੀਆਂ ਹੰਢਾ ਰਹੀਆਂ ਹਨ। ਸਥਿਤੀ ਦਿਨ-ਬ-ਦਿਨ ਗੰਭੀਰ ਹੁੰਦੀ ਜਾ ਰਹੀ ਹੈ। ਚਿੰਤਾ ਦੀ ਗੱਲ ਇਹ ਹੈ ਕਿ ਇਹ ਮਸਲਾ ਭਵਿੱਖ ਵਿਚ ਹੋਰ ਵੀ ਗਹਿਰਾ ਹੋ ਸਕਦਾ ਹੈ। ਡਰ ਵਾਲੀ ਗੱਲ ਇਹ ਹੈ ਕਿ ਇਸ ਤੋਂ ਅਗਲੇਰੀ ਪੀੜ੍ਹੀ ਨੇ ਸ਼ਾਇਦ ਆਪਣੇ ਪੰਜਾਬੀ ਹੋਣ 'ਤੇ ਮਾਣ ਤਾਂ ਕੀ ਕਰਨੈ ਬਲਕਿ ਇਸ ਹੋਂਦ ਨੂੰ ਛੁਪਾਉਣ ਵਿਚ ਹੀ ਬਿਹਤਰੀ ਸਮਝਣੀ ਹੈ। ਇਸ ਵਰਤਾਰੇ ਦੀ ਗਹਿਰਾਈ ਨੂੰ ਸਮਝਦਿਆਂ ਇਹ ਜ਼ਰੂਰੀ ਹੈ ਕਿ ਇਸ ਦਿਸ਼ਾ ਵਿਚ ਹੁਣੇ ਤੋਂ ਗੰਭੀਰ ਚਿੰਤਨ ਹੋ ਸਕੇ। ਇਸ ਸਭ ਲਈ ਹੀ ਤਾਂ ਕਾਨਫਰੰਸਾਂ, ਸੈਮੀਨਾਰਾਂ, ਗੋਸ਼ਟੀਆਂ ਆਦਿ ਦਾ ਆਯੋਜਨ ਬਹੁਤ ਜ਼ਰੂਰੀ ਬਣ ਜਾਂਦਾ ਹੈ ਤਾਂ ਕਿ ਰਸਮੀ ਰੂਪ ਵਿਚ ਇਸ ਚਿੰਤਨ ਦੀ ਸ਼ੁਰੂਆਤ ਹੋ ਸਕੇ।

ਵਿਦੇਸ਼ੀਂ ਵਸਦੇ ਡਾਇਸਪੋਰਾ ਵਿਚ ਸਿਰਫ ਲੇਖਕ ਜਾਂ ਬੁੱਧੀਜੀਵੀ ਹੀ ਸ਼ਾਮਲ ਨਹੀਂ ਬਲਕਿ ਵਖ-ਵਖ ਖੇਤਰਾਂ ਦੇ ਲੋਕ ਸ਼ਾਮਲ ਹਨ। ਇਨ੍ਹਾਂ ਖੇਤਰਾਂ ਵਿਚ ਕਾਰਜਸ਼ੀਲ ਕਾਮੇ ਜਿਨ੍ਹਾਂ ਵਿਚ ਕਾਸ਼ਤਕਾਰ, ਟਰਾਂਸਪੋਰਟ, ਡਾਕਟਰ ਅਤੇ ਵਖ-ਵਖ ਫਰੈਂਚਾਇਜ਼ ਨਾਲ ਸਬੰਧਤ ਸਟੋਰਾਂ ਦੇ ਮਾਲਕ ਅਤੇ ਸਟੋਰਾਂ 'ਤੇ ਕੰਮ ਕਰਦੇ ਕਾਰਿੰਦੇ ਆਦਿ ਸ਼ਾਮਲ ਹਨ। ਜਿਥੇ ਵਪਾਰ ਜਾਂ ਖੇਤੀ ਖੇਤਰ ਵਿਚ ਸਾਡੀ ਕੌਮ ਦੇ ਇਨ੍ਹਾਂ ਬੰਦਿਆਂ ਨੇ ਲੋਹਾ ਮੰਨਵਾਇਆ ਹੈ, ਉਥੇ ਡਾਕਟਰੀ, ਇੰਜੀਨੀਅਰਿੰਗ, ਟਰਾਂਸਪੋਰਟ, ਸਿੱਖਿਆ ਆਦਿ ਖੇਤਰਾਂ ਵਿਚ ਵੀ ਅਨੇਕਾਂ ਮੱਲਾਂ ਮਾਰੀਆਂ ਹਨ। ਪਰ ਮਸਲਾ ਇਹ ਹੈ ਕਿ ਭਾਸ਼ਾਈ ਪਛਾਣ ਦੇ ਬਚਾਅ ਹਿਤ ਇਹ ਸਾਰੀਆਂ ਧਿਰਾਂ ਭਾਵੇਂ ਚੇਤੰਨ ਤਾਂ ਆਪੋ ਆਪਣੀ ਪੱਧਰ 'ਤੇ ਹਨ ਪਰ ਹਰੇਕ ਧਿਰ ਵਿਚ ਐਨਾ ਮਾਦਾ ਨਹੀਂ ਹੁੰਦਾ ਕਿ ਉਹ ਇਸ ਮਸਲੇ 'ਤੇ ਖੁੱਲ੍ਹ ਕੇ ਗੱਲ ਕਰ ਸਕੇ। ਇਸ ਲਿਹਾਜ਼ ਨਾਲ ਇਹ ਜ਼ਿੰਮੇਵਾਰੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਸਿੱਧੇ ਚਿੰਤਨ ਵਾਲਿਆਂ ਦੇ ਸਿਰ ਹੀ ਆ ਜਾਂਦੀ ਹੈ।

ਜੰਗ ਹਥਿਆਰਾਂ ਨਾਲ ਹੀ ਜਿੱਤੀ ਜਾਂਦੀ ਹੈ। ਹਥਿਆਰ ਜਿੰਨੇ ਤਿੱਖੇ ਤੇ ਤੇਜ਼ਧਾਰ ਹੋਣ, ਉਨੇ ਹੀ ਕਾਰਗਰ ਸਿੱਧ ਹੁੰਦੇ ਹਨ। ਖੁੰਢੇ ਅਤੇ ਪੁਰਾਣੇ ਹਥਿਆਰਾਂ ਨਾਲ ਨਾ ਹੀ ਜੰਗਾਂ ਲੜੀਆਂ ਅਤੇ ਨਾ ਹੀ ਜਿੱਤੀਆਂ ਜਾ ਸਕਦੀਆਂ ਹਨ। ਪੰਜਾਬੀਅਤ ਦੀ ਪਛਾਣ ਨੂੰ ਇਸੇ ਤਰ੍ਹਾਂ ਕਾਇਮ ਦਾਇਮ ਰੱਖਣਾ ਵੀ ਇਕ ਜੰਗ ਹੀ ਹੈ। ਇਸ ਜੰਗ ਵਿਚ ਵਰਤੇ ਜਾਣ ਵਾਲੇ ਹਥਿਆਰ ਸ਼ਬਦ ਹਨ। ਜੇ ਸਾਡੇ ਕੋਲ ਸ਼ਬਦ ਨਹੀਂ ਤਾਂ ਅਸੀਂ ਤਰਕ ਨਹੀਂ ਸਿਰਜ ਸਕਦੇ। ਬਗੈਰ ਤਰਕ ਦੇ ਕੁਝ ਵੀ ਮੰਨਵਾਉਣਾ ਜਾਂ ਸਿੱਧ ਕਰਨਾ ਅਸੰਭਵ ਹੈ। ਅਜਿਹਾ ਵੀ ਨਹੀਂ ਕਿ ਇਹ ਜੰਗ ਸਿਰਫ ਇਨ੍ਹਾਂ ਸ਼ਬਦ ਵਾਲਿਆਂ ਦੇ ਮੋਢੇ 'ਤੇ ਬੰਦੂਕ ਚਲਾਉਣ ਵਾਂਗ ਸਿਰਫ ਉਨ੍ਹਾਂ ਦੇ ਬਲਬੂਤੇ ਹੀ ਲੜੀ ਜਾਣੀ ਚਾਹੀਦੀ ਹੈ। ਮੇਰਾ ਇਸ਼ਾਰਾ ਉਸ ਧਿਰ ਨੂੰ ਬਲਦੀ ਦੇ ਬੁੱਥੇ ਦੇ ਕੇ ਬਾਕੀ ਧਿਰਾਂ ਨੂੰ ਬਰੀ ਕਰਨ ਵੱਲ ਬਿਲਕੁਲ ਨਹੀਂ। ਮੇਰਾ ਭਾਵ ਤਾਂ ਸਿਰਫ ਇਹ ਹੈ ਕਿ ਇਸ ਵੱਡੀ ਜੰਗ ਦੀ ਸੁਚੱਜੀ ਰਣਨੀਤੀ ਇਹੋ ਹੋਵੇਗੀ ਕਿ ਪਹਿਲੀ ਕਤਾਰ ਵਿਚ ਉਨ੍ਹਾਂ ਨੂੰ ਹੀ ਤਾਇਨਾਤ ਕੀਤਾ ਜਾਵੇ ਜਿਨ੍ਹਾਂ ਕੋਲ ਤਿੱਖੇ ਹਥਿਆਰ ਹਨ ਅਤੇ ਜਿਨ੍ਹਾਂ ਨੂੰ ਇਹ ਹਥਿਆਰ ਸੁਚੱਜ ਅਤੇ ਨਿਪੁੰਨਤਾ ਨਾਲ ਚਲਾਉਣੇ ਆਉਂਦੇ ਹੋਣ। ਇਥੇ ਇਸ ਨੁਕਤੇ ਬਾਰੇ ਸਪਸ਼ਟ ਹੋਣਾ ਵੀ ਅਤਿ ਜ਼ਰੂਰੀ ਹੈ ਕਿ ਹਥਿਆਰ ਦਾ ਕੋਲ ਹੋਣਾ ਹੀ ਕਾਫੀ ਨਹੀਂ ਹੁੰਦਾ ਬਲਕਿ ਇਸ ਨੂੰ ਵਰਤਣ ਦੀ ਸਮਝ ਅਤੇ ਸੂਝ ਵੀ ਲੋੜੀਂਦੀ ਹੈ।

ਬੇਅਕਲ ਅਤੇ ਬੁੱਧੀਹੀਣ ਤਾਂ ਦੁਸ਼ਮਣਾਂ ਦੀ ਸ਼ਨਾਖਤ ਕੀਤੇ ਬਿਨਾ ਇਨ੍ਹਾਂ ਹਥਿਆਰਾਂ ਨਾਲ ਆਪਣਿਆਂ 'ਤੇ ਵੀ ਵਾਰ ਕਰ ਸਕਦੇ ਹਨ। ਉਚਿਤ ਸ਼ਬਦਾਂ ਵਿਚ ਰੱਖਿਆ ਤਰਕ ਹੀ ਚੰਗ ਮੰਦ ਬਾਰੇ ਜਾਗ੍ਰਿਤ ਕਰ ਸਕਦਾ ਹੈ। ਜੇ ਤਰਕ ਹੈ ਤਾਂ ਹੀ ਆਪਣੀ ਪਛਾਣ ਨੂੰ ਕਾਇਮ-ਦਾਇਮ ਰੱਖਣ ਦੀ ਵਕਾਲਤ ਕੀਤੀ ਜਾ ਸਕਦੀ ਹੈ। ਤਰਕ ਦੇ ਸਹਾਰੇ ਹੀ ਆਪਣੀ ਪਛਾਣ ਦੇ ਇਤਿਹਾਸ ਨੂੰ ਆਧਾਰ ਬਣਾ ਕੇ ਇਸ ਦੀ ਅਹਿਮੀਅਤ ਨੂੰ ਪਛਾਣਿਆ ਜਾ ਸਕਦਾ ਹੈ।

ਸ਼ਬਦ ਨਾਲ ਲੈਸ ਇਸ ਧਿਰ ਕੋਲ ਜੇ ਇਹ ਹਥਿਆਰ ਹੈ ਤਾਂ ਦੂਸਰੀ ਧਿਰ ਕੋਲ ਸਾਧਨਾਂ ਦੀ ਬਹੁਤਾਤ ਹੈ। ਉਨ੍ਹਾਂ ਦੇ ਲੜਨ ਦਾ ਮੁਹਾਜ਼ ਆਪਣਾ ਹੈ। ਉਸ ਮੁਹਾਜ਼ 'ਤੇ ਉਹ ਹੀ ਲੜ ਸਕਦੇ ਹਨ। ਵੱਡੀਆਂ ਕਾਨਫਰੰਸਾਂ ਕਰਨ ਤੋਂ ਲੈ ਕੇ ਵੱਡੇ ਅਤੇ ਮਹਿੰਗੇ ਪ੍ਰਾਜੈਕਟਾਂ ਦਾ ਵਿੱਤੀ ਬੋਝ ਆਪਣੇ ਮੋਢਿਆਂ 'ਤੇ ਚੁੱਕਣਾ ਜਾਂ ਫਿਰ ਸਰਕਾਰੇ-ਦਰਬਾਰੇ ਆਪਣੀ ਪਹੁੰਚ ਦੀ ਵਰਤੋਂ ਕਰਦਿਆਂ ਇਸ ਦਿਸ਼ਾ ਵਿਚ ਮਦਦ ਕਰਨਾ ਆਦਿ ਅਜਿਹੇ ਕਾਰਜ ਹਨ ਜੋ ਸਿਰਫ ਸਮਰੱਥ ਧਿਰਾਂ ਹੀ ਕਰ ਸਕਦੀਆਂ ਹਨ। ਇਸ ਤਰ੍ਹਾਂ ਐਨਾ ਕੁ ਤਾਂ ਸਪਸ਼ਟ ਹੈ ਕਿ ਇਸ ਜੰਗ ਦੌਰਾਨ ਪਹਿਲੀ ਕਤਾਰ ਵਿਚ ਹੋ ਕੇ ਝੰਡਾ ਬਰਦਾਰੀ ਦਾ ਕਾਰਜ ਸ਼ਬਦ ਅਤੇ ਤਰਕ ਨਾਲ ਲੈਸ ਸੈਨਾ ਹੀ ਕਰ ਸਕਦੀ ਹੈ। ਸੋ ਹੁਣ ਵਕਤ ਹੈ ਕਿ ਇਸ ਸੰਕਟ ਦੀ ਗਹਿਰਾਈ ਨੂੰ ਮਹਿਸੂਸ ਕਰਦੇ ਹੋਏ ਪੂਰੀ ਕੌਮ ਦੇ ਪੱਧਰ 'ਤੇ ਲਾਮਬੰਦ ਹੋਈਏ ਅਤੇ ਇਕ ਮੁਕੰਮਲ ਰਣਨੀਤੀ ਘੜੀਏ ਅਤੇ ਸਭ ਆਪੋ ਆਪਣੇ ਹਿੱਸੇ ਦੀਆਂ ਜ਼ਿੰਮੇਵਾਰੀਆਂ ਨੂੰ ਪਛਾਣੀਏ ਅਤੇ ਮਾਂ ਬੋਲੀ ਦੀ ਸੇਵਾ ਵਿਚ ਆਪੋ-ਆਪਣੇ ਹਿੱਸੇ ਦਾ ਬਣਦਾ ਯੋਗਦਾਨ ਪਾ ਸਕੀਏ।

***ਸੀਨੀਅਰ ਫੈਲੋ**
***ਪੰਜਾਬੀ ਯੂਨੀਵਰਸਿਟੀ, ਪਟਿਆਲਾ।***

# ਨੀਅਤਾਂ ਚੰਗੀਆਂ ਨੂੰ ਲੱਗਦੇ ਫਲ ਲੋਕੋ...

**ਮੂੰਹ ਆਈ ਬਾਤ**



**ਮੇਜਰ ਕੁਲਾਰ ਬੋਪਾਰਾਏਕਲਾਂ**
**ਫੋਨ:916-273-2856**
www.boparaisudhar.com

ਅਮਰੀਕਾ ਦੀ ਮਿਸ਼ੀਗਨ ਸਟੇਟ ਵਿਚ ਰਹਿੰਦੇ ਕੇਵਲ ਸਿੰਘ ਤੂਰ ਨੇ ਆਪਣੇ ਵਿਗੜੇ ਪੁੱਤ ਨੂੰ ਸੂਤ ਕਰਨ ਲਈ ਉਸ ਦੇ ਨੱਕ ਵਿਚ ਵਿਆਹ ਦੀ ਨੱਥ ਪਾਉਣ ਲਈ ਪੱਕਾ ਮਨ ਬਣਾ ਲਿਆ। ਕਈ ਯਾਰਾਂ-ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਰਿਸ਼ਤਾ ਕਰਵਾਉਣ ਲਈ ਕਿਹਾ, ਪਰ ਸਭ ਨੂੰ ਪੁੱਤ ਦੀਆਂ ਕਰਤੂਤਾਂ ਦਾ ਪਤਾ ਸੀ। ਜਦੋਂ ਗੱਲ ਨਾ ਬਣੀ ਤਾਂ ਕੇਵਲ ਸਿੰਘ ਨੇ ਸਾਰੇ ਪਰਿਵਾਰ ਦੀਆਂ ਇੰਡੀਆ ਵਾਸਤੇ ਟਿਕਟਾਂ ਕਟਵਾ ਲਈਆਂ।

ਮਨਵੀਰ ਤੋਂ 'ਮਾਵੀ' ਬਣਿਆ ਉਹ ਸਰਕਸ ਦਾ ਜੋਕਰ ਲੱਗਦਾ ਸੀ, ਪਰ ਪੰਜਾਬ ਵਿਚ ਉਸ ਲਈ ਰਿਸ਼ਤਿਆਂ ਦੀਆਂ ਲਾਈਨਾਂ ਲੱਗ ਗਈਆਂ। ਰਾੜਾ ਸਾਹਿਬ ਕੋਲ ਪਿੰਡ ਵਿਚ ਮਾਵੀ ਦਾ ਰਿਸ਼ਤਾ ਪੱਕਾ ਹੋ ਗਿਆ। ਕੁੜੀ ਸੋਹਣੀ-ਸੁਨੱਖੀ ਤੇ ਲੰਬੀ ਸੀ। ਰਾੜਾ ਸਾਹਿਬ ਹੀ ਦੇਖ-ਦਿਖਾਈ ਹੋਈ। ਬਿਨਾ ਦਾਜ ਦੇ ਵਿਆਹ ਦੀ ਗੱਲ ਪੱਕੀ ਹੋਈ। ਕੇਵਲ ਸਿੰਘ ਨੇ ਬਰਾਤੀਆਂ ਦੀ ਪੂਰੀ ਸੇਵਾ ਕਰਨ ਦਾ ਵਾਅਦਾ ਲੈ ਕੇ ਦਿਨ ਪੱਕਾ ਕਰ ਦਿੱਤਾ। ਮਾਵੀ ਚਾਈਂ-ਚਾਈਂ ਕੋਮਲ ਨੂੰ ਵਿਆਹ ਲਿਆਇਆ।

ਮਹੀਨਾ ਪੰਜਾਬ ਰਹਿ ਕੇ ਸਾਰਾ ਪਰਿਵਾਰ ਵਾਪਸ ਆ ਗਿਆ ਅਤੇ ਕੋਮਲ ਦੇ ਪੇਪਰ ਭਰ ਦਿਤੇ। ਅੱਠ ਮਹੀਨੇ ਪਿਛੋਂ ਉਹ ਵੀ ਆ ਗਈ। ਮਹਿਲਾਂ ਵਰਗਾ ਘਰ ਵੇਖ ਕੇ ਉਸ ਦੇ ਭੁੰਜੇ ਪੈਰ ਨਾ ਲੱਗਣ। ਸੁਪਨੇ ਵਿਚ ਦੇਖੀਆਂ ਕਾਰਾਂ ਬੂਹੇ ਅੱਗੇ ਖੜ੍ਹੀਆਂ ਦੇਖੀਆਂ। ਕੋਮਲ ਨੂੰ ਲੱਗਿਆ, ਉਹ ਜਿਵੇਂ ਸਵਰਗਾਂ ਵਿਚ ਆ ਗਈ ਹੋਵੇ। ਥੋੜ੍ਹਾ ਸਮਾਂ ਲੰਘਿਆ ਤਾਂ ਉਸ ਨੂੰ ਮਾਵੀ ਦੀਆਂ ਕਰਤੂਤਾਂ ਦਿਸਣ ਲੱਗੀਆਂ। ਸਾਰੀ ਰਾਤ ਦੋਸਤਾਂ ਨਾਲ ਆਵਾਰਾਗਰਦੀ। ਫਿਰ ਕੰਮ 'ਤੇ ਟਾਈਮ ਨਾਲ ਨਾ ਪਹੁੰਚਣਾ। ਉਸ ਕੋਲੋਂ ਸਿਗਰਟਾਂ ਦੀ ਬਦਬੂ ਆਉਂਦੀ ਤਾਂ ਕੋਮਲ ਕਿਸਮਤ ਨੂੰ ਕੋਸਣ ਲੱਗਦੀ।

ਸੱਸ ਸਹੁਰਾ ਉਸ ਦਾ ਬਹੁਤ ਖਿਆਲ ਰੱਖਦੇ। ਇਸੇ ਤਰ੍ਹਾਂ ਸਾਲ ਲੰਘ ਗਿਆ ਤੇ ਮਾਵੀ ਘਰ ਧੀ ਨੇ ਜਨਮ ਲਿਆ। ਕੋਮਲ ਸੋਚਦੀ ਕਿ ਹੁਣ ਇਹ ਧੀ ਦਾ ਬਾਪ ਬਣ ਗਿਆ ਹੈ, ਸ਼ਾਇਦ ਸੁਧਰ ਜਾਵੇਗਾ, ਪਰ ਨਹੀਂ। ਹੌਲੀ-ਹੌਲੀ ਮਾਵੀ ਪਰਿਵਾਰਕ ਰਿਸ਼ਤਿਆਂ ਵਿਚੋਂ ਮੁੱਠੀ ਦੀ ਰੇਤ ਵਾਂਗ ਕਿਰਨ ਲੱਗ ਪਿਆ। ਉਹਨੇ ਮਾਰ-ਕੁਟਾਈ ਸ਼ੁਰੂ ਕਰ ਦਿਤੀ। ਕੋਮਲ ਨੇ ਪੰਜ ਸਾਲ ਇੰਤਜ਼ਾਰ ਕੀਤਾ, ਪਰ ਉਹ ਰਾਹ ਉਤੇ ਨਾ ਆਇਆ। ਅਖੀਰ ਸਿਰੋਂ ਪਾਣੀ ਲੰਘਦਾ ਵੇਖ ਕੋਮਲ ਨੇ ਮਾਵੀ ਤੋਂ ਤਲਾਕ ਲੈ ਲਿਆ। ਉਹ ਆਪਣੀ ਧੀ ਜਸਲੀਨ ਨੂੰ ਨਾਲ ਲੈ ਕੇ ਕੈਲੀਫੋਰਨੀਆ ਦੇ ਕਿਸੇ ਸ਼ਹਿਰ ਵਿਚ ਦੂਰ ਦੇ ਰਿਸ਼ਤੇਦਾਰ ਕੋਲ ਆ ਠਹਿਰੀ। ਉਨ੍ਹਾਂ ਉਸ ਨੂੰ ਆਪਣੇ ਕੋਲ ਇਕ ਸਾਲ ਰੱਖਿਆ। ਕੋਮਲ ਨੂੰ ਸਿਟੀਜ਼ਨਸ਼ਿਪ ਦਿਵਾ ਦਿੱਤੀ।

ਫਿਰ ਰਿਸ਼ਤੇਦਾਰਾਂ ਨੇ ਕੋਮਲ ਦਾ ਦੁਬਾਰਾ ਵਿਆਹ ਕਰਨ ਲਈ ਉਸ ਨੂੰ ਰਾਜ਼ੀ ਕਰ ਲਿਆ। ਪਿਛਲੇ ਦਸ ਸਾਲਾਂ ਤੋਂ ਵਰਕ ਪਰਮਿਟ ਉਤੇ ਅਮਰੀਕਾ ਵਿਚ ਰਹਿ ਰਿਹਾ ਗੁਰਸਿੱਖ ਮੁੰਡਾ ਦੇਖਿਆ ਜਿਸ ਕੋਲ ਆਪਣਾ ਟਰੱਕ-ਟਰੇਲਰ ਸੀ ਤੇ ਕੋਮਲ ਤੋਂ ਪੰਜ-ਛੇ ਸਾਲ ਵੱਡਾ ਸੀ। ਕੋਮਲ ਨੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਹਾਂ ਕਰ ਦਿੱਤੀ। ਮੋਹਣ ਸਿੰਘ ਨਾਲ ਵਿਆਹ ਕਰਵਾ ਕੇ ਕੋਮਲ ਨੂੰ ਲੱਗਿਆ, ਪਰਮਾਤਮਾ ਨੇ ਫਿਰ ਚੰਗੇ ਦਿਨ ਵਿਖਾ ਦਿਤੇ ਹਨ। ਮੋਹਣ ਸਿੰਘ ਨੇ ਵਿਆਹ ਤੋਂ ਬਾਅਦ ਚਾਰ ਬੈੱਡਰੂਮ ਵਾਲਾ ਘਰ ਖਰੀਦ ਲਿਆ। ਕੋਮਲ ਦੇ ਪਸੰਦ ਦਾ ਸਾਰਾ ਸਾਮਾਨ ਘਰ ਵਿਚ ਲਿਆਂਦਾ। ਦੋਵੇਂ ਆਪਣੀ ਜ਼ਿੰਦਗੀ ਦੀ ਗੱਡੀ ਅਗਾਂਹ ਤੋਰਨ ਲੱਗੇ। ਫਿਰ ਉਨ੍ਹਾਂ ਦੇ ਘਰ ਦੋ ਪੁੱਤਰ ਆ ਗਏ।

ਮੋਹਣ ਸਿੰਘ ਨੇ ਵੀ ਨਹੀਂ ਸੋਚਿਆ ਸੀ ਕਿ ਰੱਬ ਛੱਪਰ ਪਾੜ ਕੇ ਇੰਨੀਆਂ ਦਾਤਾਂ ਇਕੱਠੀਆਂ ਹੀ ਦੇ ਦੇਵੇਗਾ। ਪੁੱਤਰਾਂ ਦੀ ਲੋਹੜੀ ਤੋਂ ਪਹਿਲਾਂ ਉਸ ਨੂੰ ਗਰੀਨ ਕਾਰਡ ਮਿਲ ਗਿਆ। ਉਹ ਸਾਰੇ ਪਰਿਵਾਰ ਨੂੰ ਲੈ ਕੇ ਬਾਰ੍ਹਾਂ ਸਾਲਾਂ ਬਾਅਦ ਆਪਣੇ ਮਾਪਿਆਂ ਦੇ ਸੀਨੇ ਲੱਗਿਆ। ਮਾਂ ਤਾਂ ਕੋਮਲ ਨੂੰ ਬੁੱਕਲ ਵਿਚੋਂ ਨਾ ਕੱਢੇ ਜਿਸ ਨੇ ਉਨ੍ਹਾਂ ਦਾ ਪੁੱਤਰ ਮਿਲਾਇਆ। ਸਾਰਾ ਪਰਿਵਾਰ ਦੋ ਮਹੀਨੇ ਰਹਿ ਕੇ ਵਾਪਸ ਆ ਗਿਆ। ਕੋਮਲ ਆਪਣੀ ਪਸੰਦ ਦੀ ਖਰੀਦਦਾਰੀ ਕਰ ਕੇ ਪ੍ਰਸੰਨ ਹੋ ਗਈ ਸੀ। ਮੋਹਣ ਨੇ ਇਕ ਵਾਰ ਵੀ ਖਰਚੇ ਤੋਂ ਹੱਥ ਨਹੀਂ ਘੁੱਟਿਆ। ਮੋਹਣ ਤਾਂ ਜਸਲੀਨ ਨੂੰ ਆਪਣੇ ਪੁੱਤਰਾਂ ਤੋਂ ਵੱਧ ਪਿਆਰ ਕਰਦਾ ਸੀ ਜਿਸ ਕਰ ਕੇ ਕੋਮਲ, ਮੋਹਣੇ ਦੇ ਪਿਆਰ ਵਿਚ ਭਿੱਜ ਜਾਂਦੀ ਸੀ। ਕੋਮਲ ਨੂੰ ਕਿਸੇ ਚੀਜ਼ ਦੀ ਘਾਟ ਨਹੀਂ ਸੀ। ਹੁਣ ਉਸ ਨੇ ਆਪਣੇ ਮਾਪਿਆਂ ਦੇ ਪੇਪਰ ਵੀ ਭਰ ਦਿਤੇ ਸਨ। ਬੱਚੇ ਵੱਡੇ ਹੋ ਰਹੇ ਸਨ। ਸਾਰਾ ਪਰਿਵਾਰ ਖੁਸ਼ੀ ਵਿਚ ਹੱਸਦਾ-ਵੱਸਦਾ ਸੀ।

ਫਿਰ ਇਕ ਦਿਨ ਪਿੰਡੋਂ ਫੋਨ ਆਇਆ ਕਿ ਮੋਹਣ ਦੀ ਭੈਣ ਦਾ ਪਤੀ ਐਕਸੀਡੈਂਟ ਵਿਚ ਮਾਰਿਆ ਗਿਆ ਜੋ ਦੋ ਧੀਆਂ ਤੇ ਇਕ ਪੁੱਤ ਦਾ ਪਿਉ ਸੀ। ਮੋਹਣ ਨੂੰ ਲੱਗਿਆ, ਸਿਖਰ ਦੁਪਹਿਰੇ ਅਸਮਾਨੀ ਬਿਜਲੀ ਡਿੱਗ ਪਈ ਹੋਵੇ। ਉਹ ਭੈਣ ਦੇ ਦੁੱਖ ਵਿਚ ਸ਼ਰੀਕ ਹੋਣ ਲਈ ਇੰਡੀਆ ਜਹਾਜ਼ ਚੜ੍ਹ ਗਿਆ। ਭੈਣ ਦਾ ਦੁੱਖ ਦੇਖ ਕੇ ਉਹ ਧਾਹਾਂ ਮਾਰ-ਮਾਰ ਰੋਇਆ। ਭੈਣ ਨੂੰ ਦਿਲਾਸਾ ਦੇ ਕੇ ਵਾਪਸ ਆ ਗਿਆ। ਹੁਣ ਮੋਹਣ ਦਾ ਧਿਆਨ ਕਦੇ ਆਪਣੇ ਪਰਿਵਾਰ ਤੇ ਕਦੇ ਭੈਣ ਦੇ ਪਰਿਵਾਰ ਵੱਲ ਘੁੰਮਦਾ ਰਹਿੰਦਾ। ਗੁਰਬਾਣੀ ਦਾ ਸਹਾਰਾ ਉਸ ਨੂੰ ਹਮੇਸ਼ਾ ਅਡੋਲ ਰੱਖਦਾ। ਸਮਾਂ ਲੰਘਦਾ ਗਿਆ। ਮੋਹਣ ਨੇ ਆਪਣੇ ਮਾਪਿਆਂ ਦੇ ਪੇਪਰ ਭਰ ਦਿਤੇ। ਆਪਣੇ ਮਾਤਾ-ਪਿਤਾ ਨੂੰ ਸੱਦ ਕੇ ਬਹੁਤ ਖੁਸ਼ ਹੋਇਆ। ਕੋਮਲ ਨੇ ਵੀ ਸੱਸ-ਸਹੁਰੇ ਦੀ ਸੇਵਾ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ। ਜਸਲੀਨ ਅਠਾਰਾਂ ਸਾਲਾਂ ਦੀ ਹੋ ਗਈ। ਮੋਹਣ ਦੀ ਭੈਣ ਨੇ ਰਾਇ ਦਿੱਤੀ ਕਿ ਜਸਲੀਨ ਦਾ ਕਾਗਜ਼ੀ ਵਿਆਹ ਉਹਦੇ ਪੁੱਤ ਮਿੰਟੂ ਨਾਲ ਕਰ ਦੇਈਏ, ਮਿੰਟੂ ਨਾਲ ਉਹ ਵੀ ਅਮਰੀਕਾ ਆ ਜਾਵੇਗੀ ਤੇ ਧੀਆਂ ਲਈ ਵੀ ਵਧੀਆ ਵਰ ਮਿਲ ਜਾਣਗੇ। ਮੋਹਣ ਦਾ ਕਹਿਣਾ ਸੀ ਕਿ ਉਹ ਆਪਣੀ ਧੀ ਦਾ ਵਿਆਹ ਆਪਣੇ ਹੀ ਭਾਣਜੇ ਨਾਲ ਕਿੰਜ ਕਰ ਦੇਵੇ!

"ਤੇਰੀ ਕਿਹੜਾ ਅਸਲੀ ਧੀ ਹੈ।" ਵਿਧਵਾ ਭੈਣ ਦੇ ਮੂੰਹੋਂ ਸੁਣ ਕੇ ਮੋਹਣ ਦਾ ਪਾਰਾ ਚੜ੍ਹ ਗਿਆ। ਕੋਮਲ ਨੇ ਕਹਿ-ਸੁਣ ਕੇ ਗੱਲ ਠੰਢੀ ਕਰ ਦਿੱਤੀ ਤੇ ਸੋਚਣ ਲਈ ਕਿਹਾ। ਫਿਰ ਦੋਵਾਂ ਨੇ ਰਾਇ ਕਰ ਕੇ ਜਸਲੀਨ ਤੇ ਕੋਮਲ ਨੂੰ ਇੰਡੀਆ ਭੇਜ ਦਿੱਤਾ। ਫਰਜ਼ੀ ਵਿਆਹ ਕਰਨ ਲੱਗੇ ਸੀ, ਪਰ ਮੋਹਣ ਦੀ ਭੈਣ ਨੇ ਵਿਆਹ ਦੇ ਸ਼ਗਨ ਕਰ ਕੇ ਜਸਲੀਨ ਨੂੰ ਆਪਣੀ ਨੂੰਹ ਮੰਨ ਲਿਆ। ਜਸਲੀਨ ਵੀ ਮਿੰਟੂ ਨੂੰ ਪਿਆਰ ਕਰਨ ਲੱਗ ਪਈ। ਜਵਾਨੀ ਦੇ ਜੋਸ਼ ਵਿਚ ਉਹ ਆਪਣੇ ਅਸਲੀ ਰਿਸ਼ਤੇ ਦੀ ਹੋਸ਼ ਭੁੱਲ ਬੈਠੇ ਤੇ ਅਸਲੀ ਪਤੀ-ਪਤਨੀ ਬਣ ਗਏ। ਕੋਮਲ ਨੇ ਸਾਰਾ ਕੁਝ ਮੋਹਣ ਨੂੰ ਦੱਸਿਆ ਤਾਂ ਉਹ ਬਹੁਤ ਗੁੱਸੇ ਹੋਇਆ। ਕੋਮਲ, ਜਸਲੀਨ ਨੂੰ ਲੈ ਕੇ ਵਾਪਸ ਆ ਗਈ। ਤਿੰਨ ਮਹੀਨਿਆਂ ਬਾਅਦ ਪਤਾ ਲੱਗਿਆ ਕਿ ਉਹ ਗਰਭਵਤੀ ਹੈ। ਮੋਹਣ ਤਾਂ ਪਾਗਲ ਹੋਣ ਵਾਲਾ ਹੋ ਗਿਆ- ਕੀ ਸੋਚਿਆ ਤੇ ਭੈਣ ਨੇ ਕੀ ਬਣਾ ਦਿੱਤਾ! ਭਾਣਜੇ ਨੂੰ ਜਵਾਈ ਕਿਸ ਤਰ੍ਹਾਂ ਮੰਨੇ! ਘਰੇ ਬਹੁਤ ਰੌਲਾ ਪਿਆ, ਪਰ ਪਾਣੀ ਪੁਲਾਂ ਹੇਠੋਂ ਲੰਘ ਚੁਕਾ ਸੀ।

ਜੋ ਕੁਝ ਹੋ ਗਿਆ ਸੀ, ਉਸ ਨੂੰ ਮਿਟਾਇਆ ਨਹੀਂ ਜਾ ਸਕਦਾ ਸੀ। ਕੋਮਲ ਨੇ ਧੀ ਦਾ ਘਰ ਵਸਾਉਣ ਲਈ ਮਿੰਟੂ ਦੇ ਪੇਪਰ ਭਰਾ ਦਿਤੇ। ਸਾਲ ਵਿਚ ਹੀ ਮਿੰਟੂ ਅਮਰੀਕਾ ਆ ਗਿਆ। ਵਿਧਵਾ ਭੈਣ ਦੀ ਤਾਂ ਸ਼ਾਇਦ ਗੱਡੀ ਲੀਹ ਉਤੇ ਆ ਗਈ, ਪਰ ਮੋਹਣ ਸਿੰਘ ਚੱਕੀ ਦੇ ਦੋ ਪੁੜਾਂ ਵਿਚਕਾਰ ਆ ਗਿਆ। ਮਿੰਟੂ ਕਹੇ- ਉਹਨੇ ਮਾਮੇ ਨਾਲ ਨਹੀਂ ਰਹਿਣਾ। ਪੜ੍ਹਾਈ ਦੀ ਉਮਰੇ ਹੀ ਜਸਲੀਨ ਨੂੰ ਗ੍ਰਹਿਸਥੀ ਜੀਵਨ ਦੀ ਤਾਣੀ ਨੇ ਉਲਝਾ ਦਿਤਾ। ਉਹਨੇ ਅਗਲੀ ਪੜ੍ਹਾਈ ਛੱਡ ਦਿਤੀ। ਮਿੰਟੂ ਨੂੰ ਕਾਰ ਦਾ ਲਾਇਸੈਂਸ ਦਿਵਾ ਕੇ ਫਿਰ ਟਰੱਕ ਦਾ ਲਾਇਸੈਂਸ ਦਿਵਾਇਆ। ਸਾਲ ਵਿਚ ਮਿੰਟੂ ਨੂੰ ਅਮਰੀਕਾ ਨੇ ਆਪਣੇ ਰੰਗ ਵਿਚ ਰੰਗਣਾ ਸ਼ੁਰੂ ਕਰ ਦਿਤਾ। ਉਹ ਹੌਲੀ-ਹੌਲੀ ਕੋਮਲ ਦੇ ਪਹਿਲੇ ਪਤੀ ਮਾਵੀ ਦਾ ਰੂਪ ਧਾਰਨ ਲੱਗ ਪਿਆ। ਜਸਲੀਨ ਦੇ ਵੀ ਅੱਗੇ ਧੀ ਨੇ ਜਨਮ ਲੈ ਲਿਆ। ਕੋਮਲ ਨੇ ਜੋ ਆਪਣੇ ਪਿੰਡੇ ਦਰਦ ਹੰਢਾਇਆ ਸੀ, ਉਹ ਦਰਦ ਹੁਣ ਉਸ ਦੀ ਧੀ ਜਸਲੀਨ ਹੰਢਾ ਰਹੀ ਸੀ।

ਮੋਹਣ ਨੂੰ ਵਿਧਵਾ ਹੋਈ ਭੈਣ, ਡੈਣ ਦਿਸਣ ਲੱਗੀ, ਪਰ ਉਹ ਕਹਿ ਕੁਝ ਨਹੀਂ ਸੀ ਸਕਦਾ। ਮਿੰਟੂ ਨੇ ਮਾਂ ਦੇ ਪੇਪਰ ਭਰ ਕੇ ਉਸ ਨੂੰ ਇਥੇ ਸੱਦ ਲਿਆ। ਕੋਮਲ ਨੇ ਸੋਚਿਆ ਕਿ ਭੈਣ ਜੀ ਦੇ ਆਉਣ ਨਾਲ ਸ਼ਾਇਦ ਉਸ ਦੀ ਧੀ ਦੇ ਦੁੱਖਾਂ ਭਰੇ ਜ਼ਖ਼ਮਾਂ 'ਤੇ ਮਲ੍ਹਮ ਲੱਗ ਜਾਵੇਗੀ, ਪਰ ਇੰਜ ਨਹੀਂ ਹੋਇਆ। ਉਸ ਨੇ ਤਾਂ ਮੱਠੀ ਹੁੰਦੀ ਅੱਗ ਵਿਚ ਫੂਕਾਂ ਮਾਰ ਕੇ ਭਾਂਬੜ ਬਾਲ ਦਿਤੇ, ਜਸਲੀਨ ਦਾ ਚਾਲ-ਚਲਨ ਸਹੀ ਨਹੀਂ ਹੈ। ਜਿਹੜੀ ਭੈਣ ਦੇ ਦੁੱਖਾਂ ਵੇਲੇ ਮੋਹਣ ਧਾਹੀਂ ਰੋਂਦਾ ਸੀ, ਉਹੀ ਭੈਣ ਅੱਜ ਮੋਹਣ ਨੂੰ ਦੁੱਖ ਦੇ ਰਹੀ ਸੀ। ਮੋਹਣ ਨੇ ਬਹੁਤ ਸਮਝਾਇਆ ਕਿ ਇੰਜ ਨਾ ਕਰ, ਪਰ ਭੈਣ ਠਾਣੇਦਾਰ ਵਾਂਗ ਗਰਜਦੀ ਸੀ।

ਭੈਣ ਦੇ ਕੰਨ ਵਿਚ ਕਿਸੇ ਨੇ ਕਹਿ ਦਿੱਤਾ ਕਿ ਨੂੰਹ ਨੂੰ ਤਲਾਕ ਦੇ, ਤੇ ਆਪਣਾ ਮਿੰਟੂ ਇੰਡੀਆ ਜਾ ਕੇ ਦੁਬਾਰਾ ਵਿਆਹ ਲਿਆ, ਨਾਲੇ ਅਗਲਿਆਂ ਤੋਂ ਦਾਜ ਪੂਰਾ ਲਈਂ। ਅਕਲ ਤੋਂ ਖਾਲੀ ਭੈਣ ਨੇ ਝੱਟ ਗੱਲ ਮੰਨ ਲਈ। ਜਸਲੀਨ ਨੂੰ ਇੰਨਾ ਜਲੀਲ ਕੀਤਾ ਕਿ ਉਹ ਤਲਾਕ ਲਈ ਮਜਬੂਰ ਹੋ ਗਈ। ਭੈਣ, ਮਿੰਟੂ ਨੂੰ ਲੈ ਕੇ ਇੰਡੀਆ ਆ ਗਈ। ਕਈ ਥਾਈਂ ਕੁੜੀਆਂ ਦੇਖੀਆਂ, ਪਰ ਗੱਲ ਨਾ ਬਣੀ। ਸੋਹਣੀ ਕੁੜੀ ਮਿਲੇ ਤਾਂ ਦਾਜ ਨਾ ਮਿਲੇ। ਜੇ ਦਾਜ ਮਿਲੇ ਤਾਂ ਕੁੜੀ ਸੋਹਣੀ ਨਾ ਹੋਵੇ। ਅਖੀਰ ਮਾਂ-ਪੁੱਤ ਨੇ ਵਾਪਸ ਮੁੜਨ ਦੀ ਸਲਾਹ ਬਣਾਈ। ਵਾਪਸ ਆਉਣ ਤੋਂ ਪਹਿਲਾਂ ਮਾਂ-ਪੁੱਤ ਦਾ ਐਕਸੀਡੈਂਟ ਹੋ ਗਿਆ। ਮਿੰਟੂ ਥਾਂ 'ਤੇ ਹੀ ਪੂਰਾ ਹੋ ਗਿਆ। ਭੈਣ ਦੀਆਂ ਦੋਵੇਂ ਲੱਤਾਂ ਵੱਢੀਆਂ ਗਈਆਂ। ਅਸਮਾਨੀ ਚੜ੍ਹੀ ਗੁੱਡੀ ਇਕਦਮ ਥੱਲੇ ਆਣ ਲੱਥੀ। ਹਸਪਤਾਲ ਵਿਚ ਦਾਖਲ ਭੈਣ ਆਖਰੀ ਸਮੇਂ ਪੁੱਤ ਦਾ ਮੂੰਹ ਵੀ ਨਾ ਦੇਖ ਸਕੀ। ਮੋਹਣ ਤੋਂ ਫਿਰ ਵੀ ਨਾ ਰਿਹਾ ਗਿਆ। ਉਹ ਕੋਮਲ ਨੂੰ ਲੈ ਕੇ ਜਹਾਜ਼ ਚੜ੍ਹ ਗਿਆ, ਪਰ ਹੁਣ ਸਮਾਂ ਲੰਘ ਚੁੱਕਾ ਸੀ। ਭੈਣ ਵ੍ਹੀਲਚੇਅਰ 'ਤੇ ਬੈਠੀ ਹੱਥ ਜੋੜੀ ਜਾਂਦੀ ਸੀ ਜਿਸ ਹੱਥੀਂ ਬੂਟਾ ਲਾ ਕੇ ਆਪ ਹੀ ਪੁੱਟ ਦਿੱਤਾ ਸੀ, ਹੁਣ ਸਿਰਫ ਪਛਤਾਵਾ ਰਹਿ ਗਿਆ ਸੀ।

ਉਧਰ, ਕੇਵਲ ਸਿੰਘ ਕੋਮਲ ਦੇ ਤਲਾਕ ਪਿਛੋਂ ਮਿਸ਼ੀਗਨ ਤੋਂ ਕਿਤੇ ਹੋਰ ਚਲਾ ਗਿਆ ਜਿਥੇ ਉਸ ਦਾ ਪੁੱਤ ਮਾਵੀ ਵੀ ਕਿਸੇ ਹਾਦਸੇ 'ਚ ਮਾਰਿਆ ਗਿਆ। ਉਨ੍ਹਾਂ ਦੇ ਖਾਨਦਾਨ ਦੀ ਨਿਸ਼ਾਨੀ ਕੋਮਲ ਦੀ ਧੀ ਜਸਲੀਨ ਸੀ। ਉਹ ਆਪਣਾ ਸਾਰਾ ਕੁਝ ਵੇਚ-ਵੱਟ ਕੇ ਜਸਲੀਨ ਕੋਲ ਆ ਗਏ। ਕੋਮਲ ਨੇ ਮੋਹਣ ਨੂੰ ਸਭ ਕੁਝ ਦੱਸ ਕੇ ਆਖਰੀ ਇੱਛਾ ਜਸਲੀਨ ਨਾਲ ਰਹਿਣ ਦੀ ਦੱਸੀ। ਥੋੜ੍ਹੇ ਬਹੁਤੇ ਗੁੱਸੇ ਗਿਲੇ ਪਿਛੋਂ ਸਾਰੇ ਇਕੱਠੇ 'ਹਾਂ' ਕਰ ਗਏ। ਫਿਰ ਕੇਵਲ ਸਿੰਘ ਨੇ ਜਸਲੀਨ ਨੂੰ ਪੰਜ ਬੈੱਡਰੂਮ ਦਾ ਘਰ ਲੈ ਦਿੱਤਾ। ਇਥੇ ਹੀ ਮੁੜ ਉਸ ਦਾ ਵਿਆਹ ਕਰ ਦਿਤਾ। ਉਸ ਦਾ ਪਤੀ ਵਧੀਆ ਇਨਸਾਨ ਹੈ। ਉਜੜ ਕੇ ਘਰ ਫਿਰ ਵਸ ਗਿਆ ਹੈ। ਨੀਅਤਾਂ ਚੰਗੀਆਂ ਨੂੰ ਫਲ ਲੱਗ ਜਾਂਦੇ ਹਨ। ਖੋਟੀਆਂ ਨੀਅਤਾਂ ਨੂੰ ਨਿੱਤ ਮਰਗਾਂ ਵਰਗੇ ਦਿਨ ਲੰਘਾਉਣੇ ਪੈਂਦੇ ਹਨ। ਮੋਹਣ ਦੇ ਮਾਤਾ-ਪਿਤਾ ਤੇ ਕੋਮਲ ਦੇ ਮਾਤਾ-ਪਿਤਾ ਸਾਰੇ ਜਣੇ ਆਪਣੇ ਬਾਗ-ਪਰਿਵਾਰ ਵਿਚ ਖੁਸ਼ ਹਨ, ਪਰ ਮੋਹਣ ਦੀ ਭੈਣ ਅਜੇ ਵੀ ਭੱਠੀ ਦੇ ਦਾਣੇ ਵਾਂਗ ਭੁੱਜਦੀ ਰਹਿੰਦੀ ਹੈ।

# ਜਿਊਂਦਾ ਜਾਗਦਾ ਜਸਵੰਤ ਸਿੰਘ ਕੰਵਲ

ਜਨਮ ਦਿਨ 'ਤੇ ਵਿਸ਼ੇਸ਼

ਜਸਵੰਤ ਸਿੰਘ ਕੰਵਲ ਦਾ ਹਾਲ ਚਾਲ ਮੈਥੋਂ ਅਕਸਰ ਹੀ ਪੁੱਛ ਲਿਆ ਜਾਂਦੈ। ਉਹਦੇ ਪਿੰਡ ਢੁੱਡੀਕੇ ਰਹਿੰਦਾ ਜੁ ਰਿਹਾਂ। ਕਈ ਮੈਨੂੰ ਸਮਝਦੇ ਹੀ ਢੁੱਡੀਕੇ ਦਾ ਹਨ ਜਦ ਕਿ ਮੇਰਾ ਆਪਣਾ ਪਿੰਡ ਚਕਰ ਹੈ। ਕੰਵਲ ਵੱਡੀ ਉਮਰ ਵਿਚ ਵੀ ਕਾਇਮ ਹੈ। 27 ਜੂਨ ਨੂੰ ਉਹਦਾ 98ਵਾਂ ਜਨਮ ਦਿਨ ਹੈ/ਸੀ। ਉਹ ਹੁਣ ਪੰਜਾਬੀ ਦਾ ਸਭ ਤੋਂ ਵਡਉਮਰਾ ਸਾਹਿਤਕਾਰ ਹੈ।



ਉਹਨੂੰ ਲਿਖਦਿਆਂ ਪੌਣੀ ਸਦੀ ਤੋਂ ਵੱਧ ਸਮਾਂ ਹੋ ਗਿਐ ਤੇ ਉਹ ਅਜੇ ਵੀ ਲਿਖੀ ਜਾ ਰਿਹੈ। 70 ਕੁ ਕਿਤਾਬਾਂ ਲਿਖ ਦਿੱਤੀਆਂ ਹਨ ਤੇ ਹੋਰ ਪਤਾ ਨਹੀਂ

ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਕਿੰਨੀਆਂ ਲਿਖੇ? ਅਜੇ ਤਕ ਉਹਨੇ ਡੰਗੋਰੀ ਨਹੀਂ ਫੜੀ ਤੇ ਉਹਨੂੰ ਢੁੱਡੀਕੇ ਦੀ ਫਿਰਨੀ 'ਤੇ ਤੁਰਦਾ ਫਿਰਦਾ ਵੇਖਿਆ ਜਾ ਸਕਦੈ। ਉਹ ਜ਼ਿੰਦਾਦਿਲ, ਜਜ਼ਬਾਤੀ, ਰੁਮਾਂਚਿਕ, ਆਦਰਸ਼ਵਾਦੀ, ਦਿਲਚਸਪ ਤੇ ਅੱਜ ਕੱਲ੍ਹ ਕੁਝ ਵਧੇਰੇ ਹੀ ਭਾਵੁਕ ਹੋਇਆ ਲੇਖਕ ਹੈ। ਪੰਜਾਬੀ ਵਿਚ ਉਸ ਦੇ ਸਭ ਤੋਂ ਵੱਧ ਪਾਠਕ ਰਹੇ ਹਨ। ਉਸ ਨੂੰ ਪਾਠਕਾਂ ਦੀਆਂ ਸੈਂਕੜੇ ਚਿੱਠੀਆਂ ਆਉਂਦੀਆਂ ਰਹੀਆਂ ਜਿਨ੍ਹਾਂ ਦਾ ਉਹ ਜੁਆਬ ਦਿੰਦਾ ਰਿਹਾ। ਉਸ ਦੀਆਂ ਚਿੱਠੀਆਂ ਹੀ 'ਕੱਠੀਆਂ ਕਰਨੀਆਂ ਹੋਣ ਤਾਂ ਉਨ੍ਹਾਂ ਦਾ ਵੱਡਾ ਸੰਗ੍ਰਿਹ ਬਣ ਸਕਦੈ।

ਜੇ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬੋਹੜ ਸੀ ਤਾਂ ਜਸਵੰਤ ਸਿੰਘ ਕੰਵਲ ਸਰੂ ਦਾ ਰੁੱਖ ਹੈ। ਉਹ ਵਗਦੀਆਂ ਹਵਾਵਾਂ ਨਾਲ ਸਰੂ ਵਾਂਗ ਝੂਮਦੈ। ਕਦੇ ਖੱਬੇ ਲਹਿਰਾਉਂਦੈ, ਕਦੇ ਸੱਜੇ ਤੇ ਕਦੇ ਗੁਲਾਈ ਵਿਚ ਘੁੰਮਦੈ। ਉਹਦਾ ਤਣਾ ਮਜ਼ਬੂਤ ਹੈ ਤੇ ਜੜ੍ਹਾਂ ਡੂੰਘੀਆਂ ਜਿਸ ਕਰਕੇ ਵਾਵਰੋਲੇ ਤਾਂ ਕੀ, ਝੱਖੜ ਤੂਫਾਨ ਵੀ ਉਸ ਨੂੰ ਧਰਤੀ ਤੋਂ ਨਹੀਂ ਹਿਲਾ ਸਕੇ। ਉਹਦਾ ਕੱਦ ਕਾਠ ਵੀ ਸਰੂ ਵਾਂਗ ਲੰਮਾ ਝੰਮਾ ਹੈ ਤੇ ਉਮਰ ਦੇ 98ਵੇਂ ਸਾਲ ਵਿਚ ਵੀ ਉਹ ਸਿਹਤਯਾਬ ਹੈ। ਅੱਖਾਂ, ਕੰਨ, ਦੰਦ, ਮਿਹਦਾ, ਜਿਗਰ, ਗਿੱਟੇ-ਗੋਡੇ ਤੇ ਲੱਤਾਂ-ਬਾਹਾਂ ਸਭ ਕਾਇਮ ਨੇ। ਦਿਲ ਨੂੰ ਕੁਝ ਤਕਲੀਫ ਹੋਈ ਸੀ ਜੋ ਇਲਾਜ ਨਾਲ ਠੀਕ ਹੋ ਗਈ। ਖਾਣ ਪੀਣ ਵੱਲੋਂ ਉਹ ਪੂਰਾ ਪਰਹੇਜ਼ਗਾਰ ਹੈ।

ਉਹ ਕਾਨਫਰੰਸਾਂ, ਸੈਮੀਨਾਰਾਂ, ਰੂਬਰੂ ਤੇ ਸਾਹਿਤਕ ਮੇਲਿਆਂ ਗੇਲਿਆਂ 'ਚ ਜਾਂਦਾ ਰਹਿੰਦੈ। ਭੋਗਾਂ 'ਤੇ ਘੱਟ ਜਾਂਦੈ ਤੇ ਵਿਆਹ ਵੀ ਘੱਟ ਵੇਖਦੈ। ਖੇਡ ਮੇਲੇ ਸਾਊਥਾਲ, ਟੋਰਾਂਟੋ ਤੇ ਵੈਨਕੂਵਰ ਤਕ ਨਹੀਂ ਸੀ ਛੱਡੇ। ਅਸੀਂ ਵਿਦੇਸ਼ਾਂ ਦੇ ਖੇਡ ਮੇਲਿਆਂ 'ਚ ਅਕਸਰ 'ਕੱਠੇ ਹੋ ਜਾਂਦੇ ਸਾਂ।

ਕੰਵਲ ਦਾ ਜਨਮ 27 ਜੂਨ 1919 ਨੂੰ ਸ. ਮਾਹਲਾ ਸਿੰਘ ਗਿੱਲ ਦੇ ਘਰ ਢੁੱਡੀਕੇ ਦੀ ਕਪੂਰਾ ਪੱਤੀ ਵਿਚ ਹੋਇਆ ਸੀ। ਉਹ ਪੰਜ ਕੁ ਸਾਲ ਦਾ ਸੀ ਜਦੋਂ ਉਸ ਦੇ ਪਿਤਾ ਜੈਤੋ ਦੇ ਮੋਰਚੇ ਵਿਚ ਗਏ। ਉਹ ਤਿੰਨ ਭਰਾ ਸਨ। ਵੱਡਾ ਭਰਾ ਗਿਆਨੀ ਕਰਤਾਰ ਸਿੰਘ ਡਿਸਟ੍ਰਿਕ ਬੋਰਡ ਦਾ ਮੈਂਬਰ ਸੀ ਜੋ ਚਿਰੋਕਣਾ ਚਲਾਣਾ ਕਰ ਚੁੱਕੈ। ਛੋਟਾ ਭਰਾ ਹਰਬੰਸ ਸਿੰਘ ਵੀ ਇਸ ਸਾਲ ਗੁਜ਼ਰ ਗਿਐ। ਦੋਵੇਂ ਪਤਨੀਆਂ ਤੇ ਚਾਰ ਧੀਆਂ 'ਚੋਂ ਤਿੰਨ ਗੁਜ਼ਰ ਗਈਆਂ। ਪੁੱਤ ਸਰਬਜੀਤ ਘਰ ਬਾਰ ਸੰਭਾਲਦੈ।

ਕੰਵਲ ਨੇ ਪਿੰਡੋਂ ਚਾਰ ਪੜ੍ਹ ਕੇ ਹਾਈ ਸਕੂਲ ਦੀ ਪੜ੍ਹਾਈ ਚੂਹੜਚੱਕ ਤੇ ਮੋਗੇ ਤੋਂ ਕੀਤੀ ਪਰ ਦਸਵੀਂ ਪਾਸ ਨਾ ਹੋਈ। ਉਹ ਸੋਲਾਂ ਸਾਲਾਂ ਦੀ ਉਮਰੇ ਮਲਾਇਆ ਚਲਾ ਗਿਆ। ਉਥੇ ਜਾਗੇ ਦੀ ਨੌਕਰੀ ਕਰਦੇ ਨੂੰ ਮੀਨਾ ਨਾਂ ਦੀ ਚੀਨਣ ਨੇ ਫਾਹੁਣਾ ਚਾਹਿਆ ਪਰ ਮੀਨਾ ਨਾਲ ਪੂਰਨ ਦੀ ਸੁੰਦਰਾਂ ਵਾਲੀ ਹੋਈ। ਉਹਦਾ ਜ਼ਿਕਰ ਉਸ ਨੇ 'ਚਿੱਕੜ ਦੇ ਕੰਵਲ' ਪੁਸਤਕ ਦੀ ਕਹਾਣੀ 'ਪਹਿਲੀ ਮੁਹੱਬਤ' ਵਿਚ ਕੀਤਾ। ਪਰਵਾਸ ਨੇ ਉਸ ਵਿਚ ਸਾਹਿਤਕ ਚੇਟਕ ਲਾ ਦਿੱਤੀ। ਉਹ ਤਿੰਨ ਸਾਲ ਮਲਾਇਆ ਲਾ ਕੇ ਢੁੱਡੀਕੇ ਮੁੜ ਆਇਆ ਤੇ ਵੀਹ ਸਾਲ ਦੀ ਉਮਰੇ 'ਜੀਵਨ ਕਣੀਆਂ' ਛਪਵਾ ਕੇ ਲੇਖਕ ਬਣ ਗਿਆ।

ਉਹਦੇ ਲਿਖਣ-ਮੇਜ਼ ਦੀ ਉਮਰ ਅੱਧੀ ਸਦੀ ਤੋਂ ਵੱਧ ਹੈ। ਉਹ ਪਿੰਡ ਦੇ ਕਾਰੀਗਰ ਨੇ ਬਣਾਇਆ ਸੀ। ਮੇਜ਼ ਨਾਲ ਦੀ ਪੁਰਾਣੀ ਕੁਰਸੀ ਹਲਕੇ ਫੁਲਕੇ ਕੰਵਲ ਦਾ ਭਾਰ ਸਹਿਣ ਜੋਗੀ ਹੀ ਹੈ। ਇਕ ਵਾਰ ਮੈਂ ਉਹਦੇ 'ਤੇ ਬੈਠਾ ਤਾਂ ਉਹਦਾ ਜਤਾਕਾ ਪੈ ਗਿਆ ਸੀ ਪਰ ਕੰਵਲ ਨੇ ਪੱਤੀਆਂ ਤੇ ਮੇਖਾਂ ਲੁਆ ਕੇ ਫਿਰ ਬਹਿਣ ਜੋਗੀ ਕਰ ਲਈ। ਅੱਧੀ ਸਦੀ ਦੀਆਂ ਨੇਰ੍ਹੀਆਂ ਉਸ ਮੇਜ਼ ਕੁਰਸੀ ਤੋਂ ਲੰਘੀਆਂ ਹਨ। ਕੰਵਲ ਨੂੰ ਵਹਿਮ ਵਰਗਾ ਵਿਸ਼ਵਾਸ ਹੈ ਕਿ ਉਹ ਉਸ ਮੇਜ਼ ਕੁਰਸੀ 'ਤੇ ਹੀ ਚੰਗਾ ਲਿਖ ਸਕਦੈ!

ਇਕੇਰਾਂ ਕੰਵਲ ਤੇ ਮੈਂ ਡਾ. ਸਰਦਾਰਾ ਸਿੰਘ ਜੌਹਲ ਨੂੰ ਮਿਲਣ ਲੁਧਿਆਣੇ ਗਏ। ਮੁੜਦਿਆਂ ਮੈਂ ਕੰਵਲ ਤੋਂ ਉਮਰ ਪੁੱਛ ਬੈਠਾ। ਉਸ ਨੇ 77 ਸਾਲ ਦੱਸੀ। ਜਨਮ ਦਿਨ ਪੁੱਛਿਆ ਤਾਂ ਸਬੱਬੀਂ ਉੱਦਣ ਹੀ ਉਹਦਾ ਜਨਮ ਦਿਨ ਸੀ। ਮੈਂ ਆਖਿਆ, "ਚਲੋ ਅੱਜ ਢੁੱਡੀਕੇ ਚੱਲ ਕੇ ਤੁਹਾਡਾ ਜਨਮ ਦਿਨ ਮਨਾਵਾਂਗੇ?" ਉਸ ਨੇ ਕਿਹਾ, "ਅੱਗੇ ਤਾਂ ਕਦੇ ਮਨਾਇਆ ਨੀ।" ਮੈਂ ਕਿਹਾ, "ਅੱਗੇ ਪਤਾ ਨੀ ਸੀ, ਅੱਜ ਪਤਾ ਲੱਗ ਗਿਐ।" ਅਸੀਂ ਜਗਰਾਓਂ ਅੱਪੜੇ ਤਾਂ ਇਕ ਰੇੜ੍ਹੀ 'ਤੇ ਦਸਹਿਰੀ ਅੰਬ ਪਏ ਵੇਖੇ। ਕੰਵਲ ਨੇ ਕਿਹਾ, "ਇਹ ਅੰਬ ਤਾਂ ਡਾਕਟਰ ਵੀ ਪਸੰਦ ਕਰੂ ਪਰ ਚੂਪ ਇਕ ਈ।" ਉਹਦਾ ਮਤਲਬ ਡਾ. ਜਸਵੰਤ ਗਿੱਲ ਸੀ ਜੋ ਉਸ ਦੀ ਪ੍ਰੇਮਿਕਾ-ਪਤਨੀ ਬਣ ਕੇ ਬਾਹਰਲੇ ਘਰ ਰਹਿ ਰਹੀ ਸੀ। ਕੰਵਲ ਦੇ ਬੱਚੇ ਉਸ ਨੂੰ ਮਾਸੀ ਕਹਿੰਦੇ ਸਨ। ਇਕੱਠੇ ਰਹਿਣ ਤੋਂ ਪਹਿਲਾਂ ਦੋਹਾਂ ਜਸਵੰਤ ਗਿੱਲਾਂ ਨੇ ਫੈਸਲਾ ਕਰ ਲਿਆ ਸੀ ਕਿ ਉਹ ਕੋਈ ਬੱਚਾ ਪੈਦਾ ਨਹੀਂ ਕਰਨਗੇ।

ਮੈਂ ਰੇੜ੍ਹੀ ਤੋਂ ਅੰਬ ਲੈਣ ਲੱਗਾ ਤਾਂ ਕੰਵਲ ਨੇ ਕਿਹਾ, "ਅੰਬ ਮੈਂ ਖਰੀਦਾਂਗਾ, ਜਨਮ ਦਿਨ ਮੇਰਾ ਐ।" ਉਸ ਨੇ ਦਸ ਬਾਰਾਂ ਅੰਬ ਚੁਣੇ ਜੋ ਦੋ ਕਿੱਲੋ ਬਣੇ। ਮੈਂ ਆਖਿਆ, "ਕੰਵਲ ਸਾਹਿਬ, ਏਨੇ ਅੰਬਾਂ ਨਾਲ ਨੀ ਸਰਨਾ? 77ਵਾਂ ਜਨਮ ਦਿਨ ਮਨਾਉਣ ਲੱਗੇ ਆਂ, ਘੱਟੋਘੱਟ 77 ਅੰਬ ਤਾਂ ਹੋਣ!" ਕੰਵਲ ਨੇ ਰੇੜ੍ਹੀ ਵਾਲੇ ਨੂੰ ਪੈਸੇ ਦਿੱਤੇ ਤੇ ਮੈਨੂੰ ਜਵਾਬ ਦਿੱਤਾ, "ਬੱਲੇ ਓਏ ਤੇਰੇ! ਤੇਰੇ ਵਰਗਿਆਂ ਦੇ ਆਖੇ ਲੱਗ ਕੇ ਮੈਂ ਝੁੱਗਾ ਨੀ ਚੌੜ ਕਰਾਉਣਾ। ਮੈਂ ਤਾਂ ਫੇਰ ਵੀ ਦੋ ਕਿੱਲੋ ਲੈ-ਲੇ। ਜਾਹ ਸੇਖੋਂ ਤੋਂ ਕਿੱਲੋ ਅੰਬ ਈ ਲੈ ਕੇ ਦਿਖਾਦੇ!" ਮੈਂ ਮਨ 'ਚ ਕਿਹਾ, "ਬੱਲੇ ਓਏ ਪੰਜਾਬੀ ਸਾਹਿਤ ਦੇ ਸਰੂਓ ਤੇ ਬੋਹੜੋ! ਨਹੀਂ ਰੀਸਾਂ ਥੋਡੀਆਂ!!

ਰਾਹ 'ਚ ਕੰਵਲ ਕਹਿਣ ਲੱਗਾ, "ਮੇਰਾ ਜੀਅ ਕਰਦੈ 84 ਸਾਲ ਜੀਵਾਂ, ਨਾਲੇ ਚੁਰਾਸੀ ਕੱਟੀ ਜਾਊ।" ਉਦੋਂ ਉਸ ਨੂੰ ਦਿਲ ਦੀ ਤਕਲੀਫ ਹੋਈ ਸੀ। ਉਸ ਨੂੰ ਲੱਗਦਾ ਸੀ ਕਿ ਉਹ ਬਹੁਤੇ ਸਾਲ ਨਹੀਂ ਜੀਵੇਗਾ। ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ। 2009 'ਚ ਉਸ ਦਾ 91ਵਾਂ ਜਨਮ ਦਿਨ ਢੁੱਡੀਕੇ ਦੇ ਮੇਲੇ 'ਚ ਮਨਾਇਆ ਗਿਆ। ਮੈਂ ਮੇਲੀਆਂ ਨੂੰ ਕਿਹਾ, "ਆਓ ਸ਼ੁਭ ਇੱਛਾਵਾਂ ਦੇਈਏ ਬਈ ਇਸ ਮੇਲੇ ਦਾ ਬਾਨੀ ਬਾਈ ਕੰਵਲ ਸੌ ਸਾਲ ਜੀਵੇ।" ਉਦੋਂ ਤੋਂ ਉਹਦਾ ਜਨਮ ਦਿਨ ਹਰ ਸਾਲ ਢੁੱਡੀਕੇ ਵਾਸੀਆਂ ਵੱਲੋਂ ਮਨਾਇਆ ਜਾ ਰਿਹੈ।

1967 ਵਿਚ ਮੈਂ ਢੁੱਡੀਕੇ ਕਾਲਜ 'ਚ ਪੜ੍ਹਾਉਣ ਲੱਗਾ ਤਾਂ ਕੰਵਲ ਜੁਆਨਾਂ ਵਰਗਾ ਸੀ। ਪ੍ਰਿੰ. ਪ੍ਰੀਤਮ ਸਿੰਘ ਉਹਦਾ ਸਲਾਹਕਾਰ ਸੀ ਜਿਸ ਨੇ ਸਲਾਹ ਦਿੱਤੀ ਕਿ ਪੇਂਡੂ ਕਾਲਜ ਲਈ ਸਟਾਫ ਪੇਂਡੂ ਪਿਛੋਕੜ ਦਾ ਰੱਖਿਓ। ਸ਼ਹਿਰੀਆਂ ਨੇ ਪਿੰਡ ਵਿਚ ਨੀ ਟਿਕਣਾ। ਇਸੇ ਸਲਾਹ ਸਦਕਾ ਮੈਨੂੰ ਦਿੱਲੀ ਦੇ ਖਾਲਸਾ ਕਾਲਜ ਤੋਂ ਢੁੱਡੀਕੇ ਲਿਆਂਦਾ ਗਿਆ ਸੀ। ਅਗਸਤ ਵਿਚ ਕੰਵਲ ਨੇ ਮਲਾਇਆ ਨੂੰ ਉਡਾਰੀ ਮਾਰੀ ਤਾਂ ਮੈਂ ਮੁੜ ਦਿੱਲੀ ਨੂੰ ਉਡਾਰੀ ਮਾਰ ਗਿਆ। ਉਹ ਢੁੱਡੀਕੇ ਮੁੜਿਆ ਤਾਂ ਮੈਨੂੰ ਦਿੱਲੀ ਤੋਂ ਸੱਦਿਆ। ਪੈਂਦੀ ਸੱਟੇ ਮਿਹਣਾ ਮਾਰਿਆ, "ਜੇ ਪਿੰਡਾਂ ਦੇ ਪੜ੍ਹਿਆਂ ਨੇ ਸ਼ਹਿਰਾਂ ਦੀ ਅੰਗੂਰੀ ਈ ਚਰਨੀ ਐਂ ਤਾਂ ਤੁਹਾਨੂੰ ਪੜ੍ਹਾਉਣਾ ਕਾਹਨੂੰ ਸੀ?" ਮਿਹਣਾ ਸਿੱਧਾ ਮੇਰੇ ਸੀਨੇ 'ਚ ਵੱਜਾ ਤੇ ਮੈਂ ਦਿੱਲੀ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ।

ਉਨ੍ਹੀਂ ਦਿਨੀਂ ਉਹਦੇ ਕੋਲ ਬਲਰਾਜ ਸਾਹਨੀ ਆਉਂਦਾ ਹੁੰਦਾ ਸੀ। ਬਲਰਾਜ ਸਾਹਨੀ ਕੋਲ ਛੋਟਾ ਟਾਈਪ ਰਾਈਟਰ ਹੁੰਦਾ ਸੀ ਜਿਸ ਉਤੇ ਉਸ ਨੇ ਆਪਣੇ ਸਫਰਨਾਮੇ ਕੰਵਲ ਦੇ ਘਰ ਬੈਠ ਕੇ ਟਾਈਪ ਕੀਤੇ। ਉਹਦੀ ਗੁਰਮੁਖੀ ਹੱਥਲਿਖਤ ਵੀ ਸੋਹਣੀ ਸੀ ਜੋ ਮੈਂ ਉਸ ਦੀਆਂ ਚਿੱਠੀਆਂ ਤੋਂ ਵੇਖੀ ਸੀ। ਉਸ ਦੇ ਰੂਸੀ ਸਫਰਨਾਮੇ ਨੂੰ ਸੋਵੀਅਤ ਦੇਸ ਨਹਿਰੂ ਪੁਰਸਕਾਰ ਮਿਲਿਆ ਤਾਂ ਉਸ ਨੇ ਮਿਲੇ ਪੈਸੇ ਢੁੱਡੀਕੇ ਕਾਲਜ ਨੂੰ ਦਾਨ ਕਰ ਦਿੱਤੇ ਜੋ ਕਾਲਜ ਦੀ ਦਾਨ ਸ਼ਿਲਾ 'ਤੇ ਉੱਕਰੇ ਗਏ। ਬਲਰਾਜ ਦੇ ਪੁੱਤ ਪ੍ਰੀਕਸ਼ਤ ਸਾਹਨੀ ਨੇ ਬਾਪ ਨੂੰ ਦੱਸੇ ਬਿਨਾਂ ਵਿਆਹ ਕਰਾਇਆ ਤੇ ਉਸ ਦੀ ਵਧਾਈ ਦੀ ਤਾਰ ਬਲਰਾਜ ਨੂੰ ਕੰਵਲ ਦੇ ਅੰਦਰਲੇ ਘਰ ਮਿਲੀ ਸੀ।

ਪੰਜਾਬੀ ਸੂਬੇ ਲਈ ਮੋਰਚੇ ਬੇਸ਼ਕ ਅੰਮ੍ਰਿਤਸਰੋਂ ਲੱਗਦੇ ਰਹੇ ਪਰ ਨਿਰੋਲ ਭਾਸ਼ਾ ਦੇ ਆਧਾਰ 'ਤੇ ਸੈਕੂਲਰ ਪੰਜਾਬੀ ਸੂਬੇ ਦਾ ਮਤਾ ਕੰਵਲ ਦੇ ਸੱਦੇ 'ਤੇ ਢੁੱਡੀਕੇ ਵਿਚ ਪਾਸ ਹੋਇਆ ਸੀ। ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਦੀ ਮੰਗ ਸਿੱਖ ਬਹੁਗਿਣਤੀ ਵਾਲੇ ਸੂਬੇ ਨਾਲ ਰਲਗੱਡ ਕੀਤੀ ਹੋਈ ਸੀ। ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਕੂਟਨੀਤਕ ਚਾਲ ਚਲਦਿਆਂ ਸਿੱਖ ਬਹੁਗਿਣਤੀ ਵਾਲਾ ਸੂਬਾ ਤਾਂ ਬਣਾ ਦਿੱਤਾ ਪਰ ਪੰਜਾਬੀ ਬੋਲਦੇ ਕੁਝ ਇਲਾਕੇ ਪੰਜਾਬੀ ਸੂਬੇ ਤੋਂ ਬਾਹਰ ਰੱਖ ਲਏ। ਲੰਗੜਾ ਪੰਜਾਬੀ ਸੂਬਾ ਬਣਾਉਣ 'ਚ ਕਸੂਰ ਦੋਹਾਂ ਧਿਰਾਂ ਦਾ ਸੀ।

ਕੰਵਲ ਵਾਲੀਬਾਲ ਦਾ ਚੰਗਾ ਖਿਡਾਰੀ ਸੀ। ਮਿੰਟਗੁਮਰੀ ਦੇ ਚੱਕਾਂ ਵਿਚ ਉਸ ਦੇ ਨਾਨਕੇ ਸਨ ਜਿਥੇ ਉਹਦੇ ਨਾਲ ਇਕ ਨੌਜੁਆਨ ਵਾਲੀਬਾਲ ਖੇਡਦਾ ਹੁੰਦਾ ਸੀ ਜੋ ਉਹਦੇ ਪਹਿਲੇ ਨਾਵਲ 'ਸੱਚ ਨੂੰ ਫਾਂਸੀ' ਦਾ ਨਾਇਕ ਬਣਿਆ। ਕੰਵਲ ਨੇ 'ਸੱਚ ਨੂੰ ਫਾਂਸੀ' ਤੇ 'ਪਾਲੀ' ਨਾਵਲ ਪਾਕਿਸਤਾਨ ਬਣਨ ਤੋਂ ਪਹਿਲਾਂ ਲਿਖੇ ਅਤੇ 'ਰਾਤ ਬਾਕੀ ਹੈ' ਤੇ 'ਪੂਰਨਮਾਸ਼ੀ' ਵੰਡ ਤੋਂ ਪਿੱਛੋਂ, ਜਿਨ੍ਹਾਂ ਨੇ ਉਹਦੀ ਗੁੱਡੀ ਅਸਮਾਨੇ ਚੜ੍ਹਾ ਦਿੱਤੀ। ਦੇਸ਼ ਵੰਡ ਤੋਂ ਪਹਿਲਾਂ ਉਹ ਗੱਡੀ ਚੜ੍ਹ ਕੇ ਲਾਹੌਰ ਕਿਤਾਬਾਂ ਖਰੀਦਣ ਜਾਂਦਾ ਤੇ ਅਨਾਰਕਲੀ ਦਾ ਗੇੜਾ ਕੱਢਦਾ। ਉਦੋਂ ਰੇਲ ਗੱਡੀ ਦਾ ਭਾੜਾ ਕੁਝ ਆਨੇ ਹੀ ਸੀ। ਡੇਢ ਦੋ ਰੁਪਿਆਂ ਦੀਆਂ ਦਸ ਪੰਦਰਾਂ ਕਿਤਾਬਾਂ ਆ ਜਾਂਦੀਆਂ ਜੋ ਦੋ ਢਾਈ ਮਹੀਨੇ ਲੰਘਾ ਦਿੰਦੀਆਂ।

ਦੇਸ਼ ਦੀ ਵੰਡ ਵੇਲੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਸੀ ਜਿਸ ਦੇ ਜ਼ਿੰਮੇ ਲਹਿੰਦੇ ਪੰਜਾਬ ਦੇ ਹਿੰਦੂ ਸਿੱਖਾਂ ਨੂੰ ਸੁਰੱਖਿਅਤ ਲਿਆਉਣ ਦੀ ਡਿਊਟੀ ਲੱਗੀ ਸੀ। ਉਸ ਦਾ ਵਾਹ ਮਾਸਟਰ ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਨਾਲ ਪੈਂਦਾ ਰਹਿੰਦਾ ਸੀ। ਵੰਡ ਦਾ ਦਰਦ ਉਸ ਨੇ ਆਪਣੇ ਪਿੰਡੇ 'ਤੇ ਹੰਢਾਇਆ। ਢੁੱਡੀਕੇ ਦੇ ਮੁਸਲਮਾਨਾਂ ਨੂੰ ਜਾਨ ਹੂਲ ਕੇ ਸਿੱਖ ਜਨੂੰਨੀਆਂ ਤੋਂ ਬਚਾ ਕੇ ਕਾਫਲੇ ਵਿਚ ਪੁਚਾਇਆ।

ਕੰਵਲ ਨਾਲ ਮੇਰੀ ਪਹਿਲੀ ਮਿਲਣੀ 1958 ਵਿਚ ਹੋਈ। ਮੈਂ ਉਦੋਂ ਐਮ. ਆਰ. ਕਾਲਜ ਫਾਜ਼ਿਲਕਾ ਵਿਚ ਪੜ੍ਹਦਾ ਸਾਂ। ਸਾਡੀ ਸਭਾ ਨੇ ਕਵੀ ਦਰਬਾਰ ਦੀ ਪ੍ਰਧਾਨਗੀ ਲਈ ਉਸ ਨੂੰ ਸੱਦਿਆ। ਉਸ ਕਵੀ ਦਰਬਾਰ ਵਿਚ ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ, ਸੰਤੋਖ ਸਿੰਘ ਧੀਰ, ਕ੍ਰਿਸ਼ਨ ਅਸ਼ਾਂਤ, ਸੁਰਜੀਤ ਮਰਜਾਰਾ, ਗੁਰਦਾਸ ਰਾਮ ਆਲਮ, ਸ਼ਿਵ ਕੁਮਾਰ ਬਟਾਲਵੀ ਤੇ ਹੋਰ ਕਈ ਕਵੀ ਆਏ ਸਨ। ਡਾ. ਜਗਤਾਰ ਉਦੋਂ ਜਗਤਾਰ ਪਪੀਹਾ ਹੁੰਦਾ ਸੀ। 1960 ਤੋਂ ਮੈਂ ਉਸ ਦਾ ਪਾਠਕ ਬਣਿਆ। ਕਾਲਜ ਦੀ ਲਾਇਬ੍ਰੇਰੀ ਵਿਚੋਂ ਨਾਵਲ 'ਪੂਰਨਮਾਸ਼ੀ' ਕਢਵਾ ਕੇ ਜਮਾਤ 'ਚ ਪਿਛਲੇ ਬੈਂਚ 'ਤੇ ਜਾ ਬੈਠਾ। ਨਾਵਲ ਨੇ ਐਸਾ ਬੰਨ੍ਹਿਆਂ ਪਈ ਪਤਾ ਈ ਨਾ ਲੱਗਾ ਪ੍ਰੋਫੈਸਰ ਕੀ ਪੜ੍ਹਾਉਂਦੇ ਗਏ ਤੇ ਪੀਰੀਅਡ ਕਦੋਂ ਬਦਲਦੇ ਗਏ। ਮੈਂ ਨਾਵਲ ਵਿਚਲੇ ਨਵੇਂ ਪਿੰਡ ਦੇ ਖੇਤਾਂ, ਮੱਦੋਕੇ ਦੇ ਗੁਰਦੁਆਰੇ, ਕਿਲੀ ਚਹਿਲਾਂ ਦੇ ਮੇਲੇ, ਕਪੂਰੇ, ਤਖਾਣਵੱਧ, ਦਾਉਧਰ ਦੇ ਸੂਏ, ਬੁੱਟਰ ਦੇ ਛੱਪੜ ਤੇ ਟਾਂਗੇ ਵਾਲੇ ਦਿਆਲੇ ਅਮਲੀ ਸੰਗ ਵਿਚਰ ਰਿਹਾ ਸਾਂ। ਉਥੇ ਚੰਨੋ ਸੀ, ਸ਼ਾਮੋ ਸੀ, ਜਗੀਰ ਸੀ, ਰੂਪ ਸੀ ਤੇ ਗਿਆਨੀ ਬਣਿਆ ਕੰਵਲ ਆਪ ਸੀ। 'ਕੇਰਾਂ ਕੰਵਲ ਨੇ ਮੇਰੇ ਕੋਲ ਭੇਤ ਖੋਲ੍ਹਿਆ, "ਮੈਨੂੰ ਲੋਕਾਂ ਨੇ ਜੁਆਨੀ ਚੜ੍ਹਦੇ ਨੂੰ ਈ ਗਿਆਨੀ ਕਹਿਣਾ ਸ਼ੁਰੂ ਕਰ'ਤਾ ਸੀ। ਊਂ ਮੈਂ ਗਿਆਨੀ ਗਿਊਨੀ ਕੋਈ ਨੀ। ਜੇ ਮੇਰੇ ਨਾਂ ਨਾਲ ਗਿਆਨੀ ਨਾ ਜੁੜਦਾ ਤਾਂ ਮੈਂ ਵੀ ਐਸ਼ਾਂ ਕਰਨੀਆਂ ਸੀ।" ਦੂਜੇ ਕਮਰੇ 'ਚ ਡਾ. ਜਸਵੰਤ ਗਿੱਲ ਬੈਠੀ ਸੀ। ਮੈਂ ਮਨ 'ਚ ਕਿਹਾ, "ਘੱਟ ਤਾਂ ਕੰਵਲ ਸਾਹਿਬ ਆਪਾਂ ਗਿਆਨੀ ਬਣ ਕੇ ਵੀ ਨਹੀਂ ਗੁਜ਼ਾਰੀ!"

'ਪੂਰਨਮਾਸ਼ੀ' ਵਿਚਲਾ ਪਾਤਰ ਰੂਪ, ਕੌਲੂ ਪੱਤੀ ਦਾ ਗੁਲਜ਼ਾਰਾ ਸੀ ਜੋ ਇਲਾਕੇ ਦਾ ਦਰਸ਼ਨੀ ਜੁਆਨ ਸੀ। ਉਸ ਦੇ ਪੁੱਤਰ ਮੈਥੋਂ ਪੜ੍ਹਦੇ ਰਹੇ ਜੋ ਹੁਣ ਕੈਨੇਡਾ ਵਿਚ ਹਨ। 'ਰਾਤ ਬਾਕੀ ਹੈ' ਨੇ ਜਿੰਨੇ ਮੁੰਡੇ ਕਮਿਊਨਿਸਟ ਬਣਾਏ ਉਨੇ ਸ਼ਾਇਦ ਕਮਿਊਨਿਸਟ ਪਾਰਟੀ ਨੇ ਵੀ ਨਾ ਬਣਾਏ ਹੋਣ। ਕੰਵਲ ਦੀ ਪਹਿਲੀ ਪ੍ਰਸਿੱਧੀ ਕਾਮਰੇਡ ਲੇਖਕ ਕਰਕੇ ਸੀ ਤੇ ਸੀ. ਪੀ. ਆਈ. ਉਸ ਨੂੰ ਆਪਣਾ ਬੰਦਾ ਸਮਝਦੀ ਸੀ। ਕਦੇ ਕੰਵਲ ਨਕਸਲਬਾੜੀਆਂ ਦੀ ਪਿੱਠ 'ਤੇ ਆਇਆ, ਕਦੇ ਖਾੜਕੂਆਂ ਦੀ ਪਿੱਠ ਥਾਪੜੀ। ਕਦੇ ਹੁਸਨ ਇਸ਼ਕ ਦੀਆਂ ਬਾਤਾਂ ਪਾਈਆਂ, ਕਦੇ ਕਿਸਾਨਾਂ ਦੀ ਲੁੱਟ-ਖਸੁੱਟ ਦੇ ਮਸਲੇ ਉਭਾਰੇ। ਕਦੇ ਪੰਜਾਬ ਨਾਲ ਹੋਏ ਧੱਕਿਆਂ ਦੀ ਬੂ ਪਾਹਰਿਆ ਕੀਤੀ। ਕਦੇ ਸੈਕੂਲਰ ਹੋਇਆ, ਕਦੇ ਪੰਥਕ। ਕਦੇ ਇਨਕਲਾਬੀ, ਕਦੇ ਸੁਧਾਰਕ। ਕਦੇ ਕਾਮਰੇਡਾਂ ਨਾਲ, ਕਦੇ ਅਕਾਲੀਆਂ ਨਾਲ ਤੇ ਕਦੇ ਮਨਪ੍ਰੀਤ ਬਾਦਲ ਨਾਲ। ਉਹ ਆਪਣੇ ਆਪ ਨੂੰ ਕਿਸੇ ਪਾਰਟੀ ਦਾ ਨਹੀਂ, ਲੋਕਾਂ ਦਾ ਲੇਖਕ ਕਹਿੰਦਾ ਹੈ। ਪੰਜਾਬ ਤੇ ਕਿਸਾਨੀ ਦਾ ਦਰਦ ਉਹਦੇ ਦਿਲੋਂ ਬੋਲਦੈ। ਉਸ ਦੀਆਂ ਅਜੋਕੀਆਂ ਕਿਤਾਬਾਂ ਦੇ ਨਾਂ ਪੜ੍ਹੋ 'ਪੰਜਾਬੀਓ! ਜੀਣਾ ਐ ਕਿ ਮਰਨਾ?' 'ਕੌਮੀ ਲਲਕਾਰ' ਤੇ 'ਪੰਜਾਬ! ਤੇਰਾ ਕੀ ਬਣੂੰ?' ਉਹਦੀ ਅਜੋਕੀ ਲਿਖਤ ਦੇ ਨਮੂਨੇ ਵੇਖੋ:

-ਹੁਣ ਪੰਜਾਬ ਦੇ ਕਾਂਗਰਸੀ ਕੇਂਦਰ ਦੇ ਗੁਲਾਮ, ਜਿਥੇ ਮਰਜ਼ੀ ਅੰਗੂਠੇ ਲੁਆਉਣ, ਹੁੱਤ ਨਹੀਂ ਕਰਨਗੇ। ਅਕਾਲੀ ਤੇਰੇ ਪੈ ਗਏ ਜਨ ਸੰਘੀਆਂ ਦੀ ਝੋਲੀ, ਦੋਵੇਂ ਭੁੱਖੇ ਬਘਿਆੜ, ਪੰਜਾਬ ਕਿਵੇਂ ਬਚੇਗਾ? ਨੀਅਤ ਦੇ ਚੋਰਾਂ, ਪੰਜਾਬ ਦੇ ਦੁੱਧ ਤੋਂ ਤਰਦੀ ਤਰਦੀ ਮਲਾਈ ਲਾਹ ਲਈ; ਲੱਸੀ ਵੀ ਕੋਈ ਕਰਮਾਂ ਵਾਲਾ ਪੀ ਲਵੇ ਵਾਹ ਭਲੀ, ਨਹੀਂ ਹਾਲ ਕੋਈ ਨਹੀਂ। ਰਾਜਸੀ ਦਵਤ ਸੱਟ ਇਸ ਤਰ੍ਹਾਂ ਹੀ ਰਹੀ, ਪੰਜਾਬ ਦੇ ਦਰਿਆਵਾਂ ਦਾ ਪਾਣੀ ਵੀ ਬੋਲੋ ਰਾਮ ਹੋ ਚੁੱਕਾ ਸਮਝੋ। ਜਿਸ ਪੰਜਾਬ ਵਿਚ ਦਰਿਆਵਾਂ ਦੀਆਂ ਲਹਿਰਾਂ ਝੱਲੀਆਂ ਨਹੀਂ ਸਨ ਜਾਂਦੀਆਂ, ਹਾੜ ਬੋਲਣ ਵਾਲਾ ਹੈ। ਮੈਨੂੰ ਦੋਸ਼ ਕਾਹਤੋਂ ਦੇਂਦਾ ਏਂ, ਆਪਣੇ ਦੋਸ਼ੀ ਕਾਂਗਰਸੀਆਂ, ਅਕਾਲੀਆਂ ਤੇ ਜਨ ਸੰਘੀਆਂ ਨੂੰ ਧੌਣੋਂ ਫੜ।

-ਗੁਰੂ ਦੇ ਲਾਡਲੇ ਪੰਜਾਬ! ਤੂੰ ਹੁਣ ਕਿਵੇਂ ਜੀਵੇਂਗਾ? ਤੇਰਾ ਤਾਂ ਅੱਗਾ ਪਿੱਛਾ ਦੁਸ਼ਮਣਾਂ ਜੜ੍ਹਾਂ ਤਕ ਛਾਂਗ ਸੁੱਟਿਆ। ਤੇਰਾਂ ਲੱਖ ਟਿਊਬਵੈਲਾਂ, ਤੇਰੀ ਤਾਂ ਅੱਡੀਆਂ ਤਕ ਰੱਤ ਚੂਸ ਲਈ। ਕਾਂਗਰਸੀ ਤਾਂ ਆਖਦੇ ਸਨ, ਡਾਕੂ ਅੰਗਰੇਜ਼ ਦੇ ਜਾਣ ਪਿੱਛੋਂ ਤੇਰੀਆਂ ਸ਼ਾਨਾਂ ਮਾਨਾਂ ਨਿਰਾਲੀਆਂ ਹੀ ਹੋਣਗੀਆਂ। ਕਿਥੇ ਹੈ ਉਹ ਚੜ੍ਹਦੀ ਕਲਾ? ਪੁੱਤਾਂ ਪੋਤਰਿਆਂ ਵਾਲਾ ਤੂੰ ਤਾਂ ਦੁਨੀਆ ਦੇ ਨਕਸ਼ੇ ਤੋਂ ਲਹਿਣ ਵਾਲਾ ਹੋ ਗਿਆ ਏਂ। ਤੇਰਾ ਅੰਤ ਮੰਦੜਾ ਹਾਲ ਵੇਖ, ਮੇਰੀ ਕਲਮ ਦਾ ਸਾਹ-ਸਤ ਰੁਕਿਆ ਪਿਆ ਹੈ। ਤੇਰਾ ਹੁਣ ਕੀ ਬਣੂੰ ਭਾਨਿਆਂ?

ਉਹਦੇ ਨਾਵਲ 'ਲਹੂ ਦੀ ਲੋਅ' ਦੀ ਬੜੀ ਚਰਚਾ ਹੋਈ ਸੀ ਜਿਸ ਨੂੰ ਐਮਰਜੈਂਸੀ ਦੇ ਦਿਨੀਂ ਲੁਕਾ-ਛੁਪਾ ਕੇ ਸਿੰਘਾਪੁਰ ਦੇ ਇਕ ਛਾਪੇਖਾਨੇ 'ਚੋਂ ਛਪਾਇਆ ਗਿਆ ਸੀ। ਕੀਮਤ ਸੀ ਤੀਹ ਰੁਪਏ। ਕਿਤਾਬ ਮਸੀਂ ਮਿਲਦੀ ਸੀ ਜੋ ਇਕ-ਇਕ ਕਾਪੀ ਸੌ-ਸੌ ਜਣਿਆਂ ਨੇ ਪੜ੍ਹੀ। ਐਮਰਜੈਂਸੀ ਹਟੀ ਤਾਂ ਨਵਯੁਗ ਪਬਲਿਸ਼ਰਜ਼ ਨੇ ਦੂਜੀ ਛਾਪ ਛਾਪੀ ਤੇ ਕੀਮਤ ਰੱਖੀ ਪੰਦਰਾਂ ਰੁਪਏ। ਜ਼ਰਾਇਤੀ ਯੂਨੀਵਰਸਿਟੀ ਦੇ ਮੇਲੇ ਵਿਚ ਲਹੂ ਦੀ ਲੋਅ ਖਰੀਦਣ ਲਈ ਲਾਈਨਾਂ ਲੱਗ ਗਈਆਂ। ਪਾਠਕ ਤੀਹਾਂ ਰੁਪਈਆਂ ਦੀ ਥਾਂ ਕੀਮਤ ਪੰਦਰਾਂ ਰੁਪਏ ਸੁਣਦੇ ਤਾਂ ਪੁੱਛਦੇ, "ਅੱਧੇ ਮੁੱਲ ਦੀ ਇਹ 'ਲਹੂ ਦੀ ਲੋਅ' ਕਿਤੇ ਨਕਲੀ ਤਾਂ ਨੀ!"

'ਲਹੂ ਦੀ ਲੋਅ' ਨੂੰ ਮਿਲਿਆ ਇਨਾਮ ਕੰਵਲ ਨੇ ਇਹ ਕਹਿ ਕੇ ਠੁਕਰਾ ਦਿੱਤਾ ਸੀ ਕਿ ਜਿਸ ਸਰਕਾਰ ਨੇ ਨਕਸਲੀ ਮੁੰਡੇ ਮਾਰੇ ਹਨ ਮੈਂ ਉਸ ਸਰਕਾਰ ਦਾ ਇਨਾਮ ਨਹੀਂ ਲੈ ਸਕਦਾ। ਪਿੱਛੋਂ ਸ਼੍ਰੋਮਣੀ ਸਾਹਿਤਕਾਰ ਦਾ ਸਭ ਤੋਂ ਵੱਡਾ ਸਰਕਾਰੀ ਇਨਾਮ ਲੈ ਵੀ ਲਿਆ। ਉਸ ਨੇ 'ਸਾਹਿਤ ਟਰਸਟ ਢੁੱਡੀਕੇ' ਬਣਾ ਕੇ ਡੇਢ ਦੌ ਸੌ ਲੇਖਕਾਂ ਨੂੰ ਬਾਵਾ ਬਲਵੰਤ, ਬਲਰਾਜ ਸਾਹਨੀ ਤੇ ਡਾ. ਜਸਵੰਤ ਗਿੱਲ ਯਾਦਗਾਰੀ ਪੁਰਸਕਾਰ ਦਿੱਤੇ ਹਨ। ਉਹ ਸਖੀ ਵੀ ਹੈ ਤੇ ਸੂਮ ਵੀ। ਇਕ ਹੱਥ ਨਾਲ ਦਿੰਦੈ, ਦੂਜੇ ਨਾਲ ਲੈ ਵੀ ਲੈਂਦੈ। ਉਹ ਵਾਰਤਾਕਾਰ ਵੀ ਹੈ ਤੇ ਕਵੀ ਵੀ:

-ਸੱਜਣ ਵਸੇਂਦੇ ਪਾਰ ਓ ਯਾਰ,
ਸੱਜਣ ਵਸੇਂਦੇ ਪਾਰ!
ਜਾਣੇ ਕਿਹੜਾ ਹਾਲ ਮਨਾਂ ਦੇ,
ਪੁੱਠੇ ਚਾਲੇ ਏਸ ਝਨਾਂ ਦੇ,
ਡੋਬੇ ਅੱਧ ਵਿਚਕਾਰ ਓ ਯਾਰ,
ਸੱਜਣ ਵਸੇਂਦੇ ਪਾਰ ਓ ਯਾਰ!
ਆਸ਼ਕ ਵੇਖੋ ਮੁੜੇ ਨਾ ਮੋੜੇ,
ਸਿਦਕ ਉਨ੍ਹਾਂ ਦਾ ਸੂਲੀ ਤੋੜੇ,
ਪੀੜਾਂ ਰਹਿਣ ਉਰਾਰ ਓ ਯਾਰ,
ਸੱਜਣ ਵਸੇਂਦੇ ਪਾਰ...।

ਉਹ ਭਾਵੇਂ ਦਸਵੀਂ 'ਚ ਅੜ ਗਿਆ ਸੀ ਪਰ ਲਿਖਣ 'ਚ ਏਨਾ ਅੱਗੇ ਵਧਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਡੀ. ਲਿੱਟ. ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਆ। ਪੰਜਾਬ ਸਰਕਾਰ ਨੇ ਸਾਹਿਤ ਰਤਨ ਦਾ ਖਿਤਾਬ ਦਿੱਤਾ। ਪੰਜਾਬੀ ਸਾਹਿਤ ਅਕਾਦਮੀ ਤੇ ਭਾਰਤੀ ਸਾਹਿਤ ਅਕਾਦਮੀ ਨੇ ਆਪੋ ਆਪਣੇ ਅਵਾਰਡ ਦਿੱਤੇ। ਉਸ ਨੂੰ ਸਰਵਸ੍ਰੇਸ਼ਟ ਪੁਰਸਕਾਰ ਨਾਲ ਵਡਿਆਇਆ ਗਿਆ। ਸੈਮਸੰਗ ਕੰਪਨੀ ਨੇ ਸਾਹਿਤ ਅਕਾਦਮੀ ਦਿੱਲੀ ਰਾਹੀਂ ਟੈਗੋਰ ਯਾਦਗਾਰੀ ਅਵਾਰਡ ਦਿੱਤਾ।

ਉਸ ਨੇ ਪਿੰਡ ਦੀ ਸਰਪੰਚੀ ਤੋਂ ਲੈ ਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਸਕੱਤਰੀ, ਪ੍ਰਧਾਨਗੀ ਤੇ ਸਰਪ੍ਰਸਤੀ ਕੀਤੀ। ਪੰਜਾਬੀ ਕਨਵੈਨਸ਼ਨਾਂ ਦਾ ਕਨਵੀਨਰ ਰਿਹਾ। ਇੰਗਲੈਂਡ ਵਿਚ ਪਹਿਲੀ ਵਿਸ਼ਵ ਕਾਨਫਰੰਸ ਕਰਾਉਣ 'ਚ ਮੋਹਰੀ ਸੀ।

ਪੰਜਾਬੀ ਨੂੰ ਦੇਵਨਾਗਰੀ ਲਿੱਪੀ ਵਿਚ ਲਿਖਣ ਤੇ ਪੰਜਾਬੀ ਸ਼ਬਦਾਵਲੀ ਨੂੰ ਹਿੰਦੀ ਸੰਸਕ੍ਰਿਤ ਦੀ ਪਾਹ ਚਾੜ੍ਹਨੋਂ ਬਚਾਇਆ। ਭਾਸ਼ਾ ਵਿਭਾਗ ਪੰਜਾਬ ਦੇ ਬੋਰਡ ਦਾ ਸਲਾਹਕਾਰ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮੈਂਬਰ ਰਿਹਾ। ਸਾਹਿਤ ਟਰਸਟ ਢੁੱਡੀਕੇ ਤਾਂ ਹੈ ਹੀ ਉਹਦਾ। ਅਨੂਪ ਵਿਰਕ ਉਹਦੇ ਬਾਰੇ ਲਿਖਦੈ:

ਉਹ ਚੰਨ ਚਾਨਣੀ ਰਾਤ ਜਿਹਾ
ਔੜਾਂ ਵਿਚ ਹੋਈ ਬਰਸਾਤ ਜਿਹਾ
ਉਹ ਸੁਪਨਾ ਸਾਹਿਤ ਸਮੁੰਦਰ ਦਾ
ਉਹ ਅਕਾਸ਼ ਦੀ ਖੁੱਲ੍ਹੀ ਕਿਤਾਬ ਜਿਹਾ
ਉਹ ਇਸ਼ਟ ਜਿਹਾ ਉਹ ਇਸ਼ਕ ਜਿਹਾ
ਮੇਰੇ ਸੀਨੇ ਦੇ ਵਿਚ ਲਿਸ਼ਕ ਰਿਹਾ।

ਪੰਜਾਬੀ ਸਾਹਿਤ ਦਾ ਇਹ ਚੰਦ ਜੁਗੋ ਜੁਗ ਚਮਕੇ। ਹੋਰ ਚਾਨਣ ਵੰਡੇ ਜਿਸ ਨਾਲ ਬਾਕੀ ਰਹਿੰਦੀਆਂ ਰਾਤਾਂ ਰੁਸ਼ਨਾਈਆਂ ਜਾਣ। ਇਹਦੀਆਂ ਪੂਰਨਮਾਸ਼ੀਆਂ ਵਾਰ ਵਾਰ ਆਉਣ। ਪੰਜਾਬ ਵਿਚ ਲਹੂ ਦੀ ਥਾਂ ਚਾਨਣ ਦੀ ਲੋਅ ਹੋਵੇ। ਮਿੱਤਰਾਂ ਨੂੰ ਪਿਆਰੇ ਤੇ ਹਾਣੀਆਂ ਨੂੰ ਹਾਣੀ ਮਿਲਣ। ਕੰਵਲ ਪੰਜਾਬ ਦੀ ਸਾਹਿਤਕ ਭੋਇੰ 'ਤੇ ਝੂਮਦਾ ਸਰੂ ਦਾ ਰੁੱਖ ਹੈ। ਸ਼ਾਲਾ! ਇਹ ਵਗਦੀਆਂ 'ਵਾਵਾਂ ਨਾਲ ਜਿੰਨਾ ਮਰਜ਼ੀ ਝੂਮੇ, ਜਿੰਨੇ ਮਰਜ਼ੀ ਹੁਲਾਰੇ ਲਵੇ ਪਰ ਬੋਹੜ ਵਾਂਗ ਆਪਣੀਆਂ ਜੜ੍ਹਾਂ ਧਰਤੀ 'ਚ ਗੱਡੀ ਰੱਖੇ।



## ਵਿਅੰਗ

ਪੁੱਛਦੇ ਫੋਨ 'ਤੇ ਕਈ ਹੈਰਾਨ ਹੋ ਕੇ,
ਕਿਵੇਂ ਪਹੁੰਚਿਆ ਪਤੰਦਰਾ ਬਾਹਰ ਅੱਜ-ਕੱਲ੍ਹ।
ਤੇਰੇ ਵਿਅੰਗਾਂ ਤੋਂ ਲੱਭਣ ਜਾਪਦੇ ਨਹੀਂ,
ਹੋ ਗਿਆ ਹੋਵੇਂਗਾ ਸਮਝਦਾਰ ਅੱਜ-ਕੱਲ੍ਹ।
ਕਲਮ ਚੁੱਕੀ ਸੀ ਜਿਨ੍ਹਾਂ ਦੇ ਨਾਲ ਰਲ ਕੇ,
ਛੱਡ ਗਏ ਜਾਂ ਫਿਰ ਵੀ ਯਾਰ ਅੱਜ-ਕੱਲ੍ਹ।
ਬਦਖੋਹੀ ਠੋਕ ਕੇ ਕਰਦੈ ਵਿਚ ਓਹਦੇ,
ਜਿਹੜੇ ਅਖਬਾਰ ਦਾ ਨਾਮਾਨਿਗਾਰ ਅੱਜ-ਕੱਲ੍ਹ।
'ਠੰਡਾ ਪੈ ਗਿਆ' ਅਸੀਂ ਸੋਚਦੇ ਸੀ,
ਕਰਦੈ ਅਮਰੀਕਾ 'ਚ ਮਾਰੋਮਾਰ ਅੱਜ-ਕੱਲ੍ਹ।
ਮਾਹੌਲ ਵਿਦੇਸ਼ ਦਾ ਬੜਾ ਕੁਝ ਬਦਲ ਦਿੰਦਾ,
ਤੂੰ ਤਾਂ 'ਗਿੱਲਾ' ਏਂ ਖੰਡੇ ਦੀ ਧਾਰ ਅੱਜ-ਕੱਲ੍ਹ।

-ਜੁਗਰਾਜ ਗਿੱਲ, ਸ਼ਾਰਲਟ
ਫੋਨ: 704-257-6693

## ਕਹਾਣੀ

# ਪ੍ਰਸੰਨ ਰਾਜਕੁਮਾਰ

***'ਪ੍ਰਸੰਨ ਰਾਜਕੁਮਾਰ' ਕਹਾਣੀ ਆਇਰਲੈਂਡ ਦੇ ਸੰਸਾਰ ਪ੍ਰਸਿੱਧ ਲੇਖਕ ਔਸਕਰ ਵਾਈਲਡ (16 ਅਕਤੂਬਰ 1854-30 ਨਵੰਬਰ 1900) ਦੀ ਬੜੀ ਮਸ਼ਹੂਰ ਕਹਾਣੀ ਹੈ ਜਿਸ ਵਿਚ ਉਸ ਨੇ ਸੰਕੇਤ-ਸੰਕੇਤ ਵਿਚ ਵੱਡੀਆਂ ਗੱਲਾਂ ਕਹਿ ਸੁਣਾਈਆਂ ਹਨ। ਰਾਜਕੁਮਾਰ ਅਤੇ ਚਿੜੀ ਵਿਚਕਾਰ ਗੱਲਬਾਤ ਉਸਾਰ ਕੇ ਉਸ ਨੇ ਹੁਕਮਰਾਨਾਂ ਅਤੇ ਆਵਾਮ ਬਾਰੇ ਖਰੀਆਂ-ਖਰੀਆਂ ਕਹਿ ਛੱਡੀਆਂ ਹਨ। ਲੇਖਕ ਦੀ ਇਹ ਸ਼ੈਲੀ ਧੂਹ ਪਾਉਣ ਵਾਲੀ ਹੈ। -ਸੰਪਾਦਕ***


ਐਸੀ ਮੂਰਤੀ ਦਾ ਕੀ ਲਾਭ ਜੋ ਮੀਂਹ ਤੋਂ ਵੀ ਆਪਣੀ ਰੱਖਿਆ ਨਾ ਕਰ ਸਕੇ। ਮੈਨੂੰ ਕਿਸੇ ਹੋਰ ਸਥਾਨ ਦੀ ਖੋਜ ਕਰਨੀ ਚਾਹੀਦੀ ਹੈ। ਪਰ, ਉਸ ਤੋਂ ਪਹਿਲਾਂ ਹੀ ਜਦੋਂ ਤੀਸਰੀ ਬੂੰਦ ਉਸ 'ਤੇ ਡਿੱਗੀ ਤਾਂ ਉਸ ਨੇ ਦੇਖਿਆ ਕਿ ਪ੍ਰਸੰਨ ਰਾਜਕੁਮਾਰ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ। ਚੰਦ ਦੀ ਚਾਨਣੀ ਵਿਚ ਰਾਜਕੁਮਾਰ ਦਾ ਚਿਹਰਾ ਤਰਸ ਵਾਲਾ ਲੱਗ ਰਿਹਾ ਸੀ। ਚਿੜੀ ਦਾ ਮਨ ਦਇਆ ਨਾਲ ਭਰਿਆ ਹੋਇਆ ਹੈ।

"ਤੂੰ ਕੌਣ ਹੈ।" ਚਿੜੀ ਨੇ ਪੁੱਛਿਆ।

"ਮੈਂ ਪ੍ਰਸੰਨ ਰਾਜਕੁਮਾਰ ਹਾਂ।"

"ਤੂੰ ਰੋ ਕਿਉਂ ਰਿਹਾ ਹੈਂ? ਤੂੰ ਤਾਂ ਮੈਨੂੰ ਪੂਰੀ ਤਰ੍ਹਾਂ ਨਹਾ ਹੀ ਦਿਤਾ।" ਚਿੜੀ ਨੇ ਉਲਾਂਭੇ ਦੇ ਅੰਦਾਜ਼ ਵਿਚ ਕਿਹਾ।

"ਜਦੋਂ ਮੈਂ ਜਿਉਂਦਾ ਸੀ ਤਾਂ ਮੇਰੇ ਕੋਲ ਦਿਲ ਸੀ, ਪਰ ਮੈਨੂੰ ਆਪਣੇ ਜੀਵਨ ਵਿਚ ਇਹ ਪਤਾ



ਔਸਕਰ ਵਾਈਲਡ

ਨਹੀਂ ਲੱਗਾ ਕਿ ਹੰਝੂ ਕਿਸ ਨੂੰ ਕਹਿੰਦੇ ਹਨ। ਮੈਂ ਰਾਜ ਮਹਿਲ ਵਿਚ ਰਿਹਾ, ਜਿਥੇ ਆਦਮੀ ਨੂੰ ਵੀ ਅੰਦਰ ਆਉਣ ਦੀ ਆਗਿਆ ਨਹੀਂ ਹੁੰਦੀ। ਮੈਂ ਦਿਨ ਵਿਚ ਆਪਣੇ ਸਾਥੀਆਂ ਨਾਲ ਖੇਡਦਾ ਅਤੇ ਸ਼ਾਮ ਨੂੰ ਵੱਡੇ-ਵੱਡੇ ਕਮਰਿਆਂ ਵਿਚ ਨੱਚਦਾ। ਬਗੀਚੇ ਦੇ ਚੌਹੀਂ ਪਾਸੀਂ ਉਚੀ ਕੰਧ ਸੀ, ਪਰ ਮੈਂ ਕਦੇ ਇਹ ਜਾਣਨ ਦਾ ਯਤਨ ਨਹੀਂ ਕੀਤਾ ਕਿ ਇਸ ਕੰਧ ਦੇ ਪਾਰ ਕੀ ਸੀ। ਮੇਰੇ ਕਰਮਚਾਰੀ ਮੈਨੂੰ ਪ੍ਰਸੰਨ ਰਾਜਕੁਮਾਰ ਕਹਿੰਦੇ ਸਨ। ਮੈਂ ਵੀ ਪ੍ਰਸੰਨ ਰਹਿੰਦਾ ਸੀ। ਜੇ ਮਨੋਰੰਜਨ ਨੂੰ ਹੀ ਪ੍ਰਸੰਨਤਾ ਕਹਿੰਦੇ ਹਨ ਤਾਂ ਇਸੇ ਤਰ੍ਹਾਂ ਮੈਂ ਜੀਵਿਆ ਤੇ ਮਰਿਆ। ਮਰਨ ਤੋਂ ਬਾਅਦ ਉਨ੍ਹਾਂ ਨੇ ਮੈਨੂੰ ਇੰਨੀ ਉਚਾਈ 'ਤੇ ਖੜ੍ਹਾ ਕਰ ਦਿੱਤਾ ਹੈ ਕਿ ਨਗਰ ਦੀ ਬਦਸੂਰਤੀ, ਗਰੀਬੀ, ਉਦਾਸੀ ਅਤੇ ਨਿਰਾਸ਼ਤਾ ਮੈਨੂੰ ਦਿਖਾਈ ਦਿੰਦੀ ਹੈ।

ਮੇਰਾ ਦਿਲ ਭਾਵੇਂ ਸਿੱਕੇ ਦਾ ਬਣਿਆ ਹੋਇਆ ਹੈ, ਤਾਂ ਵੀ ਰੋਏ ਬਿਨਾਂ ਨਹੀਂ ਰਹਿ ਸਕਦਾ।"

ਉਸ ਦੀ ਆਖਰੀ ਗੱਲ ਸੁਣ ਕੇ ਚਿੜੀ ਨੇ ਸੋਚਿਆ, ਮੈਂ ਤਾਂ ਸਮਝਦੀ ਸੀ ਕਿ ਉਹ ਪੂਰਾ ਹੀ ਸੋਨੇ ਦਾ ਹੈ, ਪਰ ਉਸ ਨੇ ਕੁਝ ਕਿਹਾ ਨਹੀਂ। ਉਸ ਮੂਰਤੀ ਨੇ ਆਪਣੀ ਸੰਗੀਤਮਈ ਸੁਰ ਵਿਚ ਕਹਿਣਾ ਜਾਰੀ ਰੱਖਿਆ, "ਦੂਰ ਤੋਂ ਦੂਰ ਇਕ ਛੋਟੇ ਜਿਹੇ ਕਿਲ੍ਹੇ ਵਿਚ ਇਕ ਗਰੀਬ ਪਰਿਵਾਰ। ਉਨ੍ਹਾਂ ਦੇ ਘਰ ਵਿਚ ਖਿੜਕੀ ਖੁੱਲ੍ਹੀ ਹੈ ਅਤੇ ਅੰਦਰ ਕੋਈ ਇਸਤਰੀ ਬੈਠੀ ਹੈ। ਉਸ ਦਾ ਚਿਹਰਾ ਸੁੱਕਿਆ ਅਤੇ ਥੱਕਿਆ ਹੋਇਆ ਲੱਗਦਾ ਹੈ। ਉਸ ਦੇ ਹੱਥ ਖੁਰਦਰੇ ਤੇ ਲਾਲ ਹਨ ਜਿਨ੍ਹਾਂ ਵਿਚ ਸੂਈਆਂ ਦੇ ਅਣਗਿਣਤ ਛੇਕ ਹਨ। ਉਹ ਰਾਣੀ ਦੇ ਨਾਚ-ਗਾਉਣ 'ਤੇ ਕਢਾਈ ਕਰ ਰਹੀ ਹੈ। ਕਮਰੇ ਦੇ ਇਕ ਕੋਨੇ ਵਿਚ ਉਸ ਦਾ ਬਿਮਾਰ ਲੜਕਾ ਪਿਆ ਹੈ, ਉਹ ਸੰਤਰਾ ਮੰਗ ਰਿਹਾ ਹੈ ਪਰ ਉਸ ਦੀ ਮਾਂ ਦੇ ਕੋਲ ਸੰਤਰੇ ਲਈ ਪੈਸੇ ਨਹੀਂ ਹਨ। ਇਸ ਲਈ ਬਾਲਕ ਰੋ ਰਿਹਾ ਹੈ।

"ਮੇਰੀ ਪਿਆਰੀ ਚਿੜੀ, ਕੀ ਤੂੰ ਮੇਰੀ ਤਲਵਾਰ ਨਾਲੋਂ ਲਾਲ ਮਣੀ ਲਾਹ ਕੇ ਉਸ ਇਸਤਰੀ ਨੂੰ ਦੇ ਆਵੇਂਗੀ? ਮੇਰੇ ਪੈਰ ਇਸ ਸਤੰਭ ਨਾਲ ਜੁੜੇ ਹੋਏ ਨੇ, ਨਹੀਂ ਤਾਂ ਮੈਂ ਕੋਸ਼ਿਸ਼ ਕਰਦਾ।"

ਚਿੜੀ ਬੋਲੀ, "ਮੇਰੀ ਸਹੇਲੀ ਮਿਸਰ ਵਿਚ ਉਡੀਕ ਕਰ ਰਹੀ ਹੋਵੇਗੀ। ਉਹ ਉਥੇ ਨੀਲ ਨਦੀ ਵਿਚ ਵੱਡੇ ਕਮਲ ਦੇ ਫੁੱਲ ਨਾਲ ਗੱਲਾਂ ਕਰਦੀ ਹੋਈ ਚਹਿਕ ਰਹੀ ਹੋਵੇਗੀ। ਰਾਤ ਹੋਣ 'ਤੇ ਉਹ ਉਥੋਂ ਦੇ ਮਹਾਨ ਰਾਜਾ ਦੀ ਕਬਰ 'ਤੇ ਜਾ ਕੇ ਆਰਾਮ ਕਰੇਗੀ। ਉਸ ਰਾਜਾ ਦੇ ਗਲ ਵਿਚ ਹਰੇ ਮਣਕਿਆਂ ਦੀ ਮਾਲਾ ਹੈ ਅਤੇ ਉਸ ਦੇ ਹੱਥ ਸੁੱਕੇ ਪੱਤਿਆਂ ਵਾਂਗ ਹਨ।"

ਰਾਜਕੁਮਾਰ ਬੋਲਿਆ, "ਪਿਆਰੀ ਅਬਾਬੀਲ! ਕੀ ਇਕ ਰਾਤ ਰੁਕ ਕੇ ਤੂੰ ਮੇਰਾ ਇੰਨਾ ਕੰਮ ਨਹੀਂ ਕਰੇਂਗੀ?" ਲੜਕਾ ਪਿਆਸਾ ਹੈ ਤੇ ਉਸ ਦੀ ਪਿਆਰੀ ਮਾਂ ਬਹੁਤ ਉਦਾਸ ਹੈ।"

"ਪਰ ਮੈਨੂੰ ਲੜਕੇ ਚੰਗੇ ਨਹੀਂ ਲੱਗਦੇ।" ਚਿੜੀ ਨੇ ਜਵਾਬ ਦਿੱਤਾ। ਪਿਛਲੀਆਂ ਗਰਮੀਆਂ ਵਿਚ ਨਦੀ ਕਿਨਾਰੇ ਦੇ ਲੜਕੇ ਹਮੇਸ਼ਾ ਮੈਨੂੰ ਪੱਥਰ ਮਾਰਦੇ ਰਹਿੰਦੇ ਸਨ।

ਪ੍ਰਸੰਨ ਰਾਜਕੁਮਾਰ ਇੰਨਾ ਉਦਾਸ ਹੋਇਆ ਕਿ ਚਿੜੀ ਨੂੰ ਦਇਆ ਆ ਗਈ, ਬੋਲੀ, "ਉਥੇ ਬਹੁਤ ਠੰਢ ਹੈ। ਮੈਂ ਇਕ ਰਾਤ ਤੇਰੇ ਲਈ ਰੁਕ ਜਾਂਦੀ ਹਾਂ।"

"ਬਹੁਤ ਬਹੁਤ ਧੰਨਵਾਦ।" ਪ੍ਰਸੰਨ ਰਾਜਕੁਮਾਰ ਬੋਲਿਆ।

ਫਿਰ ਚਿੜੀ ਨੇ ਲਾਲ ਮਣੀ ਆਪਣੀ ਚੁੰਝ ਵਿਚ ਲਈ ਅਤੇ ਛੱਤਾਂ ਤੋਂ ਹੁੰਦੀ ਹੋਈ ਉਸ ਘਰ ਦੀ ਖਿੜਕੀ ਤੱਕ ਪਹੁੰਚੀ। ਬਾਲਕ ਬੁਖ਼ਾਰ ਦੀ ਤੇਜ਼ੀ ਨਾਲ ਬਿਸਤਰ 'ਤੇ ਪਾਸੇ ਬਦਲ ਰਿਹਾ ਸੀ। ਮਾਂ ਥੱਕ ਕੇ ਸੌਂ ਚੁੱਕੀ ਸੀ। ਚਿੜੀ ਨੇ ਮੇਜ਼ 'ਤੇ ਲਾਲ ਮਣੀ ਰੱਖ ਦਿੱਤੀ ਤੇ ਬਾਲਕ ਦੇ ਚਿਹਰੇ ਦੇ ਆਲੇ-ਦੁਆਲੇ ਉਡ ਕੇ ਉਸ ਨੂੰ ਹਵਾ ਦਿੱਤੀ। ਬਾਲਕ ਨੇ ਸੋਚਿਆ, ਕਿੰਨਾ ਚੰਗਾ ਲੱਗ ਰਿਹਾ ਹੈ ਅਤੇ ਉਹ ਗਹਿਰੀ ਨੀਂਦ ਸੌਂ ਗਿਆ।

ਚਿੜੀ ਪ੍ਰਸੰਨ ਰਾਜਕੁਮਾਰ ਕੋਲ ਵਾਪਸ ਆਈ ਅਤੇ ਉਸ ਨੂੰ ਸਾਰਾ ਹਾਲ ਦੱਸਿਆ ਤੇ ਬੋਲੀ, "ਅਜੀਬ ਗੱਲ ਹੈ, ਇੰਨੀ ਠੰਢ ਹੋਣ 'ਤੇ ਵੀ ਮੈਨੂੰ ਵਚਿੱਤਰ ਕਿਸਮ ਦੀ ਗਰਮੀ ਅਨੁਭਵ ਹੋ ਰਹੀ ਹੈ।"

ਰਾਜਕੁਮਾਰ ਨੇ ਕਿਹਾ, "ਕਿਉਂਕਿ ਤੂੰ ਭਲਾ ਕੰਮ ਕੀਤਾ ਹੈ, ਇਸ ਲਈ।"

ਦਿਨ ਚੜ੍ਹੇ ਉਹ ਨਦੀ ਕਿਨਾਰੇ ਗਈ ਤੇ ਖੂਬ ਨਹਾਈ। ਕਿਨਾਰੇ 'ਤੇ ਇਕ ਪ੍ਰੋਫੈਸਰ ਜਾ ਰਹੇ ਸਨ। ਚਿੜੀ ਨੂੰ ਦੇਖ ਕੇ ਬੋਲੇ, "ਕਿੰਨੀ ਵਚਿੱਤਰ ਗੱਲ ਹੈ, ਇਹ ਅਬਾਬੀਲ ਠੰਢ ਦੇ ਦਿਨਾਂ ਵਿਚ ਇਥੇ?"

ਜਦੋਂ ਚੰਦ ਨਿਕਲਿਆ ਤਾਂ ਉਹ ਪ੍ਰਸੰਨ ਰਾਜਕੁਮਾਰ ਕੋਲ ਪਹੁੰਚੀ ਅਤੇ ਕਿਹਾ, "ਮਿਸਰ ਵਿਚ ਕੋਈ ਹੈ ਤਾਂ ਦੱਸੋ, ਮੈਂ ਹੁਣ ਜਾ ਰਹੀ ਹਾਂ।"

ਰਾਜਕੁਮਾਰ ਨੇ ਕਿਹਾ, "ਪਿਆਰੀ ਅਬਾਬੀਲ, ਕੀ ਇਕ ਰਾਤ ਮੇਰੇ ਪਾਸ ਨਹੀਂ ਰੁਕੇਂਗੀ?"

"ਨਹੀਂ।" ਚਿੜੀ ਬੋਲੀ, "ਮੇਰੀ ਉਡੀਕ ਮਿਸਰ ਵਿਚ ਹੋ ਰਹੀ ਹੈ। ਕੱਲ੍ਹ ਮੇਰੇ ਸਾਥੀ ਗੁਫਾਵਾਂ ਵਿਚ ਜਾਣਗੇ ਜਿਥੇ ਮਿਸਰ ਵਿਚ ਰਹਿ ਕੇ ਉਸ ਨੇ ਥੀਏਟਰ ਦੇ ਡਾਇਰੈਕਟਰ ਨੂੰ ਨਾਟਕ ਲਿਖ ਕੇ ਦੇਣਾ ਹੈ, ਪਰ ਠੰਢ ਦੇ ਮਾਰੇ ਉਸ ਦੇ ਹੱਥ ਚੱਲ ਨਹੀਂ ਰਹੇ। ਅੰਗੀਠੀ ਵਿਚ ਅੱਗ ਨਹੀਂ ਹੈ ਅਤੇ ਉਹ ਬੁਖ਼ਾਰ ਨਾਲ ਬੇਹੋਸ਼ ਹੋ ਰਿਹਾ ਹੈ।... ਅੱਛਾ! ਮੈਂ ਇਕ ਰਾਤ ਹੋਰ ਰੁਕਦੀ ਹਾਂ। ਉਸ ਨੂੰ ਲਾਲ ਮਣੀ ਦੇ ਆਵਾਂ?" ਦਿਆਲੂ ਚਿੜੀ ਨੇ ਪੁੱਛਿਆ।

ਰਾਜਕੁਮਾਰ ਨੇ ਕਿਹਾ, "ਲਾਲ ਮਣੀ ਤਾਂ ਇਕੋ ਸੀ। ਮੇਰੇ ਕੋਲ ਮੇਰੀਆਂ ਅੱਖਾਂ ਹਨ। ਇਹ ਨੀਲ ਮਣੀ ਦੀਆਂ ਹਨ ਜੋ ਭਾਰਤ ਵਿਚੋਂ ਹਜ਼ਾਰਾਂ ਵਰ੍ਹੇ ਪਹਿਲਾਂ ਆਈਆਂ ਸਨ। ਇਨ੍ਹਾਂ ਵਿਚੋਂ ਇਕ ਉਸ ਨੂੰ ਦੇ ਆਵੇਂ ਤਾਂ ਉਹ ਇਸ ਨੂੰ ਜੌਹਰੀ ਕੋਲ ਵੇਚ ਕੇ ਅੰਗੀਠੀ ਵਿਚ ਅੱਗ ਜਲਾਏਗਾ ਅਤੇ ਪੇਟ ਦੀ ਅੱਗ ਬੁਝਾਏਗਾ, ਮਤਲਬ ਨਾਟਕ ਲਿਖੇਗਾ।"

ਚਿੜੀ ਰੋ ਪਈ, "ਪਿਆਰੇ ਰਾਜਕੁਮਾਰ! ਤੇਰੀਆਂ ਅੱਖਾਂ ਮੈਥੋਂ ਨੋਚੀਆਂ ਨਹੀਂ ਜਾਣਗੀਆਂ।"

"ਪਿਆਰੀ ਅਬਾਬੀਲ! ਮੈਂ ਜਿਸ ਤਰ੍ਹਾਂ ਕਹਿ ਰਿਹਾ ਹਾਂ, ਉਸੇ ਤਰ੍ਹਾਂ ਕਰ।" ਪ੍ਰਸੰਨ ਰਾਜਕੁਮਾਰ ਨੇ ਹੁਕਮਰਾਨ ਅੰਦਾਜ਼ ਵਿਚ ਕਿਹਾ।

ਚਿੜੀ ਨੇ ਨੀਲ ਮਣੀ ਲਈ ਅਤੇ ਅਟਾਲਿਕਾ ਵੱਲ ਉਡ ਗਈ। ਛੱਤ ਵਿਚ ਮੋਰੀ ਸੀ। ਇਸ ਲਈ ਹੌਲੀ ਜਿਹੀ ਨੌਜਵਾਨ ਸਾਹਮਣੇ ਉਸ ਨੇ ਨੀਲ ਮਣੀ ਸੁੱਟ ਦਿੱਤੀ। ਜਦੋਂ ਚੰਦ ਨਿਕਲਿਆ ਤਾਂ ਉਹ ਰਾਜਕੁਮਾਰ ਕੋਲ ਵਾਪਸ ਆਈ ਤੇ ਬੋਲੀ, "ਹੁਣ ਮੈਂ ਤੈਥੋਂ ਵਿਦਾ ਲੈਣ ਆਈ ਹਾਂ।"

ਰਾਜਕੁਮਾਰ ਬੋਲਿਆ, "ਪਿਆਰੀ ਅਬਾਬੀਲ, ਕੀ ਮੇਰੇ ਕੋਲ ਇਕ ਰਾਤ ਹੋਰ ਨਹੀਂ ਰਹੇਂਗੀ?"

ਚਿੜੀ ਨੇ ਜਵਾਬ ਦਿੱਤਾ, "ਠੰਢ ਦਾ ਮੌਸਮ ਹੈ, ਤੇ ਬਰਫ਼ ਕਿਸੇ ਵੀ ਦਿਨ ਪੈ ਸਕਦੀ ਹੈ। ਮਿਸਰ ਵਿਚ ਸੂਰਜ ਗਰਮ ਹੋਵੇਗਾ ਅਤੇ ਮਗਰਮੱਛ ਨਦੀ ਦੇ ਕਿਨਾਰੇ ਦਲਦਲ ਵਿਚ ਸੁਸਤਾਉਂਦੇ ਹੋਣਗੇ। ਮੇਰੇ ਸਾਥੀ ਆਪਣੇ ਆਲ੍ਹਣੇ ਮੰਦਰ ਵਿਚ ਬਣਾ ਰਹੇ ਹੋਣਗੇ। ਪਿਆਰੇ ਰਾਜਨ! ਹੁਣ ਮੈਨੂੰ ਜਾਣ ਦੇ।"

"ਮੇਰੀ ਦੂਜੀ ਅੱਖ ਵੀ ਕੱਢ ਲੈ।"

ਚਿੜੀ ਦਿਆਲੂ ਸੀ। ਉਹ ਝੱਟ ਮੰਨ ਗਈ, ਪਰ ਬੋਲੀ, "ਮੈਂ ਇਕ ਰਾਤ ਹੋਰ ਰਹਿ ਜਾਂਦੀ ਹਾਂ, ਪਰ ਤੇਰੀ ਦੂਸਰੀ ਅੱਖ ਨਹੀਂ ਲੈ ਸਕਦੀ। ਤੂੰ ਅੰਨ੍ਹਾ ਹੋ ਜਾਵੇਂਗਾ।"

ਰਾਜਕੁਮਾਰ ਨੇ ਹੁਕਮ ਦਿੱਤਾ, "ਪਿਆਰੀ



*ਔਸਕਰ ਵਾਈਲਡ ਦੀ 1888 ਵਿਚ ਛਪੀ ਕਿਤਾਬ 'ਦਿ ਹੈਪੀ ਪ੍ਰਿੰਸ ਐਂਡ ਅਦਰ ਟੇਲਜ਼' ਦਾ ਟਾਈਟਲ।*

ਅਬਾਬੀਲ, "ਤੈਨੂੰ ਮੇਰੀ ਆਗਿਆ ਮੰਨਣੀ ਹੀ ਪਵੇਗੀ।"

ਚਿੜੀ ਨੇ ਬੇਵੱਸ ਹੋ ਕੇ ਦੂਜੀ ਅੱਖ, ਨੀਲ ਮਣੀ ਲੈ ਕੇ, ਰੋਂਦੀ ਹੋਈ ਗਰੀਬ ਲੜਕੀ ਦੇ ਹੱਥ ਉਤੇ ਰੱਖ ਦਿੱਤੀ। ਲੜਕੀ ਚਮਕਦਾ ਹੋਇਆ ਰੰਗੀਨ ਸ਼ੀਸ਼ੇ ਦਾ ਟੁਕੜਾ ਲੈ ਕੇ ਖੁਸ਼ ਹੋ ਗਈ ਅਤੇ ਘਰ ਵੱਲ ਦੌੜੀ ਆਈ। ਚਿੜੀ ਨੇ ਪਰਤ ਕੇ ਰਾਜਕੁਮਾਰ ਨੂੰ ਕਿਹਾ, "ਹੁਣ ਤੂੰ ਬਿਲਕੁਲ ਅੰਨ੍ਹਾ ਹੈ। ਇਸ ਲਈ ਮੈਂ ਹੁਣ ਸਦਾ ਤੇਰੇ ਕੋਲ ਰਹੂੰਗੀ।...ਮੈਂ ਤਾਂ ਤੇਰੇ ਪੈਰਾਂ ਵਿਚ ਹੀ ਰਹਾਂਗੀ।" ਕਹਿ ਕੇ ਚਿੜੀ ਰਾਜਕੁਮਾਰ ਦੇ ਪੈਰਾਂ ਵਿਚ ਸੌਂ ਗਈ।

ਦੂਸਰੇ ਦਿਨ ਉਹ ਰਾਜਕੁਮਾਰ ਦੇ ਮੋਢਿਆਂ 'ਤੇ ਬੈਠ ਕੇ ਉਸ ਨੂੰ ਆਪਣੇ ਅਨੁਭਵ ਦੀਆਂ ਗੱਲਾਂ ਅਤੇ ਹੋਰ ਨਗਰਾਂ ਦੀਆਂ ਸੁੰਦਰ ਚੀਜ਼ਾਂ ਬਾਰੇ ਵਿਸਥਾਰ ਨਾਲ ਦੱਸਦੀ ਰਹੀ। ਉਸ ਨੇ ਮਿਸਰ ਦੇ ਇਕ ਸਿਫਕਸ਼ ਦੇ ਵਿਸ਼ੇ ਬਾਰੇ ਵੀ ਦੱਸਿਆ ਅਤੇ ਊਠਾਂ ਦੀਆਂ ਸਵਾਰੀਆਂ ਬਾਰੇ ਵੀ।

ਰਾਜਕੁਮਾਰ ਬੋਲਿਆ, "ਅਬਾਬੀਲ, ਤੂੰ ਅਜੀਬ-ਅਜੀਬ ਚੀਜ਼ਾਂ ਦੇ ਵਿਸ਼ਿਆਂ ਬਾਰੇ ਦੱਸਦੀ ਹੈਂ, ਪਰ ਇਸ ਸਭ ਤੋਂ ਵਚਿੱਤਰ, ਕੀ ਤੈਨੂੰ ਇਸਤਰੀਆਂ ਤੇ ਪੁਰਸ਼ਾਂ ਦੇ ਦੁੱਖਾਂ ਨਾਲ ਸਦਮਾ ਨਹੀਂ ਪਹੁੰਚਦਾ। ਇਸ ਨਾਲੋਂ ਵਚਿੱਤਰ ਵਸਤੂ ਭਲਾ ਕੀ ਹੋ ਸਕਦੀ ਹੈ, ਮੇਰੇ ਨਗਰ ਹੋ ਕੇ ਆ, ਤੇ ਜੋ ਕੁਝ ਦੇਖੇਂ, ਮੈਨੂੰ ਦੱਸ ਦੇ।"

ਚਿੜੀ ਵਿਸ਼ਾਲ ਨਗਰ ਉਤੇ ਉਡਣ ਲੱਗੀ। ਉਸ ਨੇ ਅਮੀਰਾਂ ਨੂੰ ਉਸ ਸਮੇਂ ਆਪਣੇ ਸ਼ਾਨਦਾਰ ਭਵਨਾਂ ਵਿਚ ਅਨੰਦ-ਪ੍ਰਸੰਨ ਦੇਖਿਆ; ਜਦ ਕਿ ਉਨ੍ਹਾਂ ਦੇ ਦਰਵਾਜ਼ਿਆਂ ਉਤੇ ਕੁਝ ਬੰਦੇ ਭਿੱਖਿਆ ਮੰਗਣ ਲਈ ਬੈਠੇ ਹੋਏ ਸਨ। ਉਹ ਹਨੇਰੀਆਂ ਤੰਗ ਗਲੀਆਂ ਵਿਚ ਵੀ ਗਈ ਜਿਥੇ ਉਸ ਨੇ ਭੁੱਖ ਨਾਲ ਬੇਵੱਸ ਲਿੱਸੇ ਜਿਹੇ ਬੱਚਿਆਂ ਦੇ ਚਿਹਰਿਆਂ ਅੰਦਰ ਡੂੰਘੀਆਂ ਧਸੀਆਂ ਅੱਖ ਦੇਖੀਆਂ। ਇਕ ਤੰਗ ਪੁਲ ਹੇਠਾਂ ਦੋ ਬੱਚੇ ਆਪਸ ਵਿਚ ਇਕ-ਦੂਜੇ ਨੂੰ ਗਰਮੀ ਪਹੁੰਚਾਣ ਦਾ ਯਤਨ ਕਰ ਰਹੇ ਸਨ।

ਇਕ ਨੇ ਕਿਹਾ, 'ਅਸੀਂ ਕਿੰਨੇ ਭੁੱਖੇ ਹਾਂ।'

ਜਵਾਬ ਵਿਚ ਚੌਕੀਦਾਰ ਨੇ ਕਿਹਾ, "ਹਟੋ, ਇਥੋਂ ਭੱਜ ਜਾਉ। ਇਥੇ ਬੈਠਣਾ ਮਨ੍ਹਾ ਹੈ।" ਤੇ ਉਹ ਠੰਢੀ ਰਾਤ ਵਿਚ ਮੀਂਹ ਵਿਚ ਭਿੱਜਦੇ ਨਿਕਲ ਗਏ।

ਚਿੜੀ ਨੇ ਪਰਤ ਕੇ ਸਾਰੀ ਘਟਨਾ ਰਾਜਕੁਮਾਰ ਨੂੰ ਸੁਣਾ ਦਿੱਤੀ। ਰਾਜਕੁਮਾਰ ਨੇ ਕਿਹਾ, "ਮੇਰੇ ਸਰੀਰ ਉਤੇ ਸੋਨੇ ਦੀ ਪਰਤ ਚੜ੍ਹੀ ਹੋਈ ਹੈ। ਤੂੰ ਉਸ ਨੂੰ ਆਪਣੀ ਚੁੰਝ ਨਾਲ ਲਾਹ ਕੇ ਗਰੀਬਾਂ ਵਿਚ ਵੰਡ ਦੇ। ਸੋਨਾ ਹਮੇਸ਼ਾ ਆਦਮੀਆਂ ਨੂੰ ਖੁਸ਼ ਕਰ ਦਿੰਦਾ ਹੈ।"

ਚਿੜੀ ਨੇ ਹੌਲੀ-ਹੌਲੀ ਰਾਜਕੁਮਾਰ ਦੇ ਸਰੀਰ ਤੋਂ ਸੋਨੇ ਦੀ ਪਰਤ ਲਾਹ ਲਈ। ਹੁਣ ਉਹ ਬਿਲਕੁਲ ਚਮਕਹੀਣ ਦਿਸਣ ਲੱਗਾ।

ਚਿੜੀ ਨੂੰ ਠੰਢ ਲਗਦੀ, ਪਰ ਉਹ ਆਪਣੇ ਖੰਭ ਫੜਫੜਾ ਕੇ ਗਰਮ ਰਹਿਣ ਦੀ ਕੋਸ਼ਿਸ਼ ਕਰਦੀ। ਚਿੜੀ ਨੂੰ ਪਤਾ ਲੱਗਾ ਕਿ ਉਸ ਦਾ ਅੰਤ ਨੇੜੇ ਆਣ ਪਹੁੰਚਿਆ ਹੈ। ਅੰਤਮ ਵਾਰ ਸ਼ਕਤੀ ਬਟੋਰ ਕੇ ਉਹ ਰਾਜਕੁਮਾਰ ਨੂੰ ਮਿਲਣ ਗਈ ਅਤੇ ਬੋਲੀ, "ਪਿਆਰੇ ਰਾਜਕੁਮਾਰ! ਹੁਣ ਵਿਦਾਈ ਦਿਉ ਅਤੇ ਮੈਨੂੰ ਆਗਿਆ ਦਿਉ ਕਿ ਮੈਂ ਤੁਹਾਡੇ ਹੋਂਠ ਚੁੰਮ ਸਕਾ।" ਰਾਜਕੁਮਾਰ ਪ੍ਰਸੰਨ ਹੋ ਕੇ ਬੋਲਿਆ, "ਪਿਆਰੀ ਅਬਾਬੀਲ! ਮੈਨੂੰ ਖੁਸ਼ੀ ਹੈ ਕਿ ਆਖਰ ਤੂੰ ਮਿਸਰ ਜਾ ਰਹੀ ਹੈਂ। ਤੂੰ ਮੇਰਾ ਬਹੁਤ ਕੰਮ ਕੀਤਾ। ਮੈਂ ਤੈਨੂੰ ਪਿਆਰ ਕਰਦਾ ਹਾਂ। ਤੂੰ ਮੇਰੇ ਹੋਂਠ ਹੀ ਨਹੀਂ, ਮੇਰੇ ਹੱਥ ਵੀ ਚੁੰਮ ਲੈ।"

ਚਿੜੀ ਨੇ ਦੱਸਿਆ, "ਮੈਂ ਮਿਸਰ ਨਹੀਂ ਜਾ ਰਹੀ, ਮੈਂ ਤਾਂ ਮੌਤ ਦੇ ਘਰ ਜਾ ਰਹੀ ਹਾਂ। ਮੌਤ ਨੀਂਦ ਦੀ ਹੀ ਤਾਂ ਵੱਡੀ ਭੈਣ ਹੈ ਨਾ, ਕਿਉਂ?" ਇੰਨਾ ਕਹਿ ਕੇ ਉਸ ਨੇ ਰਾਜਕੁਮਾਰ ਦੇ ਹੋਂਠਾਂ ਦਾ ਚੁੰਮਣ ਲਿਆ ਅਤੇ ਉਸ ਦੇ ਪੈਰਾਂ ਕੋਲ ਨਿਰ-ਪਰਾਣ ਹੋ ਕੇ ਡਿੱਗ ਪਈ।

ਉਸ ਸਮੇਂ ਮੂਰਤੀ ਦੇ ਅੰਦਰ ਸਿੱਕੇ ਦੇ ਟੁੱਟਣ ਦੀ ਆਵਾਜ਼ ਆਈ। ਮੂਰਤੀ ਦਾ ਸਿੱਕੇ ਦਾ ਦਿਲ ਦੋ ਹਿੱਸਿਆਂ ਵਿਚ ਟੁੱਟ ਗਿਆ ਸੀ।

ਦੂਜੇ ਦਿਨ ਸਵੇਰ ਨੂੰ ਨਗਰ ਦਾ ਮੇਅਰ ਆਪਣੇ ਸਹਿਯੋਗੀਆਂ ਨਾਲ ਘੁੰਮਦਾ ਹੋਇਆ ਉਸ ਚੌਰਾਹੇ ਵੱਲ ਆਇਆ ਅਤੇ ਪ੍ਰਸੰਨ ਰਾਜਕੁਮਾਰ ਦੀ ਮੂਰਤੀ ਦੇਖ ਕੇ ਬੋਲਿਆ, "ਇਹ ਪ੍ਰਸੰਨ ਰਾਜਕੁਮਾਰ ਵੀ ਕਿੰਨਾ ਭੱਦਾ ਹੋ ਗਿਆ ਹੈ।" ਸਭ ਸਹਿਯੋਗੀਆਂ ਨੇ ਵੀ ਹਾਂ ਵਿਚ ਹਾਂ ਰਲਾਈ। ਮੇਅਰ ਬੋਲਿਆ, "ਤਲਵਾਰ ਨਾਲੋਂ ਲਾਲ ਮਣੀ ਡਿੱਗ ਪਈ ਹੈ, ਅੱਖਾਂ ਵੀ ਚਲੀਆਂ ਗਈਆਂ ਹਨ ਅਤੇ ਸੋਨੇ ਦੀ ਪਰਤ ਵੀ ਗਾਇਬ ਹੈ। ਇਹ ਤਾਂ ਭਿਖਾਰੀ ਲਗਦਾ ਹੈ।"

"ਬਿਲਕੁਲ ਭਿਖਾਰੀ।" ਸਭ ਸਹਿਯੋਗੀ ਇਕੱਠੇ ਬੋਲੇ। ਫਿਰ ਮੇਅਰ ਬੋਲਿਆ, "ਇਸ ਦੇ ਪੈਰਾਂ ਕੋਲ ਚਿੜੀ ਮਰੀ ਪਈ ਹੈ। ਸਾਨੂੰ ਹੁਕਮ ਜਾਰੀ ਕਰਨਾ ਪਵੇਗਾ ਕਿ ਇਸ ਸਥਾਨ ਉਤੇ ਮਰੀ ਹੋਈ ਚਿੜੀ ਹੀ ਹੋਣੀ ਚਾਹੀਦੀ ਹੈ।"

ਕਲਰਕ ਨੇ ਇਹ ਗੱਲ ਨੋਟ ਕਰ ਲਈ।

ਪ੍ਰਸੰਨ ਰਾਜਕੁਮਾਰ ਦੀ ਮੂਰਤੀ ਉਤਾਰ ਦਿੱਤੀ ਗਈ। ਮੂਰਤੀ ਦਾ ਸਿੱਕਾ ਭੱਠੀ ਵਿਚ ਢਾਲਦੇ ਸਮੇਂ ਮੇਅਰ ਨੇ ਸਭਾ ਬੁਲਾਉਣ ਦਾ ਫ਼ੈਸਲਾ ਕਰਨ ਲਈ ਕਿਹਾ ਕਿ ਇਸ ਸੋਨੇ ਦਾ ਕੀ ਕੀਤਾ ਜਾਵੇ। ਮੇਅਰ ਨੇ ਤਜਵੀਜ਼ ਰੱਖੀ ਕਿ ਸਿੱਕੇ ਨਾਲ ਇਕ ਮੂਰਤੀ ਹੋਰ ਬਣਾਈ ਜਾਵੇ ਅਤੇ ਇਸ ਵਾਰੀ ਇਹ ਮੂਰਤੀ ਮੇਅਰ ਦੀ ਹੋਣੀ ਚਾਹੀਦੀ ਹੈ। ਇਸ ਉਤੇ ਹੋਰ ਸਹਿਯੋਗੀਆਂ ਨੇ ਭਿੰਨ-ਭਿੰਨ ਮੂਰਤੀਆਂ ਦੀ ਤਜਵੀਜ਼ ਰੱਖੀ ਤੇ ਸਹਿਮਤੀ ਲਈ ਗਈ।

ਰੱਬ ਨੇ ਕਿਹਾ, "ਇਹ ਤੂੰ ਸਹੀ ਚੀਜ਼ਾਂ ਚੁਣੀਆਂ ਹਨ। ਚਿੜੀ ਸਵਰਗ ਵਿਚ ਸਦਾ ਗਾਉਂਦੀ ਰਹੇਗੀ ਅਤੇ ਮੇਰੇ ਸਵਰਗ ਦੇ ਸੰਸਾਰ ਵਿਚ ਇਹ ਪ੍ਰਸੰਨ ਰਾਜਕੁਮਾਰ ਮੁਸਕਰਾਉਂਦਾ ਰਹੇਗਾ।

## ਮਿਨੀ ਕਹਾਣੀ

### ਲਿਫਾਫਾ

ਸ਼ਾਮ ਦੇ ਛੇ ਕੁ ਵੱਜੇ ਸਨ। ਅਚਾਨਕ ਮੇਰੇ ਘਰ ਦਾ ਗੇਟ ਕਿਸੇ ਨੇ ਆ ਖੜਕਾਇਆ। ਮੈਂ ਗੇਟ ਕੋਲ ਜਾ ਕੇ ਵੇਖਿਆ, ਸਾਡੇ ਪਿੰਡ ਦਾ ਖੜਕ ਸਿੰਘ ਗੇਟ ਖੜਕਾ ਰਿਹਾ ਸੀ। ਮੈਨੂੰ ਵੇਖ ਕੇ ਉਹ ਬੋਲਿਆ, "ਮਾਸਟਰ ਜੀ, ਮੈਂ ਤੁਹਾਡੇ ਕੋਲ ਇੱਕ ਕੰਮ ਆਇਆਂ।"

"ਪਹਿਲਾਂ ਅੰਦਰ ਆ ਕੇ ਬੈਠ ਜਾਉ। ਫਿਰ ਵੇਖਦੇ ਆਂ।" ਮੈਂ ਉਸ ਨੂੰ ਆਖਿਆ।

ਖੜਕ ਸਿੰਘ ਅੰਦਰ ਆ ਕੇ ਬੈਠ ਗਿਆ। ਉਸ ਨੇ ਆਪਣੀ ਜੇਬ ਵਿਚੋਂ ਇਕ ਲਿਫਾਫਾ ਕੱਢਦਿਆਂ ਆਖਿਆ, "ਮਾਸਟਰ ਜੀ, ਮੇਰੇ ਮੁੰਡੇ ਦੀ ਆਹ ਚਿੱਠੀ ਕੈਨੇਡਾ ਤੋਂ ਆਈ ਆ। ਅੱਗੇ ਮੈਂ ਉਸ ਦੀਆਂ ਚਿੱਠੀਆਂ ਆਪਣੇ ਗੁਆਂਢੀ ਮਾਸਟਰ ਲੇਖ ਰਾਜ ਤੋਂ ਪੜ੍ਹਵਾ ਲੈਂਦਾ ਸਾਂ। ਪਰ ਆਹ ਚਿੱਠੀ ਮੈਂ ਤੁਹਾਡੇ ਕੋਲ ਲੈ ਕੇ ਆਇਆਂ। ਵੇਖੋ ਤਾਂ ਇਸ ਵਿਚ ਕੀ ਆ?"

ਮੈਂ ਲਿਫਾਫੇ ਨੂੰ ਬੜੇ ਧਿਆਨ ਨਾਲ ਖੋਲ੍ਹਿਆ। ਉਸ ਵਿਚੋਂ ਤਿੰਨ-ਚਾਰ ਫੋਟੋਆਂ ਅਤੇ ਇਕ ਲਿਖਿਆ ਹੋਇਆ ਕਾਗਜ਼ ਨਿਕਲਿਆ। ਖੜਕ ਸਿੰਘ ਦੇ ਮੁੰਡੇ ਨੇ ਕੁਝ ਦਿਨ ਪਹਿਲਾਂ ਕੈਨੇਡਾ ਵਿਚ ਅਖੰਡ ਪਾਠ ਕਰਵਾਇਆ ਸੀ। ਇਹ ਫੋਟੋਆਂ ਅਖੰਡ ਪਾਠ ਦੇ ਭੋਗ ਪੈਣ ਵੇਲੇ ਦੀਆਂ ਸਨ। ਫੋਟੋਆਂ ਨੂੰ ਵੇਖ ਕੇ ਖੜਕ ਸਿੰਘ ਅੱਗ ਬਬੂਲਾ ਹੋ ਗਿਆ। ਉਹ ਮੇਰੇ ਹੱਥਾਂ ਵਿਚੋਂ ਫੋਟੋ, ਲਿਖਿਆ ਹੋਇਆ ਕਾਗਜ਼ ਲੈਂਦਾ ਹੋਇਆ ਬੋਲਿਆ, "ਮੇਰਾ ਮੁੰਡਾ ਤਾਂ ਪਹਿਲਾਂ ਤੋਂ ਮੂਰਖ ਆ। ਭਲਾ ਮੈਨੂੰ ਇਹ ਫੋਟੋ ਭੇਜਣ ਦੀ ਕੀ ਲੋੜ ਸੀ? ਮੈਂ ਤਾਂ ਸੋਚਿਆ ਸੀ ਕਿ ਲਿਫਾਫੇ 'ਚੋਂ ਕੋਈ ਚੈਕ ਵਗੈਰਾ ਨਿਕਲੂ।" ਇਹ ਕਹਿ ਖੜਕ ਸਿੰਘ ਛੇਤੀ ਨਾਲ ਮੇਰੇ ਘਰ ਦੇ ਗੇਟ ਤੋਂ ਬਾਹਰ ਨਿਕਲ ਗਿਆ।

*-ਮਹਿੰਦਰ ਮਾਨ*
*ਫੋਨ: 91-99158-03558*

# ਉਘ ਦੀਆਂ ਪਤਾਲ ਮਾਰਨਾ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਮੈਂ ਜਸਬੀਰ ਸਿੰਘ ਲੰਗੜੋਆ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ 'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਛਪੇ ਆਪਣੇ ਲੇਖ ਰਾਹੀਂ ਮੈਨੂੰ 'ਉਘ ਦੀਆਂ ਪਤਾਲ ਮਾਰਨਾ' ਮੁਹਾਵਰੇ ਦੇ ਅਸਲੀ ਰੂਪ ਯਾਨਿ 'ਉਭ ਦੀਆਂ ਪਤਾਲ ਮਾਰਨਾ' ਤੋਂ ਜਾਣੂ ਕਰਾਇਆ ਹੈ। ਉਨ੍ਹਾਂ ਦੱਸਿਆ ਕਿ ਉਭ ਦਾ ਅਰਥ ਅਕਾਸ਼ ਹੁੰਦਾ ਹੈ। ਇਸ ਲਈ ਮੁਹਾਵਰੇ ਦਾ ਸ਼ਬਦਾਰਥ ਬਣਦਾ ਹੈ, 'ਕਦੇ ਅਕਾਸ਼ ਦੀਆਂ ਕਦੇ ਪਤਾਲ ਦੀਆਂ ਮਾਰਨਾ' ਜਿਸ ਤੋਂ ਬੇਥਵੀਆਂ ਮਾਰਨਾ ਵਾਲੇ ਭਾਵ ਸਹਿਜੇ ਹੀ ਨਿਕਲਦੇ ਹਨ। ਦੂਜੇ ਪਾਸੇ ਉਘ ਦਾ ਅਰਥ ਕਿਧਰੇ ਵੀ ਅਕਾਸ਼ ਨਹੀਂ ਮਿਲਦਾ। ਸੱਚੀ ਗੱਲ ਹੈ, ਮੁਹਾਵਰੇ ਦਾ ਇਹ ਰੂਪ ਮੇਰੀ ਨਜ਼ਰ ਹੇਠ ਕਦੇ ਨਹੀਂ ਆਇਆ।

ਵਿਉਤਪਤੀਆਂ ਲਭਣ ਲੱਗਾ ਤਾਂ ਮੇਰੇ ਲਈ ਇਹ ਜਾਣਕਾਰੀ ਇਕ ਮੋਤੀ ਨਿਆਈਂ ਹੈ। ਪਾਠਕਾਂ ਨੂੰ ਦੱਸ ਦੇਵਾਂ ਕਿ ਜਿਸ ਲੇਖ ਤੇ ਉਨ੍ਹਾਂ ਟਿੱਪਣੀ ਕੀਤੀ ਹੈ, ਉਹ ਮੇਰਾ ਹੀ ਹੈ ਤੇ ਕੈਨੇਡਾ ਤੋਂ ਛਪਦੇ ਅਖਬਾਰ 'ਇੰਡੋ-ਕਨੇਡੀਅਨ ਟਾਈਮਜ਼' ਵਿਚ ਕੁਝ ਹਫਤੇ ਪਹਿਲਾਂ 'ਮੁਹਾਵਰਿਆਂ ਨਾਲ ਖਿਲਵਾੜ' ਸਿਰਲੇਖ ਹੇਠ ਛਪਿਆ ਸੀ। ਇਹ ਨਹੀਂ ਪਤਾ ਕਿ ਲੇਖ ਸਬੰਧੀ ਇਹ ਵੇਰਵੇ ਸੰਪਾਦਕ ਨੇ ਕੱਟੇ ਹਨ ਜਾਂ ਲੇਖਕ ਨੇ ਹੀ ਲੁਕੋਏ ਸਨ। ਖੈਰ ਮੈਨੂੰ ਆਪਣੀ ਅਣਜਾਣਤਾ ਉਘਾੜਨ ਵਿਚ ਕੋਈ ਸੰਕੋਚ ਨਹੀਂ। ਕਈਆਂ ਨੂੰ ਸ਼ਾਇਦ ਯਾਦ ਹੋਵੇਗਾ ਕਿ ਮੇਰਾ ਇਹ ਲੇਖ 4-5 ਸਾਲ ਪਹਿਲਾਂ 'ਪੰਜਾਬ ਟਾਈਮਜ਼' 'ਚ ਵੀ ਛਪ ਚੁੱਕਾ ਹੈ। ਅਖਬਾਰ ਦੇ ਸੰਪਾਦਕ ਅਕਸਰ ਮੇਰੇ ਵਲੋਂ ਕਾਹਲ 'ਚ ਰਹਿ ਗਈਆਂ ਸ਼ਬਦ-ਜੋੜਾਂ ਤੇ ਵਾਕ-ਬਣਤਰ ਦੀਆਂ ਗਲਤੀਆਂ ਦੀ ਸੁਧਾਈ ਕਰਨ ਦੀ ਕਿਰਪਾ ਕਰਦੇ ਰਹਿੰਦੇ ਹਨ ਪਰ ਇਸ ਮੁਹਾਵਰੇ ਨੂੰ ਜੋ ਉਨ੍ਹਾਂ ਜਿਉਂ ਦਾ ਤਿਉਂ ਰਹਿਣ ਦਿੱਤਾ ਤਾਂ ਇਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਵੀ ਇਸ ਦੇ ਉਭ ਵਾਲੇ ਰੂਪ ਦਾ ਪਤਾ ਨਹੀਂ ਸੀ।

ਮੈਂ ਇਹ ਲੇਖ ਮੁਹਾਵਰਿਆਂ ਦੀ ਵਿਉਤਪਤੀ ਜਾਂ ਭਾਸ਼ਾਈ ਵਿਸ਼ਲੇਸ਼ਣ ਹਿੱਤ ਨਹੀਂ ਸੀ ਲਿਖਿਆ, ਬਲਕਿ ਇਨ੍ਹਾਂ ਵਿਚਲੀਆਂ ਆਪਸੀ ਅਸੰਗਤੀਆਂ ਨੂੰ ਉਘਾੜਦਿਆਂ ਹਲਕੇ ਫੁਲਕੇ ਅੰਦਾਜ਼ ਵਿਚ ਪੇਸ਼ ਕੀਤਾ ਸੀ, ਜਿਸ ਦਾ ਮਕਸਦ ਗਿਆਨ ਨਾਲੋਂ ਪਰਿਹਾਸ ਵਧੇਰੇ ਸੀ। ਹਾਂ, ਜੇ ਮੈਂ ਇਸ ਦੇ ਭਾਸ਼ਾਈ ਪੱਖ ਨੂੰ ਛੂਹੰਦਾ ਤਾਂ ਸ਼ਾਇਦ ਕਿਸੇ ਤਰ੍ਹਾਂ ਇਸ ਦੇ ਅਸਲੀ ਰੂਪ ਦੀ ਥਾਹ ਪਾ ਲੈਂਦਾ। ਮੇਰੀ ਰਾਏ ਹੈ ਕਿ ਲੰਗੜੋਆ ਸਾਹਿਬ ਨੂੰ ਮੁਹਾਵਰੇ ਵਿਚਲੇ 'ਉਭ' ਸ਼ਬਦ ਦੇ 'ਉਘ' ਵਿਚ ਪਲਟ ਜਾਣ ਬਾਰੇ ਬਹੁਤਾ ਚਿੰਤਿਤ ਹੋਣ ਦੀ ਲੋੜ ਨਹੀਂ-ਨਿਰੁਕਤਕਾਰੀ ਦਾ ਮਕਸਦ ਪ੍ਰਾਚੀਨ, ਅਪ੍ਰਚਲਤ, ਜਾਂ ਬਦਲ ਚੁੱਕੇ ਸ਼ਬਦ ਰੂਪਾਂ ਨੂੰ ਉਘਾੜਨਾ ਹੁੰਦਾ ਹੈ, ਨਾ ਕਿ ਪੁਨਰ-ਸੁਰਜੀਤ ਕਰਨਾ। ਸਮੇਂ ਦੇ ਗੇੜ ਨਾਲ ਹਜ਼ਾਰਾਂ ਸ਼ਬਦ ਮਰ ਗਏ ਹਨ, ਹਜ਼ਾਰਾਂ ਮਰ ਜਾਣਗੇ। ਮਜ਼ੇ ਦੀ ਗੱਲ ਹੈ ਕਿ ਇਹ ਮੁਹਾਵਰਾ ਉਨ੍ਹਾਂ ਦੇ ਜੀਵਨ ਕਾਲ ਵਿਚ ਹੀ ਬਦਲ ਗਿਆ ਹੈ।

ਮੇਰਾ ਦਾਅਵਾ ਹੈ ਕਿ ਬਹੁ-ਗਿਣਤੀ ਲੋਕ ਮੁਹਾਵਰੇ ਦੇ ਉਘ ਵਾਲੇ ਰੂਪ ਤੋਂ ਹੀ ਵਾਕਿਫ ਹਨ। ਆਮ ਧਾਰਨਾ ਤੋਂ ਉਲਟ ਮੁਹਾਵਰੇ ਵੀ ਸ਼ਬਦ ਵਾਂਗ ਅਰਥ ਤੇ ਰੂਪ ਪੱਖੋਂ ਬਦਲਦੇ ਰਹਿੰਦੇ ਹਨ। ਇਸ ਪਰਿਵਰਤਨ ਦੇ ਇਕ ਦੋ ਪ੍ਰਸੰਗਕ ਕਾਰਕਾਂ ਦਾ ਜ਼ਿਕਰ ਕਰਨਾ ਚਾਹਾਂਗਾ। ਕੋਈ ਵੀ ਮੁਹਾਵਰਾ ਆਦਿ ਪਹਿਲੀ ਵਾਰ ਸਮੂਹ ਨਹੀਂ, ਬਲਕਿ ਆਮ ਤੌਰ ਤੇ ਇਕ ਵਿਅਕਤੀ ਦੀ ਹੀ ਘਾੜਤ ਹੁੰਦਾ ਹੈ, ਜਿਸ ਨੂੰ ਸਮੂਹ ਸਵੀਕਾਰ ਕਰਦਾ ਹੋਇਆ ਮੂੰਹੋਂ ਮੂੰਹ ਅੱਗੇ ਸੰਚਾਰਤ ਕਰਦਾ ਰਹਿੰਦਾ ਹੈ। ਇਸ ਸੰਚਾਰ ਵਿਚ ਕਿਧਰੇ ਵਿਘਨ ਪੈ ਜਾਂਦਾ ਹੈ, ਕਿਸ ਤੋਂ ਗਲਤ ਕਿਹਾ ਜਾਂ ਲਿਖ ਦਿੱਤਾ ਗਿਆ, ਕਿਸ ਨੇ ਗਲਤ ਸੁਣ ਲਿਆ ਤਾਂ ਇਸ ਦਾ ਇਹੋ ਵਿਗੜਿਆ ਰੂਪ ਪ੍ਰਚਲਤ ਹੋ ਜਾਣ ਦੀ ਸੰਭਾਵਨਾ ਬਣ ਜਾਂਦੀ ਹੈ। ਮੌਸਮ ਵਾਲੇ ਲੇਖ ਵਿਚ ਦਰਸਾਇਆ ਜਾ ਚੁੱਕਾ ਹਾਂ ਕਿ ਕਿਵੇਂ ਮੌਨਸੂਨ ਸ਼ਬਦ ਮੌਸਮ ਦੇ ਸ਼ਬਦ-ਜੋੜਾਂ ਵਿਚ ਇਕ ਗਲਤੀ ਕਾਰਨ ਬਣ ਗਿਆ। ਹੋਰ ਗਲਤੀਆਂ ਕਾਰਨ ਗਰੀਕ ਅਲੈਗਜ਼ੈਂਡਰ ਸਾਡੇ ਤੱਕ ਅਰਬੀ ਰਾਹੀਂ ਪੁੱਜਦਾ ਸਿਕੰਦਰ ਅਤੇ ਸੰਸਕ੍ਰਿਤ ਵਿਚ ਨਾਰੰਗੀ ਤੇ ਅੰਗਰੇਜ਼ੀ ਵਿਚ ਜਾ ਕੇ ਔਰੈਂਜ ਬਣ ਗਿਆ। ਬੰਦਾ ਬਹਾਦਰ ਦੇ ਮਾਅਰਕੇ ਨਾਲ ਸਬੰਧਤ ਪਿੰਡ ਦਾ ਨਾਂ 'ਛੱਪੜ ਝਿੜੀ' ਤੋਂ 'ਚੱਪੜ ਚਿੜੀ' ਬਣ ਗਿਆ। ਬਦਲੇ ਰੂਪ ਨੂੰ ਅਕਸਰ ਤਰਕ ਨਾਲ ਪਿਛਾਂਹ ਨਹੀਂ ਮੋੜਿਆ ਜਾ ਸਕਦਾ। ਜੇ ਇਕ ਵਾਰ 'ਉਭ' ਦਾ 'ਉਘ' ਬਣ ਗਿਆ ਤਾਂ ਹੁਣ ਜਿੰਨਾ ਮਰਜ਼ੀ ਜ਼ੋਰ ਲਾ ਲਵੋ, ਉਘ ਖਦੇੜਿਆ ਨਹੀਂ ਜਾਵੇਗਾ ਤੇ ਨਾ ਹੀ ਇਸ ਦੀ ਲੋੜ ਹੈ।



ਵਰਣ-ਵਿਪਰੈ ਵਾਲੇ ਕੇਸ ਲੈ ਲਵੋ, ਚੰਗਾ ਭਲਾ ਸ਼ਬਦ ਗਲਤ ਬੋਲਣ ਕਾਰਨ ਕਲਾਬਾਜ਼ੀ ਮਾਰ ਜਾਂਦਾ ਹੈ। ਪੰਜਾਬੀ ਦਾ ਬਲਟੋਹੀ ਸ਼ਬਦ ਬਟਲੋਹੀ ਦਾ ਵਰਣ-ਵਿਪਰੈ ਹੈ ਪਰ ਕਿਸੇ ਨੂੰ ਇਹ ਦਸ ਕੇ ਦੇਖੋ ਕਿ ਭਾਈ ਗਲਤ ਨਾ ਬੋਲ ਅਸਲ ਸ਼ਬਦ ਬਟਲੋਹੀ ਹੈ, ਉਹ ਤੁਹਾਡੇ ਸਿਰ 'ਚ ਬਲਟੋਹੀ ਮਾਰ ਦੇਵੇਗਾ! ਬਹੁ-ਪ੍ਰਚਲਤ ਡੁੱਬਣਾ ਸ਼ਬਦ 'ਬੁੱਡਣਾ' ਦਾ ਉਲਟਿਆ ਰੂਪ ਹੈ। ਅੰਗਰੇਜ਼ੀ ਦੇ ਚੁਰਦ ਅਤੇ ਹੋਰਸਣ ਸ਼ਬਦ ਕਰਮਵਾਰ ਚਰੂਦ ਅਤੇ ਹਰੋਸ ਤੋਂ ਇਸੇ ਪ੍ਰਕਿਰਿਆ ਰਾਹੀਂ ਬਣੇ ਹਨ। ਪੰਜਾਬੀ ਦੀਆਂ ਨੀਵੀਂ ਟੋਨ ਵਾਲੀਆਂ ਧੁਨੀਆਂ ਘ,ਝ,ਧ,ਢ, ਭ ਦੀ ਆਪਸ ਵਿਚ ਸਥਾਨਅੰਤਰਣ ਦੀ ਪ੍ਰਵਿਰਤੀ ਹੈ ਜਿਵੇਂ ਲੱਭਾ ਦਾ ਲੱਧਾ, ਲੱਭਾ ਆਦਿ। ਉਭ ਦਾ ਉਘ ਬਣਨਾ ਇਸੇ ਤਰਾਂ ਦੀ ਮਿਸਾਲ ਹੋ ਸਕਦੀ ਹੈ। ਇਕ ਹੋਰ ਨੁਕਤਾ: ਇਕ ਪਾਸੇ ਉਹ ਕਹਿੰਦੇ ਹਨ ਕਿ ਭਾਸ਼ਾ ਵਿਭਾਗ ਦੇ ਕੋਸ਼ ਅਤੇ ਮਹਾਨ ਕੋਸ਼ ਵਿਚ ਉਘ ਦੇ ਅਰਥ ਖਬਰ, ਪਤਾ, ਸੂਹ, ਮਸ਼ਹੂਰੀ, ਪ੍ਰਸਿਧੀ ਆਦਿ ਹਨ। ਦੂਜੇ ਪਾਸੇ ਦਾਅਵਾ ਕਰ ਰਹੇ ਹਨ ਕਿ ਉਘ ਸ਼ਬਦ ਆਪਣੇ ਜੋਟੀਦਾਰ ਸੁਘ ਤੋਂ ਬਿਨਾ ਕਦੇ ਸੁਤੰਤਰ ਤੌਰ ਤੇ ਵਰਤਿਆ ਹੀ ਨਹੀਂ ਜਾ ਸਕਦਾ। ਜੇ ਦੋ ਕੋਸ਼ਾਂ ਵਿਚ ਇਹ ਸੁਤੰਤਰ ਤੌਰ ਤੇ ਦਰਜ ਹੈ ਤਾਂ ਜ਼ਰੂਰ ਵਰਤਿਆ ਜਾਂਦਾ ਰਿਹਾ ਹੋਵੇਗਾ। ਗੁਰੂ ਨਾਨਕ ਦੇਵ ਦੇ ਨਾਂ ਲਗਦੀ ਇਕ ਮੁਹਾਵਰਈ ਤੁਕ ਹੈ, 'ਉਘ ਨਾ ਪੈਂਦੀ ਨਾਨਕਾ ਜਾਹਿ ਕੁਥਾਈਂ ਪਾਏ' ਅਰਥਾਤ ਕੁਝ ਪਤਾ ਨਹੀਂ ਮਰਨ ਪਿਛੋਂ ਬੰਦੇ ਨਾਲ ਕੀ ਬੀਤਣੀ ਹੈ।

ਬਹੁਤ ਸਾਰੇ ਮੁਹਾਵਰੇ ਅਤੇ ਅਖਾਣ ਅਲੰਕਾਰਮਈ ਹੋਣ ਕਾਰਨ ਸਵੈ-ਸਿੱਧ ਹੁੰਦੇ ਹਨ ਪਰ ਕੁਝ ਇਕ ਦਾ ਬਿਆਨ ਕੋਈ ਲੜ ਸਿਰਾ ਨਹੀਂ ਫੜਾਉਂਦਾ। ਇਥੇ ਮੈਂ ਇਕ ਹੋਰ ਅਹਿਮ ਗੱਲ ਵਿਚਾਰਨੀ ਚਾਹਾਂਗਾ। ਸ਼ਬਦਾਂ ਅਤੇ ਮੁਹਾਵਰਿਆਂ ਆਦਿ ਦੇ ਅਰਥ ਉਨ੍ਹਾਂ ਦੇ ਗਲਤ, ਸਹੀ, ਅਸਲੀ ਜਾਂ ਵਿਉਤਪਤੀ ਮੂਲਕ ਰੂਪਾਂ ਤੋਂ ਨਹੀਂ ਬਲਕਿ ਉਨ੍ਹਾਂ ਦੀ ਵਰਤੋਂ ਅਤੇ ਸੰਦਰਭ ਤੋਂ ਗ੍ਰਹਿਣ ਕੀਤੇ ਜਾਂਦੇ ਹਨ। ਕਿਸੇ ਨੂੰ ਕੀ ਪਤਾ ਹੈ ਕਿ ਬਲਟੋਹੀ ਸ਼ਬਦ ਦਾ ਮੁਢਲਾ ਰੂਪ ਜਾਂ ਅਰਥ ਕੀ ਹੈ ਪਰ ਉਹ ਆਪਣੇ ਅਨੁਭਵ ਕਾਰਨ ਇਸ ਦੀ ਠੀਕ ਵਰਤੋਂ ਤੋਂ ਨਹੀਂ ਉਕੇਗਾ। ਕੌਣ ਜਾਣਦਾ ਹੈ ਕਿ 'ਨੌਂ ਦੋ ਗਿਆਰਾਂ ਹੋਣਾ', 'ਨਾ ਤਿੰਨਾਂ ਵਿਚ ਨਾ ਤੇਰ੍ਹਾਂ ਵਿਚ', 'ਲੱਲਾ ਭੱਬਾ ਕਰਨਾ' ਆਦਿ ਮੁਹਾਵਰਿਆਂ ਦੀਆਂ ਇਹ ਉਕਤੀਆਂ ਕਿਵੇਂ ਬਣੀਆਂ ਹਨ ਅਤੇ ਇਨ੍ਹਾਂ ਦੇ ਪ੍ਰਚਲਤ ਅਰਥ ਕਿਉਂ ਨਿਕਲਦੇ ਹਨ? ਨੌਂ ਦੋ ਗਿਆਰਾਂ ਦੀ ਥਾਂ ਦਸ ਦੋ ਬਾਰਾਂ ਕਿਉਂ ਨਹੀਂ, 'ਊਲ ਜਲੂਲ ਬੋਲਣਾ' ਵਿਚ ਊਲ ਦਾ ਕੀ ਅਰਥ ਹੈ ਤੇ ਜਲੂਲ ਦਾ ਕੀ? 'ਉਲੂ ਸਿਧਾ ਕਰਨਾ' ਦਾ ਲਿਆ ਜਾਂਦਾ ਭਾਵ ਇਸ ਦੇ ਬਿਆਨ ਦੇ ਤਰਕ ਤੋਂ ਕਿਵੇਂ ਪ੍ਰਮਾਣਤ ਹੁੰਦਾ ਹੈ? ਕਿਤੇ ਉਲੂ ਦੀ ਥਾਂ ਕੋਈ ਹੋਰ ਸ਼ਬਦ ਤਾਂ ਨਹੀਂ ਸੀ ਜੋ ਉਭ ਦੀ ਤਰ੍ਹਾਂ ਭੇਸ ਵਟਾ ਗਿਆ? ਸ਼ਾਇਦ ਲੰਗੜੋਆ ਸਾਹਿਬ ਜਿਹੇ ਵਿਦਵਾਨ ਨੂੰ ਇਨਾਂ ਦੇ ਪਿਛੋਕੜ ਦਾ ਪਤਾ ਹੋਵੇ ਪਰ ਹੋਰ ਲੋਕ ਇਸ ਭੇਤ ਬਾਰੇ ਅਭਿਜ ਹੁੰਦੇ ਹੋਏ ਵੀ ਆਪਣੇ ਅਨੁਭਵ ਜਾਂ ਸਿੱਖਿਆ ਤੋਂ ਇਨ੍ਹਾਂ ਦੀ ਸਹੀ ਵਰਤੋਂ ਕਰਨਗੇ। ਚਰਚਿਤ ਮੁਹਾਵਰੇ ਦੇ ਪ੍ਰਸੰਗ ਵਿਚ ਗੱਲ ਕਰੀਏ: ਲੋਕ ਇਸ ਗਿਣਤੀ-ਮਿਣਤੀ ਵਿਚ ਨਹੀਂ ਪੈਣਗੇ ਕਿ ਕਿਉਂਕਿ ਉਘ ਅਤੇ ਪਤਾਲ ਟਕਰਵੇਂ ਸ਼ਬਦ ਨਹੀਂ ਹਨ ਇਸ ਲਈ ਮੁਹਾਵਰਾ ਗਲਤ ਹੈ ਬਲਕਿ ਇਸ ਦੇ ਪ੍ਰਚਲਨ ਤੋਂ ਸਹਿਜ ਅਗਵਾਈ ਲੈਣਗੇ। ਉਂਜ ਵੀ ਕੀ ਆਮ ਲੋਕਾਂ ਨੂੰ ਉਭ-ਅਕਾਸ਼ ਦਾ ਪਤਾ ਹੈ ਕਿ ਉਹ ਇਸ ਨੂੰ ਪਤਾਲ ਦੇ ਵਿਪਰੀਤ ਅਰਥਾਂ ਵਿਚ ਸਮਝਣ ਦੇ ਸਮਰੱਥ ਹੋਣ?

ਸਮੇਂ ਦੇ ਗੇੜ ਨਾਲ ਬਹੁਤ ਸਾਰੀਆਂ ਕਹਾਵਤਾਂ ਦੇ ਸ਼ਬਦਾਂ ਵਿਚ ਹੇਰ-ਫੇਰ ਹੋਏ ਹਨ। ਮੈਂ ਦੋ ਕਹਾਵਤਾਂ ਦੇ ਸ਼ਬਦਾਂ ਵਿਚ ਆਈਆਂ ਤਬਦੀਲੀਆਂ ਦਾ ਸੰਖੇਪ ਵਿਚ ਜ਼ਿਕਰ ਕਰਾਂਗਾ। ਦੋਨਾਂ ਬਾਰੇ 'ਪੰਜਾਬ ਟਾਈਮਜ਼' ਵਿਚ ਪੂਰੇ ਲੇਖ ਛਪ ਚੁੱਕੇ ਹਨ। ਕਹਾਵਤ 'ਕਿਥੇ ਰਾਜਾ ਭੋਜ ਤੇ ਕਿਥੇ ਗੰਗੂ ਤੇਲੀ' ਦੇ ਪੁਰਾਤਨ ਰੂਪ ਵਿਚ 'ਗੰਗੂ ਤੇਲੀ' ਗਾਇਬ ਹੈ। ਇਥੇ ਦੋ ਹੋਰ ਇਤਿਹਾਸਕ ਰਾਜਿਆਂ ਦੇ ਨਾਂਵਾਂ ਨੇ ਗੰਗੂ ਤੇਲੀ ਦਾ ਅਵਤਾਰ ਧਾਰਿਆ ਹੈ ਤੇ ਇਹ ਨਾਂ ਸਨ ਤਿਰਹੁਤ ਦੇ ਰਾਜਾ ਗਾਂਗੇਯ ਦੇਵ ਅਤੇ ਤਿਲੰਗਾਨਾ ਦੇ ਰਾਜਾ ਤੈਲਪ। ਇਹ ਦੋਨੋਂ ਰਾਜੇ ਗਿਆਰਵੀਂ ਸਦੀ ਵਿਚ ਰਾਜੇ ਭੋਜ ਦੀ ਸ਼ਕਤੀ ਅਤੇ ਵੀਰਤਾ ਤੋਂ ਖਾਰ ਖਾਂਦੇ ਸਨ। ਦੋਨੋਂ ਰਾਜਿਆਂ ਨੇ ਮਿਲ ਕੇ ਰਾਜਾ ਭੋਜ 'ਤੇ ਚੜ੍ਹਾਈ ਕਰ ਦਿੱਤੀ ਪਰ ਉਸ ਨੂੰ ਹਰਾ ਨਾ ਸਕੇ। ਅਸਲ ਵਿਚ ਇਹ ਦੋਨੋਂ ਰਾਜੇ ਗਾਂਗੇਯ ਅਤੇ ਤੈਲਪ ਹੀ ਸਨ ਜੋ ਪਿਛੋਂ ਕਹਾਵਤ ਵਿਚ ਗੰਗੂ ਅਤੇ ਤੇਲੀ ਦਾ ਰੂਪ ਧਾਰ ਗਏ। ਸਪਸ਼ਟ ਹੈ ਕਿ ਦੋਨਾਂ ਰਾਜਿਆਂ ਦੀ ਹਾਰ ਦੇਖ ਕੇ ਪਹਿਲਾਂ ਪਹਿਲ ਲੋਕਾਂ ਨੇ ਪ੍ਰਤਿਕਿਰਿਆ ਦਿੱਤੀ ਹੋਵੇਗੀ, 'ਕਿਥੇ ਰਾਜਾ ਭੋਜ ਤੇ ਕਿਥੇ ਗਾਂਗੇਯ ਤੈਲਪ' ਅਰਥਾਤ ਦੋ ਰਾਜਿਆਂ ਦਾ ਇਕੱਠ ਵੀ ਇਕੱਲੇ ਰਾਜਾ ਭੋਜ ਦੇ ਟਾਕਰੇ ਕੁਝ ਨਹੀਂ ਸੀ। ਕੀ ਇਸ ਰਹੱਸ ਉਦਘਾਟਨ ਕਾਰਨ ਕਹਾਵਤ ਨੂੰ 'ਕਿਥੇ ਰਾਜਾ ਭੋਜ ਤੇ ਕਿਥੇ ਗਾਂਗੇਯ ਤੈਲਪ' ਵਜੋਂ ਮੁੜ ਸਥਾਪਤ ਕਰ ਦੇਣਾ ਚਾਹੀਦਾ ਹੈ? ਪਰ ਕਹਾਵਤ ਵਿਚ ਗੰਗੂ ਤੇਲੀ ਦੇ ਰੂਪ ਵਿਚ ਪਲਟ ਗਏ ਗਾਂਗੇਯ ਤੈਲਪ ਦੀ ਪ੍ਰਮਾਣਿਕਤਾ ਸਿਧ ਕਰਨ ਲਈ ਭੌਤਿਕ ਗਵਾਹੀਆਂ ਵੀ ਦਰਸਾਈਆਂ ਜਾ ਰਹੀਆਂ ਹਨ। ਤੇਲੀਆਂ ਲਈ ਗੰਗੂ ਤੇਲੀ ਇਕ ਹੀਰੋ ਬਣ ਚੁੱਕਾ ਹੈ, ਇਸ ਬਾਰੇ ਕਿੰਨਾ ਸਾਰਾ ਸਾਹਿਤ ਵੀ ਲਿਖਿਆ ਜਾ ਚੁੱਕਾ ਹੈ।

'ਦੂਰ ਦੇ ਢੋਲ ਸੁਹਾਵਣੇ' ਸੁਹਾਵਣੇ ਕਹਾਵਤ ਵਿਚ ਮੁਢਲੇ ਰੂਪ ਵਿਚ 'ਢੋਲ' ਦੇ ਥਾਂ 'ਟੋਲ' ਸ਼ਬਦ ਹੈ ਜਿੱਥੇ ਟੋਲ ਦਾ ਅਰਥ ਪਹਾੜ ਜਾ ਟਿੱਲਾ ਹੈ। ਸੋ ਕਹਾਵਤ ਦਾ ਅਰਥ ਬਣਦਾ ਹੈ, ਦੂਰ ਦੇ ਪਹਾੜ ਸੋਹਣੇ ਲਗਦੇ ਹਨ। ਗੁਰੂ ਅਰਜਨ ਦੇਵ ਦੀ ਇਸ ਤੁਕ ਤੋਂ ਗੱਲ ਸਪਸ਼ਟ ਹੋ ਜਾਵੇਗੀ, 'ਹਭੇ ਟੋਲ ਸੁਹਾਵਣੇ ਸਹੁ ਪਉ ਬੈਠਾ ਮਲਿ'।

ਮੈਂ ਲੇਖ ਇਸ ਵਾਕ ਨਾਲ ਮੁਕਾਇਆ ਸੀ, 'ਮੁਹਾਵਰਿਆਂ ਨਾਲ ਕਦੇ ਖਿਲਵਾੜ ਨਾ ਕਰੋ', ਮੈਂ ਮੁਹਾਵਰੇ ਵਿਚਲੇ ਉਭ ਦੀ ਥਾਂ ਉਘ ਵਰਤ ਕੇ ਆਪ ਹੀ ਖਿਲਵਾੜ ਕਰ ਦਿਤਾ, ਲੰਗੜੋਆ ਸਾਹਿਬ ਨੇ ਮੈਨੂੰ ਕਟਹਿਰੇ ਵਿਚ ਖੜਾ ਕਰ ਦਿੱਤਾ!

---

*ਨੋਟ: ਇੰਡੋ ਕੈਨੇਡੀਅਨ ਟਾਈਮਜ਼ ਦਾ ਹਵਾਲਾ ਖੁਦ ਜਸਬੀਰ ਸਿੰਘ ਲੰਗੜੋਆ ਨੇ ਨਹੀਂ ਸੀ ਦਿਤਾ ਅਤੇ 'ਪੰਜਾਬ ਟਾਈਮਜ਼ ਨਹੀਂ' ਸ਼ਬਦ ਵੀ ਉਨ੍ਹਾਂ ਦੇ ਹੀ ਹਨ। -ਸੰਪਾਦਕ*

# ਬਾਲ ਸੰਦੇਸ਼ ਦੇ ਮਹੱਤਵ ਨੂੰ ਪਹਿਚਾਣਦਿਆਂ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਭਾਰਤੀ ਸਾਹਿਤ ਅਕਾਦਮੀ ਨੇ ਇਸ ਵਰ੍ਹੇ ਦਾ ਬਾਲ ਸਾਹਿਤ ਪੁਰਸਕਾਰ 'ਬਾਲ ਸੰਦੇਸ਼' ਦੇ 35 ਵਰ੍ਹੇ ਸੰਪਾਦਕ ਰਹੇ ਹਿਰਦੇਪਾਲ ਸਿੰਘ ਨੂੰ ਦੇਣ ਦਾ ਐਲਾਨ ਕੀਤਾ ਹੈ। ਇਸ ਖਬਰ ਨੇ ਮੇਰੇ



ਹਿਰਦੇਪਾਲ ਸਿੰਘ

ਚੇਤੇ ਦੀ ਭੰਬੀਰੀ ਛੇ-ਸਤ ਦਹਾਕੇ ਪਹਿਲਾਂ ਵਾਲੇ ਮੇਰੇ ਵਿਦਿਆਰਥੀ ਜੀਵਨ ਵੱਲ ਭੰਵਾ ਦਿੱਤੀ ਹੈ। ਮੈਨੂੰ ਪ੍ਰੀਤ ਲੜੀ ਤੇ ਬਾਲ ਸੰਦੇਸ਼ ਪੜ੍ਹਨ ਦੀ ਚੇਟਕ ਖ਼ਾਲਸਾ ਕਾਲਜ ਮਾਹਿਲਪੁਰ ਪੜ੍ਹਦਿਆਂ (1949-53) ਵਿਚ ਲੱਗੀ। 'ਪ੍ਰੀਤ ਲੜੀ' ਰਸਾਲਾ ਮੇਰਾ ਮਾਰਗ ਦਰਸ਼ਕ ਸੀ ਤੇ ਬਾਲ ਸੰਦੇਸ਼ ਮੇਰਾ ਮਿੱਤਰ ਪਿਆਰਾ। ਬਾਲ ਸੰਦੇਸ਼ ਵਿਚ ਛਪਦੀਆਂ ਰਚਨਾਵਾਂ ਨੇ ਮੈਨੂੰ ਲਿਖਣ ਦੇ ਰਾਹ ਤੋਰਿਆ। ਮੇਰੀ ਪਹਿਲੀ ਲਿਖਤ 'ਸਾਡਾ ਹਸਮੁੱਖ ਬਾਬਾ' ਇਸ ਵਿਚ ਛਪੀ।

ਮੇਰੇ ਨਾਨਕਾ ਪਿੰਡ ਕੋਟਲਾ ਬਡਲਾ, ਤਹਿਸੀਲ ਸਮਰਾਲਾ ਦੇ ਇੱਕ ਗਾਲੜੀ ਨਾਨੇ ਬਾਰੇ ਜਿਸ ਨੂੰ ਆਮ ਘਟਨਾਵਾਂ ਸੁਣਾਉਣ ਵੇਲੇ ਮਿਰਚ ਮਸਾਲਾ ਲਾਉਣ ਦੀ ਜਾਚ ਆਉਂਦੀ ਸੀ, ਇੱਕ ਹਨੇਰੀ ਨੂੰ ਵਰਨਣ ਕਰਦਿਆਂ ਉਸ ਨੇ ਦਸਿਆ ਸੀ ਕਿ ਉਹ ਰੇਤਲੇ ਟਿੱਬੇ ਉਤੇ ਲੰਮਾ ਪਿਆ ਸੀ ਜਦ ਹਨੇਰੀ ਨਾਲ ਰੁੜ੍ਹ ਕੇ ਆਈ ਰੇਤ ਉਸ ਦੇ ਬਰਾਬਰ ਚੜ੍ਹ ਆਈ। ਉਹ ਪਾਸਾ ਪਰਤ ਕੇ ਰੇਤ ਦੇ ਉਪਰ ਹੋਇਆ ਤਾਂ ਅਗਲੇ ਬੁਲ੍ਹੇ ਨੇ ਉਸ ਨੂੰ ਦਬਾ ਲਿਆ। ਹਨੇਰੀ ਦੇ ਬੰਦ ਹੋਣ ਤੱਕ ਉਹਦੇ ਵਾਲਾ ਟਿੱਬਾ ਉਹਦੇ ਪਾਸਿਆਂ ਨਾਲ ਏਨਾ ਉਚਾ ਹੋ ਗਿਆ ਕਿ ਉਸ ਨੂੰ ਆਪਣਾ ਆਪ ਆਪਣੇ ਪਿੰਡ ਦੀ ਛੱਤ ਨਾਲੋਂ ਵੀ ਉਚਾ ਜਾਪਣ ਲੱਗਾ। ਮੈਂ ਲੇਖ 'ਚ ਨਾਨੇ ਦੀਆਂ ਹੋਰ ਗੱਲਾਂ ਵੀ ਲਿਖੀਆਂ।

ਉਦੋਂ 'ਬਾਲ ਸੰਦੇਸ਼' ਦੀ ਸੰਪਾਦਕੀ ਹਿਰਦੇਪਾਲ ਦੇ ਵੱਡੇ ਭਰਾ ਨਵਤੇਜ ਸਿੰਘ ਕੋਲ ਸੀ। ਉਸ ਨੇ ਮੇਰਾ ਲੇਖ ਯੋਗ ਥਾਂ ਉਤੇ ਛਾਪਦਿਆਂ ਮੈਨੂੰ ਹੋਰ ਰਚਨਾਵਾਂ ਭੇਜਣ ਦਾ ਸੱਦਾ ਦਿੱਤਾ।

ਸਮਾਂ ਪਾ ਕੇ ਮੈਂ ਇੱਕ ਹੋਰ ਰਚਨਾ ਆਪਣੇ ਪਿਤਾ ਦੀ ਭੂਆ ਦੇ ਪੁੱਤ ਨਾਹਰ ਸਿੰਘ ਬਾਰੇ ਲਿਖੀ ਜੋ ਭਾਰਤੀ ਸੈਨਾ ਤੋਂ ਹਵਾਲਦਾਰੀ ਪੈਨਸ਼ਨ ਲੈ ਕੇ ਨਵਾਂ ਸ਼ਹਿਰ ਨੇੜੇ ਪਿੰਡ ਚੂਹੜਪੁਰ ਰਹਿੰਦਾ ਸੀ। ਨਵਤੇਜ ਸਿੰਘ ਨੇ ਉਹ ਰਚਨਾ ਵਾਪਸ ਕਰਦਿਆਂ ਦਲੀਲ ਦਿੱਤੀ ਕਿ ਇਹ ਬਾਲ ਸੰਦੇਸ਼ ਦੀ ਪੱਧਰ ਤੋਂ ਉਚੀ ਹੈ ਅਤੇ ਪ੍ਰੀਤ ਲੜੀ ਦੇ ਹਾਣ ਦੀ ਨਹੀਂ।

ਮੈਂ ਨਵਤੇਜ ਸਿੰਘ ਦੇ ਲਿਖੇ ਦੋਵੇਂ ਕਾਰਡ ਕਈ ਵਰ੍ਹੇ ਸੰਭਾਲ ਕੇ ਰਖੇ ਤੇ ਵਾਪਸ ਕੀਤੀ ਰਚਨਾ ਸੈਨਿਕ ਸਮਾਚਾਰ ਦੇ ਸੰਪਾਦਕ ਅਮਰ ਸਿੰਘ ਸੋਢੀ ਦੀ ਮੰਗ ਉਤੇ ਉਨ੍ਹਾਂ ਨੂੰ ਭੇਜੀ। ਉਨ੍ਹਾਂ ਨੇ ਇਸ ਰਚਨਾ ਦੇ 20 ਰੁਪਏ ਵੀ ਦਿੱਤੇ। ਮੇਰੀਆਂ ਇਹ ਰਚਨਾਵਾਂ ਬਾਲ ਸੰਦੇਸ਼ ਦੀ ਉਪਜ ਸਨ। ਮੈਂ ਖ਼ੁਸ਼ ਹਾਂ ਕਿ ਇਸ ਵਾਰੀ ਦਾ ਪੁਰਸਕਾਰ ਹਿਰਦੇਪਾਲ ਸਿੰਘ ਨੂੰ ਮਿਲਿਆ ਹੈ। ਸ਼ਾਇਦ ਇਸ ਲਈ ਕਿ ਜਿਊਰੀ ਵਿਚ ਬਾਲ ਸਾਹਿਤ ਦਾ ਸਹੀ ਮੁੱਲ ਪਾਉਣ ਵਾਲਾ ਮਨਮੋਹਨ ਸਿੰਘ ਦਾਊਂ ਸੀ। ਸਵਾਗਤ ਹੈ।

**ਜੱਜਾਂ ਦਾ ਦਰਦੀ ਨਿੰਦਰ ਘੁਗਿਆਣਵੀ:** ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਭਾਰਤੀ ਨਿਆਂਪ੍ਰਣਾਲੀ ਦੇ ਥੰਮ ਜਜਾਂ ਦਾ ਕੋਡ ਆਫ ਕੰਡਕਟ ਉਨ੍ਹਾਂ ਨੂੰ ਜ਼ਿੰਦਗੀ ਦੇ ਮੌਜ ਮੇਲਿਆਂ ਤੋਂ ਕਿੰਨਾ ਵਿਰਵਾ ਰੱਖਦਾ ਹੈ। ਆਮ ਜੀਵਨ ਦੇ ਮਨੋਰੰਜਨ ਤੋਂ ਟੁੱਟੇ ਇਹ ਲੋਕ ਆਪਣੇ ਸਾਕ ਸਬੰਧੀਆਂ ਨੂੰ ਵੀ ਖੁਲ੍ਹ ਕੇ ਨਹੀਂ ਮਿਲਦੇ। ਉਹ ਆਪਣਾ ਫੋਨ ਨੰਬਰ ਜੰਤਕ ਕਰਨੋਂ ਕਤਰਾਉਂਦੇ ਹਨ। ਉਨ੍ਹਾਂ ਉਤੇ ਘੁੰਮਡੀ ਹੋਣ ਦਾ ਲੇਬਲ ਲਗਦਾ ਹੈ। ਜਨਤਾ ਕੀ ਜਾਣੇ ਕਿ ਉਹ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋ ਕੇ ਜੀਵਨ ਬਤੀਤ ਕਰਦੇ ਹਨ। ਨਿੰਦਰ ਘੁਗਿਆਣਵੀ ਦੀ ਨਵੀਂ ਪੁਸਤਕ 'ਕਾਲੇ ਕੋਟ ਦਾ ਦਰਦ' ਨਿਆਂ ਪ੍ਰਣਾਲੀ ਦੀਆਂ ਇਨ੍ਹਾਂ ਵਿਸੰਗਤੀਆਂ ਅਤੇ ਦੁੱਖਾਂ ਉਤੋਂ ਪਰਦਾ ਚੁਕਦੀ ਹੈ। ਉਸ ਦੀ ਲਿਖਤ ਵਿਚ ਰਸ ਅਤੇ ਸਰਲਤਾ ਹੀ ਨਹੀਂ, ਰਸਮਿਸਾ ਵਿਅੰਗ ਵੀ ਹੈ ਜਿਸ ਨੂੰ ਪੜ੍ਹਦਿਆਂ ਗਲਪਕਾਰੀ ਵਰਗਾ ਅਨੰਦ ਆਉਂਦਾ ਹੈ।

ਕਈ ਜੱਜ ਆਪਣੇ ਕਾਰਜ ਕਾਲ ਜਾਂ ਸੇਵਾ ਮੁਕਤੀ ਸਮੇਂ ਆਪਣੇ ਅਸੂਲਾਂ ਦਾ ਪਾਲਣ ਕਰਦੇ ਅੰਤ ਵਿਚ ਉਦਾਸ ਤੇ ਦੁਖੀ ਰਹਿਣ ਲਗਦੇ ਹਨ।



ਨਿੰਦਰ ਘੁਗਿਆਣਵੀ

ਲੇਖਕ ਦੇ ਕਥਨ ਅਨੁਸਾਰ ਉਹ ਉਨੀਂਦਰੇ ਦੇ ਰੋਗੀ ਹੋ ਜਾਂਦੇ ਹਨ ਤੇ ਨੀਂਦ ਦੀਆਂ ਗੋਲੀਆਂ ਖਾਣ ਲਗਦੇ ਹਨ। ਨਿੰਦਰ ਘੁਗਿਆਣਵੀ ਆਪਣੇ ਅਰੰਭ ਵਾਲੇ ਜੀਵਨ ਵਿਚ ਕਿਸੇ ਜੱਜ ਦਾ ਅਰਦਲੀ ਰਿਹਾ ਹੈ ਤੇ ਉਸ ਜੀਵਨ ਦੀ ਬਾਤ ਪਾਉਂਦੀ ਉਸ ਦੀ ਪੁਸਤਕ, 'ਮੈਂ ਸਾਂ ਜੱਜ ਦਾ ਅਰਦਲੀ' ਛਪਦੇ ਸਾਰ ਹੀ ਧੜਾ-ਧੜਾ ਵਿਕ ਗਈ ਸੀ। ਉਸ ਨੂੰ ਰਚਨਾਕਾਰੀ ਤੇ ਰਿਸ਼ਵਤਖੋਰ ਜੱਜਾਂ ਦੀ ਤਣਾ-ਤਣੀ ਉਤੇ ਵੀ ਟਿੱਪਣੀ ਕੀਤੀ ਹੈ ਤੇ ਨਿਆਂਪ੍ਰਣਾਲੀ ਦੇ ਭ੍ਰਿਸ਼ਟ ਹੋਣ ਉਤੇ ਆਪਣਾ ਦੁੱਖ ਵੀ ਪ੍ਰਗਟ ਕੀਤਾ ਹੈ। ਕੁੱਝ ਵੀ ਹੋਵੇ ਲੇਖਕ ਕਿਧਰੇ ਵੀ ਜੱਜਾਂ ਪ੍ਰਤੀ ਆਪਣੀ ਹਮਦਰਦੀ ਦਾ ਪਲਾ ਨਹੀਂ ਛੱਡਦਾ। 'ਕਾਲੇ ਕੋਟ ਦਾ ਦਰਦ' ਓਨੀ ਹੀ ਪੜ੍ਹਨਯੋਗ ਤੇ ਮਾਨਣਯੋਗ ਰਚਨਾ ਹੈ, ਜਿੰਨੀ 'ਮੈਂ ਸਾਂ ਜੱਜ ਦਾ ਅਰਦਲੀ'। ਪਰਪੱਕਤਾ ਵਿਚ ਉਹਦੇ ਨਾਲੋਂ ਥੋੜ੍ਹੀ ਅੱਗੇ। ਪੜ੍ਹੋ ਤੇ ਮਾਣੋ।


**ਅੰਤਿਕਾ:** ਸਾਧੂ ਸਿੰਘ ਹਮਦਰਦ

ਸ਼ਿਕਾਇਤ ਖ਼ੁਦਾ ਦੀ ਕਰਨ ਕਿਸ ਤਰ੍ਹਾਂ,
ਜਿਨ੍ਹਾਂ ਨੂੰ ਜਿਨ੍ਹਾਂ ਦੇ ਖ਼ੁਦਾ ਮਾਰਿਆ।
ਉਹਦੀ ਜ਼ਿੰਦਗੀ ਵੀ ਹੈ ਕਿਆ ਜ਼ਿੰਦਗੀ,
ਜਿਨੂੰ ਮੌਤ ਨੇ ਹੀ ਡਰਾ ਮਾਰਿਆ।
ਤਿਰੇ ਮਨ 'ਚ 'ਹਮਦਰਦ' ਪ੍ਰੀਤਮ ਦਾ ਵਾਸ
ਤੂੰ ਫਿਰਦਾ ਏਂ ਕਿਉਂ ਮਾਰਿਆ ਮਾਰਿਆ?

# ਮਿਰਜ਼ਿਆ



'ਭਾਗ ਮਿਲਖਾ ਭਾਗ' ਫਿਲਮ ਬਣਾਉਣ ਵਾਲਾ ਫਿਲਮਸਾਜ਼ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਹੁਣ 'ਮਿਰਜ਼ਿਆ' ਫਿਲਮ ਲੈ ਕੇ ਆ ਰਿਹਾ ਹੈ। ਅਕਤੂਬਰ ਵਿਚ ਰਿਲੀਜ਼ ਹੋਣ ਵਾਲੀ ਇਸ ਫਿਲਮ ਦੀ ਪਟਕਥਾ ਪ੍ਰਸਿੱਧ ਲਿਖਾਰੀ ਅਤੇ ਫਿਲਮਸਾਜ਼ ਗੁਲਜ਼ਾਰ ਨੇ ਲਿਖੀ ਹੈ। ਇਸ ਫਿਲਮ ਦੇ ਨਾਇਕ ਅਤੇ ਨਾਇਕਾ ਪਹਿਲੀ ਵਾਰ ਫਿਲਮੀ ਦੁਨੀਆ ਵਿਚ ਪੈਰ ਪਾ ਰਹੇ ਹਨ। ਅਦਾਕਾਰ ਅਨਿਲ ਕਪੂਰ ਦਾ ਮੁੰਡਾ ਹਰਸ਼ਵਰਧਨ ਕਪੂਰ ਇਸ ਫਿਲਮ ਵਿਚ ਨਾਇਕ ਦਾ ਰੋਲ ਨਿਭਾ ਰਿਹਾ ਹੈ ਅਤੇ ਸੈਯਾਮੀ ਖੇਰ ਫਿਲਮ ਦੀ ਨਾਇਕਾ ਹੈ। ਇਨ੍ਹਾਂ ਤੋਂ ਇਲਾਵਾ ਓਮ ਪੁਰੀ, ਕੇ.ਕੇ. ਰੈਨਾ ਵਰਗੇ ਹੰਢੇ ਹੋਏ ਕਲਾਕਾਰ ਫਿਲਮ ਵਿਚ ਅਹਿਮ ਕਿਰਦਾਰ ਨਿਭਾਅ ਰਹੇ ਹਨ। ਫਿਲਮੀ ਕਹਾਣੀ ਦਾ ਆਧਾਰ ਮਿਰਜ਼ਾ-ਸਾਹਿਬਾਂ ਦੀ ਪ੍ਰੇਮ ਕਹਾਣੀ ਨੂੰ ਬਣਾਇਆ ਗਿਆ ਹੈ। ਹੁਣ ਦੇਖਣਾ ਇਹ ਹੈ ਕਿ ਰਾਕੇਸ਼ ਓਮ ਪ੍ਰਕਾਸ਼ ਜਿਸ ਦੀ ਫਿਲਮ 'ਭਾਗ ਮਿਲਖਾ ਭਾਗ' ਦੀ ਖੂਬ ਚਰਚਾ ਹੋਈ ਸੀ, ਇਸ ਕਹਾਣੀ ਨੂੰ ਦਰਸ਼ਕਾਂ ਅੱਗੇ ਕਿਸ ਨਜ਼ਰੀਏ ਤੋਂ ਪੇਸ਼ ਕਰਦਾ ਹੈ। ਅੱਜ ਤੱਕ ਤਕਰੀਬਨ ਸਾਰੇ ਲਿਖਾਰੀਆਂ ਨੇ ਸਾਹਿਬਾਂ ਨੂੰ ਬੇਵਫ਼ਾ ਅਤੇ ਧੋਖੇਬਾਜ਼ ਵਜੋਂ ਹੀ ਦਿਖਾਇਆ ਹੈ, ਪਰ ਪਿਛਲੇ ਕੁਝ ਸਮੇਂ ਦੌਰਾਨ ਲੋਕ ਸਾਹਿਤ ਦੀਆਂ ਕੁਝ ਅਜਿਹੀਆਂ ਵੰਨਗੀਆਂ ਸਾਹਮਣੇ ਆਈਆਂ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਸਾਹਿਬਾਂ ਵੱਲੋਂ ਮਿਰਜ਼ੇ ਦੇ ਤੀਰ ਤੋੜਨ ਵਾਲੀ ਕਹਾਣੀ ਝੂਠੀ ਹੈ। ਦਰਅਸਲ ਮਰਦ ਪ੍ਰਧਾਨ ਸਮਾਜ ਦੇ ਲਿਖਾਰੀਆਂ ਨੇ ਮਿਰਜ਼ੇ ਦੀ ਸੂਰਬੀਰਤਾ ਨੂੰ ਸਾਹਿਬਾਂ ਦੀ ਬੇਵਫਾਈ ਨਾਲ ਜੋੜ ਹੀ ਪੇਸ਼ ਕੀਤਾ ਹੈ। ਇਸ ਫਿਲਮ ਲਈ ਅਦਾਕਾਰ ਅਨਿਲ ਕਪੂਰ ਅਤੇ ਉਸ ਦੀ ਧੀ ਸੋਨਮ ਕਪੂਰ ਦਾ ਵਾਹਵਾ ਜ਼ੋਰ ਲੱਗਿਆ ਹੋਇਆ ਹੈ ਤਾਂ ਕਿ ਹਰਸ਼ਵਰਧਨ ਕਪੂਰ ਦਾ ਫਿਲਮੀ ਕਰੀਅਰ ਇਸ ਫਿਲਮ ਨਾਲ ਚਮਕ ਜਾਵੇ। ਫਿਲਮ ਦੀ ਅਦਾਕਾਰਾ ਸੈਯਾਮੀ ਖੇਰ ਦੀ ਇਹ ਪਹਿਲੀ ਹਿੰਦੀ ਫਿਲਮ ਹੈ। ਉਸ ਨੇ 2015 ਵਿਚ ਬਣੀ ਤੈਲਗੂ ਫਿਲਮ 'ਰੇਅ' ਵਿਚ ਕੰਮ ਕੀਤਾ ਸੀ। ਉਹ ਪਿਛਲੇ ਤਿੰਨ ਸਾਲ ਤੋਂ ਮਾਡਲਿੰਗ ਕਰ ਰਹੀ ਹੈ। ਰਾਕੇਸ਼ ਓਮ ਪ੍ਰਕਾਸ਼ ਮਹਿਰਾ ਮੁਤਾਬਕ, ਉਸ ਨੇ ਸਾਹਿਬਾਂ ਦੇ ਕਿਰਦਾਰ ਲਈ ਕਈ ਮਹੀਨੇ ਖੋਜ ਕੀਤੀ ਅਤੇ ਆਖਰਕਾਰ ਤਿੰਨ ਕੁੜੀਆਂ ਵਿਚੋਂ ਸੈਯਾਮੀ ਖੇਰ ਨੂੰ ਲੈ ਲਿਆ ਗਿਆ। ਕਹਾਣੀ ਦਾ ਸਾਰਾ ਦਾਰੋਮਦਾਰ ਉਸ ਨੇ ਗੁਲਜ਼ਾਰ ਉਤੇ ਛੱਡ ਦਿੱਤਾ ਹੋਇਆ ਹੈ। ਹੁਣ ਸਭ ਦੀਆਂ ਨਿਗਾਹਾਂ ਗੁਲਜ਼ਾਰ ਉਤੇ ਹਨ ਕਿ ਉਹ ਸਾਹਿਬਾਂ ਦੀ ਕਹਾਣੀ ਨੂੰ ਕਿਸ ਤਰ੍ਹਾਂ ਸੁਣਾਉਂਦਾ ਹੈ।





# ਨਿਮਰਤ ਕੌਰ: ਅਦਾ ਤੇ ਅਦਾਕਾਰੀ



'ਦਿ ਲੰਚਬਾਕਸ' ਫਿਲਮ ਦੀ ਸਫ਼ਲਤਾ ਤੋਂ ਬਾਅਦ ਅਦਾਕਾਰਾ ਨਿਮਰਤ ਕੌਰ ਨੂੰ ਫਿਲਮੀ ਦੁਨੀਆ ਵਿਚ ਖੂਬ ਚੁਣੌਤੀ ਮਿਲੀ, ਪਰ ਉਸ ਨੇ ਆਪਣੇ ਕਰੀਅਰ ਨੂੰ ਇਸ ਢੰਗ ਨਾਲ ਲੀਹ ਉਤੇ ਪਾਇਆ ਕਿ ਉਸ ਲਈ ਅਗਾਂਹ ਰਾਹ ਖੁੱਲ੍ਹ ਰਹੇ ਹਨ। 'ਲੰਚਬਾਕਸ' ਵਿਚ ਉਸ ਦਾ ਕਿਰਦਾਰ ਬਣਾ ਔਖਾ ਸੀ, ਪਰ ਉਸ ਨੇ ਘਰੇਲੂ ਸੁਆਣੀ ਦਾ ਇਹ ਕਿਰਦਾਰ ਬਹੁਤ ਖੂਬਸੂਰਤੀ ਨਾਲ ਨਿਭਾਇਆ ਅਤੇ ਵਾਹ-ਵਾਹ ਖੱਟੀ। ਇਸ ਤੋਂ ਬਾਅਦ ਉਸ ਨੂੰ ਕੌਮਾਂਤਰੀ ਟੀ.ਵੀ. ਸ਼ੋਅ 'ਹੋਮਲੈਂਡ' ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਹੁਣ ਉਹ 'ਵੇਅਵਾਰਡ ਪਾਈਨਜ਼' ਦੇ ਦੂਜੇ ਸੀਜ਼ਨ ਵਿਚ ਅਹਿਮ ਕਿਰਦਾਰ ਨਿਭਾਅ ਰਹੀ ਹੈ। ਇਸ ਤੋਂ ਇਲਾਵਾ ਅਕਸ਼ੈ ਕੁਮਾਰ ਨਾਲ ਹਾਲ ਹੀ ਵਿਚ ਆਈ ਫਿਲਮ 'ਏਅਰਲਿਫ਼ਟ' ਨਾਲ ਉਸ ਦੇ ਕਰੀਅਰ ਨੂੰ ਚੰਗਾ ਹੁਲਾਰਾ ਮਿਲਿਆ ਹੈ। ਅਸਲ ਵਿਚ ਨਿਮਰਤ ਕੌਰ ਫਿਲਮਾਂ ਪਿਛੇ ਭੱਜਦੀ ਨਹੀਂ, ਸਗੋਂ ਚੁਣ-ਚੁਣ ਕੇ ਹੀ ਫਿਲਮਾਂ ਕਰ ਰਹੀ ਹੈ। ਸ਼ੁਰੂਆਤ ਉਸ ਨੇ 2002 ਵਿਚ 'ਤੇਰਾ ਮੇਰਾ ਪਿਆਰ' ਗੀਤ ਦੇ ਸੰਗੀਤ ਵੀਡੀਓ ਤੋਂ ਕੀਤੀ ਸੀ। 2005 ਵਿਚ ਉਸ ਨੂੰ ਫਿਲਮ 'ਯਹਾਂ' ਵਿਚ ਛੋਟਾ ਜਿਹਾ ਰੋਲ ਮਿਲਿਆ, ਪਰ 'ਪੈਡਲਰ' ਦੇ ਨਿੱਕੇ ਜਿਹੇ ਰੋਲ ਨੇ ਸਭ ਦਾ ਧਿਆਨ ਖਿੱਚਿਆ ਅਤੇ ਉਸ ਨੂੰ 'ਲੰਚਬਾਕਸ' ਵਰਗੀ ਫਿਲਮ ਮਿਲ ਗਈ।

# ਅਸਹਿਮਤੀ ਦੇ ਹੱਕ ਦਾ ਦਸਤਾਵੇਜ਼: ਹੋਲੀ


ਆਵਾਜ਼ ਦੇ ਕਹਾਂ ਹੈ... -51-



ਕੁਲਦੀਪ ਕੌਰ
ਫੋਨ: +91-98554-04330

ਫਿਲਮ 'ਹੋਲੀ' ਨਿਰਦੇਸ਼ਕ ਕੇਤਨ ਮਹਿਤਾ ਦੀ ਵਿਦਿਆਰਥੀਆਂ ਦੇ ਮੁੱਦੇ 'ਤੇ ਬਣਾਈ ਸੰਵੇਦਨਸ਼ੀਲ ਫਿਲਮ ਹੈ। ਇਸ ਫਿਲਮ ਬਾਰੇ ਇੰਟਰਵਿਊ ਵਿਚ ਕੇਤਨ ਮਹਿਤਾ ਨੇ ਸਪਸ਼ਟ ਕੀਤਾ ਸੀ ਕਿ ਇਹ ਫਿਲਮ ਪੁਣੇ ਦੀ ਫਿਲਮ ਅਤੇ ਟੀ.ਵੀ. ਇੰਸਟੀਚਿਊਟ ਵਿਚ 1984 ਵਿਚ ਹੋਈ ਵਿਦਿਆਰਥੀ ਹੜਤਾਲ 'ਤੇ ਆਧਾਰਤ ਸੀ ਜਦੋਂ ਉਹ ਉਥੇ ਵਿਦਿਆਰਥੀ ਸੀ। ਉਨ੍ਹਾਂ ਅਨੁਸਾਰ ਹੜਤਾਲ ਦਾ ਕਾਰਨ ਮਾਮੂਲੀ ਸੀ, ਪਰ ਜਿਸ ਤਰੀਕੇ ਨਾਲ ਸੰਸਥਾ ਦੇ ਪ੍ਰਬੰਧਕਾਂ ਨੇ ਇਸ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ, ਉਸ ਨਾਲ ਵਿਦਿਆਰਥੀਆਂ ਵਿਚ ਬੇਚੈਨੀ ਅਤੇ ਅਸੰਤੁਸ਼ਟੀ ਫੈਲ ਗਈ। ਉਹ ਰੋਸ ਦੀ ਢੁਕਵੀਂ ਸੁਣਵਾਈ ਦੀ ਉਮੀਦ ਕਰ ਰਹੇ ਸਨ, ਪਰ ਪ੍ਰਬੰਧਕਾਂ ਨੇ ਇਸ ਮਸਲੇ ਨੂੰ ਮੁੱਛ ਦਾ ਸਵਾਲ ਬਣਾ ਲਿਆ।

ਨਤੀਜੇ ਦੇ ਤੌਰ 'ਤੇ ਵਿਦਿਆਰਥੀਆਂ ਅਤੇ ਪ੍ਰਬੰਧਕਾਂ ਵਿਚਕਾਰ 'ਆਜ਼ਾਦੀ' ਅਤੇ 'ਅਸਹਿਮਤੀ ਪ੍ਰਗਟਾਉਣ' ਦੀਆਂ ਜਮਹੂਰੀ ਕੀਮਤਾਂ ਲਈ ਜੰਗ ਸ਼ੁਰੂ ਹੋ ਗਈ। ਪ੍ਰਬੰਧਕਾਂ ਦੀ ਧਾਰਨਾ ਸੀ ਕਿ ਜੇ ਵਿਦਿਆਰਥੀ 'ਆਗਿਆਕਾਰੀ' ਹੀ ਨਹੀਂ, ਤਾਂ ਉਹ ਕਿਵੇਂ ਕੁਝ ਸਿੱਖ ਸਕਦਾ ਹੈ? ਦੂਜੇ ਪਾਸੇ ਵਿਦਿਆਰਥੀਆਂ ਦਾ ਮੱਤ ਸੀ ਕਿ ਇਹ ਸੰਸਥਾ ਜਾਗਰੂਕ ਅਤੇ ਸੰਵੇਦਨਸ਼ੀਲ ਮਨੁੱਖ ਤਿਆਰ ਕਰਨ ਲਈ ਬਣੀ ਹੈ, ਵਿਦਿਆਰਥੀਆਂ ਨੂੰ 'ਯੈੱਸ-ਨੋ' ਦੀ ਨਿੱਕਰਧਾਰੀ ਮਰਿਆਦਾ ਸਿਖਾਉਣ ਲਈ ਨਹੀਂ। ਫਿਲਮ 'ਹੋਲੀ' ਵਿਦਿਆਰਥੀਆਂ ਨਾਲ ਹੁੰਦੀ ਲੁਕਵੀਂ ਹਿੰਸਾ ਦਾ ਬਿਰਤਾਂਤ ਹੈ ਜਿਥੇ ਉਪਰਲੀ ਸਤਹਿ 'ਤੇ ਦੇਖਿਆਂ ਵਿਦਿਆਰਥੀ ਇਸ ਲਈ ਜ਼ਿੰਮੇਵਾਰ ਲੱਗਦੇ ਹਨ, ਪਰ ਅਸਲ ਵਿਚ ਉਹ ਮੱਠਾਂ ਅਤੇ ਕੱਟੜਤਾ ਵਿਰੁੱਧ ਆਪਣੀ ਸੁਣਵਾਈ ਲਈ ਪੂਰਾ ਤਾਣ ਲਾ ਰਹੇ ਹਨ।




ਫਿਲਮ ਦੀ ਕਹਾਣੀ ਅਨੁਸਾਰ, ਇਕ ਸਵੇਰ ਜਦੋਂ ਸੰਸਥਾ ਦੇ ਵਿਦਿਆਰਥੀਆਂ ਨੂੰ ਪਤਾ ਲਗਦਾ ਹੈ ਕਿ ਇਸ ਸਾਲ ਹੋਲੀ ਦੇ ਤਿਉਹਾਰ 'ਤੇ ਛੁੱਟੀ ਨਹੀਂ ਕੀਤੀ ਜਾ ਰਹੀ, ਸਗੋਂ ਉਸ ਦਿਨ ਸੰਸਥਾ ਦੇ ਚੇਅਰਮੈਨ ( ਸ਼੍ਰੀਰਾਮ ਲਾਗੂ) ਖਾਸ ਭਾਸ਼ਣ ਦੇ ਰਹੇ ਹਨ ਤਾਂ ਵਿਦਿਆਰਥੀ ਇਸ ਦਾ ਬਾਈਕਾਟ ਕਰਨ ਦਾ ਫੈਸਲਾ ਕਰ ਲੈਂਦੇ ਹਨ। ਉਨ੍ਹਾਂ ਦੇ ਹੋਸਟਲ ਦਾ ਮੁਖੀ ਪ੍ਰੋਫੈਸਰ ਸਿੰਘ (ਨਸੀਰੂਦੀਨ ਸ਼ਾਹ) ਉਨ੍ਹਾਂ ਨਾਲ ਹਮਦਰਦੀ ਤਾਂ ਰੱਖਦਾ ਹੈ, ਪਰ ਉਹ ਵੀ ਸੰਸਥਾ ਦੇ ਨਿਯਮਾਂ ਨਾਲ ਬੰਨ੍ਹਿਆ ਹੋਇਆ ਹੈ।




ਇਸ ਤੋਂ ਬਾਅਦ ਇਮਤਿਹਾਨ, ਤੈਅ ਕੀਤੀ ਮਿਤੀ ਤੋਂ ਪਛੜ ਕੇ ਸ਼ੁਰੂ ਕੀਤੇ ਜਾਣ ਦਾ ਨੋਟਿਸ ਚਿਪਕ ਜਾਂਦਾ ਹੈ। ਇਸ ਤੋਂ ਵਿਦਿਆਰਥੀ ਭੜਕ ਜਾਂਦੇ ਹਨ। ਇਸ ਭਖੇ ਹੋਏ ਮਾਹੌਲ ਵਿਚ ਪ੍ਰਿੰਸੀਪਲ (ਓਮਪੁਰੀ) ਦੇ ਭਤੀਜੇ ਦੀ ਇਕ ਵਿਦਿਆਰਥੀ ਨਾਲ ਝੜਪ ਹੋ ਜਾਂਦੀ ਹੈ ਜੋ ਚੰਗਿਆੜੀ ਦਾ ਕੰਮ ਕਰਦੀ ਹੈ। ਪ੍ਰਿੰਸੀਪਲ ਉਸ ਵਿਦਿਆਰਥੀ ਨੂੰ ਸੰਸਥਾ ਵਿਚੋਂ ਨਿਕਲਣ ਦਾ ਹੁਕਮ ਜਾਰੀ ਕਰ ਦਿੰਦਾ ਹੈ। ਇਸ ਨਾਲ ਵਿਦਿਆਰਥੀ ਲੋਹ-ਲ਼ਾਖੇ ਹੋ ਜਾਂਦੇ ਹਨ ਅਤੇ ਸੰਸਥਾ ਦੀਆਂ ਮਹੱਤਵਪੂਰਨ ਗਤੀਵਿਧੀਆਂ ਠੱਪ ਕਰਨ ਦਾ ਫੈਸਲਾ ਕਰ ਲੈਂਦੇ ਹਨ। ਪ੍ਰਿੰਸੀਪਲ ਹਾਲਾਤ ਨੂੰ ਦਲੀਲ ਨਾਲ ਹੱਲ ਕਰਨ ਦੀ ਥਾਂ ਹੋਸਟਲ ਦੇ ਇਕ ਮੁੰਡੇ ਨੂੰ ਆਪਣਾ ਮੁਖਬਰ ਬਣਨ ਲਈ ਮਜਬੂਰ ਕਰ ਦਿੰਦਾ ਹੈ ਅਤੇ ਉਸ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ ਕਈ ਵਿਦਿਆਰਥੀਆਂ ਨੂੰ ਸੰਸਥਾ ਵਿਚੋਂ ਨਿਕਲਣ ਦਾ ਹੁਕਮ ਜਾਰੀ ਕਰ ਦਿੰਦਾ ਹੈ। ਵਿਦਿਆਰਥੀ ਸੰਸਥਾ ਦਾ ਫਰਨੀਚਰ ਤੇ ਸਾਮਾਨ ਜਲਾਉਣ ਲੱਗ ਜਾਂਦੇ ਹਨ। ਉਧਰ ਮੁਖਬਰ ਮੁੰਡਾ ਵਿਦਿਆਰਥੀਆਂ ਦੇ ਮਜ਼ਾਕ ਅਤੇ ਗਾਲਾਂ ਤੋਂ ਡਰਦਾ ਖੁਦਕੁਸ਼ੀ ਕਰ ਜਾਂਦਾ ਹੈ। ਸੰਸਥਾ ਪੁਲਿਸ ਦੇ ਹਵਾਲੇ ਹੋ ਜਾਂਦੀ ਹੈ ਜੋ ਅਸਲ ਕਾਰਨ ਤਲਾਸ਼ਣ ਦੀ ਥਾਂ ਡੰਡੇ ਦੇ ਦਮ 'ਤੇ ਵਿਦਿਆਰਥੀਆਂ ਨੂੰ ਜ਼ਲੀਲ ਕਰਦੀ ਹੈ। ਸਵੇਰੇ ਜਦੋਂ ਪੁਲਿਸ ਦੀਆਂ ਜੀਪਾਂ ਵਿਚ ਵਿਦਿਆਰਥੀਆਂ ਨੂੰ ਥਾਣੇ ਲਿਜਾਇਆ ਜਾ ਰਿਹਾ ਹੈ ਤਾਂ ਸੜਕਾਂ 'ਤੇ ਲੋਕ ਹੋਲੀ ਖੇਡ ਰਹੇ ਹੁੰਦੇ ਹਨ। ਉਧਰ, ਵਿਦਿਆਰਥੀਆਂ ਦੀਆਂ ਅੱਖਾਂ ਵਿਚੋਂ ਜ਼ਿੰਦਗੀ ਦੇ ਕਿੰਨੇ ਰੰਗ ਕਿਰ ਜਾਂਦੇ ਹਨ।

ਇਸ ਫਿਲਮ ਨੇ ਨਸੀਰੂਦੀਨ ਸ਼ਾਹ, ਓਮਪੁਰੀ, ਦੀਪਤੀ ਨਵਲ, ਪਰੇਸ਼ ਰਾਵਲ ਦੀ ਬਿਹਰਤਰੀਨ ਅਦਾਕਾਰੀ ਤੋਂ ਬਿਨਾਂ ਦਰਸ਼ਕਾਂ ਨੂੰ ਕਈ ਅਦਾਕਾਰਾਂ ਨਾਲ ਪਹਿਲੀ ਵਾਰ ਬਾਵਸਤਾ ਹੋਣ ਦਾ ਮੌਕਾ ਦਿੱਤਾ। ਇਨ੍ਹਾਂ ਵਿਚ ਆਮਿਰ ਖਾਨ, ਨੀਰਜ ਵੋਹਰਾ, ਆਸ਼ੂਤੋਸ਼ ਗਾਵਰੀਕਰ (ਜੋ ਬਾਅਦ ਵਿਚ ਨਿਰਦੇਸ਼ਕ ਬਣਿਆ) ਅਤੇ ਰਾਜ ਜੁਤਸ਼ੀ ਸ਼ਾਮਿਲ ਸਨ।

ਪੰਜਾਬ ਦੇ ਮੁੱਖ ਮੰਤਰੀ

# ਸ. ਪਰਕਾਸ਼ ਸਿੰਘ ਬਾਦਲ

ਦੇ ਸੁਪਨੇ ਅਤੇ ਦੂਰਅੰਦੇਸ਼ ਸੋਚ ਨੂੰ ਸਾਕਾਰ ਕਰਦਿਆਂ



## ਹੋਣਹਾਰ ਅਤੇ ਜ਼ਰੂਰਤਮੰਦ ਹੁਸ਼ਿਆਰ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ

ਜਲੰਧਰ | ਬਠਿੰਡਾ | ਅੰਮ੍ਰਿਤਸਰ | ਲੁਧਿਆਣਾ

ਪਟਿਆਲਾ | ਮੋਹਾਲੀ | ਤਲਵਾੜਾ (ਹੁਸ਼ਿਆਰਪੁਰ)

ਵਿਖੇ

7 ਮੈਰੀਟੋਰੀਅਸ ਸਕੂਲ ਸਥਾਪਤ ਕੀਤੇ ਗਏ ਹਨ

# ਮੈਰੀਟੋਰੀਅਸ ਸਕੂਲਾਂ ਦੇ 31 ਹੋਣਹਾਰ ਵਿਦਿਆਰਥੀ ਆਈ.ਆਈ.ਟੀ. ਲਈ ਚੁਣੇ ਗਏ

ਸ਼ਮਸ਼ੇਰ ਸਿੰਘ, ਅੰਮ੍ਰਿਤਸਰ
ਸੋਨੀਆ, ਅੰਮ੍ਰਿਤਸਰ
ਜਸਵੀਰ ਸਿੰਘ, ਬਠਿੰਡਾ
ਕੁਲਦੀਪ ਸਿੰਘ, ਬਠਿੰਡਾ
ਨਿਰਮਲ ਸਿੰਘ, ਬਠਿੰਡਾ
ਪ੍ਰੇਮ ਕੁਮਾਰ, ਬਠਿੰਡਾ
ਸੁਖਚੈਨ ਸਿੰਘ, ਬਠਿੰਡਾ
ਸੰਦੀਪ ਕੁਮਾਰ, ਜਲੰਧਰ
ਕੋਮਲ, ਜਲੰਧਰ
ਸ਼ੁਭ ਕੁਮਾਰ, ਜਲੰਧਰ
ਬਰਿੰਦਰ ਸਿੰਘ, ਜਲੰਧਰ
ਸਿਮਰਨਜੀਤ ਕੌਰ, ਜਲੰਧਰ
ਰਮਨਦੀਪ ਕੌਰ, ਜਲੰਧਰ
ਬਲਜਿੰਦਰ ਕੌਰ, ਜਲੰਧਰ
ਮਿਲਨਪ੍ਰੀਤ ਕੌਰ, ਜਲੰਧਰ
ਪ੍ਰਿੰਸ, ਜਲੰਧਰ
ਪਰਮਿੰਦਰ ਕੌਰ, ਜਲੰਧਰ
ਰਮਨਪ੍ਰੀਤ, ਜਲੰਧਰ
ਜਸਪ੍ਰੀਤ ਕੌਰ, ਜਲੰਧਰ
ਹਰਪ੍ਰੀਤ ਕੌਰ, ਜਲੰਧਰ
ਕਾਜਲ, ਲੁਧਿਆਣਾ
ਨਵਜੋਤ ਸਿੰਘ, ਲੁਧਿਆਣਾ
ਰਾਜਦੀਪ ਸਿੰਘ, ਲੁਧਿਆਣਾ
ਸੁਖਪ੍ਰੀਤ ਕੌਰ, ਲੁਧਿਆਣਾ
ਦਲੀਪ ਰਾਮ, ਪਟਿਆਲਾ
ਗੌਰਵ, ਪਟਿਆਲਾ
ਸੁਖਦੀਪ ਸਿੰਘ, ਪਟਿਆਲਾ
ਹਰਪ੍ਰੀਤ ਕੌਰ, ਪਟਿਆਲਾ
ਬਲਜਿੰਦਰ ਕੌਰ, ਪਟਿਆਲਾ
ਅਮਰਜੀਤ ਸਿੰਘ, ਪਟਿਆਲਾ
ਰੇਖਾ, ਪਟਿਆਲਾ




ਰਾਜ ਨਹੀਂ ਸੇਵਾ


BIGGEST SALE EVER
On Desi TV!
40% OFF PER MONTH FOR 12 MONTHS
PUNJABI MEGA PACK
$14.99/mo
for 12 months.
$24.99/mo. in Year 2, subject to change.
Use Offer Code SAVEBIG
FROM SERIOUS ISSUES TO NON-STOP COMEDY, DISH HAS IT ALL.
jus
Ajj Da Mudda
The KAPIL SHARMA show
PTC PUNJABI
jus punjabi
MH ONE
JUS one
9X TASHAN
jus 24x7
PTC NEWS
PTC chak de
WILLOW HD
colors HD
WILLOW HD
Life OK
TV ASIA HD
FOOD FOOD
TIMES NOW
AND MANY MORE
$24.99/mo
for 12 months.
$54.99/mo. in Year 2, subject to change.
OVER 50% OFF PER MONTH FOR 12 MONTHS
HINDI MEGA PACK
Use Offer Code SAVEBIG
FREE
• 100+ Bollywood Movies On Demand
• Standard Professional Installation in up to 6 rooms
All offers require credit qualification, 24-month commitment with early termination fee and eAutopay. Cannot be combined with other International offers.
MUST MENTION OFFER CODE: SAVEBIG AT TIME OF ORDERING.
Cannot be combined with other Offer Codes
ORDER NOW!
888-628-5876
dish
International programming requires additional $10/mo International Basic package or any America's Top or DishLATINO package.
Important Terms and Conditions: Promotional Offers: $10/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months. $30/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Hindi Mega Pack. Must provide Offer Code at time of order. Receive a monthly credit of $30 for the first 12 months. Advertised price requires credit qualification and eAutoPay. Upfront activation and/or receiver upgrade fees may apply based on credit qualification. After 12-month promotional period, then-current monthly price applies and is subject to change. Offer ends 8/3/16.
2 Year Commitment: Early termination fee of $20/mo. remaining applies if you cancel early. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Taxes or reimbursement charges for state gross earnings taxes may apply. Additional restrictions and taxes may apply.
© 2016 DISH Network L.L.C. All rights reserved.